ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ. ਏ. (ਅਰਥ ਵਿਗਿਆਨ) ਭਾਗ ਪਹਿਲਾ ਸਮੈਸਟਰ : 1

ਪੇਪਰ : ਮਾਈਕਰੋ ਇਕਨਾਮਿਕਸ ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.

*1.1 : ਅਰਥ-ਸ਼ਾਸਤਰ ਦੀ ਜਾਣ-ਪਛਾਣ ਅਤੇ ਪਰਿਭਾਸ਼ਾ*
*1.2 : ਮੰਗ ਅਤੇ ਮੰਗ ਦੀ ਲਚਕ*
*1.3 : ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ*
*1.4 : ਉਦਾਸੀਨ ਵਕਰ ਵਿਸ਼ਲੇਸ਼ਣ*
*1.5 : ਉਪਭੋਗੀ ਦੀ ਬੇਸ਼ੀ*
*1.6 : ਉਤਪਾਦਨ ਦਾ ਸਿਧਾਂਤ ਅਤੇ ਬਦਲਦੇ ਅਨੁਪਾਤਾਂ ਦਾ ਨਿਯਮ*
*1.7 : ਉਤਪਾਦਨ ਦੀਆਂ ਲਾਗਤਾਂ*
*1.8 : ਬਾਜ਼ਾਰ ਦੀਆਂ ਕਿਸਮਾਂ, ਆਮਦਨ ਦੀਆਂ ਧਾਰਨਾਵਾਂ ਅਤੇ ਆਮਦਨ ਦਾ ਵਿਸ਼ਲੇਸ਼ਣ*

**Website : www.pbidde.org**

## B.A. PART - I (FIRST SEMESTER)
## MICRO ECONOMICS

| |
|---|
| **For Regular College Students and Centre for Distance and Online Studies**<br>Maximum Marks: 100<br>Internal Assessment: 30 Marks<br>External Assessment: 70 Marks |

| |
|---|
| Time Allowed: 3 Hours<br>Pass Marks: 35%<br>Teaching Hours (For Regular Students): 55 |

| |
|---|
| **For Private Students**<br>Maximum Marks: 100 |

### INSTRUCTIONS FOR PAPER SETTERS

For ***Regular Students in Colleges and** Centre for Distance and Online Education* ***Students, the*** question paper will consist of three sections: A, B and C. Sections A and B will have four questions each. Each question shall carry 12 marks. Section C will consist of 11 short-answer type questions which will cover the entire syllabus uniformly and will carry 2 marks each. The candidates are required to give answer of each short type question in about 100 words.

For ***Private Students***, the question paper will consist of three sections: A, B and C. Sections. A and B will have four questions each. Each question shall carry 15 marks. Section C will consist of 8 short answer type questions which will cover the entire syllabus uniformly and will carry 40 marks in all. Each short answer type question will carry 5 marks. The candidates are required to give answer of each short type question in about 100 words.

### INSTRUCTIONS FOR THE CANDIDATES

Candidates are required to attempt five questions in all selecting two questions from each of the Section A and B and the entire section C.

### SECTION -A

Meaning and Scope of Economics; Definition of Economics (Adam Smith, Marshall and Robbins). Theory of Demand and Consumer Behaviour: Utility Analysis and Indifference Curve Analysis; Consumer's Surplus and its measurement; Elasticity of Demand and its measurement. Concept and types of Production Function, Laws of Returns to Scale and Law of Variable Proportions; Cost Concepts and Cost Curves in the Short and the Long Periods. Market forms; Average revenue and marginal revenue under perfect and imperfect competition. Relationship between Average Revenue, Marginal Revenue and Elasticity of Demand.

### SECTION - B

Price and Output Determination of the Firm and Industry under Perfect Competition in the Short and Long run; Price and output determination under Monopoly in the short and long run except Discriminating Monopoly. Marginal Productivity Theory of distribution; Factor Pricing (with special reference to labour) under Perfect and Imperfect Competition

Rent and other theories of rent, Interest: Classical and Loanable Funds Theory of Interest, Profit: Risk and Uncertainty Theories

### RECOMMENDED READINGS

1. A.W. Stonier and D.C.Hauge: A Text Book of Economic Theory (Fourth edition) Part-I.

2. ਪਾਲ ਏ. ਸੈਮੂਅਲਸਨ (ਅਨੁ ਪਿਆਰ ਸਿੰਘ) : ਅਰਥ੍ਸ਼ਾਸਤਰ : ਇਕ ਪ੍ਰਾਰੰਭਿਕ ਵਿਸ਼ਲੇਸ਼ਣ, ਪੰਜਾਬੀ ਯੂਨੀਵਰਸਿਟੀ, ਪਟਿਆਲਾ.
3. K.S. Gill: Evaluation of Indian Economy, NCERT,
4. A.N. Aggarwal: Indian Economy, Wiley Eastern Ltd., latest edition.
5. Rudder Datt & K.P.M. Sandram: Indian Economy, S. Chand & Co, latest edition.
6 ਏ. ਘੋਸ਼ (ਅਨੁ. ਅਵਤਾਰ ਨਰਿੰਦਰ ਸਿੰਘ): ਭਾਰਤੀ ਅਰਥ ਵਿਵਸਥਾ (ਪੰਜਾਬੀ ਯੂਨੀਵਰਸਿਟੀ, ਪਟਿਆਲਾ)।
7. ਚੰਦਰ ਗੁਪਤ ਸਿੰਘ: ਭਾਰਤੀ ਅਰਥ ਵਿਵਸਥਾ (ਪੰਜਾਬੀ ਯੂਨੀਵਰਸਿਟੀ, ਪਟਿਆਲਾ)।
8. Misra and Puri: Indian Economy, Himalyan Publishing House, latest edition.
9. B.B. Tandon and Kulwinder Kaur, Indian Economy, Tata McGraw, latest edition.

## SUPPLEMENTARY READINGS

1. R.G. Lipsey: An Introduction to Positive Economics ( 4th Edition), English Language Book Society.
2. ਐਚ.ਕੇ.ਮਨਮੋਹਨ ਸਿੰਘ ਮਾਂਗ ਸਿਧਾਂਤ ਅਤੇ ਮਿਸ਼ਰਤ ਅਰਥ੍ਵਿਵਸਥਾ ਵਿਚ ਆਰਥਿਕ ਗਣਨਾ (ਅਨੁ .ਓਮ ਪ੍ਰਕਾਸ਼ ਵਸਿਸਟ), (ਪੰਜਾਬੀ ਯੂਨੀਵਰਸਿਟੀ,ਪਟਿਆਲਾ)
3. N.C.Ray, Micro-Economic Theory.
4. Government of India: Five Year Plan (latest)
5. Government of India: Economic Survey (latest)

ਲੇਖਕ : ਡਾ. ਬਲਬੀਰ ਸਿੰਘ
Converted into SLM: Dr. Harvinder Kaur

# ਅਰਥ-ਸ਼ਾਸਤਰ ਦਾ ਅਰਥ, ਕਾਰਜ ਖੇਤਰ ਅਤੇ ਪਰਿਭਾਸ਼ਾ
## (Meaning, Scope and Definition of Economics)

### ਪਾਠ ਦੀ ਰੂਪ-ਰੇਖਾ

I. *ਭੂਮਿਕਾ* (Introduction)
II. *ਪਾਠ ਦੇ ਉਦੇਸ਼* (Objectives)
III. *ਪਾਠ ਦਾ ਵਿਸ਼ਾ ਵਸਤੂ* (Subject-Matter)
IV. *ਸਾਰ-ਅੰਸ਼* (Summary)
V. *ਮਹੱਤਵਪੂਰਣ ਧਾਰਨਾਵਾਂ* (Key-Concepts)
VI. *ਪ੍ਰਸਤਾਵਿਤ ਪੁਸਤਕ ਸੂਚੀ* (Suggested Books)
VII. *ਵਿਆਪਕ ਉੱਤਰ-ਪੱਤਰ* (Question Answers)

**I. ਭੂਮਿਕਾ (Introduction) :**

*ਪੁਰਾਣੇ ਸਮਿਆਂ ਤੋਂ ਹੀ ਅਰਥ-ਸ਼ਾਸਤਰ ਦੀ ਮਨੁੱਖੀ ਸਮਾਜ ਅੰਦਰ ਵਿਵਹਾਰਿਕਤਾ ਚਲੀ ਆ ਰਹੀ ਹੈ। ਅਸਲ ਵਿਚ ਅਰਥ-ਸ਼ਾਸਤਰ ਦੇ ਉੱਘੜੇ-ਦੁੱਗੜੇ ਨਿਯਮਾਂ ਦੀ ਕਿਸੇ ਨਾ ਕਿਸੇ ਰੂਪ ਵਿਚ ਵਰਤੋਂ ਮਨੁੱਖੀ ਸਭਿਅਤਾ ਦੀ ਹੋਂਦ ਦੇ ਨਾਲ ਹੀ ਸ਼ੁਰੂ ਹੋ ਗਈ ਸੀ। ਅਰਸਤੂ ਵਰਗੇ ਯੂਨਾਨੀ ਵਿਦਵਾਨਾਂ ਨੇ ਵੀ ਅੱਜ ਤੋਂ ਲਗਭਗ 2300 ਸਾਲ ਪਹਿਲਾਂ ਅਰਥ-ਸ਼ਾਸਤਰ ਨੂੰ 'ਘਰੇਲੂ ਪ੍ਰਬੰਧ ਦਾ ਵਿਗਿਆਨ' ਕਿਹਾ ਸੀ। ਪਰੰਤੂ ਇਹ ਐਡਮ ਸਮਿੱਥ ਹੀ ਸੀ ਜਿਸ ਨੇ ਸਭ ਤੋਂ ਪਹਿਲਾਂ ਅਰਥ-ਸ਼ਾਸਤਰ ਸੰਬੰਧੀ ਗਿਆਨ ਨੂੰ ਤਰਤੀਬਬੱਧ ਢੰਗ ਨਾਲ ਆਪਣੀ ਪੁਸਤਕ* 'An Enquiry into the Nature and Causes of Wealth of Nations' *(1776) ਵਿਚ ਪੇਸ਼ ਕੀਤਾ। ਸਮੇਂ ਦੇ ਬੀਤਣ ਨਾਲ ਅਸੀਂ ਵੇਖਦੇ ਹਾਂ ਕਿ ਆਧੁਨਿਕ ਯੁੱਗ ਵਿਚ ਮਨੁੱਖੀ ਸਮਾਜ ਦਾ ਸ਼ਾਇਦ ਹੀ ਕੋਈ ਖੇਤਰ ਹੋਵੇ ਜਿਥੇ ਅਰਥ-ਸ਼ਾਸਤਰ ਦੇ ਨਿਯਮਾਂ ਦੀ ਲੋੜ ਨਾ ਪੈਂਦੀ ਹੋਵੇ। ਅਸਲ ਵਿਚ ਅਰਥ-ਸ਼ਾਸਤਰ ਦਾ ਵਿਕਾਸ ਅਤੇ ਸਮਾਜ ਦਾ ਵਿਕਾਸ ਕਾਫ਼ੀ ਹੱਦ ਤੱਕ ਇਕ ਦੂਸਰੇ ਨਾਲ ਜੁੜੇ ਹੋਏ ਹਨ। ਅੱਜ ਅਸੀਂ ਵੇਖਦੇ ਹਾਂ ਕਿ ਲੋਕ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ ਕਰਦੇ ਹਨ ਅਤੇ ਫਿਰ ਇਨ੍ਹਾਂ ਪੈਦਾ ਕੀਤੀਆਂ ਵਸਤੂਆਂ ਦਾ ਆਪਣੀ-ਆਪਣੀ ਲੋੜ ਅਨੁਸਾਰ, ਇਕ ਦੂਜੇ ਨਾਲ ਵਟਾਂਦਰਾ ਕਰਦੇ ਹਨ। ਭਾਵ ਵਸਤੂਆਂ ਨੂੰ ਖਰੀਦਦੇ ਅਤੇ ਵੇਚਦੇ ਹਨ। ਅਸੀਂ ਇਸ ਪਾਠ ਵਿਚ ਅਰਥ-ਸ਼ਾਸਤਰ ਦੇ ਵਿਸ਼ੇ ਬਾਰੇ ਜਾਣਕਾਰੀ ਪ੍ਰਾਪਤ ਕਰਾਂਗੇ।*

**II. ਪਾਠ ਦੇ ਉਦੇਸ਼ (Objectives) :**

1. *ਅਰਥ-ਵਿਗਿਆਨ (ਸ਼ਾਸਤਰ) ਨੂੰ ਪਰਿਭਾਸ਼ਤ ਕਰਨਾ*
   (To define Economics)
2. *ਅਰਥ-ਸ਼ਾਸਤਰ ਦੇ ਸਰੂਪ ਬਾਰੇ ਜਾਣਨਾ*
   (To know about the Nature of Economics)
3. *ਅਰਥ-ਸ਼ਾਸਤਰ ਦੇ ਕਾਰਜ-ਖੇਤਰ ਬਾਰੇ ਜਾਣਨਾ*
   (To know about Scope of Economics)

4. *ਅਰਥ-ਸ਼ਾਸਤਰ ਵਿਚ ਵਰਤੀ ਜਾਂਦੀ ਕਾਰਜ-ਵਿਧੀ (ਪ੍ਰਣਾਲੀ) ਬਾਰੇ ਜਾਣਨਾ*
(To know the methodology used in Economics)

**III. ਪਾਠ ਦਾ ਵਿਸ਼ਾ-ਵਸਤੂ (Subject-Matter) :**

**(i).** *ਅਰਥ-ਸ਼ਾਸਤਰ ਦੀ ਪਰਿਭਾਸ਼ਾ*
(Definition of Economics)

**(ii).** *ਅਰਥ-ਸ਼ਾਸਤਰ ਦਾ ਕਾਰਜ-ਖੇਤਰ*
(Scope of Economics)

**(iii).** *ਅਰਥ-ਸ਼ਾਸਤਰ ਦਾ ਸਰੂਪ*
(Nature of Economics)

**(iv).** *ਆਰਥਿਕ ਨੀਤੀ ਦੇ ਮੁੱਖ ਮੁੱਦੇ*
(Major Issues of Economic Policy)

**(v).** *ਅਰਥ-ਸ਼ਾਸਤਰ ਦੀ ਕਾਰਜ-ਵਿਧੀ*
(Methodology of Economics)

**(vi).** *ਮੁੱਲ ਅਤੇ ਕੀਮਤ*
(Value and Price)

**(vii).** *ਮਨੁੱਖੀ ਲੋੜਾਂ*
(Human Wants)

**IV. ਸਾਰ-ਅੰਸ਼ (Summary)**

**V. ਮਹੱਤਵਪੂਰਣ ਧਾਰਨਾਵਾਂ (Key-Concepts) :**

**VI. ਪੁਸਤਕ ਸੂਚੀ (Bibliography)**

**VII. ਵਿਆਪਕ ਉੱਤਰ ਪੱਤਰ**

*(ੳ) ਲੰਮੇ ਉੱਤਰਾਂ ਵਾਲੇ ਪ੍ਰਸ਼ਨ*
*(ਅ) ਛੋਟੇ ਉੱਤਰਾਂ ਵਾਲੇ ਪ੍ਰਸ਼ਨ*

**III. (i). ਅਰਥ-ਸ਼ਾਸਤਰ ਦੀ ਪਰਿਭਾਸ਼ਾ** : *ਅਰਥ-ਸ਼ਾਸਤਰ ਦੀ ਪਰਿਭਾਸ਼ਾ ਸੰਬੰਧੀ ਅਰਥ-ਸ਼ਾਸਤਰੀ ਇਕ ਮੱਤ ਨਹੀਂ ਹਨ। ਵੱਖ-ਵੱਖ ਸਮੇਂ ਤੇ ਅਰਥ-ਸ਼ਾਸਤਰ ਨੂੰ ਬਹੁਤ ਸਾਰੇ ਅਰਥ-ਸ਼ਾਸਤਰੀਆਂ ਨੇ ਪ੍ਰਭਾਵਿਤ ਕੀਤਾ ਅਤੇ ਅਰਥ-ਸ਼ਾਸਤਰ ਦੀ ਪਰਿਭਾਸ਼ਾ ਦੇ ਸਬੰਧ ਵਿਚ ਅਜੇ ਵੀ ਬਹਿਸ ਜਾਰੀ ਹੈ। ਜੇ.ਐਨ. ਕੇਨਜ਼ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਕਿ ਰਾਜਨੀਤਕ ਆਰਥਿਕਤਾ* (Political Economy) *ਨੇ ਪਰਿਭਾਸ਼ਾਵਾਂ ਨਾਲ ਆਪਣਾ ਗਲਾ ਘੁੱਟ ਲਿਆ ਹੈ। ਇਸ ਲਈ ਕੁਝ ਅਰਥ-ਸ਼ਾਸਤਰੀਆਂ, ਜਿਵੇਂ ਕਿ ਪਲੈਟੋ, ਮੈਰਡਿਲ ਅਤੇ ਹੂਚਿਨਸਨ ਅਨੁਸਾਰ ਅਰਥ-ਸ਼ਾਸਤਰ ਦੀ ਪਰਿਭਾਸ਼ਾ ਬਾਰੇ ਵਿਚਾਰ ਕਰਨਾ ਸਮਾਂ ਨਸ਼ਟ ਕਰਨਾ ਹੀ ਹੈ ਪਰੰਤੂ ਰੋਬਿੰਨਜ਼ ਅਨੁਸਾਰ ਅਰਥ-ਸ਼ਾਸਤਰ ਨੂੰ ਪਰਿਭਾਸ਼ਤ ਕਰਨਾ ਸਮਾਂ ਨਸ਼ਟ ਕਰਨਾ ਨਹੀਂ। ਸਕੈਫੀ ਮੁਤਾਬਕ ਵਧੀਆ ਪਰਿਭਾਸ਼ਾ ਦੀ ਘਾਟ ਨੁਕਸਾਨਦਾਇਕ ਹੋ ਸਕਦੀ ਹੈ। ਅਰਥ-ਸ਼ਾਸਤਰ ਦੀ ਪਰਿਭਾਸ਼ਾ ਸੰਬੰਧੀ ਦਿੱਤੇ ਗਏ ਵਿਚਾਰਾਂ ਨੂੰ ਹੇਠ ਲਿਖੇ ਰੂਪ ਵਿਚ ਵਿਅਕਤ ਕੀਤਾ ਜਾ ਸਕਦਾ ਹੈ।*

1.1 **ਸਮਿੱਥ ਦੀ ਪਰਿਭਾਸ਼ਾਵਾਂ** : *ਐਡਮ ਸਮਿੱਥ, ਜਿਸ ਨੂੰ ਅਰਥ-ਸ਼ਾਸਤਰ ਦਾ ਪਿਤਾ ਮੰਨਿਆ ਜਾਂਦਾ ਹੈ ਨੇ ਆਪਣੀ ਪੁਸਤਕ* **An Enquiry into the Nature and Causes of Wealth of Nations, (1776)** *ਵਿਚ ਅਰਥ-ਸ਼ਾਸਤਰ ਨੂੰ ਧਨ ਦਾ ਵਿਗਿਆਨ ਮੰਨਿਆ ਹੈ।* (Economics is the science of wealth-Adam Smith). *ਉਸ ਅਨੁਸਾਰ ਜੇਕਰ ਅਸੀਂ ਦੇਸ਼ ਵਿਚ ਖੁਸ਼ਹਾਲੀ ਵਧਾਉਣੀ ਚਾਹੁੰਦੇ ਹਾਂ ਤਾਂ ਸਾਨੂੰ ਦੇਸ਼ ਵਿਚ ਧਨ ਦੀ ਮਾਤਰਾ ਨੂੰ ਵਧਾਉਣਾ ਹੋਵੇਗਾ। ਇਸੇ ਤਰ੍ਹਾਂ ਜੇ.ਬੀ. ਸੇਅ, ਵਾਕਰ, ਸੀਨੀਅਰ, ਇਤਿਆਦਿ ਅਰਥ-ਸ਼ਾਸਤਰੀਆਂ ਨੇ ਅਰਥ-ਸ਼ਾਸਤਰ ਨੂੰ ਧਨ ਦਾ ਵਿਗਿਆਨ ਮੰਨਿਆ ਹੈ। ਜੇ .ਬੀ.ਸੇਅ ਅਨੁਸਾਰ ਅਰਥ-ਸ਼ਾਸਤਰ ਦਾ ਸੰਬੰਧ ਉਨ੍ਹਾਂ ਨਿਯਮਾਂ ਨਾਲ ਹੈ ਜਿਹੜੇ ਧਨ ਨੂੰ ਨਿਯੰਤਰਿਤ ਕਰਦੇ ਹਨ,*

(Economics is the study of laws which govern wealth-J.B. Say). *ਐਫ.ਏ. ਵਾਕਰ ਵੀ ਅਰਥ-ਸ਼ਾਸਤਰ ਨੂੰ ਗਿਆਨ ਦਾ ਉਹ ਸੰਗ੍ਰਹਿ ਮੰਨਦਾ ਹੈ ਜਿਸ ਦਾ ਸੰਬੰਧ ਧਨ ਨਾਲ ਹੈ* (Economics is that body of knowledge which relates to wealth - Prof. Walker) *ਸੀਨੀਅਰ ਅਨੁਸਾਰ ਵੀ ਰਾਜਨੀਤਕ ਅਰਥ-ਸ਼ਾਸਤਰ ਦੇ ਅਧਿਐਨ ਦਾ ਵਿਸ਼ਾ ਧਨ ਹੈ ਨਾ ਕਿ ਖੁਸ਼ਹਾਲੀ* (The Subject treated by Political Economy is not happiness but wealth -N.W. Senior).

*ਬਹੁਤ ਸਾਰੇ ਅਰਥ ਸ਼ਾਸਤਰੀਆਂ ਨੇ ਸਨਾਤਨੀ ਅਰਥ-ਸ਼ਾਸਤਰੀਆਂ ਨੂੰ ਇਸ ਆਧਾਰ ਤੇ ਆਲੋਚਨਾ ਦਾ ਵਿਸ਼ਾ ਬਣਾਇਆ ਕਿ ਉਨ੍ਹਾਂ ਨੇ ਧਨ ਉਪਰ ਜ਼ਿਆਦਾ ਜ਼ੋਰ ਦਿੱਤਾ ਹੈ। ਇਨ੍ਹਾਂ ਅਰਥ-ਸ਼ਾਸਤਰੀਆਂ ਅਨੁਸਾਰ ਇਸ ਪਰਿਭਾਸ਼ਾ ਨੇ ਅਰਥ-ਸ਼ਾਸਤਰ ਦਾ ਵਿਸ਼ਾ ਅਤੇ ਉਦੇਸ਼ ਸਿਰਫ ਧਨ ਤੱਕ ਹੀ ਸੀਮਤ ਕਰ ਦਿੱਤਾ ਹੈ। ਇਸ ਪਰਿਭਾਸ਼ਾ ਵਿਚ ਮਨੁੱਖ ਦੇ ਮੁਕਾਬਲੇ ਧਨ ਨੂੰ ਵੱਧ ਮਹੱਤਤਾ ਦਿੱਤੀ ਗਈ ਹੈ। ਮਾਰਸ਼ਲ ਅਨੁਸਾਰ ਮਨੁੱਖ ਧਨ ਤੋਂ ਜ਼ਿਆਦਾ ਮਹੱਤਵਪੂਰਣ ਹੈ ਅਤੇ ਧਨ ਕਿਸੇ ਉਦੇਸ਼ ਦੀ ਪੂਰਤੀ ਲਈ ਕੇਵਲ ਇਕ ਸਾਧਨ ਹੀ ਹੈ, ਜਦ ਕਿ ਅਰਥ-ਸ਼ਾਸਤਰ ਦਾ ਉਦੇਸ਼ ਮਨੁੱਖੀ ਕਲਿਆਣ ਹੈ। ਦੂਸਰਾ, ਇਹ ਪਰਿਭਾਸ਼ਾ ਇਹ ਗੱਲ ਮੰਨਦੀ ਹੈ ਕਿ ਮਨੁੱਖ ਦੀਆਂ ਸਾਰੀਆਂ ਕਿਰਿਆਵਾਂ ਨਿੱਜੀ ਸੁਆਰਥਾਂ ਤੋਂ ਹੀ ਉਤੇਜਿਤ ਹੁੰਦੀਆਂ ਹਨ। ਪਰੰਤੂ ਅਸਲ ਵਿਚ ਮਨੁੱਖ ਦਾ ਵਤੀਰਾ ਨਿੱਜੀ ਮਨੋਰਥ ਤੋਂ ਇਲਾਵਾ ਕਈ ਉਦੇਸ਼ਾਂ, ਜਿਵੇਂ ਕਿ ਦੇਸ਼-ਭਗਤੀ, ਪਿਆਰ, ਮੋਹ ਤੋਂ ਵੀ ਪ੍ਰਭਾਵਤ ਹੁੰਦਾ ਹੈ। ਤੀਸਰੇ, ਇਹ ਪਰਿਭਾਸ਼ਾ ਧਨ ਦੇ ਉਤਪਾਦਨ ਉਪਰ ਬਹੁਤ ਜ਼ਿਆਦਾ ਜ਼ੋਰ ਦਿੰਦੀ ਹੈ ਅਤੇ ਧਨ ਨੂੰ ਮਨੁੱਖੀ ਕਲਿਆਣ ਨਾਲ ਜੋੜਦੀ ਹੈ। ਪਰੰਤੂ ਅਸੀਂ ਵੇਖਦੇ ਹਾਂ ਕਿ ਕਲਿਆਣ ਸਿਰਫ ਧਨ ਉਪਰ ਹੀ ਨਿਰਭਰ ਨਹੀਂ ਕਰਦਾ ਸਗੋਂ ਜੀਵਨ ਵਿਚ ਖੁਸ਼ੀ, ਪਿਆਰ ਅਤੇ ਪ੍ਰਸ਼ੰਸਾ ਉਪਰ ਵੀ ਨਿਰਭਰ ਕਰਦਾ ਹੈ। ਚੌਥੇ, ਇਸ ਪਰਿਭਾਸ਼ਾ ਅਨੁਸਾਰ ਅਰਥ-ਸ਼ਾਸਤਰ ਵਿਚ ਕੇਵਲ ਉਨ੍ਹਾਂ ਮਨੁੱਖਾਂ ਦੀਆਂ ਕਿਰਿਆਵਾਂ ਬਾਰੇ ਪੜ੍ਹਿਆ ਜਾਂਦਾ ਹੈ, ਜਿਹੜੇ ਕਿ ਸਿਰਫ ਭੌਤਿਕ ਵਸਤਾਂ ਦਾ ਉਤਪਾਦਨ ਅਤੇ ਉਪਭੋਗ ਕਰਦੇ ਹਨ। ਪਰੰਤੂ ਅੱਜ ਇਹ ਕਿਹਾ ਜਾਂਦਾ ਹੈ ਕਿ ਅਰਥ-ਸ਼ਾਸਤਰ ਵਿਚ ਉਨ੍ਹਾਂ ਮਨੁੱਖਾਂ ਬਾਰੇ ਵੀ ਪੜ੍ਹਿਆ ਜਾਂਦਾ ਹੈ ਜੋ ਅਭੌਤਿਕ ਵਸਤਾਂ ਦਾ ਉਤਪਾਦਨ ਅਤੇ ਉਪਭੋਗ ਕਰਦੇ ਹਨ।*

1.2 **ਮਾਰਸ਼ਲ ਦੀ ਪਰਿਭਾਸ਼ਾ** : *ਪ੍ਰੋ. ਮਾਰਸ਼ਲ ਨੇ ਅਰਥ-ਸ਼ਾਸਤਰ ਦੀ ਪਰਿਭਾਸ਼ਾ ਪੇਸ਼ ਕਰਨ ਲੱਗਿਆਂ ਧਨ ਨਾਲੋਂ ਮਨੁੱਖੀ ਕਲਿਆਣ ਉਪਰ ਵੱਧ ਜ਼ੋਰ ਦਿੱਤਾ ਹੈ। ਉਸ ਅਨੁਸਾਰ ''ਅਰਥ-ਸ਼ਾਸਤਰ ਮਨੁੱਖੀ ਜੀਵਨ ਦੇ ਸਾਧਾਰਣ ਰੁਝੇਵਿਆਂ ਦੀਆਂ ਕਿਰਿਆਵਾਂ ਦਾ ਅਧਿਐਨ ਹੈ। ਇਹ ਵਿਅਕਤੀਗਤ ਅਤੇ ਸਮਾਜਿਕ ਕਿਰਿਆਵਾਂ ਦੇ ਉਹ ਭਾਗ ਜਿਹੜੇ ਕਿ ਮੁੱਖ ਤੌਰ ਤੇ ਭੌਤਿਕ ਖੁਸ਼ਹਾਲੀ ਦੀਆਂ ਜ਼ਰੂਰਤ ਦੀ ਪ੍ਰਾਪਤੀ ਅਤੇ ਉਨ੍ਹਾਂ ਦੀ ਵਰਤੋਂ ਨਾਲ ਸੰਬੰਧਿਤ ਹਨ, ਬਾਰੇ ਅਧਿਐਨ ਕਰਦਾ ਹੈ।'' ਇਸ ਤਰ੍ਹਾਂ ਇਕ ਪਾਸੇ, ਤਾਂ ਇਹ ਧਨ ਦਾ ਵਿਗਿਆਨ ਹੈ ਅਤੇ ਦੂਸਰੇ ਪਾਸੇ, ਜੋ ਵੱਧ ਮਹੱਤਵਪੂਰਣ ਹੈ, ਮਨੁੱਖ ਸੰਬੰਧੀ ਅਧਿਐਨ ਦਾ ਇਕ ਭਾਗ ਹੈ।* ("Political Economy or Economics is a study of mankind in the ordinary business of the life; it examines that part of individual and social action which is most closely connected with the attainment and with the use of material requisites of well-being. Thus it is on the one side, a study of wealth and on the other and more important a part of the study of man" - Marshall).

*ਇਸ ਪਰਿਭਾਸ਼ਾ ਅਨੁਸਾਰ ਅਰਥ-ਸ਼ਾਸਤਰ ਦਾ ਸੰਬੰਧ ਮਨੁੱਖਾਂ ਦੀਆਂ ਧਨ ਕਮਾਉਣ ਅਤੇ ਖਰਚ ਸੰਬੰਧੀ ਕਿਰਿਆਵਾਂ ਨਾਲ ਹੈ। ਦੂਸਰੇ, ਅਰਥ-ਸ਼ਾਸਤਰ ਵਿਚ ਸਾਰੇ ਦੇ ਸਾਰੇ ਮਨੁੱਖੀ ਵਤੀਰੇ ਨੂੰ ਨਹੀਂ ਪੜ੍ਹਿਆ ਜਾਂਦਾ ਸਗੋਂ ਮਨੁੱਖੀ ਵਤੀਰੇ ਦੇ ਉਸ ਭਾਗ ਦਾ ਹੀ ਅਧਿਐਨ ਕੀਤਾ ਜਾਂਦਾ ਹੈ ਜਿਸ ਦਾ ਸੰਬੰਧ ਭੌਤਿਕ ਵਸਤੂਆਂ ਦੀ ਪ੍ਰਾਪਤੀ ਅਤੇ ਉਪਭੋਗ ਨਾਲ ਹੈ। ਤੀਜੇ, ਅਰਥ-ਸ਼ਾਸਤਰ ਵਿਚ ਸਿਰਫ਼ ਉਨ੍ਹਾਂ ਵਸਤੂਆਂ ਦੀ ਪ੍ਰਾਪਤੀ ਅਤੇ ਵਰਤੋਂ ਬਾਰੇ ਹੀ ਅਧਿਐਨ ਕੀਤਾ ਜਾਂਦਾ ਹੈ ਜਿਹੜੀਆਂ ਮਨੁੱਖੀ ਕਲਿਆਣ ਵਿਚ ਵਾਧਾ ਕਰਦੀਆਂ ਹਨ। ਚੌਥੇ, ਇਸ ਵਿਚ ਧਨ ਦੇ ਨਾਲੋਂ ਵੱਧ ਮਹੱਤਤਾ ਮਨੁੱਖ ਨੂੰ ਦਿੱਤੀ ਗਈ ਹੈ।*

*ਪ੍ਰੋ. ਪੀਗੂ ਨੇ ਵੀ ਮਾਰਸ਼ਲ ਨਾਲ ਮਿਲਦੀ-ਜੁਲਦੀ ਪਰਿਭਾਸ਼ਾ ਹੀ ਦਿੱਤੀ ਹੈ। ਪੀਗੂ ਅਨੁਸਾਰ ਅਰਥ-ਸ਼ਾਸਤਰ ਆਰਥਿਕ ਕਲਿਆਣ ਦਾ ਅਧਿਐਨ ਹੈ ਅਤੇ ਇਹ ਆਰਥਿਕ ਕਲਿਆਣ ਦਾ ਉਹ ਭਾਗ ਹੈ ਜਿਸ ਨੂੰ ਸਿੱਧੇ ਜਾਂ ਅਸਿੱਧੇ ਤੌਰ ਤੇ ਮੁਦਰਾ ਦੇ ਮਾਪ-ਦੰਡ ਨਾਲ ਮਾਪਿਆ ਜਾ ਸਕਦਾ ਹੈ। ਇਸ ਪਰਿਭਾਸ਼ਾ ਨੇ ਅਰਥ-ਸ਼ਾਸਤਰ ਦੇ ਖੇਤਰ ਨੂੰ ਵਿਸ਼ਾਲ ਕੀਤਾ ਹੈ, ਕਿਉਂਕਿ ਉਹ ਸਾਰੀਆਂ ਵਸਤਾਂ, ਜਿਨ੍ਹਾਂ ਨੂੰ ਵੀ ਮੁਦਰਾ ਦੇ ਰੂਪ ਵਿਚ ਮਾਪਿਆ ਜਾ ਸਕਦਾ*

*ਹੈ, ਅਰਥ-ਸ਼ਾਸਤਰ ਦਾ ਵਿਸ਼ਾ ਵਸਤੂ ਬਣ ਜਾਂਦੀਆਂ ਹਨ।*

*ਪ੍ਰੋ. ਰੋਬਿੰਨਜ਼ ਨੇ ਮਾਰਸ਼ਲ ਦੀ ਪਰਿਭਾਸ਼ਾ ਦੀ ਕਈ ਆਧਾਰਾਂ ਤੇ ਆਲੋਚਨਾ ਕੀਤੀ ਹੈ। ਰੋਬਿੰਨਜ਼ ਨੇ ਮਾਰਸ਼ਲ ਦੇ ਇਸ ਵਿਚਾਰ ਦੀ ਆਲੋਚਨਾ ਕੀਤੀ ਹੈ ਕਿ ਅਰਥ-ਸ਼ਾਸਤਰ ਇਕ ਸਮਾਜਿਕ ਵਿਗਿਆਨ ਹੈ। ਪਹਿਲੇ, ਰੋਬਿੰਨਜ਼ ਅਨੁਸਾਰ ਅਰਥ-ਸ਼ਾਸਤਰ ਦਾ ਸੰਬੰਧ ਸਾਰੇ ਮਨੁੱਖਾਂ ਦੀਆਂ ਕਿਰਿਆਵਾਂ ਨਾਲ ਹੈ, ਭਾਵੇਂ ਉਹ ਸਮਾਜ ਵਿਚ ਰਹਿੰਦੇ ਹਨ ਜਾਂ ਨਹੀਂ। ਇਸ ਲਈ ਉਹ ਕਹਿੰਦਾ ਹੈ ਕਿ ਅਰਥ-ਸ਼ਾਸਤਰ ਨੂੰ ਸਮਾਜਿਕ ਵਿਗਿਆਨ ਨਹੀਂ ਸਗੋਂ ਮਨੁੱਖੀ ਵਿਗਿਆਨ ਮੰਨਿਆ ਜਾਣਾ ਚਾਹੀਦਾ ਹੈ। ਦੂਜੇ, ਰੋਬਿੰਨਜ਼ ਨੇ ਮਾਰਸ਼ਲ ਦੁਆਰਾ ਮਨੁੱਖੀ ਕਿਰਿਆਵਾਂ ਨੂੰ ਦੋ ਭਾਗਾਂ, ਆਰਥਿਕ ਅਤੇ ਗ਼ੈਰ-ਆਰਥਿਕ ਵਿਚ ਵੰਡਣ ਦੀ ਆਲੋਚਨਾ ਕੀਤੀ ਹੈ। ਮਾਰਸ਼ਲ ਨੇ, ਸਮਾਜਿਕ, ਰਾਜਨੀਤਕ, ਧਾਰਮਿਕ ਕਿਰਿਆਵਾਂ ਨੂੰ ਗ਼ੈਰ-ਆਰਥਿਕ ਕਿਰਿਆਵਾਂ ਕਿਹਾ ਹੈ। ਰੋਬਿੰਨਜ਼ ਅਨੁਸਾਰ ਇਹ ਵੰਡ ਨਾ ਤਾਂ ਵਿਗਿਆਨਕ ਹੈ ਅਤੇ ਨਾ ਹੀ ਤਰਕਪੂਰਣ ਹੈ। ਉਸ ਅਨੁਸਾਰ ਜਦੋਂ ਵੀ ਅਤੇ ਜਿੱਥੇ ਵੀ ਸੀਮਤ ਸਾਧਨਾਂ ਦੀ ਕੁਝ ਉਦੇਸ਼ਾਂ ਦੀ ਪੂਰਤੀ ਲਈ ਲੋੜ ਪੈਂਦੀ ਹੈ, ਉਥੇ ਹੀ ਆਰਥਿਕ ਸਮੱਸਿਆ ਪੈਦਾ ਹੋ ਜਾਂਦੀ ਹੈ। ਇਸ ਤਰ੍ਹਾਂ ਉਸ ਅਨੁਸਾਰ ਮਨੁੱਖ ਦੀ ਹਰ ਕਿਰਿਆ, ਜਿਸ ਦਾ ਸੰਬੰਧ ਥੁੜ੍ਹਤਾ ਅਤੇ ਚੋਣ ਦੀ ਸਮੱਸਿਆ ਨਾਲ ਹੈ, ਦਾ ਆਰਥਿਕ ਪਹਿਲੂ ਹੁੰਦਾ ਹੈ ਅਤੇ ਇਹ ਅਰਥ-ਸ਼ਾਸਤਰ ਦੇ ਘੇਰੇ ਵਿਚ ਆਉਂਦੀ ਹੈ। ਤੀਜੇ, ਰੋਬਿੰਨਜ਼ ਨੇ ਮਾਰਸ਼ਲ ਦੁਆਰਾ ਦਿੱਤੀ ਮਨੁੱਖੀ ਕਲਿਆਣ ਦੀ ਧਾਰਨਾ ਨੂੰ ਇਸ ਆਧਾਰ ਤੇ ਆਲੋਚਨਾ ਦਾ ਵਿਸ਼ਾ ਬਣਾਇਆ ਹੈ ਕਿ ਇਸ ਧਾਰਨਾ ਵਿਚ ਸਰਵ-ਵਿਆਪਕਤਾ* (Universality) *ਅਤੇ ਵਿਗਿਆਨਕ ਸਪੱਸ਼ਟਤਾ* (Scientific Precision) *ਦੀ ਘਾਟ ਹੈ। ਅਸਲ ਵਿਚ ਕਲਿਆਣ ਦੀ ਧਾਰਨਾ ਮਨੁੱਖ ਤੋਂ ਮਨੁੱਖ ਤੱਕ ਬਦਲਦੀ ਰਹਿੰਦੀ ਹੈ। ਚੌਥੇ, ਮਾਰਸ਼ਲ ਅਨੁਸਾਰ ਅਰਥ-ਸ਼ਾਸਤਰ ਵਾਸਤਵਿਕ ਅਤੇ ਆਦਰਸ਼ਵਾਦੀ ਵਿਗਿਆਨ ਹੈ ਪਰੰਤੂ ਰੋਬਿੰਨਜ਼ ਅਨੁਸਾਰ ਅਰਥ-ਸ਼ਾਸਤਰ ਕੇਵਲ ਵਾਸਤਵਿਕ ਵਿਗਿਆਨ ਹੀ ਹੈ। ਉਸ ਅਨੁਸਾਰ ਚੰਗੇ ਜਾਂ ਮਾੜੇ ਬਾਰੇ ਫੈਸਲਾ ਕਰਨਾ ਅਰਥ-ਸ਼ਾਸਤਰ ਦੇ ਨਹੀਂ ਸਗੋਂ ਨੀਤੀ ਸ਼ਾਸਤਰ ਦੇ ਘੇਰੇ ਵਿਚ ਆਉਂਦਾ ਹੈ। ਪੰਜਵੇਂ, ਮਾਰਸ਼ਲ ਦੇ ਇਸ ਵਿਚਾਰ ਦੀ ਵੀ ਆਲੋਚਨਾ ਕੀਤੀ ਗਈ ਹੈ ਕਿ ਅਰਥ-ਸ਼ਾਸਤਰ ਦਾ ਸੰਬੰਧ ਸਿਰਫ ਭੌਤਿਕ ਵਸਤੂਆਂ ਨਾਲ ਹੈ ਜਦੋਂ ਕਿ ਡਾਕਟਰ, ਅਧਿਆਪਕ ਅਤੇ ਵਕੀਲ ਆਦਿ ਦੀਆਂ ਸੇਵਾਵਾਂ ਦਾ ਵੀ ਆਰਥਿਕ ਮਹੱਤਵ ਹੁੰਦਾ ਹੈ। ਇਸ ਲਈ ਅਰਥ-ਸ਼ਾਸਤਰ ਦਾ ਸੰਬੰਧ ਭੌਤਿਕ ਅਤੇ ਅਭੌਤਿਕ, ਦੋਵਾਂ ਤਰ੍ਹਾਂ ਦੀਆਂ ਵਸਤਾਂ ਨਾਲ ਹੁੰਦਾ ਹੈ, ਬਸ਼ਰਤੇ ਕਿ ਉਨ੍ਹਾਂ ਦਾ ਕੋਈ ਮੁੱਲ ਹੋਵੇ।*

**1.3 ਰੋਬਿੰਨਜ਼ ਦੀ ਪਰਿਭਾਸ਼ਾ** : *ਰੋਬਿੰਨਜ਼ ਨੇ ਅਰਥ-ਸ਼ਾਸਤਰ ਦੀ ਪਰਿਭਾਸ਼ਾ 1932 ਵਿਚ ਆਪਣੀ ਕਿਤਾਬ* **'An Essay on the Nature and Significance of Economic Science'** *ਵਿਚ ਦਿੱਤੀ। ਉਸ ਅਨੁਸਾਰ ਅਰਥ-ਸ਼ਾਸਤਰ ਉਹ ਵਿਗਿਆਨ ਹੈ ਜਿਸ ਵਿਚ ਮਨੁੱਖੀ ਵਤੀਰੇ ਦਾ ਸੀਮਤ ਸਾਧਨਾਂ, ਜਿਨ੍ਹਾਂ ਦੇ ਬਦਲਵੇਂ ਪ੍ਰਯੋਗ ਹੁੰਦੇ ਹਨ, ਅਤੇ (ਅਸੀਮਤ) ਉਦੇਸ਼ਾਂ ਦੇ ਸੰਬੰਧਾਂ ਦੇ ਸੰਦਰਭ ਵਿਚ ਅਧਿਐਨ ਕੀਤਾ ਜਾਂਦਾ ਹੈ।* ("Economics is the science which studies human behaviour as a relationship between ends and scarce means which have alternative uses" - Robbins) *ਇਸ ਪਰਿਭਾਸ਼ਾ ਤੋਂ ਹੇਠ ਲਿਖੇ ਸਿੱਟੇ ਕੱਢੇ ਜਾ ਸਕਦੇ ਹਨ।*

*(ੳ)* *ਉਦੇਸ਼* (Ends) *ਅਸੀਮਤ ਹਨ ਅਤੇ ਉਦੇਸ਼ ਤੋਂ ਭਾਵ ਮਨੁੱਖੀ ਲੋੜਾਂ ਹਨ।*

*(ਅ)* *ਮਨੁੱਖ ਨੂੰ ਵੱਧ ਜ਼ਰੂਰੀ ਲੋੜਾਂ ਅਤੇ ਘੱਟ ਜ਼ਰੂਰੀ ਲੋੜਾਂ ਵਿਚੋਂ ਚੋਣ ਕਰਨੀ ਪੈਂਦੀ ਹੈ।*

*(ੲ)* *ਇਨ੍ਹਾਂ ਅਸੀਮਤ ਲੋੜਾਂ ਨੂੰ ਪੂਰਾ ਕਰਨ ਲਈ ਸਾਧਨ ਸੀਮਤ ਹੁੰਦੇ ਹਨ।*

*(ਸ)* *ਇਨ੍ਹਾਂ ਸਾਧਨਾਂ ਦੇ ਬਦਲਵੇਂ ਪ੍ਰਯੋਗ ਹੁੰਦੇ ਹਨ। ਭਾਵ, ਸਾਧਨ ਨੂੰ ਅਸੀਮਤ ਲੋੜਾਂ ਵਿਚੋਂ ਕਿਸੇ ਇਕ ਲੋੜ ਨੂੰ ਪੂਰਾ ਕਰਨ ਲਈ ਵਰਤਿਆ ਜਾ ਸਕਦਾ ਹੈ। ਜਿਵੇਂ ਕਿ ਇਕ ਵੀਹ ਰੁਪਏ ਦੇ ਨੋਟ ਨਾਲ ਅਸੀਂ ਜਾਂ ਤਾਂ ਪੈੱਨ ਖਰੀਦ ਸਕਦੇ ਹਾਂ ਜਾਂ ਸਿਨੇਮਾ ਵੇਖ ਸਕਦੇ ਹਾਂ, ਆਦਿ।*

*ਸੋ ਅਸੀਂ ਕਹਿ ਸਕਦੇ ਹਾਂ ਕਿ ਮਨੁੱਖ ਕੋਲ ਅਸੀਮਤ ਲੋੜਾਂ ਨੂੰ ਪੂਰਾ ਕਰਨ ਲਈ ਸਾਧਨ ਸੀਮਤ ਹੁੰਦੇ ਹਨ। ਸਾਧਨਾਂ ਦੇ ਸੀਮਤ ਹੋਣ ਅਤੇ ਉਨ੍ਹਾਂ ਦੇ ਬਦਲਵੇਂ ਪ੍ਰਯੋਗਾਂ ਕਾਰਨ ਸਾਨੂੰ ਇਹ ਚੋਣ ਕਰਨੀ ਪੈਂਦੀ ਹੈ ਕਿ ਪਹਿਲਾਂ ਕਿਹੜੀਆਂ ਲੋੜਾਂ ਪੂਰੀਆਂ ਕੀਤੀਆਂ ਜਾਣ ਅਤੇ ਬਾਅਦ ਵਿਚ ਕਿਹੜੀਆਂ। ਸੀਮਤ ਸਾਧਨਾਂ ਅਤੇ ਅਸੀਮਤ ਲੋੜਾਂ ਕਾਰਨ ਜਿਥੇ ਕਿਤੇ ਵੀ ਚੋਣ ਸਮੱਸਿਆ ਪੈਦਾ ਹੁੰਦੀ ਹੈ ਅਤੇ ਜਿਸ ਦਾ ਸੰਬੰਧ ਆਰਥਿਕ ਪਹਿਲੂ ਨਾਲ ਹੁੰਦਾ ਹੈ, ਤਾਂ ਇਹ ਅਰਥ-ਸ਼ਾਸਤਰ ਦੇ ਅਧਿਐਨ ਦਾ ਵਿਸ਼ਾ ਬਣ ਜਾਂਦੀ ਹੈ।*

*ਰੋਬਿੰਨਜ਼ ਨੇ ਭੌਤਿਕ ਵਸਤੂਆਂ ਅਤੇ ਸਮਾਜ ਤੋਂ ਬਾਹਰ ਰਹਿੰਦੇ ਮਨੁੱਖਾਂ ਦੇ ਅਧਿਐਨ ਨੂੰ ਅਰਥ-ਸ਼ਾਸਤਰ ਨਾਲ ਜੋੜ ਕੇ ਇਸ ਦਾ ਘੇਰਾ ਵਿਸ਼ਾਲ ਕਰ ਦਿੱਤਾ ਹੈ। ਰੋਬਿੰਨਜ਼ ਅਰਥ-ਸ਼ਾਸਤਰ ਨੂੰ ਕੇਵਲ ਵਾਸਤਵਿਕ ਵਿਗਿਆਨ ਮੰਨਦਾ ਹੈ। ਰੋਬਿੰਨਜ਼ ਦੀ*

*ਪਰਿਭਾਸ਼ਾ ਸਰਵ-ਵਿਆਪੀ ਅਤੇ ਵਿਸ਼ਲੇਸ਼ਣਾਤਮਕ ਵੀ ਹੈ। ਇਸ ਤੋਂ ਇਲਾਵਾ ਰੋਬਿੰਨਜ਼ ਅਨੁਸਾਰ ਅਰਥ-ਸ਼ਾਸਤਰ ਦਾ ਸੰਬੰਧ ਸੀਮਤ ਸਾਧਨਾ ਦੁਆਰਾ ਅਸੀਮਤ ਲੋੜਾਂ ਪੂਰੀਆਂ ਕਰਨ ਨਾਲ ਹੈ, ਉਦੇਸ਼ਾਂ ਦੇ ਆਦਰਸ਼ਵਾਦ ਜਾਂ ਨੈਤਿਕਤਾ ਨਾਲ ਨਹੀਂ। ਸੋ ਉਸ ਅਨੁਸਾਰ ਅਰਥ-ਸ਼ਾਸਤਰ ਉਦੇਸ਼ਾਂ ਦੇ ਸੰਬੰਧ ਵਿਚ ਨਿਰਪੱਖ ਹੈ।*

*ਪਰੰਤੂ ਰੋਬਿੰਨਜ਼ ਦੀ ਪਰਿਭਾਸ਼ਾ ਦੀ ਵੀ ਕਈ ਅਰਥ-ਸ਼ਾਸਤਰੀਆਂ ਨੇ ਆਲੋਚਨਾ* (Criticism) *ਕੀਤੀ। ਡਰ੍ਹਨ, ਵੂਟਨ ਅਤੇ ਬੇਵਿਰਜ ਵਰਗੇ ਅਰਥ-ਸ਼ਾਸਤਰੀਆਂ ਨੇ ਮਾਰਸ਼ਲ ਦੇ ਵਿਚਾਰਾਂ ਨੂੰ ਹੀ ਸਹੀ ਠਹਿਰਾਇਆ ਹੈ। ਪਹਿਲੇ, ਉਨ੍ਹਾਂ ਅਨੁਸਾਰ ਅਰਥ-ਸ਼ਾਸਤਰ ਆਦਰਸ਼ਾਤਮਕ ਵਿਗਿਆਨ ਵੀ ਹੈ। ਵੂਟਨ ਅਨੁਸਾਰ ਅਰਥ-ਸ਼ਾਸਤਰੀਆਂ ਲਈ ਆਪਣੇ ਵਿਚਾਰਾਂ ਨੂੰ ਆਦਰਸ਼ਵਾਦ ਦੀ ਮਹੱਤਤਾ ਤੋਂ ਦੂਰ ਰੱਖਣਾ ਔਖਾ ਕੰਮ ਹੈ। ਦੂਸਰਾ, ਇਸ ਪਰਿਭਾਸ਼ਾ ਨੇ ਇਕ ਤਰ੍ਹਾਂ ਨਾਲ ਅਰਥ-ਸ਼ਾਸਤਰ ਦੇ ਖੇਤਰ ਨੂੰ ਚੋਣ ਅਤੇ ਮੁਲਾਂਕਣ ਦੀ ਸਮੱਸਿਆ ਤੱਕ ਹੀ ਸੀਮਤ ਕਰ ਦਿੱਤਾ ਹੈ। ਅਸਲ ਵਿਚ ਅਰਥ-ਸ਼ਾਸਤਰ ਵਿਚ ਮੁੱਲ ਸਿਧਾਂਤ ਬਾਰੇ ਹੀ ਨਹੀਂ ਸਗੋਂ ਮਨੁੱਖੀ ਵਤੀਰੇ ਦੇ ਕਈ ਹੋਰ ਪੱਖਾਂ ਬਾਰੇ ਵੀ ਅਧਿਐਨ ਕੀਤਾ ਜਾਂਦਾ ਹੈ। ਤੀਸਰੇ, ਇਹ ਪਰਿਭਾਸ਼ਾ ਮਾਨਵੀ ਤੱਤ ਦੇ ਪੱਖ ਤੋਂ ਬਿਲਕੁੱਲ ਹੀ ਸੱਖਣੀ ਹੈ। ਐਲੀ ਅਨੁਸਾਰ, ਅਰਥ-ਸ਼ਾਸਤਰ ਕੇਵਲ ਤਰਤੀਬੀ ਵਿਚਾਰਾਂ ਦਾ ਵਿਗਿਆਨ ਨਹੀਂ ਸਗੋਂ ਇਸ ਦਾ ਸੰਬੰਧ ਮਨੁੱਖੀ ਹਮਦਰਦੀ, ਕਲਪਨਾ ਸ਼ਕਤੀ* (Imagination) *ਅਤੇ ਜੀਵਨ ਲਈ ਆਮ ਸੂਝ ਨਾਲ ਵੀ ਹੈ। ਚੌਥੇ, ਰੋਬਿੰਨਜ਼ ਅਨੁਸਾਰ ਜਿੱਥੇ ਕਿਤੇ ਵੀ ਚੋਣ ਸਮੱਸਿਆ ਪੈਦਾ ਹੁੰਦੀ ਹੈ, ਭਾਵੇਂ ਇਸ ਦਾ ਸੰਬੰਧ ਧਨ ਨਾਲ ਨਾ ਵੀ ਹੋਵੇ, ਤਾਂ ਵੀ ਇਹ ਅਰਥ-ਸ਼ਾਸਤਰ ਦੇ ਅਧਿਐਨ ਦਾ ਵਿਸ਼ਾ ਬਣ ਜਾਂਦੀ ਹੈ। ਪਰੰਤੂ ਕਈ ਆਲੋਚਕਾਂ ਦਾ ਖਿਆਲ ਹੈ ਕਿ ਰੋਬਿੰਨਜ਼ ਨੇ ਇਸ ਤਰ੍ਹਾਂ ਕਰਕੇ ਅਰਥ-ਸ਼ਾਸਤਰ ਦੇ ਖੇਤਰ ਨੂੰ ਬੇਲੋੜਾ ਹੀ ਵਿਸ਼ਾਲ ਕਰ ਦਿੱਤਾ ਹੈ। ਪੰਜਵੇ ; ਅਜੋਕੇ ਸਮੇਂ ਵਿਚ ਆਰਥਿਕ ਸਮੱਸਿਆਵਾਂ ਕੇਵਲ ਥੁੜ੍ਹਤਾ ਕਾਰਨ ਹੀ ਨਹੀਂ ਸਗੋਂ ਕਈ ਵਾਰ ਬਹੁਲਤਾ ਕਾਰਨ ਵੀ ਪੈਦਾ ਹੁੰਦੀਆਂ ਹਨ। ਉਦਾਹਰਣ ਦੇ ਤੌਰ ਤੇ ਬੇਰੁਜ਼ਗਾਰੀ ਦੀ ਸਮੱਸਿਆ ਨੂੰ ਕੁਝ ਹੱਦ ਤੱਕ ਵਾਧੂ ਮਨੁੱਖੀ ਸ਼ਕਤੀ ਅਤੇ ਵਾਧੂ ਉਤਪਾਦਨ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ।*

*ਮਾਰਸ਼ਲ ਅਤੇ ਰੋਬਿੰਨਜ਼ ਦੁਆਰਾ ਦਿੱਤੀਆਂ ਪਰਿਭਾਸ਼ਾਵਾਂ ਦੀ ਆਪਣੀ ਮਹੱਤਤਾ ਹੈ। ਕਈ ਅਰਥ-ਸ਼ਾਸਤਰੀਆਂ ਦਾ ਖਿਆਲ ਹੈ ਕਿ ਰੋਬਿੰਨਜ਼ ਦੁਆਰਾ ਪਹਿਲਾਂ ਵੱਧ ਮਹੱਤਵਪੂਰਣ ਲੋੜਾਂ ਨੂੰ ਪੂਰਾ ਕਰਨ ਅਤੇ ਉਸ ਤੋਂ ਬਾਅਦ ਘੱਟ ਮਹੱਤਵਪੂਰਣ ਲੋੜਾਂ ਨੂੰ ਪੂਰਾ ਕਰਨ ਦਾ ਵਿਚਾਰ ਮਾਰਸ਼ਲ ਦੇ ਤੁਸ਼ਟੀਗੁਣ ਸਿਧਾਂਤ ਵਰਗਾ ਹੀ ਹੈ, ਜਿਸ ਦੇ ਅਨੁਸਾਰ ਮਾਰਸ਼ਲ ਕਲਿਆਣ ਵੱਲ ਵੱਧਦਾ ਹੈ। ਇਸ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਰੋਬਿੰਨਜ਼ ਦੀ ਪਰਿਭਾਸ਼ਾ ਵੀ ਕਲਿਆਣ ਤੱਤ ਤੋਂ ਮੁਕਤ ਨਹੀਂ ਹੈ।*

*ਪਰੰਤੂ ਫਿਰ ਵੀ ਦੋਹਾਂ ਪਰਿਭਾਸ਼ਾਵਾਂ ਵਿਚ ਕਾਫੀ ਅੰਤਰ* (Difference) *ਹੈ। ਪਹਿਲਾ, ਰੋਬਿੰਨਜ਼ ਅਰਥ-ਸ਼ਾਸਤਰ ਨੂੰ ਕੇਵਲ ਇਕ ਵਾਸਤਵਿਕ ਵਿਗਿਆਨ ਮੰਨਦਾ ਹੈ ਜਦ ਕਿ ਮਾਰਸ਼ਲ ਅਰਥ-ਸ਼ਾਸਤਰ ਨੂੰ ਵਾਸਤਵਿਕ ਅਤੇ ਆਦਰਸ਼ਾਤਮਕ, ਦੋਵੇਂ ਵਿਗਿਆਨ ਮੰਨਦਾ ਹੈ। ਦੂਜਾ, ਰੋਬਿੰਨਜ਼ ਦੀ ਪਰਿਭਾਸ਼ਾ ਵਿਸ਼ਲੇਸ਼ਣਾਤਮਕ ਹੈ ਜਦ ਕਿ ਮਾਰਸ਼ਲ ਦੀ ਪਰਿਭਾਸ਼ਾ ਵਰਗੀਕ੍ਰਿਤ* (Classificatory) *ਹੈ। ਤੀਜਾ, ਮਾਰਸ਼ਲ ਅਨੁਸਾਰ ਅਰਥ-ਸ਼ਾਸਤਰ ਵਿਚ ਅਸੀਂ ਸਿਰਫ ਉਨ੍ਹਾਂ ਮਨੁੱਖਾਂ ਦੀਆਂ ਕਿਰਿਆਵਾਂ ਦਾ ਹੀ ਅਧਿਐਨ ਕਰਦੇ ਹਾਂ ਜੋ ਸਮਾਜ ਵਿਚ ਰਹਿੰਦੇ ਹਨ, ਪਰੰਤੂ ਰੋਬਿੰਨਜ਼ ਅਨੁਸਾਰ ਆਰਥ-ਸ਼ਾਸਤਰ ਵਿਚ ਅਸੀਂ ਮਨੁੱਖ ਦੀਆਂ ਉਨ੍ਹਾਂ ਸਾਰੀਆਂ ਕਿਰਿਆਵਾਂ ਦਾ ਅਧਿਐਨ ਕਰਦੇ ਹਾਂ ਜਿਨ੍ਹਾਂ ਦਾ ਸੰਬੰਧ ਸੀਮਤ ਸਾਧਨਾਂ ਦੀ ਚੋਣ ਨਾਲ ਹੈ, ਭਾਵੇਂ ਉਹ ਮਨੁੱਖ ਸਮਾਜ ਵਿਚ ਰਹਿੰਦੇ ਹੋਣ ਜਾਂ ਨਾ ਰਹਿੰਦੇ ਹੋਣ। ਇਸ ਤਰ੍ਹਾਂ ਮਾਰਸ਼ਲ ਨੇ ਅਰਥ-ਸ਼ਾਸਤਰ ਨੂੰ ਇਕ ਸਮਾਜਿਕ ਵਿਗਿਆਨ ਕਿਹਾ ਹੈ ਜਦ ਕਿ ਰੋਬਿੰਨਜ਼ ਨੇ ਅਰਥ-ਸ਼ਾਸਤਰ ਨੂੰ ਮਾਨਵ ਵਿਗਿਆਨ ਕਿਹਾ ਹੈ। ਚੌਥਾ, ਮਾਰਸ਼ਲ ਨੇ ਕੇਵਲ ਭੌਤਿਕ ਪਦਾਰਥਾਂ ਨੂੰ ਹੀ ਧਨ (ਮੁਦਰਾ) ਮੰਨ ਕੇ ਅਰਥ-ਸ਼ਾਸਤਰ ਦਾ ਵਿਸ਼ਾ ਬਣਾਇਆ ਹੈ ਜਦ ਕਿ ਰੋਬਿੰਨਜ਼ ਨੇ ਅਭੌਤਿਕ ਪਦਾਰਥਾਂ ਨੂੰ, ਜਿਹੜੇ ਵੀ ਦੁਰਲੱਭ ਹੋਣ, ਅਰਥ-ਸ਼ਾਸਤਰ ਦੇ ਵਿਸ਼ੇ ਵਿਚ ਸ਼ਾਮਲ ਕੀਤਾ ਹੈ।*

*ਅਸੀਂ ਉਪਰ ਵੇਖਿਆ ਹੈ ਕਿ ਹਰੇਕ ਅਰਥ-ਸ਼ਾਸਤਰੀ ਨੇ ਆਪਣੀ ਪਰਿਭਾਸ਼ਾ ਨੂੰ ਦੂਸਰਿਆਂ ਦੀਆਂ ਪਰਿਭਾਸ਼ਾਵਾਂ ਨਾਲੋਂ ਉਚਿੱਤ ਠਹਿਰਾਉਣ ਦਾ ਯਤਨ ਕੀਤਾ ਹੈ। ਉਪਰ ਦਿੱਤੀਆਂ ਪਰਿਭਾਸ਼ਾਵਾਂ ਦੇ ਜ਼ਰੂਰੀ ਤੱਤਾਂ ਨੂੰ ਸ਼ਾਮਿਲ ਕਰਕੇ ਸੈਮਿਊਲਸਨ ਨੇ ਕਾਫੀ ਵਿਸਤਰਿਤ ਪਰਿਭਾਸ਼ਾ ਦਿੱਤੀ ਹੈ। ਉਸ ਅਨੁਸਾਰ, ''ਅਰਥ-ਸ਼ਾਸਤਰ ਇਹ ਅਧਿਐਨ ਕਰਦਾ ਹੈ ਕਿ ਮਨੁੱਖ ਅਤੇ ਸਮਾਜ ਮੁਦਰਾ ਦੀ ਵਰਤੋਂ ਨਾਲ ਜਾਂ ਮੁਦਰਾ ਦੀ ਵਰਤੋਂ ਤੋਂ ਬਿਨਾਂ ਸੀਮਤ ਉਤਪਾਦਕ ਸਾਧਨਾਂ, ਜਿਨ੍ਹਾਂ ਦੇ ਬਦਲਵੇਂ ਪ੍ਰਯੋਗ ਹੁੰਦੇ*

*ਹਨ, ਨੂੰ ਵੱਖ-ਵੱਖ ਵਸਤੂਆਂ ਦੇ ਉਤਪਾਦਨ ਕਰਨ ਲਈ ਕਿਸ ਤਰ੍ਹਾਂ ਚੋਣ ਕਰਦੇ ਹਨ ਅਤੇ ਕਿਸ ਤਰ੍ਹਾਂ ਉਨ੍ਹਾਂ ਵਸਤੂਆਂ ਦੀ ਵਰਤਮਾਨ ਅਤੇ ਭਵਿੱਖ ਵਿਚ ਵੱਖ-ਵੱਖ ਲੋਕਾਂ ਅਤੇ ਸਮਾਜਿਕ ਗਰੁੱਪਾਂ ਨਾਲ ਉਪਭੋਗ ਲਈ ਵੰਡ ਕਰਦੇ ਹਨ।* ("Economics is the study of how men and society choose, with or without the use of money, to employ scarce productive resources which could have alternative uses, to produce various commodities and distribute them for consumption now, and in the future, among the various people and groups in society" - Samuelson).

**III. (ii) ਅਰਥ-ਸ਼ਾਸਤਰ ਦਾ ਘੇਰਾ (Scope) :-** *ਅਰਥ-ਸ਼ਾਸਤਰ ਦੇ ਘੇਰੇ ਤੋਂ ਭਾਵ ਹੈ ਕਿ ਇਸ ਦੇ ਅਧਿਐਨ ਦਾ ਘੇਰਾ। ਇਸ ਵਿਸ਼ੇ ਦੇ ਵਿਗਿਆਨਕ ਵਿਸ਼ਲੇਸ਼ਣ ਲਈ ਅਰਥ-ਸ਼ਾਸਤਰ ਦੇ ਘੇਰੇ ਨੂੰ ਜਾਨਣਾ ਬਹੁਤ ਜ਼ਰੂਰੀ ਹੈ। ਅਰਥ-ਸ਼ਾਸਤਰ ਦੇ ਘੇਰੇ ਲਈ ਅਸੀਂ ਇਸ ਦੀਆਂ ਸੀਮਾਵਾਂ ਦੀ ਚਰਚਾ ਕਰਾਂਗੇ।*

ਜੇ.ਐਮ.ਕੇਲਜ਼ ਨੇ ਆਪਣੀ ਕਿਤਾਬ ਦਾ ਸਕੋਪ ਐਂਡ ਮੈਥਡਜ਼ ਆੱਫ਼ ਇਕਨਾਮਿਕਸ ਵਿੱਚ ਸਿੱਖਿਆ ਦੇ ਘੇਰੇ ਲਈ ਹੇਠ ਲਿਖੀਆਂ ਤਿੰਨ ਚੀਜ਼ਾਂ ਸ਼ਾਮਿਲ ਕੀਤੀਆਂ ਹਨ :-

(1) ਅਰਥ-ਸ਼ਾਸਤਰ ਦਾ ਵਿਸ਼ਾ ਪ੍ਰਕ੍ਰਿਤੀ

(2) ਅਰਥ-ਸ਼ਾਸਤਰ ਦੀ ਪ੍ਰਕ੍ਰਿਤੀ

(3) ਅਰਥ-ਸ਼ਾਸਤਰ ਦਾ ਦੂਜੇ ਵਿਸ਼ਿਆਂ ਨਾਲ ਸਬੰਧ

ਅਰਥ-ਸ਼ਾਸਤਰ ਦਾ ਵਿਸ਼ਾ ਵਸਤੂ :- ਅਰਥ-ਸ਼ਾਸਤਰ ਦੇ ਵਿਸ਼ੇ ਵਸਤੂ ਬਾਰੇ ਮਤਭੇਦ ਹਨ।ਇਸ ਦਾ ਇਕ ਅਰਥ ਸ਼ਾਸਤਰੀ ਦੇ ਵਿਚਾਰਾਂ ਤੋਂ ਲੈ ਕੇ ਦੂਜੇ ਅਰਥ ਸ਼ਾਸਤਰੀ ਵਿੱਚ ਭਿੰਨਤਾ ਪਾਈ ਜਾਂਦੀ ਹੈ।ਐਡਮ ਸਮਿੱਥ ਦੇ ਅਨੁਸਾਰ ਇਹ ਰਾਸ਼ਟਰ ਦੀ ਪ੍ਰਕ੍ਰਿਤੀ ਅਤੇ ਧਨ ਰਾਸ਼ੀ (Wealth) ਦੇ ਕਾਰਨਾਂ ਬਾਰੇ ਪੁੱਛ-ਪੜਤਾਲ ਹੈ।ਅਰਥ-ਸ਼ਾਸਤਰੀ ਜਿਵੇ ਜੇ.ਐਸ.ਮਿਲ,ਜੇ.ਬੀ.ਸੇ,ਡੈਵਿਡ ਰਿਕਾਰਡੋ ਅਨੁਸਾਰ ਅਰਥ-ਸ਼ਾਸਤਰ ਇੱਕ ਵਿਗਿਆਨ ਹੈ ਜੋ ਕਿ ਧਨ ਰਾਸ਼ੀ (Wealth) ਦਾ ਅਧਿਐਨ ਕਰਦਾ ਹੈ। ਮਾਰਸ਼ਲ ਦੇ ਅਨੁਸਾਰ ਅਰਥ-ਸ਼ਾਸਤਰ ਇਕ ਸਮਾਜਿਕ ਵਿਗਿਆਨ ਹੈ ਜੋ ਕਿ ਉਨ੍ਹਾਂ ਮਨੁੱਖੀ ਕਿਰਿਆਵਾਂ ਦਾ ਅਧਿਐਨ ਕਰਦਾ ਹੈ ਜਿਹੜੀਆਂ ਕਿ ਪਦਾਰਥਵਾਦੀ ਵਿਕਾਸ ਨਾਲ ਸਬੰਧਤ ਹੋਣ। ਰੌਬਿੰਨਜ਼ ਦੇ ਵਿਚਾਰ ਅਨੁਸਾਰ ਚੋਣ ਅਤੇ ਮਹੱਤਤਾ ਦੀਆਂ ਸਮੱਸਿਆਵਾਂ, ਅਰਥ-ਸ਼ਾਸਤਰ ਦਾ ਕਾਰਜ ਖੇਤਰ ਹਨ।

ਅਰਥ-ਸ਼ਾਸਤਰ ਦਾ ਖੇਤਰ ਬਹੁਤ ਵਿਸ਼ਾਲ ਹੈ।ਅਰਥ-ਸ਼ਾਸਤਰ ਵਿੱਚ ਅਸੀਂ ਲੋੜਾਂ ਨੂੰ ਸਪਸ਼ਟ ਕਰਨ ਲਈ ਕੀਤੇ ਗਏ ਯਤਨਾਂ ਅਤੇ ਫੇਰ ਇਨ੍ਹਾਂ ਕੀਤੇ ਯਤਨਾਂ ਤੋਂ ਲਾਭਦਾਇਕ ਸੰਤੁਸ਼ਟੀ ਦਾ ਨਤੀਜਾ ਪ੍ਰਾਪਤ ਕਰਨ ਦਾ ਅਧਿਐਨ ਕਰਦੇ ਹਾਂ। ਅਰਥ ਸ਼ਾਸਤਰ ਦੇ ਕਾਰਜ ਖੇਤਰ (scope) ਬਾਰੇ ਅੱਗੇ ਵੀ ਦੱਸਿਆ ਗਿਆ ਹੈ।

**III. (iii) ਅਰਥ-ਸ਼ਾਸਤਰ ਦਾ ਸਰੂਪ (Nature of Economics) :** *ਅਰਥ-ਸ਼ਾਸਤਰ ਦੇ ਸਰੂਪ ਦੇ ਸੰਬੰਧ ਵਿਚ ਵੀ ਅਰਥ-ਸ਼ਾਸਤਰੀਆਂ ਵਿਚ ਕਿਸੇ ਇਕ ਮੱਤ ਉਪਰ ਸਹਿਮਤੀ ਨਹੀਂ ਹੈ। ਅਰਥ-ਸ਼ਾਸਤਰ ਦਾ ਸਰੂਪ ਵੇਖਣ ਲਈ ਸਾਨੂੰ ਇਹ ਜਾਣਨਾ ਪਵੇਗਾ ਕਿ ਕੀ* (i) *ਅਰਥ-ਸ਼ਾਸਤਰ ਵਿਗਿਆਨ ਹੈ ਜਾਂ ਕਲਾ, ਅਤੇ ਜੇ ਵਿਗਿਆਨ ਹੈ ਤਾਂ ਕੀ* (ii) *ਵਾਸਤਵਿਕ ਵਿਗਿਆਨ ਹੈ ਜਾਂ ਆਦਰਸ਼ਾਤਮਕ ਵਿਗਿਆਨ ?*

**ਕੀ ਅਰਥ-ਸ਼ਾਸਤਰ ਇਕ ਵਿਗਿਆਨ ਹੈ ? (Is Economics a Science ?) :** *ਵਿਗਿਆਨ ਤੋਂ ਭਾਵ ਗਿਆਨ ਦੇ ਉਸ ਤਰਤੀਬ-ਬੱਧ ਸੰਗ੍ਰਹਿ ਤੋਂ ਹੈ ਜਿਸ ਵਿਚ ਕਾਰਨ* (Cause) *ਅਤੇ ਪ੍ਰਭਾਵ* (effect) *ਦੇ ਸੰਬੰਧਾਂ ਨੂੰ ਘੋਖਿਆ ਜਾਂਦਾ ਹੈ। ਅਰਥ-ਸ਼ਾਸਤਰ ਦੇ ਵੀ ਆਪਣੇ ਨਿਯਮ ਹਨ ਅਤੇ ਇਨ੍ਹਾਂ ਨਿਯਮਾਂ ਵਿਚ ਕਾਰਨ ਅਤੇ ਪ੍ਰਭਾਵ ਦੇ ਸੰਬੰਧ ਨੂੰ ਸਥਾਪਿਤ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਅਸੀਂ ਮੰਗ ਦੇ ਨਿਯਮ ਵਿਚ ਵੇਖਦੇ ਹਾਂ ਕਿ ਕਿਸੇ ਵਸਤੂ ਦੀ ਕੀਮਤ ਵਧਣ ਨਾਲ ਉਸ ਵਸਤੂ ਦੀ ਮੰਗ ਘੱਟ ਹੋ ਜਾਂਦੀ ਹੈ। ਇਥੇ ਕੀਮਤ ਦਾ ਵਧਣਾ ਕਾਰਨ ਹੈ ਅਤੇ ਵਸਤੂ ਦੀ ਮੰਗ ਦਾ ਘਟਣਾ ਪ੍ਰਭਾਵ ਹੈ। ਵਿਗਿਆਨ ਦੀ ਇਕ ਹੋਰ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਸ ਦਾ ਵਰਤਾਰਾ* (Phenomenon) *ਆਸਾਨੀ ਨਾਲ ਮਾਪਿਆ ਜਾ ਸਕਦਾ ਹੈ। ਇਸ ਉਦੇਸ਼ ਲਈ ਅਰਥ-ਸ਼ਾਸਤਰੀਆਂ ਕੋਲ ਮੁਦਰਾ ਵਾਲਾ ਮਾਪ ਢੰਗ ਹੈ। ਵਿਗਿਆਨ ਦਾ ਇਕ ਹੋਰ ਲੱਛਣ ਹੈ ਕਿ ਭਵਿੱਖ ਵਿਚ ਵਾਪਰਨ ਵਾਲੀਆਂ ਘਟਨਾਵਾਂ ਬਾਰੇ ਭਵਿੱਖਬਾਣੀ ਕਰਨੀ। ਅਰਥ-ਸ਼ਾਸਤਰ ਵਿਚ ਇਹ ਭਵਿੱਖਬਾਣੀ ਉਪਰ ਦਿੱਤੇ ਗਏ ਤਰੀਕਿਆਂ ਨਾਲ ਕੱਢੇ ਗਏ ਸਿੱਟਿਆਂ ਦੇ ਆਧਾਰ ਤੇ ਕੀਤੀ ਜਾਂਦੀ ਹੈ। ਕਈ ਲੋਕਾਂ ਦਾ ਖਿਆਲ ਹੈ ਕਿ ਅਰਥ-ਸ਼ਾਸਤਰ ਦੁਆਰਾ ਕੀਤੀ ਭਵਿੱਖਬਾਣੀ ਉਤਨੀ ਠੀਕ ਨਹੀਂ ਹੁੰਦੀ ਜਿਤਨੀ ਕਿ ਭੌਤਿਕ ਵਿਗਿਆਨ ਜਿਵੇਂ ਕਿ ਕੈਮਿਸਟਰੀ*

*ਅਤੇ ਫਿਜ਼ਿਕਸ ਦੁਆਰਾ ਕੀਤੀ ਭਵਿੱਖਬਾਣੀ ਸਹੀ ਹੁੰਦੀ ਹੈ। ਇਹ ਗੱਲ ਬਿਲਕੁੱਲ ਸੱਚ ਹੈ, ਪਰੰਤੂ ਇਸ ਗੱਲ ਦੇ ਆਧਾਰ ਤੇ ਅਸੀਂ ਅਰਥ-ਸ਼ਾਸਤਰ ਦੇ ਵਿਗਿਆਨ ਦਾ ਸਰੂਪ ਹੋਣ ਤੋਂ ਮੁਨਕਰ ਨਹੀਂ ਹੋ ਸਕਦੇ। ਅਰਥ-ਸ਼ਾਸਤਰ ਦਾ ਸੰਬੰਧ ਵਿਅਕਤੀਆਂ ਨਾਲ ਹੁੰਦਾ ਹੈ, ਜਿਹੜੇ ਕਿ ਆਜ਼ਾਦ ਸੋਚ ਜਾਂ ਇੱਛਾ ਰੱਖਦੇ ਹਨ। ਇਸ ਕਰਕੇ ਉਨ੍ਹਾਂ ਦੇ ਭਵਿੱਖ ਦੇ ਵਿਵਹਾਰ ਬਾਰੇ ਅੰਦਾਜ਼ਾ ਲਗਾਉਣਾ ਕਾਫੀ ਮੁਸ਼ਕਲ ਹੁੰਦਾ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਅਰਥ-ਸ਼ਾਸਤਰ ਭਾਵੇਂ ਭੌਤਿਕ* (Physical) *ਵਿਗਿਆਨਾਂ ਵਰਗਾਂ ਤਾਂ ਨਹੀਂ, ਪਰ ਘੱਟੋ ਘੱਟ ਇਕ ਸਮਾਜਿਕ* (Social) *ਵਿਗਿਆਨ ਤਾਂ ਜ਼ਰੂਰ ਹੈ।*

**ਕੀ ਅਰਥ-ਸ਼ਾਸਤਰ ਇਕ ਕਲਾ ਹੈ ? (Is Economics an Art ?) :** *ਕੇਨਜ਼ ਅਨੁਸਾਰ ਕਿਸੇ ਉਦੇਸ਼ ਦੀ ਪੂਰਤੀ ਕਰਨ ਲਈ ਨਿਯਮਾਂ ਦੀ ਤਰਤੀਬੱਧਤਾ ਨੂੰ ਕਲਾ ਕਿਹਾ ਜਾਂਦਾ ਹੈ।* ("An art is a system of the rules for the attainment of a given end", - J.N. Keynes). *ਥਾਮਸ ਦੇ ਅਨੁਸਾਰ ਵਿਗਿਆਨ ਸਾਨੂੰ ਗਿਆਨ ਦੀ ਸਿੱਖਿਆ ਦਿੰਦਾ ਹੈ ਅਤੇ ਕਲਾ ਤੋਂ ਸਾਨੂੰ ਕੁਝ ਕਰਨ ਦੀ ਸਿੱਖਿਆ ਮਿਲਦੀ ਹੈ* ("A science teaches us to know and art to do" - Thomas). *ਬਹੁਤ ਸਾਰੇ ਅਰਥ-ਸ਼ਾਸਤਰੀਆਂ ਦਾ ਵਿਚਾਰ ਹੈ ਕਿ ਅਰਥ-ਸ਼ਾਸਤਰ ਨੂੰ ਕਲਾ ਨਹੀਂ ਮੰਨਿਆ ਜਾਣਾ ਚਾਹੀਦਾ ਕਿਉਂਕਿ ਜੇਕਰ ਅਰਥ-ਸ਼ਾਸਤਰ ਨੂੰ ਕਲਾ ਮੰਨਦੇ ਹਾਂ ਤਾਂ ਸਾਡੇ ਲਈ ਅਰਥ-ਸ਼ਾਸਤਰ ਨੂੰ ਵਿਗਿਆਨ ਦਾ ਦਰਜਾ ਦੇਣ ਵਿਚ ਮੁਸ਼ਕਲ ਆਵੇਗੀ। ਇਸ ਤੋਂ ਇਲਾਵਾ ਅਰਥ-ਸ਼ਾਸਤਰ ਦੀ ਕਲਾ ਵੀ ਇਕ ਅਪੂਰਣ ਕਲਾ ਹੀ ਹੋਵੇਗੀ। ਇਨ੍ਹਾਂ ਅਰਥ-ਸ਼ਾਸਤਰੀਆਂ ਅਨੁਸਾਰ ਇਕ ਅਰਥ-ਸ਼ਾਸਤਰੀ ਦਾ ਕੰਮ ਸਿਰਫ ਵਿਆਖਿਆ ਅਤੇ ਘੋਖ* (Explain and Explore) *ਕਰਨਾ ਹੀ ਹੈ, ਨਾ ਕਿ ਦਿੱਤੇ ਹੋਏ ਉਦੇਸ਼ਾਂ ਦੀ ਪੂਰਤੀ ਲਈ ਉਪਦੇਸ਼ ਦੇਣਾ। ਪਰੰਤੂ ਅਜਿਹਾ ਕਹਿਣਾ ਠੀਕ ਨਹੀਂ। ਅਸੀਂ ਵੇਖਦੇ ਹਾਂ ਕਿ ਅਰਥ-ਸ਼ਾਸਤਰੀ ਕੇਵਲ ਬੇਰੁਜ਼ਗਾਰੀ ਵੱਧਣ ਦੇ ਕਾਰਨ ਦਾ ਹੀ ਅਧਿਐਨ ਨਹੀਂ ਕਰਦੇ ਸਗੋਂ ਬੇਰੁਜ਼ਗਾਰੀ ਦੇ ਵਾਧੇ ਨੂੰ ਰੋਕਣ ਲਈ ਅਨੇਕਾਂ ਸੁਝਾਅ ਵੀ ਦਿੰਦੇ ਹਨ। ਪਰੰਤੂ ਅਸਲੀਅਤ ਇਹ ਹੈ ਕਿ ਅਰਥ-ਸ਼ਾਸਤਰ ਨੂੰ ਜੇਕਰ ਅਸੀਂ ਵਿਗਿਆਨ ਦੇ ਨਾਲ-ਨਾਲ ਕਲਾ ਵੀ ਕਹੀਏ ਤਾਂ ਇਸ ਵਿਚ ਕੋਈ ਫਰਕ ਨਹੀਂ ਪੈਂਦਾ, ਸਗੋਂ ਇਸ ਨਾਲ ਤਾਂ ਅਰਥ-ਸ਼ਾਸਤਰ ਨੂੰ ਵਿਗਿਆਨ ਦਾ ਦਰਜ਼ਾ ਦੇਣ ਵਾਲਾ ਕੰਮ ਹੋਰ ਵੀ ਸੌਖਾ ਹੋ ਜਾਵੇਗਾ, ਕਿਉਂਕਿ ਵਿਗਿਆਨ ਦਾ ਪੱਖ ਕਲਾ ਵਿਵਹਾਰਕ ਪੱਖ ਹੁੰਦਾ ਹੈ ਅਤੇ ਹਰ ਕਲਾ ਦਾ ਇਕ ਪੱਖ ਸਿਧਾਂਤਕ ਜਾਂ ਵਿਗਿਆਨਕ ਹੁੰਦਾ ਹੈ। ਕੋਸਾ ਨੇ ਠੀਕ ਹੀ ਕਿਹਾ ਹੈ ਕਿ ਵਿਗਿਆਨ ਨੂੰ ਕਲਾ ਦੀ ਜ਼ਰੂਰਤ ਹੈ ਅਤੇ ਕਲਾ ਨੂੰ ਵਿਗਿਆਨ ਦੀ ਜ਼ਰੂਰਤ ਹੈ ਕਿਉਂਕਿ ਇਹ ਦੋਵੇਂ ਇਕ ਦੂਸਰੇ ਦੇ ਸਹਾਇਕ ਹੁੰਦੇ ਹਨ। ਸੋ ਅਸੀਂ ਕਹਿ ਸਕਦੇ ਹਾਂ ਕਿ ਅਰਥ-ਸ਼ਾਸਤਰ ਇਕ ਵਿਗਿਆਨ ਵੀ ਹੈ ਅਤੇ ਕਲਾ ਵੀ ਹੈ।*

**ਵਾਸਤਵਿਕ ਵਿਗਿਆਨ ਜਾਂ ਆਦਰਸ਼ਾਤਮਕ ਵਿਗਿਆਨ** : *ਮੁੱਢਲੇ ਸਨਾਤਨੀ ਅਰਥ-ਸ਼ਾਸਤਰੀਆਂ ਨੇ ਅਰਥ-ਸ਼ਾਸਤਰ ਨੂੰ ਸਿਰਫ ਇਕ ਵਾਸਤਵਿਕ ਵਿਗਿਆਨ ਮੰਨਿਆ ਹੈ ਪਰੰਤੂ ਇਤਿਹਾਸਕ ਸਕੂਲ ਵਾਲੇ ਅਰਥ-ਸ਼ਾਸਤਰੀਆਂ ਨੇ ਅਰਥ-ਸ਼ਾਸਤਰ ਅਤੇ ਕਲਿਆਣ ਵਿਚ ਨੇੜੇ ਦਾ ਸੰਬੰਧ ਮੰਨਿਆ ਹੈ। ਇਸ ਲਈ ਇਸ ਦਾ ਮਤਲਬ ਇਹ ਹੈ ਕਿ ਅਰਥ-ਸ਼ਾਸਤਰ ਅਤੇ ਨੀਤੀ-ਸ਼ਾਸਤਰ ਵਿਚ ਨੇੜੇ ਦਾ ਸੰਬੰਧ ਹੈ। ਹੁਣ ਅਸੀਂ ਵਿਸਥਾਰ ਸਹਿਤ ਵਿਚਾਰ ਕਰਾਂਗੇ ਕਿ ਕੀ ਅਰਥ-ਸ਼ਾਸਤਰ ਵਾਸਤਵਿਕ ਵਿਗਿਆਨ ਹੈ ਜਾਂ ਆਦਰਸ਼ਾਤਮਕ।*

**ਅਰਥ-ਸ਼ਾਸਤਰ ਵਾਸਤਵਿਕ ਵਿਗਿਆਨ ਦੇ ਤੌਰ ਤੇ (Economics as a Positive Science) :** *ਵਾਸਤਵਿਕ ਵਿਗਿਆਨ ਦੇ ਤੌਰ ਤੇ ਅਰਥ-ਸ਼ਾਸਤਰ ਕਿਸੇ ਦਿੱਤੀ ਹੋਈ ਸਥਿਤੀ ਦੀ ਵਿਆਖਿਆ ਅਤੇ ਵਿਸ਼ਲੇਸ਼ਣ ਕਰਦਾ ਹੈ, ਪਰੰਤੂ ਸਾਨੂੰ ਇਹ ਨਹੀਂ ਦੱਸਦਾ ਕਿ ਇਸ ਸਥਿਤੀ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ। ਸੰਤੁਲਨ ਕੀਮਤ ਦਾ ਨਿਰਧਾਰਨ ਵਾਸਤਵਿਕ ਗਿਆਨ ਦੀ ਇਕ ਉਦਾਹਰਣ ਹੈ। ਜੇ.ਐਨ. ਕੇਨਜ਼ ਅਨੁਸਾਰ ਵਾਸਤਵਿਕ ਵਿਗਿਆਨ ਤਰਤੀਬ-ਬੱਧ ਗਿਆਨ ਦਾ ਉਹ ਸੰਗ੍ਰਹਿ ਹੈ ਜਿਸ ਦਾ ਸੰਬੰਧ 'ਕੀ ਹੈ' ਨਾਲ ਹੁੰਦਾ ਹੈ ਆਦਰਸ਼ਾਤਮਿਕ ਵਿਗਿਆਨ ਤਰਤੀਬ-ਬੱਧ ਗਿਆਨ ਦਾ ਉਹ ਸੰਗ੍ਰਹਿ ਹੈ ਜੋ ਕੀ ਹੋਣਾ ਚਾਹੀਦਾ ਹੈ ਦੀ ਕਸਵੱਟੀ ਨਾਲ ਸੰਬੰਧਿਤ ਹੈ।* ("A positive science may be defined, as a body of systematised knowledge concerning what is, a normative science is a body of systematised knowledge relating to criteria of what ought to be" - J.N. Keynes). *ਮਿਲਟਨ ਫਰੀਡਮੈਨ ਅਨੁਸਾਰ ਵਾਸਤਵਿਕ ਵਿਗਿਆਨ ਦਾ ਅਸਲ ਮਨੋਰਥ ਕਿਸੇ ਅਜਿਹੇ ਅਨੁਮਾਨਤ ਸਿਧਾਂਤ* (Theory or Hypothesis) *ਦਾ ਵਿਕਾਸ ਕਰਨਾ ਹੈ ਜਿਸ ਤੋਂ ਕਿਸੇ ਅਜਿਹੇ ਵਰਤਾਰੇ* (Phenomenon), *ਜਿਹੜਾ ਅਜੇ ਤੱਕ ਨਿਰੀਖਿਆ* (Observed) *ਨਹੀਂ ਗਿਆ, ਬਾਰੇ ਠੀਕ ਅਤੇ ਭਾਵਪੂਰਣ ਕਿਆਸਰਾਈਆਂ* (Predictions) *ਕੀਤੀਆਂ ਜਾ ਸਕਣ। ਕੀਮਤ ਸਿਧਾਂਤ ਬਹੁਤ ਸਾਰੇ ਵਾਸਤਵਿਕ ਬਿਆਨਾਂ* (Statements) *ਦਾ ਇਕੱਠ* (Agglomeration) *ਹੈ ਜਿਹੜੇ ਕਿ ਕੁਝ ਮਨੌਤਾਂ ਅਧੀਨ ਸਹੀ ਹਨ। ਸੀਨੀਅਰ ਅਨੁਸਾਰ ਇਕ ਸੱਚੇ ਅਰਥ-ਸ਼ਾਸਤਰੀ ਦਾ ਕੰਮ ਸਿਰਫ ਇਹ ਵਿਆਖਿਆ ਕਰਨਾ ਹੈ ਕਿ ਕੋਈ ਵਰਤਾਰਾ ਕਿਵੇਂ ਕੰਮ ਕਰਦਾ*

*ਹੈ, ਅਤੇ ਕੋਈ ਨਸੀਅਤ ਦੇਣਾ ਅਰਥ-ਸ਼ਾਸਤਰੀ ਦਾ ਕੰਮ ਨਹੀਂ। ਕੇਨਜ਼ ਅਨੁਸਾਰ ਨੀਤੀ ਸ਼ਾਸਤਰ ਦੇ ਅਰਥ-ਸ਼ਾਸਤਰ ਵਿਚ ਰਲ ਜਾਣ ਨਾਲ ਅਰਥ-ਸ਼ਾਸਤਰੀਆਂ ਵਿਚ ਵੱਖ-ਵੱਖ ਮੁੱਦਿਆਂ ਉਪਰ ਵਿਚਾਰਾਂ ਦੀ ਅਸਹਿਮਤੀ ਹੋਰ ਵੱਧ ਜਾਵੇਗੀ। ਕਈ ਕਿਸਮ ਦੇ ਸ਼ੰਕੇ ਪੈਦਾ ਹੋ ਸਕਦੇ ਹਨ ਜਿਹੜੇ ਕਿ ਅਸ਼ਪਸ਼ਟਤਾ* (Confusion) *ਪੈਦਾ ਕਰਨਗੇ। ਇਸ ਤੋਂ ਇਲਾਵਾ ਜੇਕਰ ਅਸੀਂ ਅਰਥ-ਸ਼ਾਸਤਰ ਨੂੰ ਵਾਸਤਵਿਕ ਅਤੇ ਆਦਰਸ਼ਾਤਮਿਕ, ਦੋਵੇਂ ਤਰ੍ਹਾਂ ਦਾ ਵਿਗਿਆਨ ਮੰਨ ਲਈਏ ਤਾਂ ਵਿਚਾਰਾਂ ਵਿਚ ਇਕਸੁਰਤਾ* (Unanimity) *ਲਿਆਉਣੀ ਮੁਸ਼ਕਿਲ ਹੋ ਜਾਵੇਗੀ।*

**ਅਰਥ-ਸ਼ਾਸਤਰ ਆਦਰਸ਼ਾਤਮਕ ਵਿਗਿਆਨ ਦੇ ਤੌਰ ਤੇ (Economics as a Normative Science) :** *ਕਈ ਅਰਥ-ਸ਼ਾਸਤਰੀਆਂ ਦਾ ਵਿਚਾਰ ਹੈ ਕਿ ਇਕ ਅਰਥ-ਸ਼ਾਸਤਰੀ ਅਰਥ ਸ਼ਾਸਤਰ ਦੇ ਨੈਤਿਕ ਨਿਰਣੇ ਦੇਣ ਵਾਲੇ ਪੱਖ ਨੂੰ ਓਹਲੇ ਨਹੀਂ ਕਰ ਸਕਦਾ। ਅਰਥ-ਸ਼ਾਸਤਰੀ ਨੂੰ ਕਿਸੇ ਵਰਤਾਰੇ ਨੂੰ ਘੋਖਣ ਦੇ ਨਾਲ-ਨਾਲ ਇਹ ਦੱਸਣਾ ਚਾਹੀਦਾ ਹੈ ਕਿ ਸਮੱਸਿਆਵਾਂ ਦਾ ਹੱਲ ਕਿਵੇਂ ਕੀਤਾ ਜਾਵੇ। ਪ੍ਰੋ. ਮਾਰਸ਼ਲ ਅਨੁਸਾਰ ਸਾਡਾ ਅਧਿਐਨ ਕਰਨ ਦਾ ਮਨੋਰਥ ਗਿਆਨ ਪ੍ਰਾਪਤ ਕਰਨਾ ਤਾਂ ਹੈ ਹੀ ਪਰੰਤੂ ਇਸ ਦੇ ਨਾਲ-ਨਾਲ ਇਸ ਅਧਿਐਨ ਰਾਹੀਂ ਅਸੀਂ ਜੀਵਨ (ਖਾਸ ਤੌਰ ਤੇ ਸਮਾਜਿਕ ਜੀਵਨ) ਲਈ ਸੇਧ ਪ੍ਰਾਪਤ ਕਰਨੀ ਹੈ। ਅਰਥ-ਸ਼ਾਸਤਰ ਨੂੰ ਆਦਰਸ਼ਾਤਮਕ ਵਿਗਿਆਨ ਮੰਨਣ ਦੇ ਹੱਕ ਵਿਚ ਹੇਠ ਲਿਖੀਆਂ ਦਲੀਲਾਂ ਦਿੱਤੀਆਂ ਜਾਂਦੀਆਂ ਹਨ।*

*(1)* *ਕਿਉਂਕਿ ਆਰਥਿਕ ਕਿਰਿਆ ਸਾਡੇ ਪੂਰੇ ਦੇ ਪੂਰੇ ਵਿਵਹਾਰ ਨੂੰ ਪ੍ਰਭਾਵਿਤ ਕਰਦੀ ਹੈ, ਇਸ ਲਈ ਇਕ ਅਰਥ-ਸ਼ਾਸਤਰੀ ਲਈ ਇਹ ਦੱਸਣਾ ਜ਼ਰੂਰੀ ਬਣ ਜਾਂਦਾ ਹੈ ਕਿ ਕੀ ਕਿਰਿਆ ਠੀਕ ਹੈ ਜਾਂ ਗਲਤ।*

*(2)* *ਉਹ ਲੋਕ ਗਲਤ ਹਨ ਜੋ ਕਹਿੰਦੇ ਹਨ ਕਿ ਇਕ ਅਰਥ-ਸ਼ਾਸਤਰੀ ਨੈਤਿਕ ਨਿਰਣੇ ਲੈਣ ਦੇ ਕਾਬਲ ਨਹੀਂ ਹੁੰਦਾ। ਅਸਲ ਵਿਚ ਇਕ ਅਰਥ-ਸ਼ਾਸਤਰੀ ਹੀ ਸਹੀ ਨਿਰਣੇ ਦੇਣ ਦੇ ਕਾਬਲ ਹੁੰਦਾ ਹੈ ਕਿਉਂਕਿ ਉਸ ਵਿਸ਼ੇ ਸੰਬੰਧੀ ਉਸ ਨੂੰ ਵਿਸ਼ੇਸ਼ ਗਿਆਨ ਹੁੰਦਾ ਹੈ।*

*(3)* *ਜੇਕਰ ਅਸੀਂ ਅਰਥ-ਸ਼ਾਸਤਰ ਨੂੰ ਕੇਵਲ ਵਾਸਤਵਿਕ ਵਿਗਿਆਨ ਹੀ ਮੰਨ ਲਈਏ ਤਾਂ ਇਸ ਨਾਲ ਅਰਥ-ਸ਼ਾਸਤਰ ਦਾ ਖੇਤਰ ਬਹੁਤ ਸੀਮਤ ਹੋ ਜਾਵੇਗਾ।*

*(4)* *ਜੇਕਰ ਅਸੀਂ ਆਰਥਿਕ ਅਧਿਐਨ ਨੂੰ ਇਸ ਦੇ ਆਦਰਸ਼ਾਤਮਕ ਤੱਤ ਤੋਂ ਵੱਖਰਾ ਕਰ ਦੇਈਏ ਤਾਂ ਇਹ ਸਮਾਜਿਕ ਤੌਰ ਤੇ ਨੁਕਸਾਨਦਾਇਕ ਹੋਵੇਗਾ।*

*ਪਾਲ ਸਟਰੀਟਨ ਅਨੁਸਾਰ ਜੇਕਰ ਇਕ ਅਰਥ-ਸ਼ਾਸਤਰੀ ਨੇ ਆਪਣੇ ਅਧਿਐਨ ਨੂੰ ਭਾਵਪੂਰਨ ਅਤੇ ਵਿਵਹਾਰਕ ਬਣਾਉਣਾ ਹੈ ਤਾਂ ਨੈਤਿਕ ਨਿਰਣੈ ਲੈਣ ਤੋਂ ਉਸ ਨੂੰ ਝਿਜਕਣਾ ਨਹੀਂ ਚਾਹੀਦਾ। ਹਾਟਰੇ ਦੇ ਵਿਚਾਰ ਮੁਤਾਬਿਕ ਅਰਥ-ਸ਼ਾਸਤਰ ਦੇ ਆਦਰਸ਼ਾਤਮਕ ਪੱਖ ਨੂੰ ਇਸ ਦੇ ਵਾਸਤਵਿਕ ਪੱਖ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਸੋ ਅਸੀਂ ਕਹਿ ਸਕਦੇ ਹਾਂ ਕਿ ਅਰਥ-ਸ਼ਾਸਤਰ ਵਾਸਤਵਿਕ ਵਿਗਿਆਨ ਵੀ ਹੈ ਅਤੇ ਆਦਰਸ਼ਾਤਮਕ ਵਿਗਿਆਨ ਵੀ।*

**III. (iv) ਆਰਥਿਕ ਨੀਤੀਆਂ ਦੇ ਮੁੱਖ ਮੁੱਦੇ (Major Issues of Economic Policies) :** *ਅਣਗਿਣਤ ਲੋੜਾਂ ਨੂੰ ਪੂਰਾ ਕਰਨ ਵਾਲੇ ਸਾਧਨ ਸੀਮਿਤ ਹੋਣ ਦੇ ਕਾਰਨ ਇਹ ਆਰਥਿਕ ਸਮੱਸਿਆ ਪੈਦਾ ਹੋ ਜਾਂਦੀ ਹੈ ਕਿ ਕਿਹੜੀਆਂ ਲੋੜਾਂ ਕਿਹੜੇ ਸਾਧਨਾਂ ਨਾਲ ਪੂਰੀਆਂ ਕੀਤੀਆਂ ਜਾਣ। ਅਰਥ-ਸ਼ਾਸਤਰ ਵਿਚ ਇਸ ਗੱਲ ਦਾ ਅਧਿਐਨ ਕੀਤਾ ਜਾਂਦਾ ਹੈ ਕਿ ਪ੍ਰਾਪਤ ਸਾਧਨਾਂ ਦੀ ਉਚਿੱਤ ਵਰਤੋਂ ਕਰਕੇ ਉਪਭੋਗੀ ਕਿਸ ਤਰ੍ਹਾਂ ਵੱਧ ਤੋਂ ਵੱਧ ਸੰਤੁਸ਼ਟੀ ਪ੍ਰਾਪਤ ਕਰ ਸਕਦਾ ਹੈ। ਇਸ ਤਰ੍ਹਾਂ ਆਰਥਿਕ ਵਿਸ਼ਲੇਸ਼ਣ ਦੇ ਅਧੀਨ ਕਿਹੜੀਆਂ ਲੋੜਾਂ ਪੂਰੀਆਂ ਕਰਨੀਆਂ ਹਨ, ਵਸਤਾਂ ਦਾ ਉਤਪਾਦਨ ਕਿਵੇਂ ਕਰਨਾ ਹੈ ਲੋੜਾਂ ਦੀ ਪੂਰਤੀ ਲਈ ਕਿਹੜੇ ਸਾਧਨਾਂ ਦੀ ਵਰਤੋਂ ਕਰਨੀ ਹੈ, ਬੇਰੁਜ਼ਗਾਰੀ ਦੀ ਦਰ ਨੂੰ ਕਿਵੇਂ ਘੱਟੋ ਘੱਟ ਕੀਤਾ ਜਾ ਸਕਦਾ ਹੈ; ਮੁਦਰਾ ਸਫੀਤੀ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ, ਅਤੇ ਅਰਥ ਵਿਵਸਥਾ ਨੂੰ ਗਤੀਸ਼ੀਲ ਬਣਾਈ ਰੱਖਣ ਲਈ ਆਮ ਨਾਗਰਿਕ ਦੇ ਰਹਿਣ-ਸਹਿਣ ਦੇ ਪੱਧਰ ਵਿਚ ਲਗਾਤਾਰ ਵਾਧਾ ਕਿਵੇਂ ਕੀਤਾ ਜਾ ਸਕਦਾ ਹੈ ਆਦਿ ਸਮੱਸਿਆਵਾਂ ਆਉਂਦੀਆਂ ਹਨ। ਇਨ੍ਹਾਂ ਸਮੱਸਿਆਵਾਂ ਨੂੰ ਸੁਲਝਾਉਣਾ ਹੀ ਆਰਥਿਕ ਨੀਤੀ ਦਾ ਮੁੱਖ ਉਦੇਸ਼ ਹੈ।*

**III.(v) ਅਰਥ ਸ਼ਾਸਤਰ ਦੀ ਕਾਰਜ ਵਿਧੀ (Methodology of Economics) :** *ਅਰਥ-ਸ਼ਾਸਤਰ ਦੇ ਨਿਯਮ ਬਣਾਉਣ ਲਈ ਕਿਹੜਾ ਢੰਗ ਵਰਤਿਆ ਜਾਂਦਾ ਹੈ ਇਹ ਗੱਲ ਵਿਸ਼ੇ ਦੇ ਸਰੂਪ ਤੇ ਨਿਰਭਰ ਕਰਦੀ ਹੈ। ਇਸ ਪੱਖੋਂ ਵੀ ਅਰਥ-ਸ਼ਾਸਤਰ ਨੂੰ ਵਿਗਿਆਨ ਸਮਝਿਆ ਜਾਂਦਾ ਹੈ ਕਿਉਂਕਿ ਇਸ ਵਿਚ ਦੂਜੇ ਵਿਗਿਆਨਾਂ ਦੀ ਤਰ੍ਹਾਂ ਵਿਗਿਆਨਕ ਵਿਧੀਆਂ ਦੀ*

*ਵਰਤੋਂ ਕੀਤੀ ਜਾਂਦੀ ਹੈ। ਉਹ ਵਿਧੀਆਂ ਹਨ - ਨਿਗਮਨ ਵਿਧੀ ਅਤੇ ਆਗਮਨ ਵਿਧੀ* (Deductive and inductive method).

**ਨਿਗਮਨ ਵਿਧੀ (Deductive Method) :** *ਨਿਗਮਨ ਵਿਧੀ ਮੌਲਿਕ ਮਾਨਤਾਵਾਂ ਤੋਂ ਦੂਜੇ ਢੰਗਾਂ ਦੁਆਰਾ ਸਥਾਪਿਤ ਸੱਚਾਈਆਂ ਤੋਂ ਸਿੱਟੇ ਕੱਢਦੀ ਹੈ। ਇਸ ਦੇ ਪ੍ਰਤੀ ਪ੍ਰੋ. ਜੀ ਵਿਲਸਨ* (Gee Wilson) *ਨੇ ਇਸ ਪ੍ਰਕਾਰ ਕਿਹਾ ਹੈ, ''ਨਿਗਮਨ ਵਿਧੀ ਤੋਂ ਭਾਵ ਸਾਧਾਰਣ ਤੋਂ ਖਾਸ ਅਤੇ ਸਰਵ ਵਿਆਪਕ ਤੋਂ ਵਿਅਕਤੀਗਤ ਆਧਾਰ ਉਪਰ ਨਤੀਜੇ ਕੱਢਣਾ ਹੈ।'' ਨਿਗਮਨ ਵਿਧੀ ਵਿਚ ਆਰਥਿਕ ਨਿਯਮ ਬਣਾਉਣ ਲਈ ਤਿੰਨ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ। ਪਹਿਲੇ ਪੜਾਅ ਵਿਚ ਸਾਂਝੇ ਆਰਥਿਕ ਰਵੱਈਏ ਨੂੰ ਪਰਖਿਆ ਜਾਂਦਾ ਹੈ ਅਤੇ ਉਸ ਤੋਂ ਬਾਅਦ ਸਾਧਾਰਣ ਮਾਨਤਾਵਾਂ ਦੇ ਆਧਾਰ ਤੇ ਖਾਸ ਕਿਰਿਆਵਾਂ ਬਾਰੇ ਸਿੱਟੇ ਕੱਢੇ ਜਾਂਦੇ ਹਨ। ਤੀਜੇ ਪੜਾਅ ਵਿਚ, ਕੱਢੇ ਗਏ ਸਿੱਟਿਆਂ ਨੂੰ ਪ੍ਰਮਾਣਿਤ ਕੀਤਾ ਜਾਂਦਾ ਹੈ। ਇਸ ਢੰਗ ਨੂੰ ਵਿਸ਼ਲੇਸ਼ਣਾਤਮਕ, ਅਵਾਸਤਵਿਕ ਅਤੇ ਅਨੁਭਵ ਤੋਂ ਪਹਿਲਾ ਢੰਗ ਵੀ ਕਿਹਾ ਜਾਂਦਾ ਹੈ। ਇਸ ਢੰਗ ਦੀ ਵਰਤੋਂ ਸਮਿੱਥ, ਰਿਕਾਰਡੋ, ਸੀਨੀਅਰ, ਜੇ. ਐਸ. ਮਿਲ, ਕੈਰਨਸ ਅਤੇ ਰੋਬਿੰਨਜ਼ ਆਦਿ ਨੇ ਕੀਤੀ ਹੈ। ਨਿਗਮਨ ਵਿਧੀ ਨੂੰ ਹਰ ਤਰ੍ਹਾਂ ਦੀ ਆਰਥਿਕ ਸਮੱਸਿਆ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ। ਮੰਨ ਲਓ ਪਤਾ ਕਰਨਾ ਹੈ ਕਿ ਇਕ ਫਰਮ ਕਿਸ ਤਰ੍ਹਾਂ ਵੱਧ ਤੋਂ ਵੱਧ ਲਾਭ ਕਮਾ ਸਕਦੀ ਹੈ। ਫਰਮ ਪ੍ਰਤੀਯੋਗੀ ਹਾਲਤਾਂ ਵਿਚ ਕੰਮ ਕਰ ਰਹੀ ਹੈ, ਇਹ ਮਾਨਤਾ ਮੰਨ ਕੇ ਅਸੀਂ ਉਹ ਸਿਧਾਂਤ ਲਾਗੂ ਕਰਾਂਗੇ ਜਿਸ ਨਾਲ ਵੱਧ ਤੋਂ ਵੱਧ ਲਾਭ ਕਮਾਇਆ ਜਾ ਸਕਦਾ ਹੋਵੇ। ਜੇਕਰ ਇਹ ਅਸੂਲ ਪੂਰਾ ਉੱਤਰ ਆਵੇ ਤਾਂ ਅਸੀਂ ਇਹ ਨਤੀਜੇ ਕੱਢਾਂਗੇ ਕਿ ਫਰਮ ਵੱਧ ਤੋਂ ਵੱਧ ਲਾਭ ਕਮਾ ਰਹੀ ਹੈ। ਬਿਲਕੁਲ ਇਸੇ ਤਰ੍ਹਾਂ ਘਟਦੇ ਤੁਸ਼ਟੀਗੁਣ ਦਾ ਨਿਯਮ ਅਤੇ ਉਪਭੋਗੀ ਦੀ ਬੇਸ਼ੀ* (Consumer's Surplus) *ਦੀ ਧਾਰਨਾ ਨੂੰ ਨਿਗਮਨ ਵਿਧੀ ਨਾਲ ਪਰਖਿਆ ਜਾ ਸਕਦਾ ਹੈ।*

**(ੳ) ਨਿਗਮਨ ਵਿਧੀ ਦੇ ਲਾਭ** : *ਨਿਗਮਨ ਵਿਧੀ ਉਨ੍ਹਾਂ ਕਠਿਨ ਆਰਥਿਕ ਹਾਲਤਾਂ ਲਈ ਵੀ ਲਾਭਦਾਇਕ ਹੈ ਜਿਥੇ ਕਾਰਨ ਅਤੇ ਪ੍ਰਭਾਵ ਦੀ ਪਛਾਣ ਔਖੀ ਹੁੰਦੀ। ਨਿਗਮਨ ਵਿਧੀ ਅਜਿਹੀਆਂ ਜਟਿਲ ਹਾਲਤਾਂ ਵਿਚ ਸਾਧਾਰਣ ਸਿਧਾਂਤ ਲੈ ਕੇ ਨਤੀਜੇ ਕੱਢਦੀ ਹੈ। ਇਸ ਵਿਧੀ ਦੇ ਅਧੀਨ ਗਣਿਤ ਅਤੇ ਬੀਜ ਗਣਿਤ ਦੇ ਢੰਗਾਂ ਦੁਆਰਾ ਆਰਥਿਕ ਕਿਰਿਆਵਾਂ ਤੋਂ ਠੀਕ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ।*

*ਇਹ ਢੰਗ ਸੁਖਾਲਾ ਵੀ ਹੈ ਕਿਉਂਕਿ ਇਸ ਵਿਚ ਆਰਥਿਕ ਤੱਤਾਂ ਨੂੰ ਇਕੱਠਾ ਨਹੀਂ ਕੀਤਾ ਜਾ ਸਕਦਾ ਸਗੋਂ ਸਾਧਾਰਣ ਸੱਚਾਈ ਨੂੰ ਸੱਚ ਮੰਨ ਕੇ ਉਸ ਦੇ ਆਧਾਰ ਉਪਰ ਵਿਸ਼ਲੇਸ਼ਣ ਕੀਤੇ ਜਾਂਦੇ ਹਨ। ਕੈਰਨਸ* (Cairnes) *ਦੇ ਸ਼ਬਦਾਂ ਵਿਚ, ਨਿਗਮਨ ਵਿਧੀ ਬੇਜੋੜ ਹੈ, ਜਦੋਂ ਇਸ ਦੀ ਰਚਨਾ ਸਹੀ ਜਾਂਚ-ਪੜਤਾਲ ਦੇ ਨਾਲ ਕੀਤੀ ਜਾਂਦੀ ਹੈ ਅਤੇ ਮਨੁੱਖੀ ਬੁੱਧੀ ਦੇ ਅਧਿਕਾਰ ਹੇਠ ਇਹ ਖੋਜ ਦਾ ਬਹੁਤ ਹੀ ਸ਼ਕਤੀਸ਼ਾਲੀ ਸਾਧਨ ਹੈ। ਆਰਥਿਕ ਖੇਤਰ ਵਿਚ ਜਿੱਥੇ ਅਸੀਂ ਮਨੁੱਖ ਵਿਹਾਰ ਦਾ ਅਧਿਐਨ ਕਰਨਾ ਹੋਵੇ ਤਾਂ ਨਿਰੀਖਣ ਅਤੇ ਤਜਰਬੇ ਨਹੀਂ ਕੀਤੇ ਜਾ ਸਕਦੇ। ਕਈ ਵਾਰ ਅੰਕੜੇ ਜਾਂ ਤਾਂ ਪ੍ਰਾਪਤ ਨਹੀਂ ਹੁੰਦੇ ਜਾਂ ਕਈ ਹਾਲਤਾਂ ਵਿਚ ਲਾਗੂ ਨਹੀਂ ਹੁੰਦੇ ਹਨ, ਅਜਿਹੇ ਸਮੇਂ ਨਤੀਜੇ ਕੱਢਣ ਲਈ ਇਹ ਵਿਧੀ ਹੀ ਸਹਾਈ ਹੁੰਦੀ ਹੈ।*

**(ਅ) ਨਿਗਮਨ ਵਿਧੀ ਦੇ ਦੋਸ਼** : *ਨਿਗਮਨ ਵਿਧੀ ਤਾਂ ਹੀ ਪ੍ਰਭਾਵਿਤ ਅਤੇ ਨਿਸ਼ਚਿਤ ਹੁੰਦੀ ਹੈ ਜੇਕਰ ਉਚਿੱਤ ਮਾਨਤਾਵਾਂ ਲਈਆਂ ਜਾਣ, ਪਰੰਤੂ ਆਰਥਿਕ ਵਿਹਾਰ ਸੰਬੰਧੀ ਮਾਨਤਾਵਾਂ ਅਮਲੀ ਜੀਵਨ ਵਿਚ ਲਾਗੂ ਨਹੀਂ ਹੁੰਦੀਆਂ ਅਤੇ ਇਸ ਤਰ੍ਹਾਂ ਇਸ ਵਿਧੀ ਨਾਲ ਨਤੀਜੇ ਵੀ ਸਹੀ ਨਹੀਂ ਕੱਢੇ ਜਾ ਸਕਦੇ।*

*ਇਹ ਵਿਧੀ ਇਹ ਵੀ ਮੰਨਦੀ ਹੈ ਕਿ ਇਸ ਵਿਧੀ ਤੋਂ ਕੱਢੇ ਗਏ ਨਤੀਜਿਆਂ ਵਿਚ ਕੋਈ ਦੋਸ਼ ਰਹਿ ਵੀ ਸਕਦਾ ਹੈ, ਇਸ ਲਈ ਇਹ ਵਿਧੀ ਅਰਥ-ਸ਼ਾਸਤਰ ਨੂੰ ਦੋਸ਼ ਪੂਰਣ ਬਣਾਉਂਦੀ ਹੈ। ਜਦੋਂ ਗਲਤ ਮਾਨਤਾਵਾਂ ਤੇ ਆਧਾਰਤ ਨਿਯਮਾਂ ਨੂੰ ਕੰਮ ਦੀਆਂ ਵਿਹਾਰਕ ਨੀਤੀਆਂ ਤੇ ਪ੍ਰਯੋਗ ਕਰਨ ਲਈ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਹੀ ਇਹ ਵਿਧੀ ਖਤਰਨਾਕ ਸਾਬਤ ਹੁੰਦੀ ਹੈ। ਪ੍ਰੋ. ਲਰਨਰ ਨੇ ਠੀਕ ਹੀ ਕਿਹਾ ਸੀ ਕਿ ਨਿਗਮਨਾਤਮਕ ਵਿਧੀ ਸਿਰਫ ਉਪਦੇਸ਼ ਹੀ ਦੇ ਸਕਦੀ ਹੈ, ਇਸ ਨਾਲ ਕੁਝ ਵੀ ਸਵਾਰਿਆ ਨਹੀਂ ਜਾ ਸਕਦਾ। ਇਸ ਲਈ ਇਹ ਵਿਧੀ ਸਰਵ ਵਿਆਪੀ ਨਹੀਂ ਹੋ ਸਕਦੀ।*

*ਨਿਗਮਨ ਵਿਧੀ ਬਹੁਤ ਹੀ ਸੂਖਮ* (Abstract) *ਹੈ ਅਤੇ ਇਸ ਵਿਚ ਵੱਖੋ ਵੱਖਰੇ ਵਿਚਾਰਾਂ ਤੋਂ ਨਤੀਜੇ ਕੱਢਣ ਲਈ ਬਹੁਤ ਹੀ ਯੋਗ ਅਰਥ-ਸ਼ਾਸਤਰੀਆਂ ਦੀ ਜ਼ਰੂਰਤ ਹੁੰਦੀ ਹੈ। ਆਰਥਿਕ ਸਮੱਸਿਆਵਾਂ ਦੀ ਜਟਿਲਤਾ ਦੇ ਕਾਰਨ ਇਕ ਤਜਰਬੇਕਾਰ ਖੋਜੀ ਲਈ ਵੀ ਇਸ ਨੂੰ ਵਰਤੋਂ ਵਿਚ ਲਿਆਉਣਾ ਔਖਾ ਹੋ ਜਾਂਦਾ ਹੈ।*

**ਆਗਮਨ ਵਿਧੀ (Inductive Method) :** *ਜਰਮਨ ਦੇ ਇਤਿਹਾਸਵਾਦੀ ਅਰਥ-ਸ਼ਾਸਤਰੀਆਂ ਨੇ ਨਿਗਮਨ ਦੇ ਸਮਰਥਕਾਂ ਦੇ ਸਿਧਾਂਤਕ ਰਵੱਈਏ ਦਾ ਵਿਰੋਧ ਕੀਤਾ। ਇਹ ਅਰਥ-ਸ਼ਾਸਤਰੀ ਰੋਸ਼ਰ* (Roscher), *ਹਿਲਡ ਬਰੈਂਡ* (Hilde Brand) *ਅਤੇ ਫਰੈਡਰਿਕ ਲਿਸਟ* (Fredreic list) *ਸਨ। ਇਨ੍ਹਾਂ ਦਾ ਸਮਰਥਨ ਇੰਗਲੈਂਡ ਦੇ ਅਰਥ-ਸ਼ਾਸਤਰੀ ਕਲਿਫ-ਲੈਸਲੇ* (Cliff Leslie) *ਨੇ ਵੀ ਕੀਤਾ। ਇਨ੍ਹਾਂ ਅਰਥ-ਸ਼ਾਸਤਰੀਆਂ ਨੇ ਆਗਮਨ ਵਿਧੀ ਦੀ ਵਰਤੋਂ ਕੀਤੀ ਜਿਸ ਨੂੰ ਇਤਿਹਾਸਕ ਜਾਂ ਵਾਸਤਵਿਕ ਵਿਧੀ ਵੀ ਆਖਿਆ ਜਾ ਸਕਦਾ ਹੈ। ਇਹ ਵਿਧੀ ਸੱਚਾਈਆਂ ਦੀ ਜਾਂਚ ਤੇ ਜ਼ੋਰ ਦਿੰਦੀ ਹੈ। ਇਸ ਵਿਚ ਅਸੀਂ ''ਖਾਸ ਤੋਂ ਆਮ'' ਵੱਲ ਜਾਂਦੇ ਹਾਂ, ਜਦੋਂ ਕਿ ਨਿਗਮਨ ਵਿਧੀ ਵਿਚ ਅਸੀਂ ''ਆਮ ਤੋਂ ਖਾਸ'' ਵੱਲ ਜਾਂਦੇ ਹਾਂ। ਇਸ ਪ੍ਰਣਾਲੀ ਪ੍ਰਤੀ ਜੀ. ਵਿਲੀਅਮ ਨੇ ਇਸ ਤਰ੍ਹਾਂ ਕਿਹਾ ਕਿ ਆਗਮਨ ਵਿਧੀ ਵਿਚ ''ਖਾਸ ਤੋਂ ਆਮ'' ਅਤੇ ''ਵਿਅਕਤੀਗਤ ਤੋਂ ਸਾਧਾਰਨ'' ਕਿਰਿਆਵਾਂ ਦਾ ਅਧਿਐਨ ਕੀਤਾ ਜਾਂਦਾ ਹੈ। ਬੇਕਨ* (Bacon) *ਨੇ ਇਸ ਵਿਧੀ ਨੂੰ ਆਰੋਹੀ ਪ੍ਰਕਿਰਿਆ* (An ascending process) *ਕਿਹਾ ਹੈ, ਜਿਸ ਵਿਚ ਤੱਥਾਂ ਨੂੰ ਇਕੱਠਾ ਕੀਤਾ ਜਾਂਦਾ ਹੈ, ਕ੍ਰਮ ਵਿਚ ਰੱਖਿਆ ਜਾਂਦਾ ਹੈ ਅਤੇ ਉਸ ਤੋਂ ਬਾਅਦ ਸਾਧਾਰਣ ਨਤੀਜੇ ਕੱਢੇ ਜਾਂਦੇ ਹਨ।*

*ਆਗਮਨ ਵਿਧੀ ਦਾ ਆਧਾਰ ਪ੍ਰਯੋਗ ਵਿਧੀ* (Experimentation Method) *ਅਤੇ ਅੰਕੜਾ ਵਿਧੀ* (Statistical Method) *ਹੁੰਦੇ ਹਨ। ਇਸ ਵਿਸ਼ਲੇਸ਼ਣ ਦੇ ਆਧਾਰ ਉਪਰ ਨਿਯਮ ਦੀ ਸਰਵ-ਵਿਆਪਕਤਾ ਦਾ ਅੰਦਾਜ਼ਾ ਲਾਇਆ ਜਾਂਦਾ ਹੈ। ਅੰਕੜਾ ਵਿਧੀ ਦੇ ਅਧੀਨ ਅਸਲ ਜੀਵਨ ਦੇ ਵੱਖੋ-ਵੱਖਰੇ ਖੇਤਰਾਂ ਵਿਚੋਂ ਅੰਕੜੇ ਇਕੱਠੇ ਕੀਤਾ ਜਾਂਦੇ ਹਨ ਅਤੇ ਉਨ੍ਹਾਂ ਅੰਕੜਿਆਂ ਦੇ ਆਧਾਰ ਉਪਰ ਨਿਯਮ ਬਣਾਏ ਜਾਂਦੇ ਹਨ। ਏਂਗਲ ਦਾ ''ਪਰਿਵਾਰਕ ਖਰਚੇ ਦਾ ਨਿਯਮ'', ਮਾਲਥਸ ਦਾ ''ਜਨ-ਸੰਖਿਆ ਦਾ ਸਿਧਾਂਤ'', ਆਗਮਨ ਵਿਧੀ ਤੇ ਆਧਾਰਤ ਹਨ।*

**(ੳ) ਆਗਮਨ ਵਿਧੀ ਦੇ ਲਾਭ** : *ਆਗਮਨ ਵਿਧੀ ਸਚਾਈਆਂ ਉਪਰ ਆਧਾਰਤ ਹੋਣ ਦੇ ਕਾਰਣ ਅਤੇ ਉਨ੍ਹਾਂ ਨੂੰ ਸਹੀ ਰੂਪ ਵਿਚ ਪੇਸ਼ ਕਰਨ ਦੇ ਸਦਕਾ, ਵਾਸਤਵਿਕ ਹੈ। ਸਾਧਾਰਣ ਸਿਧਾਂਤਾਂ ਦੀ ਖੋਜ ਅਤੇ ਹੱਲ ਕਰਕੇ ਆਗਮਨ ਵਿਧੀ ਭਵਿੱਖ ਦੀਆਂ ਘਟਨਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਵਿਚ ਸਹਾਇਕ ਹੁੰਦੀ ਹੈ। ਇਕ ਨਿਯਮ ਦਾ ਨਿਰਮਾਣ ਭਵਿੱਖ ਸੰਬੰਧੀ ਖੋਜਾਂ ਦੀ ਸ਼ੁਰੂਆਤ ਹੈ। ਇਹ ਵਿਧੀ ਅੰਕੜਾ ਢੰਗ ਦਾ ਪ੍ਰਯੋਗ ਕਰਦੀ ਹੈ, ਖਾਸ ਤੌਰ ਤੇ ਸਰਕਾਰੀ ਅਤੇ ਨਿੱਜੀ ਏਜੰਸੀਆਂ ਦੇ ਵਿਚ ਸਮੂਹਿਕ ਰੂਪ ਵਿਚ ਅੰਕੜਿਆਂ ਦਾ ਸੰਗ੍ਰਹਿਣ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਰਾਸ਼ਟਰੀ ਆਮਦਨ, ਸਾਧਾਰਣ ਕੀਮਤ, ਉਪਭੋਗ ਅਤੇ ਬੱਚਤ ਆਦਿ ਦੇ ਮਾਪ ਨੇ ਇਸ ਢੰਗ ਦੀ ਮਹੱਤਤਾ ਹੋਰ ਵੀ ਵਧਾ ਦਿੱਤੀ ਹੈ।*

*ਇਸ ਵਿਧੀ ਗਤੀਸ਼ੀਲ ਵੀ ਹੈ ਅਤੇ ਆਰਥਿਕ ਨੀਤੀਆਂ ਬਣਾਉਣ ਵਿਚ ਵੀ ਸਹਾਈ ਹੁੰਦੀ ਹੈ। ਇਸ ਵਿਚ ਬਦਲ ਰਹੀਆਂ ਆਰਥਿਕ ਘਟਨਾਵਾਂ ਦੇ ਤਜਰਬੇ ਦੇ ਆਧਾਰ ਤੇ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ ਅਤੇ ਨਤੀਜੇ ਕੱਢੇ ਜਾ ਸਕਦੇ ਹਨ। ਆਗਮਨ ਵਿਧੀ ਨੂੰ ਨਿਗਮਨ ਵਿਧੀ ਦੁਆਰਾ ਕੱਢੇ ਗਏ ਨਤੀਜਿਆਂ ਵਿਚੋਂ ਸੱਚਾਈ ਦੀ ਛਾਣਬੀਣ ਕਰਨ ਲਈ ਵਰਤਿਆ ਜਾ ਸਕਦਾ ਹੈ ਅਤੇ ਉਸ ਵਿਧੀ ਵਿਚਲੀਆਂ ਖਾਮੀਆਂ ਨੂੰ ਦੂਰ ਕਰਕੇ ਦੁਬਾਰਾ ਸਹੀ ਨਤੀਜੇ ਕੱਢੇ ਜਾ ਸਕਦੇ ਹਨ। ਇਸ ਤਰ੍ਹਾਂ ਆਗਮਨ ਵਿਧੀ ਨਿਗਮਨ ਵਿਧੀ ਦੀ ਪੂਰਕ ਵੀ ਹੈ।*

**(ਅ) ਆਗਮਨ ਵਿਧੀ ਦੀਆਂ ਊਣਤਾਈਆਂ** : *ਅੰਕੜਈ ਵਿਸ਼ਲੇਸ਼ਣ ਵਿਚ ਪ੍ਰਯੋਗ ਕੀਤੀਆਂ ਗਈਆਂ ਪਰਿਭਾਸ਼ਾਵਾਂ, ਸਾਧਨ ਅਤੇ ਢੰਗ, ਇਕ ਖੋਜੀ ਤੋਂ ਦੂਸਰੇ ਖੋਜੀ ਤੱਕ (ਹਾਲਾਂ ਕਿ ਸਮੱਸਿਆ ਭਾਵੇਂ ਇਕ ਹੋਵੇ) ਵੱਖੋ-ਵੱਖਰੇ ਹੁੰਦੇ ਹਨ।*

*ਅੰਕੜਈ ਢੰਗ ਤੋਂ ਇਲਾਵਾ ਆਗਮਨ ਵਿਧੀ ਵਿਚ ਪ੍ਰਯੋਗ ਵਿਧੀ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਪ੍ਰਯੋਗ ਵਿਧੀ ਅਰਥ-ਸ਼ਾਸਤਰ ਨਾਲੋਂ ਪ੍ਰਕ੍ਰਿਤਕ ਅਤੇ ਭੌਤਿਕ ਵਿਗਿਆਨਾਂ ਵਿਚ ਵੱਧ ਲਾਭਦਾਇਕ ਹੈ ਕਿਉਂਕਿ ਇਹ ਪਦਾਰਥ ਨਾਲ ਸੰਬੰਧਿਤ ਹਨ। ਅਰਥ-ਸ਼ਾਸਤਰ ਲਈ ਪ੍ਰਯੋਗ ਵਿਧੀ ਦਾ ਸਥਾਨ ਇਸ ਲਈ ਘੱਟ ਮਹੱਤਵਪੂਰਣ ਹੈ ਕਿਉਂਕਿ ਇਹ ਮਨੁੱਖੀ ਵਿਵਹਾਰ ਨਾਲ ਸੰਬੰਧਿਤ ਹੈ ਅਤੇ ਮਨੁੱਖੀ ਵਿਵਹਾਰ ਕਦੀ ਵੀ ਇਕ ਸਮਾਨ ਨਹੀਂ ਰਹਿੰਦਾ।*

**ਸਹੀ ਵਿਧੀ** : *ਅਜੋਕੇ ਅਰਥ-ਸ਼ਾਸਤਰੀ ਵੀ ਇਕ ਢੰਗ ਤੇ ਨਿਰਭਰ ਨਹੀਂ ਕਰਦੇ। ਅਸੀਂ ਜਾਣਦੇ ਹਾਂ ਕਿ ਸਿਧਾਂਤ ਤੱਥਾਂ ਤੋਂ ਬਗੈਰ ਕਿਸੇ ਕੰਮ ਦੇ ਨਹੀਂ ਅਤੇ ਦੂਸਰੇ ਪਾਸੇ ਤੱਥ, ਬਿਨਾਂ ਸਿਧਾਂਤ ਤੋਂ ਨਿਰਾਰਥਕ ਹਨ। ਇਕ ਕੁਸ਼ਲ ਅਰਥ-ਸ਼ਾਸਤਰੀ ਦੋਹਾਂ ਵਿਧੀਆਂ ਨੂੰ ਇਕੱਠਿਆਂ ਹੀ ਵਰਤਦਾ ਹੈ। ਜਿਸ ਤਰ੍ਹਾਂ ਚੱਲਣ ਲਈ ਸੱਜੇ ਅਤੇ ਖੱਬੇ, ਦੋਹਾਂ ਪੈਰਾਂ ਦੀ ਜ਼ਰੂਰਤ ਪੈਂਦੀ ਹੈ, ਉਸੇ ਤਰ੍ਹਾਂ ਵਿਗਿਆਨਕ ਵਿਚਾਰ ਦੇ ਲਈ ਆਗਮਨ ਤੇ ਨਿਗਮਨ ਵਿਧੀ ਦੋਹਾਂ ਦੀ ਹੀ ਲੋੜ ਪੈਂਦੀ ਹੈ। ਅਰਥ-ਸ਼ਾਸਤਰੀ ਤੱਥਾਂ ਤੋਂ ਪਹਿਲਾਂ ਨਿਗਮਨ ਤਰਕ ਸ਼ਕਤੀ ਤੇ ਆਧਾਰਤ ਪਰਿਕਲਪਨਾ ਬਣਾਉਂਦਾ ਹੈ, ਫਿਰ ਤੱਥਾਂ ਦੀ*

*ਕਸੌਟੀ ਤੇ ਪਰਖਦਾ ਹੈ ਅਤੇ ਉਸ ਤੋਂ ਬਾਅਦ ਸਿਧਾਂਤ ਨੂੰ ਨਿਯਮ ਵਿਚ ਬਦਲਣ ਵੇਲੇ, ਉਸ ਨੂੰ ਮੌਜੂਦਾ ਹਾਲਤਾਂ ਦਾ ਵੀ ਧਿਆਨ ਰੱਖਣਾ ਪੈਂਦਾ ਹੈ।*

*ਇਨ੍ਹਾਂ ਦੋਹਾਂ ਵਿਧੀਆਂ ਵਿਚੋਂ ਕਿਸ ਵਿਧੀ ਦੀ ਚੋਣ ਕੀਤੀ ਜਾਵੇ, ਇਹ ਗੱਲ ਖੋਜ ਦੀ ਪ੍ਰਕਿਰਤੀ, ਸਾਧਨਾਂ ਦੀ ਪ੍ਰਾਪਤੀ ਅਤੇ ਖੋਜ ਜਿਸ ਪੜਾਅ ਤੇ ਪਹੁੰਚ ਚੁੱਕੀ ਹੋਵੇ, ਤੇ ਨਿਰਭਰ ਕਰਦੀ ਹੈ। ਸ਼ੁੱਧ ਸਿਧਾਂਤਕ ਖੇਤਰ ਵਿਚ ਨਿਗਮਨ ਵਿਧੀ ਉਚਿੱਤ ਹੈ ਅਤੇ ਵਿਹਾਰਕ ਨੀਤੀਆਂ ਦੇ ਨਿਰਮਾਣ ਲਈ ਆਗਮਨ ਵਿਧੀ ਵੱਧ ਮਹੱਤਵਪੂਰਣ ਹੈ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਸ਼ੁੱਧ ਵਿਗਿਆਨਕ ਵਿਧੀ ਨੂੰ ਤਿੰਨ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ, ਉਹ ਹਨ ਸਿਧਾਂਤ ਦਾ ਨਿਰਮਾਣ ਕਰਨਾ, ਸਿਧਾਂਤ ਤੇ ਨਤੀਜੇ ਕੱਢਣਾ ਅਤੇ ਸਿਧਾਂਤ ਦੀ ਵਿਹਾਰਕ ਜਾਂਚ ਕਰਨਾ।*

**ਅਰਥ-ਸ਼ਾਸਤਰ ਦਾ ਕਾਰਜ ਖੇਤਰ (Scope of Economics) :** *ਆਰਥਿਕ ਵਿਸ਼ਲੇਸ਼ਣ ਨੂੰ ਆਮ ਤੌਰ ਤੇ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ, ਵਿਅਸ਼ਟੀ ਆਰਥਿਕ ਵਿਸ਼ਲੇਸ਼ਣ ਅਤੇ ਸਮਅਸ਼ਟੀ ਆਰਥਿਕ ਵਿਸ਼ਲੇਸ਼ਣ।* Micro (Mikros) *ਅਤੇ* Macro *ਯੂਨਾਨੀ ਭਾਸ਼ਾ ਦੇ ਸ਼ਬਦ ਹਨ।* Micro *ਦਾ ਅਰਥ ਹੁੰਦਾ ਹੈ ਛੋਟਾ ਤੇ* Macro *ਦਾ ਅਰਥ ਹੈ ਵੱਡਾ ਜਾਂ ਵਿਸ਼ਾਲ* (Large) *। 'ਵਿਅਸ਼ਟੀ ਅਰਥ-ਸ਼ਾਸਤਰ' ਅਤੇ 'ਸਮਅਸ਼ਟੀ ਅਰਥ-ਸ਼ਾਸਤਰ' ਸ਼ਬਦਾਂ ਦੀ ਵਰਤੋਂ ਪਹਿਲੀ ਵਾਰ ਰੈਗਨਰ ਫਰਿਸ਼ ਨੇ 1933 ਵਿਚ ਕੀਤੀ ਸੀ। ਪਰੰਤੂ ਇਨ੍ਹਾਂ ਦੋਹਾਂ ਵਿਚ ਅੰਤਰ ਉਸ ਤੋਂ ਵੀ ਪਹਿਲਾਂ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਨੂੰ ਖਾਸ ਸੰਤੁਲਨ ਵਿਸ਼ਲੇਸ਼ਣ* (Specific Equilibrium analysis) *ਅਤੇ ਆਮ ਸੰਤੁਲਨ ਵਿਸ਼ਲੇਸ਼ਣ* (General Equilibrium Analysis) *ਕਿਹਾ ਜਾਂਦਾ ਹੈ।*

*ਇਤਿਹਾਸਕ ਪੱਖੋਂ, ਸਮਅਸ਼ਟੀ ਅਰਥ-ਸ਼ਾਸਤਰ, ਵਿਅਸ਼ਟੀ ਅਰਥ-ਸ਼ਾਸਤਰ ਨਾਲੋਂ ਪੁਰਾਣਾ ਹੈ। ਮਾਰਕੈਂਟਲਿਸਟ ਅਰਥ-ਵਿਵਸਥਾ ਦੇ ਇਕ ਭਾਗ ਨਾਲੋਂ ਸਮੁੱਚੀ ਅਰਥ ਵਿਵਸਥਾ ਦੇ ਕੰਮ ਕਰਨ ਦੇ ਤਰੀਕਿਆਂ ਵਿਚ ਵੱਧ ਦਿਲਚਸਪੀ ਲੈਂਦੇ ਸਨ। ਫਰਾਂਸ ਵਿਚ ਫਿਜਿਓਕਰੇਟਸ* (Physiocrates) *ਨੇ ਸਮੁੱਚੀ* (Whole) *ਅਰਥ ਵਿਵਸਥਾ ਦਾ ਇਕ ਇਕਾਈ ਦੇ ਤੌਰ ਤੇ ਅਧਿਐਨ ਕੀਤਾ ਅਤੇ ਧਨ ਦੇ ਚੱਕਰੀ ਪ੍ਰਵਾਹ ਦਾ ਵਿਸ਼ਲੇਸ਼ਣ ਕੀਤਾ। ਵਿਅਸ਼ਟੀ ਅਰਥ-ਸ਼ਾਸਤਰ ਦਾ ਮੋਢੀ ਐਡਮ ਸਮਿੱਥ ਨੂੰ ਮੰਨਿਆ ਜਾਂਦਾ ਹੈ। ਉਸ ਅਨੁਸਾਰ ਸਮਾਜ ਮਨੁੱਖਾਂ ਦਾ ਇਕ ਸਮੂਹ ਹੈ ਅਤੇ ਜਿਸ ਵਿਚ ਹਰ ਇਕ ਮਨੁੱਖ ਦੀ ਕਿਰਿਆ ਉਸ ਦੇ ਆਪਣੇ ਨਿੱਜੀ ਸੁਆਰਥ ਤੋਂ ਪ੍ਰੇਰਿਤ ਹੁੰਦੀ ਹੈ। ਐਡਮ ਸਮਿੱਥ ਅਨੁਸਾਰ ਕਿਉਂਕਿ ਹਰ ਇਕ ਮਨੁੱਖ ਦੀਆਂ ਆਰਥਿਕ ਕਿਰਿਆਵਾਂ ਉਸ ਦੇ ਨਿੱਜੀ ਸੁਆਰਥ ਤੋਂ ਪ੍ਰੇਰਿਤ ਹੁੰਦੀਆਂ ਹਨ, ਇਸ ਲਈ ਉਹ ਦਿੱਤੇ ਹੋਏ ਸਾਧਨਾਂ ਦੀ ਵੱਧ ਤੋਂ ਵੱਧ ਸੰਭਵ ਵਰਤੋਂ ਕਰੇਗਾ ਅਤੇ ਇਸ ਤਰ੍ਹਾਂ ਸਮੂਹਿਕ ਤੌਰ ਤੇ ਸਾਰੇ ਸਮਾਜ ਦੇ ਪੱਖ ਤੋਂ ਇਹ ਉਚਿੱਤ ਉਤਪਾਦਨ ਹੋਵੇਗਾ। ਪਰੰਤੂ ਮਾਲਥਸ ਅਤੇ ਬਾਅਦ ਵਿਚ ਸਿਸਮੋਂਦੀ ਅਤੇ ਮਾਰਕਸ ਨੇ ਸਮਿੱਥ ਦੇ ਇਸ ਵਿਚਾਰ ਦਾ ਖੰਡਨ ਕੀਤਾ। ਮਾਲਥਸ ਪਹਿਲਾ ਵਿਅਕਤੀ ਸੀ ਜਿਸ ਨੇ ਕੁੱਲ ਮੰਗ ਅਤੇ ਕੁੱਲ ਪੂਰਤੀ ਦਾ ਇਕੱਠਿਆਂ ਅਧਿਐਨ ਕਰਕੇ ਇਹ ਦੱਸਿਆ ਕਿ ਕੁੱਲ ਮੰਗ, ਕੁੱਲ ਪੂਰਤੀ ਤੋਂ ਘੱਟ ਹੋ ਸਕਦੀ ਹੈ। ਇਸ ਲਈ ਮਾਲਥਸ ਨੂੰ ਸਮਅਸ਼ਟੀ ਅਰਥ-ਸ਼ਾਸਤਰ ਦਾ ਬਾਨੀ ਕਿਹਾ ਜਾ ਸਕਦਾ ਹੈ।*

*ਨਵ-ਪਰੰਪਰਾਵਾਦੀ ਅਰਥ-ਸ਼ਾਸਤਰੀਆਂ ਵਿਚੋਂ ਬਹੁਤਿਆਂ ਨੇ ਵਿਅਸ਼ਟੀ ਆਰਥਿਕ ਵਿਸ਼ਲੇਸ਼ਣ ਦੀ ਵਰਤੋਂ ਕੀਤੀ ਹੈ। ਜੇ.ਐਨ. ਕੇਨਜ਼ ਨੇ ਦੱਸਿਆ ਕਿ ਵਿਅਸ਼ਟੀ ਵਿਸ਼ਲੇਸ਼ਣ ਨੂੰ ਸਿਰਫ਼ ਉਸ ਵਕਤ ਹੀ ਵਰਤਣਾ ਉਚਿੱਤ ਹੁੰਦਾ ਹੈ ਜਦੋਂ ਦੇਸ਼ ਵਿਚ ਪੂਰਨ ਰੁਜ਼ਗਾਰ ਹੋਵੇ ਅਤੇ ਪੂਰਨ ਰੁਜ਼ਗਾਰ ਦੀ ਹਾਲਤ ਵਿਚ ਪਹੁੰਚਣ ਤੋਂ ਪਹਿਲਾਂ ਸਾਨੂੰ ਦੇਸ਼ ਦੇ ਆਰਥਿਕ ਢਾਂਚੇ ਦਾ ਸਮੂਹਿਕ ਤੌਰ ਤੇ ਹੀ ਅਧਿਐਨ ਕਰਨਾ ਪਵੇਗਾ। ਕੇਨਜ਼ ਤੋਂ ਇਲਾਵਾ ਵਾਲਰਸ, ਵਿਕਸੈਲ ਅਤੇ ਫਿਸ਼ਰ ਨੇ ਵੀ ਸਮਅਸ਼ਟੀ ਵਿਸ਼ਲੇਸ਼ਣ ਦੇ ਤਰੀਕਿਆਂ ਨੂੰ ਵਿਕਸਤ ਕਰਨ ਵਿਚ ਹਿੱਸਾ ਪਾਇਆ।*

*ਆਓ ਹੁਣ ਆਪਾਂ ਵਿਅਸ਼ਟੀ ਅਰਥ-ਸ਼ਾਸਤਰ ਅਤੇ ਸਮਅਸ਼ਟੀ ਅਰਥ-ਸ਼ਾਸਤਰ ਬਾਰੇ ਕੁਝ ਵਿਆਖਿਆ ਸਹਿਤ ਅਧਿਐਨ ਕਰੀਏ*

**ਵਿਅਸ਼ਟੀ ਅਰਥ ਸ਼ਾਸਤਰ** : *ਵਿਅਸ਼ਟੀ ਅਰਥ-ਸ਼ਾਸਤਰ ਦਾ ਸੰਬੰਧ ਵਿਅਕਤੀਗਤ ਤੌਰ ਤੇ ਫੈਸਲੇ ਕਰ ਸਕਣ ਵਾਲੀਆਂ ਇਕਾਈਆਂ ਨਾਲ ਹੈ। ਜਿਵੇਂ ਕਿ ਇਕ ਉਪਭੋਗੀ, ਇਕ ਫਰਮ ਜਾਂ ਉਤਪਾਦਨ ਦੇ ਸਾਧਨ (ਜਾਂ ਸਾਧਨਾਂ) ਦਾ ਮਾਲਿਕ। ਬੋਲਡਵਿੰਗ ਅਨੁਸਾਰ ਵਿਅਸ਼ਟੀ ਅਰਥ-ਸ਼ਾਸਤਰ ਖਾਸ ਫਰਮ, ਖਾਸ ਘਰੇਲੂ ਇਕਾਈ, ਵਿਅਕਤੀਗਤ ਕੀਮਤ, ਮਜ਼ਦੂਰੀ, ਆਮਦਨ, ਉਦਯੋਗ ਅਤੇ ਖਾਸ ਵਸਤੂ ਬਾਰੇ ਅਧਿਐਨ ਕਰਦਾ ਹੈ।* ("Micro economics is the study of a particular firm, particular household, individual price, wages, income, industry and particular commodity" - Boulding) *ਵਿਅਸ਼ਟੀ ਅਰਥ-ਸ਼ਾਸਤਰ ਇਸ ਗੱਲ ਦੀ ਵਿਆਖਿਆ ਕਰਦਾ ਹੈ ਕਿ ਕਿਵੇਂ ਵਿਅਕਤੀ ਆਪਣੇ ਉਦੇਸ਼ਾਂ ਦੀ ਪੂਰਤੀ ਲਈ ਦਿੱਤੇ ਹੋਏ ਸਾਧਨਾਂ ਦੀ ਉਚਿਤ ਵਰਤੋਂ ਕਰਦਾ ਹੈ। ਵਿਅਸ਼ਟੀ ਵਿਸ਼ਲੇਸ਼ਣ ਵਿਚ ਪੂਰਨ ਰੁਜ਼ਗਾਰ*

*ਦੀ ਮਨੌਤ ਲਈ ਜਾਂਦੀ ਹੈ। ਵਿਅਸ਼ਟੀ ਵਿਸ਼ਲੇਸ਼ਣ ਨੂੰ ਅੰਸ਼ਿਕ ਸੰਤੁਲਿਤ ਵਿਸ਼ਲੇਸ਼ਣ ਵੀ ਕਿਹਾ ਜਾਂਦਾ ਹੈ। ਸੋ ਵਿਅਸ਼ਟੀ ਅਰਥ-ਸ਼ਾਸਤਰ ਵਿਚ ਅਸੀਂ ਉਪਭੋਗੀ ਜਾਂ ਉਤਪਾਦਕ ਦਾ ਸੰਤੁਲਨ, ਕਿਸੇ ਵਸਤੂ ਦੀ ਕੀਮਤ ਨਿਰਧਾਰਣ, ਉਤਪਾਦਨ ਦੇ ਸਾਧਨਾਂ ਦੀਆਂ ਕੀਮਤਾਂ ਦੇ ਨਿਰਧਾਰਣ ਅਤੇ ਆਰਥਿਕ ਭਲਾਈ ਬਾਰੇ ਅਧਿਐਨ ਕਰਦੇ ਹਾਂ।*

**(ੳ) ਵਿਅਸ਼ਟੀ ਅਰਥ ਵਿਸ਼ਲੇਸ਼ਣ ਦੀ ਮਹੱਤਤਾ** : *ਅਰਥ-ਸ਼ਾਸਤਰੀਆਂ ਦੁਆਰਾ ਬਹੁਤ ਸਾਰੀਆਂ ਸਮੱਸਿਆਵਾਂ ਦੇ ਵਿਸ਼ਲੇਸ਼ਣ ਅਤੇ ਹੱਲ ਲਈ ਵਿਅਸ਼ਟੀ ਅਰਥ-ਵਿਸ਼ਲੇਸ਼ਣ ਦੀ ਵਰਤੋਂ ਕੀਤੀ ਜਾਂਦੀ ਹੈ। ਪਹਿਲਾ ਇਹ ਕੁੱਲ ਉਤਪਾਦਨ ਦੀ ਬਣਤਰ ਅਤੇ ਵੰਡ ਬਾਰੇ ਵਿਆਖਿਆ ਕਰਦਾ ਹੋਇਆ ਦੱਸਦਾ ਹੈ ਕਿ ਕੁਝ ਵਸਤੂਆਂ ਦਾ ਉਤਪਾਦਨ ਦੂਸਰੀਆਂ ਵਸਤੂਆਂ ਦੇ ਮੁਕਾਬਲੇ ਵਿਚ ਜ਼ਿਆਦਾ ਕਿਉਂ ਕੀਤਾ ਜਾਂਦਾ ਹੈ। ਦੂਜੇ, ਇਸ ਵਿਸ਼ਲੇਸ਼ਣ ਦੀ ਮੱਦਦ ਨਾਲ ਅਸੀਂ ਇਹ ਸਮਝ ਸਕਦੇ ਹਾਂ ਕਿ ਇਕ ਖੁੱਲ੍ਹੀ ਮੰਡੀ ਵਾਲੀ ਅਰਥ-ਵਿਵਸਥਾ ਕਿਵੇ ਂ ਕੰਮ ਕਰਦੀ ਹੈ। ਇਹ ਵਿਸ਼ਲੇਸ਼ਣ ਨੀਤੀ ਸੰਬੰਧੀ ਠੀਕ ਫੈਸਲੇ ਲੈਣ ਅਤੇ ਵੱਧ ਤੋਂ ਵੱਧ ਨਿਪੁੰਨਤਾ ਹਾਸਲ ਕਰਨ ਵਿਚ ਮੱਦਦ ਕਰਦਾ ਹੈ। ਕਿਉਂਕਿ ਇਹ ਸਾਨੂੰ ਸੀਮਤ ਸਾਧਨਾਂ ਦੀ ਉਚਿੱਤ ਵਰਤੋਂ ਕਰਨ ਬਾਰੇ ਜਾਣਕਾਰੀ ਦਿੰਦਾ ਹੈ। ਤੀਜੇ, ਇਹ ਵਿਸ਼ਲੇਸ਼ਣ ਸਰਕਾਰੀ ਵਿੱਤ* (Public Finance) *ਅਤੇ ਅੰਤਰ-ਰਾਸ਼ਟਰੀ ਵਪਾਰ* (International Trade) *ਦੇ ਅਧਿਐਨ ਵਿਚ ਮੱਦਦ ਕਰਦਾ ਹੈ। ਇਸ ਵਿਸ਼ਲੇਸ਼ਣ ਤੋਂ ਇਹ ਪਤਾ ਲੱਗ ਜਾਂਦਾ ਹੈ ਕਿ ਕਰ* (Tax) *ਦਾ ਭਾਰ, ਵੇਚਣ ਵਾਲਿਆਂ ਅਤੇ ਖਰੀਦਣ ਵਾਲਿਆਂ ਵਿਚਕਾਰ ਕਿਵੇਂ ਵੰਡਿਆ ਜਾਵੇਗਾ। ਇਸ ਤੋਂ ਇਲਾਵਾ ਇਸ ਵਿਸ਼ਲੇਸ਼ਣ ਤੋਂ ਸਾਨੂੰ ਤਰੀਕਿਆਂ ਦਾ ਪਤਾ ਲੱਗ ਜਾਂਦਾ ਹੈ, ਜਿਹੜੇ ਅੰਤਰ ਰਾਸ਼ਟਰੀ ਵਪਾਰ ਤੋਂ ਹੋਏ ਫਾਇਦੇ ਨੂੰ ਸਥਾਪਤ ਦੇਸ਼ਾਂ ਵਿਚਕਾਰ ਵੰਡਦੇ ਹਨ।*

**(ਅ) ਵਿਅਸ਼ਟੀ ਅਰਥ-ਵਿਸ਼ਲੇਸ਼ਣ ਦੀਆਂ ਸੀਮਾਵਾਂ** : *ਭਾਵੇਂ ਵਿਅਸ਼ਟੀ ਅਰਥ-ਸ਼ਾਸਤਰ ਵਿਸ਼ਲੇਸ਼ਣ ਬਹੁਤ ਸਾਰੀਆਂ ਸਮੱਸਿਆਵਾਂ ਦੇ ਅਧਿਐਨ ਲਈ ਲਾਭਦਾਇਕ ਸਿੱਧ ਹੁੰਦਾ ਹੈ ਪਰੰਤੂ ਫਿਰ ਵੀ ਇਸ ਦੀਆਂ ਕੁੱਝ ਆਪਣੀਆਂ ਸੀਮਾਵਾਂ* (Limitations) *ਹਨ। ਪਹਿਲੀ ਗੱਲ, ਇਹ ਵਿਸ਼ਲੇਸ਼ਣ ਪੂਰਣ ਰੁਜ਼ਗਾਰ ਦੀ ਧਾਰਨਾ ਤੇ ਆਧਾਰਿਤ ਹੈ। ਪਰੰਤੂ ਅਸੀਂ ਵੇਖਦੇ ਹਾਂ ਕਿ ਪੂਰਣ ਰੁਜ਼ਗਾਰ ਦੀ ਹਾਲਤ ਅਰਥ-ਵਿਵਸਥਾ ਵਿਚ ਆਮ ਤੌਰ ਤੇ ਨਹੀਂ ਪਾਈ ਜਾਂਦੀ। ਅਰਥ-ਵਿਵਸਥਾ ਵਿਚ ਆਮ ਤੌਰ ਤੇ ਅਪੂਰਣ ਰੁਜ਼ਗਾਰ ਹੀ ਹੁੰਦਾ ਹੈ। ਸੋ ਇਹ ਵਿਸ਼ਲੇਸ਼ਣ ਪੂਰਣ ਰੁਜ਼ਗਾਰ ਵਾਲੀ ਗਲਤ ਮਨੌਤ ਤੇ ਆਧਾਰਿਤ ਹੈ। ਦੂਜੇ, ਇਕ ਇਕਾਈ ਸੰਬੰਧੀ ਲਏ ਫੈਸਲੇ, ਜ਼ਰੂਰੀ ਨਹੀਂ ਕਿ ਸਾਰੀ ਅਰਥ-ਵਿਵਥਸਾ ਲਈ ਵੀ ਠੀਕ ਹੀ ਹੋਣ। ਉਦਾਹਰਣ ਲਈ ਇਕ ਵਿਅਕਤੀ ਲਈ ਬੱਚਤ ਕਰਕੇ ਅਮੀਰ ਬਣਨਾ ਠੀਕ ਹੋ ਸਕਦਾ ਹੈ, ਪਰੰਤੂ ਸਾਰੇ ਦੇਸ਼ ਲਈ ਨਹੀਂ। ਜੇਕਰ ਦੇਸ਼ ਦੇ ਸਾਰੇ ਲੋਕ ਬੱਚਤ ਵਧਾ ਦੇਣ ਅਤੇ ਖਰਚ ਘੱਟ ਕਰਨ ਤਾਂ ਦੇਸ਼ ਦੀ ਕੁੱਲ ਆਮਦਨ ਘੱਟ ਸਕਦੀ ਹੈ। ਕਿਉਂਕਿ ਇਕ ਦਾ ਖਰਚ, ਦੂਸਰੇ ਦੀ ਆਮਦਨ ਹੁੰਦੀ ਹੈ। ਜ਼ਿਆਦਾ ਬੱਚਤ ਦੀ ਹਾਲਤ ਵਿਚ ਵਸਤੂਆਂ ਲਈ ਮੰਗ ਵੀ ਘਟੇਗੀ ਅਤੇ ਰੁਜ਼ਗਾਰ ਵੀ ਘਟੇਗਾ, ਅਰਥ-ਵਿਵਸਥਾ ਮੰਦੇ ਦੀ ਹਾਲਤ ਵਿਚ ਚਲੀ ਜਾਵੇਗੀ।*

**ਸਮਅਸ਼ਟੀ ਅਰਥ-ਸ਼ਾਸਤਰ** : *ਸਮਅਸ਼ਟੀ ਅਰਥ-ਸ਼ਾਸਤਰ ਦਾ ਸੰਬੰਧ ਅਰਥ ਵਿਵਸਥਾ ਵਿਚ ਅਜਿਹੇ ਆਰਥਿਕ ਜੋੜਾਂ ਜਾਂ ਸਮੂਹਾਂ, ਜਿਵੇਂ ਕਿ ਕੁੱਲ ਆਮਦਨ, ਕੁੱਲ ਉਤਪਾਦਨ, ਪੂਰਨ ਰੁਜ਼ਗਾਰ, ਸਮੁੱਚੇ ਉਦਯੋਗ, ਕੁੱਲ ਬੱਚਤਾਂ, ਕੁੱਲ ਨਿਵੇਸ਼ ਅਤੇ ਕੀਮਤਾਂ ਦੇ ਪੱਧਰ ਤੇ ਵਿਵਹਾਰ ਨਾਲ ਹੈ। ਸੋ ਸਮਅਸ਼ਟੀ ਅਰਥ-ਸ਼ਾਸਤਰ ਵਿਚ ਅਸੀਂ ਇਕ ਵਿਅਕਤੀ ਜਾਂ ਇਕਾਈ ਦੀ ਆਮਦਨ ਜਾਂ ਬੱਚਤ ਦਾ ਅਧਿਐਨ ਨਹੀਂ ਕਰਦੇ ਸਗੋਂ ਸਮੁੱਚੀ ਅਰਥ-ਵਿਵਸਥਾ ਦੀ ਆਮਦਨ ਜਾਂ ਬੱਚਤ ਦਾ ਅਧਿਐਨ ਕਰਦੇ ਹਾਂ। ਸਮਅਸ਼ਟੀ ਅਰਥ-ਸ਼ਾਸਤਰ ਇਨ੍ਹਾਂ ਆਰਥਿਕ ਜੋੜਾਂ ਦੇ ਨਿਰਧਾਰਤ ਹੋਣ ਬਾਰੇ ਹੀ ਅਧਿਐਨ ਨਹੀਂ ਕਰਦਾ ਸਗੋਂ ਇਸ ਬਾਰੇ ਵੀ ਅਧਿਐਨ ਕੀਤਾ ਜਾਂਦਾ ਹੈ ਕਿ ਇਹ ਆਰਥਿਕ ਜੋੜ* (Aggregates) *ਸਮੇਂ-ਸਮੇਂ ਤੇ ਕਿਵੇਂ ਬਦਲਦੇ ਹਨ। ਇਨ੍ਹਾਂ ਆਰਥਿਕ ਜੋੜਾਂ ਦਾ ਅਧਿਐਨ ਆਰਥਿਕ ਢਾਂਚੇ ਵਿਚ ਆਰਥਕ ਇਕਾਈਆਂ ਦੇ ਵਿਵਹਾਰ ਤੋਂ ਸੁਤੰਤਰ ਰੂਪ ਵਿਚ ਕੀਤਾ ਜਾਂਦਾ ਹੈ, ਭਾਵੇਂ ਇਹ ਆਰਥਿਕ ਇਕਾਈਆਂ ਮਿਲ ਕੇ ਹੀ ਆਰਥਿਕ ਢਾਂਚੇ* (Economic system) *ਨੂੰ ਬਣਾਉਂਦੀਆਂ ਹਨ। ਵਿਲੀਅਮ ਫੈਲਨਰ ਅਨੁਸਾਰ ਸਮਅਸ਼ਟੀ ਅਰਥ-ਸ਼ਾਸਤਰ ਜਾਂ ਸਮੂਹਿਕ ਅਰਥ-ਸ਼ਾਸਤਰ ਵਿਅਕਤੀਗਤ ਫੈਸਲਾ ਲੈਣ ਵਾਲੀਆਂ ਇਕਾਈਆਂ ਦੇ ਜੋੜ ਅਤੇ ਖਾਸ ਤੌਰ ਤੇ ਸਮੁੱਚੀ ਅਰਥ-ਵਿਵਸਥਾ ਦਾ ਅਧਿਐਨ ਹੈ।*

**(ੳ) ਸਮਅਸ਼ਟੀ ਆਰਥਿਕ ਵਿਸ਼ਲੇਸ਼ਣ ਦੀ ਮਹੱਤਤਾ** : *ਅਜੋਕੇ ਯੁੱਗ ਵਿਚ ਵਿੱਤੀ ਆਰਥਿਕ ਢਾਂਚਾ ਬਹੁਤ ਹੀ ਜਟਿਲ ਹੋ ਗਿਆ ਹੈ, ਜਿਸ ਕਰਕੇ ਵਿਅਸ਼ਟੀ ਆਰਥਿਕ ਵਿਸ਼ਲੇਸ਼ਣ ਇਸ ਢਾਂਚੇ ਦਾ ਉਚਿਤ ਰੂਪ ਵਿਚ ਅਧਿਐਨ ਕਰਨ ਦੇ ਕਾਬਲ ਨਹੀਂ ਰਿਹਾ। ਆਰਥਿਕ ਸੰਗਠਨਾਂ ਦੇ ਕੰਮ ਕਰਨ ਬਾਰੇ ਸਮੂਹਿਕ ਰੂਪ ਵਿਚ ਗਿਆਨ ਹੋਣਾ ਅਜੋਕੀ ਅਰਥ ਵਿਵਸਥਾ ਦੇ ਲਈ ਜ਼ਰੂਰੀ ਹੈ। ਇਸ ਕਿਸਮ ਦੇ ਗਿਆਨ ਲਈ ਸਾਨੂੰ ਆਰਥਿਕ ਜੋੜ ਦਾ ਅਧਿਐਨ ਕਰਨਾ ਪੈਂਦਾ ਹੈ। ਇਸ ਲਈ ਸਮਅਸ਼ਟੀ ਅਰਥ-ਸ਼ਾਸਤਰ ਇਸ ਪੱਖੋਂ ਮਹੱਤਵ ਰੱਖਦਾ ਹੈ।*

*ਦੂਸਰੇ, ਇਹ ਵਿਸ਼ਲੇਸ਼ਣ ਦੇਸ਼ ਲਈ ਨੀਤੀਆਂ ਬਣਾਉਣ ਵਿਚ ਮੱਦਦ ਕਰਦਾ ਹੈ। ਸਰਕਾਰ ਸਿਰਫ ਸਮਅਸ਼ਟੀ ਵਿਸ਼ਲੇਸ਼ਣ ਰਾਹੀਂ ਹੀ, ਵੱਖ-ਵੱਖ ਬਦਲਣਸ਼ੀਲ ਚਰਾਂ* (Variables) *ਦੇ ਜੋੜਾਂ ਦਾ ਪਤਾ ਕਰਨ ਉਪਰੰਤ ਅਰਥ ਵਿਵਸਥਾ ਲਈ ਨੀਤੀ ਤਿਆਰ ਕਰ ਸਕਦੀ ਹੈ। ਤੀਜੇ, ਸਿਰਫ ਇਕਾਈਆਂ ਦੇ ਅਧਿਐਨ ਦੇ ਆਧਾਰ ਤੇ ਅਸੀਂ ਕੋਈ ਸਰਵ-ਵਿਆਪੀ ਸਿੱਟਾ ਨਹੀਂ ਕੱਢ ਸਕਦੇ ਭਾਵੇਂ ਸਮੁੱਚੀ ਅਰਥ ਵਿਵਸਥਾ ਇਕਾਈਆਂ ਦੇ ਸਮੂਹ ਤੋਂ ਹੀ ਬਣਦੀ ਹੈ। ਸੋ ਕਿਸੇ ਆਮ* (General) *ਸਿੱਟੇ ਤੇ ਪਹੁੰਚਣ ਲਈ ਸਮਅਸ਼ਟੀ ਵਿਸ਼ਲੇਸ਼ਣ ਦਾ ਬਹੁਤ ਮਹੱਤਵ ਹੈ। ਚੌਥੇ, ਘੱਟ ਵਿਕਸਿਤ ਦੇਸ਼ਾਂ ਦੇ ਵਿਕਾਸ ਲਈ ਬਹੁਤ ਨਵੀਆਂ ਨੀਤੀਆਂ ਬਣਾਉਣ ਅਤੇ ਲਾਗੂ ਕਰਨ ਲਈ ਤਾਂ ਸਮਅਸ਼ਟੀ ਵਿਸ਼ਲੇਸ਼ਣ ਦਾ ਹੋਰ ਵੀ ਮਹੱਤਵ ਹੈ।*

**(ਅ) ਸਮਅਸ਼ਟੀ ਆਰਥਿਕ ਵਿਸ਼ਲੇਸ਼ਣ ਦੀਆਂ ਸੀਮਾਵਾਂ** : *ਪਹਿਲੀ, ਇਸ ਵਿਚ ਅਸੀਂ ਸਮੂਹਾਂ ਦੀ ਬਣਤਰ ਦੀਆਂ ਇਕਾਈਆਂ ਨੂੰ ਸਮਰੂਪ* (Homogeneous) *ਮੰਨ ਲੈਂਦੇ ਹਾਂ ਪਰੰਤੂ ਅਸਲ ਵਿਚ ਇਕਾਈਆਂ ਸਮਰੂਪ ਨਹੀਂ ਹੁੰਦੀਆਂ। ਜੋੜ ਉਸ ਵਕਤ ਅਰਥ ਪੂਰਨ ਹੁੰਦੇ ਹਨ ਜਦੋਂ ਉਹ ਇਕਾਈਆਂ, ਜਿਨ੍ਹਾਂ ਤੋਂ ਇਹ ਜੋੜ ਬਣਦੇ ਹਨ, ਸਮਰੂਪ ਹੁੰਦੀਆਂ ਹਨ। ਦੂਜੀ, ਕਈ ਵਾਰੀ ਜੋੜਾਂ ਦੀ ਵਿਆਖਿਆ ਨਾਲੋਂ ਜੋੜਾਂ ਦੀ ਅੰਦਰੂਨੀ ਬਣਤਰ ਵਿਚ ਤਬਦੀਲੀ ਦਾ ਅਧਿਐਨ ਕਰਨਾ ਅਰਥ ਵਿਵਸਥਾ ਲਈ ਵੱਧ ਜ਼ਰੂਰੀ ਹੋ ਜਾਂਦਾ ਹੈ। ਤੀਜੀ, ਜੇਕਰ ਅਸੀਂ ਜੋੜਾਂ ਦੀ ਬਣਤਰ ਦਾ ਅਧਿਐਨ ਨਹੀਂ ਕਰਾਂਗੇ ਤਾਂ ਸਮਅਸ਼ਟੀ ਆਰਥਿਕ ਫੈਸਲੇ ਕਈ ਵਾਰ ਭੁਲੇਖਾ ਪਾਊ ਹੋ ਸਕਦੇ ਹਨ। ਚੌਥੀ, ਕਈ ਵਾਰੀ ਗੱਲਾਂ, ਜਿਹੜੀਆਂ ਵਿਅਕਤੀਅਗਤ ਰੂਪ ਤੋਂ ਤਾਂ ਠੀਕ ਹੁੰਦੀਆਂ ਹਨ ਪਰ ਸਮੂਹ ਅਰਥ ਵਿਵਸਥਾ ਦੇ ਪੱਖੋਂ ਗਲਤ ਸਾਬਤ ਹੁੰਦੀਆਂ ਹਨ। ਉਦਾਹਰਣ ਵਜੋਂ ਇਕ ਇਕੱਲਾ ਵਿਅਕਤੀ ਆਪਣੀ ਨਕਦ ਸੰਪਤੀ ਵਧਾ ਕੇ ਆਪਣੀ ਬੱਚਤ ਵਿਚ ਵਾਧਾ ਕਰ ਸਕਦਾ ਹੈ। ਪਰੰਤੂ ਜੇ ਸਮਾਜ ਦਾ ਹਰ ਵਿਅਕਤੀ ਇਸੇ ਤਰ੍ਹਾਂ ਕਰੇ ਤਾਂ ਅਰਥ ਵਿਵਸਥਾ ਵਿਚ ਕੁੱਲ ਬੱਚਤਾਂ ਵਿਚ ਵਾਧਾ ਨਹੀਂ ਹੋ ਸਕੇਗਾ।*

**ਦੋਹਾਂ ਵਿਸ਼ਲੇਸ਼ਣਾਂ ਦੀ ਇਕ ਦੂਜੇ ਉਪਰ ਨਿਰਭਰਤਾ** : *ਇਹ ਦੋਵੇਂ ਵਿਸ਼ਲੇਸ਼ਣ ਇਕ ਦੂਜੇ ਉਪਰ ਕਾਫੀ ਹੱਦ ਤੱਕ ਨਿਰਭਰ ਕਰਦੇ ਹਨ। ਪਹਿਲੇ, ਜੇਕਰ ਅਸੀਂ ਵਿਅਸ਼ਟੀ ਆਰਥਿਕ ਵਿਸ਼ਲੇਸ਼ਣ ਤੋਂ ਕੁਝ ਭਾਵਪੂਰਣ ਅਤੇ ਠੀਕ ਸਿੱਟੇ ਕੱਢਣੇ ਚਾਹੁੰਦੇ ਹਾਂ ਤਾਂ ਸਾਨੂੰ ਸਮਅਸ਼ਟੀ ਆਰਥਿਕ ਵਿਸ਼ਲੇਸ਼ਣ ਦੀ ਮੱਦਦ ਲੈਣੀ ਪਵੇਗੀ। ਉਦਾਹਰਣ ਵਜੋਂ ਇਕ ਸ਼ਾਹੂਕਾਰ ਨੂੰ ਕਿੰਨੀ ਵਿਆਜ ਦੀ ਦਰ ਲੈਣੀ ਚਾਹੀਦੀ ਹੈ, ਇਹ ਇਕ ਵਿਅਸ਼ਟੀ-ਵਿਸ਼ਲੇਸ਼ਣ ਦੀ ਸਮੱਸਿਆ ਹੈ। ਪਰੰਤੂ ਇਸ ਦਾ ਉੱਤਰ ਲੱਭਣ ਲਈ ਸਾਨੂੰ ਪੂੰਜੀ ਦੀ ਕੁੱਲ ਪੂਰਤੀ ਅਤੇ ਕੁੱਲ ਮੰਗ ਨੂੰ ਘੋਖਣਾ ਪਵੇਗਾ ਅਤੇ ਕੁੱਲ ਪੂਰਤੀ ਦਾ ਅਧਿਐਨ ਸਮਅਸ਼ਟੀ ਵਿਸ਼ਲੇਸ਼ਣ ਰਾਹੀਂ ਕੀਤਾ ਜਾਂਦਾ ਹੈ। ਦੂਜੇ, ਸਮਅਸ਼ਟੀ ਆਰਥਿਕ ਵਿਸ਼ਲੇਸ਼ਣ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਸਾਨੂੰ ਅਰਥ ਵਿਵਸਥਾ ਵਿਚ ਹਰ ਇਕ ਵਿਅਕਤੀ ਦੀ ਆਮਦਨ ਨੂੰ ਗਿਣਨਾ ਪਵੇਗਾ।*

**III.(vi) ਮੁੱਲ ਅਤੇ ਕੀਮਤ (Value and Price) :** *ਭਾਵੇਂ ਆਮ ਬੋਲਚਾਲ ਵਿਚ ਲੋਕ ਕੀਮਤ ਅਤੇ ਮੁੱਲ ਨੂੰ ਇਕ ਦੂਸਰੇ ਦੀ ਥਾਂ ਵਰਤ ਲੈਂਦੇ ਹਨ। ਇਕ ਦੂਸਰੇ ਦੇ ਨਜ਼ਦੀਕ ਹੋਣ ਦੇ ਬਾਵਜੂਦ ਵੀ ਇਨ੍ਹਾਂ ਦੋਹਾਂ ਧਾਰਨਾਵਾਂ ਵਿਚਕਾਰ ਬਹੁਤ ਅੰਤਰ ਹੈ।*

**ਮੁੱਲ** : *ਜਦੋਂ ਕਿਸੇ ਵਸਤੂ ਦੇ ਬਦਲੇ ਵਿਚ ਮੰਡੀ ਵਿਚੋਂ ਜੋ ਹੋਰ ਵਸਤੂਆਂ ਪ੍ਰਾਪਤ ਹੁੰਦੀਆਂ ਹਨ ਤਾਂ ਇਸ ਨੂੰ ਉਸ ਵੇਚੀ ਜਾਣ ਵਾਲੀ ਵਸਤੂ ਦਾ ਮੁੱਲ ਕਿਹਾ ਜਾਂਦਾ ਹੈ। ਉਦਾਹਰਣ ਵਜੋਂ ਜੇਕਰ ਇਕ ਮੇਜ਼ ਬਦਲੇ ਦੋ ਕੁਰਸੀਆਂ ਮਿਲਦੀਆਂ ਹਨ ਤਾਂ ਅਸੀਂ ਕਹਿੰਦੇ ਹਾਂ ਕਿ ਇਕ ਮੇਜ਼ ਦਾ ਮੁੱਲ ਦੋ ਕੁਰਸੀਆਂ ਦੇ ਬਰਾਬਰ ਹੈ। ਇਕ ਚੀਜ਼ ਦਾ ਵਰਤੋਂ ਮੁੱਲ* (Use Value) *ਕਿਹਾ ਜਾਂਦਾ ਹੈ। ਜਦੋਂ ਕੋਈ ਚੀਜ਼ ਕਿਸੇ ਕੰਮ ਲਈ ਵਰਤੀ ਜਾ ਸਕਦੀ ਹੋਵੇ ਤਾਂ ਉਸ ਨੂੰ ਚੀਜ਼ ਦੇ ਵਰਤੋਂ ਮੁੱਲ ਅਤੇ ਵਟਾਂਦਰਾ ਮੁੱਲ ਕਿਹਾ ਜਾਂਦਾ ਹੈ। ਪਰੰਤੂ ਵਟਾਂਦਰਾ ਮੁੱਲ* (Exchange-Value) *ਹਾਸਲ ਕਰਨ ਲਈ ਉਸ ਵਸਤੂ ਵਿਚ ਵਰਤੋਂ ਮੁੱਲ ਦਾ ਹੋਣਾ ਜ਼ਰੂਰੀ ਹੈ। ਵਟਾਂਦਰਾ ਮੁੱਲ ਹਾਸਲ ਕਰਨ ਲਈ ਉਸ ਵਸਤੂ ਵਿਚ ਤਿੰਨ ਗੁਣਾਂ ਦਾ ਹੋਣਾ ਜ਼ਰੂਰੀ ਹੈ :*

*(1)* *ਕਿਸੇ ਵਸਤੂ ਦਾ ਵਟਾਂਦਰਾ ਮੁੱਲ ਤਾਂ ਹੀ ਮਿਲ ਸਕਦਾ ਹੈ ਜੇ ਉਸ ਵਿਚ ਮਨੁੱਖ ਦੀ ਕਿਸੇ ਲੋੜ ਨੂੰ ਪੂਰਾ ਕਰਨ ਦਾ ਗੁਣ* (Utility) *ਹੋਵੇ।*

*(2)* *ਵਟਾਂਦਰਾ ਮੁੱਲ ਪ੍ਰਾਪਤ ਕਰਨ ਲਈ ਵੇਚੀ ਜਾਣ ਵਾਲੀ ਵਸਤੂ ਦੀ ਥੁੜ੍ਹਤਾ* (Scarcity) *ਹੋਣੀ ਜ਼ਰੂਰੀ ਹੈ।*

*(3)* *ਕਿਸੇ ਵਸਤੂ ਦਾ ਵਟਾਂਦ ਮੁੱਲ ਹੋਣ ਲਈ ਉਸ ਵਸਤੂ ਵਿਚ ਬਦਲੀ ਯੋਗਤਾ* (Transferability) *ਦਾ ਗੁਣ ਜ਼ਰੂਰ ਹੋਣਾ ਚਾਹੀਦਾ ਹੈ। ਕਿਸੇ ਵਸਤੂ ਦਾ ਮੁੱਲ ਕਿਸ ਤਰ੍ਹਾਂ ਤਹਿ ਕੀਤਾ ਜਾਵੇ ? ਇਸ ਸੰਬੰਧੀ ਐਡਮ ਸਮਿੱਥ ਅਤੇ ਕਾਰਲ ਮਾਰਕਸ ਨੇ ਕਿਹਾ ਕਿ ਕਿਸੇ ਵਸਤੂ ਦਾ ਮੁੱਲ ਉਸ ਵਸਤੂ ਨੂੰ ਬਣਾਉਣ ਵਿਚ ਲੱਗੀ ਮਨੁੱਖੀ ਕਿਰਤ ਅਨੁਸਾਰ ਹੁੰਦਾ ਹੈ। ਜੇਕਰ ਇਕ ਵਸਤੂ*

*'ੳ' ਨੂੰ ਬਨਾਉਣ ਵਿਚ ਵਸਤੂ 'ਅ' ਨਾਲੋਂ ਵਧੇਰੇ ਕਿਰਤ ਲੱਗੀ ਹੋਈ ਹੈ ਤਾਂ ਵਸਤੂ 'ੳ' ਦਾ ਮੁੱਲ ਵਸਤੂ 'ਅ' ਨਾਲੋਂ ਲੱਗੀ ਵੱਧ ਕਿਰਤ ਅਨੁਸਾਰ ਵੱਧ ਹੋਵੇਗਾ। ਜਿਸ ਉਤਪਾਦ* (Product) *ਨੂੰ ਉਤਪਾਦਕ ਸਿਰਫ ਆਪਣੀ ਵਰਤੋਂ ਲਈ ਹੀ ਪੈਦਾ ਕਰਦਾ ਹੈ, ਉਸ ਨੂੰ ਚੀਜ਼* (Good) *ਕਿਹਾ ਜਾਂਦਾ ਹੈ ਅਤੇ ਜਿਸ ਉਤਪਾਦ ਨੂੰ ਉਤਪਾਦਕ ਮੰਡੀ ਵਿਚ ਵੇਚਣ ਦੇ ਮਨੋਰਥ ਲਈ ਹੀ ਪੈਦਾ ਕਰਦਾ ਹੈ, ਉਸ ਨੂੰ ਵਸਤੂ ਜਾਂ ਜਿਣਸ* (Commodity) *ਕਿਹਾ ਜਾਂਦਾ ਹੈ।*

**ਕੀਮਤ** : *ਜਦੋਂ ਕਿਸੇ ਵਸਤੂ ਦੇ ਮੁੱਲ ਨੂੰ (ਪੈਸਿਆਂ) ਵਿਚ ਗਿਣਿਆ ਜਾਂਦਾ ਹੈ ਤਾਂ ਇਸ ਨੂੰ ਉਸ ਵਸਤੂ ਦੀ ਕੀਮਤ ਕਿਹਾ ਜਾਂਦਾ ਹੈ। ਜੇਕਰ ਇਕ ਕੁਰਸੀ ਦੇ ਬਦਲੇ ਵਿਚ 200 ਰੁਪਏ ਮਿਲਦੇ ਹਨ ਤਾਂ 200 ਰੁਪਏ ਕੁਰਸੀ ਦੀ 'ਕੀਮਤ' ਹੁੰਦੀ ਹੈ। ਜੇਕਰ ਕਿਸੇ ਸਮੇਂ ਮੰਡੀ ਵਿਚ ਕਿਸੇ ਵਸਤੂ ਦੀ ਮੰਗ, ਪੂਰਤੀ ਦੇ ਮੁਕਾਬਲਤਨ ਬਹੁਤ ਵੱਧ ਜਾਂਦੀ ਹੈ ਤਾਂ ਉਸ ਦੀ ਕੀਮਤ ਉਸ ਦੇ ਅਸਲ ਮੁੱਲ ਤੋਂ ਵੱਧ ਹੋਵੇਗੀ। ਮੰਡੀ ਵਿਚ ਕਿਸੇ ਵਸਤੂ ਦੀ ਪੂਰਤੀ ਅਤੇ ਮੰਗ ਵਿਚ ਤਬਦੀਲੀ ਆਉਣ ਨਾਲ ਵਸਤੂ ਦੀ ਕੀਮਤ ਵਿਚ ਤਬਦੀਲੀ ਆ ਸਕਦੀ ਹੈ, ਪਰੰਤੂ ਉਸ ਦਾ ਮੁੱਲ ਸਥਿਰ ਹੀ ਰਹਿੰਦਾ ਹੈ। ਕਿਉਂਕਿ ਕਿਸੇ ਇਕ ਵਸਤੂ ਦੇ ਬਦਲੇ ਹੋਰ ਜਿਤਨੀਆਂ ਵਸਤੂਆਂ ਮਿਲ ਸਕਦੀਆਂ ਹਨ, ਇਸ ਨੂੰ ਹੀ ਉਸ ਵਸਤੂ ਦਾ ਮੁੱਲ ਕਿਹਾ ਜਾਂਦਾ ਹੈ। ਉਦਾਹਰਣ ਵਜੋਂ ਜੇ ਇਕ ਮੇਜ਼ ਦੇ ਬਦਲੇ ਦੋ ਕੁਰਸੀਆਂ ਮਿਲਦੀਆਂ ਹਨ ਤਾਂ ਮੇਜ਼ ਦਾ ਮੁੱਲ ਦੋ ਕੁਰਸੀਆਂ ਹੋਵੇਗਾ।*

**III. (vii) ਮਨੁੱਖੀ ਲੋੜਾਂ (Human Wants) :** *ਅਰਥ-ਸ਼ਾਸਤਰ ਵਿਚ ਲੋੜ ਤੋਂ ਭਾਵ ਇੱਛਾ* (Desire) *ਨਹੀਂ ਜਿਵੇਂ ਕਿ ਆਮ ਲੋਕ ਸਮਾਜ ਵਿਚ ਇੱਛਾ ਨੂੰ ਹੀ ਲੋੜ ਕਹਿ ਦਿੰਦੇ ਹਨ। ਪ੍ਰੋ. ਪੈਨਸਨ ਅਨੁਸਾਰ ਲੋੜ ਮਨੁੱਖ ਦੀ ਉਸ ਇੱਛਾ ਨੂੰ ਕਿਹਾ ਜਾਂਦਾ ਹੈ ਜਿਸ ਨੂੰ ਪੂਰਾ ਕਰਨ ਲਈ ਮਨੁੱਖ ਕੋਲ ਸਾਧਨ (ਧਨ) ਹੋਵੇ ਅਤੇ ਉਹ ਮਨੁੱਖ ਆਪਣੀ ਇੱਛਾ ਨੂੰ ਪੂਰਾ ਕਰਨ ਲਈ ਸਾਧਨਾਂ ਨੂੰ ਵਰਤਣ ਲਈ ਤਿਆਰ ਹੋਵੇ।* ("Want implies three, the desire to possess a thing, the means for purchasing it and the willingness to use these means." - Penson) *ਜਿਵੇਂ ਕਿ ਇਕ ਗਰੀਬ ਵਿਅਕਤੀ ਦੀ ਇਕ ਕਾਰ ਖਰੀਦਣ ਦੀ ਇੱਛਾ ਤਾਂ ਹੋ ਸਕਦੀ ਹੈ ਪਰੰਤੂ ਲੋੜ ਨਹੀਂ। ਕਿਉਂਕਿ ਉਸ ਕੋਲ ਕਾਰ ਖਰੀਦਣ ਲਈ ਚਾਹੀਦੇ ਸਾਧਨ (ਪੈਸੇ) ਨਹੀਂ ਹਨ। ਇਸੇ ਤਰ੍ਹਾਂ ਇਕ ਅਮੀਰ ਵਿਅਕਤੀ ਦੀ ਕਾਰ ਖਰੀਦਣ ਦੀ ਇੱਛਾ ਵੀ ਹੋ ਸਕਦੀ ਹੈ ਅਤੇ ਲੋੜੀਂਦਾ ਧਨ (ਪੈਸੇ) ਵੀ ਉਸ ਕੋਲ ਹੈ, ਪਰੰਤੂ ਜੇ ਉਹ ਆਪਣਾ ਧਨ (ਪੈਸੇ) ਕਾਰ ਖਰੀਦਣ ਲਈ ਦੇਣ ਨੂੰ ਤਿਅਰ ਨਹੀਂ, ਤਾਂ ਵੀ ਇਹ ਅਮੀਰ ਵਿਅਕਤੀ ਦੀ ਕਾਰ ਲਈ ਲੋੜ ਨਹੀਂ ਮੰਨੀ ਜਾਵੇਗੀ। ਸੋ ਮਨੁੱਖੀ ਲੋੜ ਤੋਂ ਭਾਵ ਕਿਸੇ ਵਸਤੂ ਨੂੰ ਪ੍ਰਾਪਤ ਕਰਨ ਦੀ ਇੱਛਾ, ਵਸਤੂ ਨੂੰ ਲੈਣ ਲਈ ਲੋੜੀਂਦਾ ਧਨ ਅਤੇ ਉਸ ਧਨ ਨੂੰ ਉਸ ਵਸਤੂ ਦੀ ਖਰੀਦ ਉਪਰ ਖਰਚਣ ਲਈ ਤਿਆਰ ਹੋਣਾ ਹੈ।*

*ਮਨੁੱਖੀ ਲੋੜਾਂ ਦੀਆਂ ਕੁਝ ਮੁੱਖ ਵਿਸ਼ੇਸ਼ਤਾਈਆਂ ਹਨ, ਜਿਵੇਂ ਕਿ ਮਨੁੱਖੀ ਲੋੜਾਂ ਅਸੀਮਤ ਹਨ। ਦੂਸਰੇ, ਅਸੀਂ ਕਿਸੇ ਇਕ ਲੋੜ ਦੀ ਪੂਰਤੀ ਤਾਂ ਇਕ ਸਮੇਂ ਕਰ ਸਕਦੇ ਹਾਂ ਪਰੰਤੂ ਸਾਰੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੇ ਕਿਉਂਕਿ ਮਨੁੱਖੀ ਲੋੜਾਂ ਅਸੀਮਤ ਹਨ। ਦੂਸਰੇ, ਮਨੁੱਖੀ ਲੋੜਾਂ ਵਧਦੀਆਂ ਰਹਿੰਦੀਆਂ ਹਨ, ਭਾਵ ਜਦੋਂ ਅਸੀਂ ਆਪਣੀਆਂ ਕੁਝ ਕੁ ਲੋੜਾਂ ਨੂੰ ਪੂਰਾ ਕਰਦੇ ਹਾਂ ਤਾਂ ਹੋਰ ਲੋੜਾਂ ਪੈਦਾ ਹੋ ਜਾਂਦੀਆਂ ਹਨ।* (The more we get, the more we want). *ਤੀਜੇ, ਮਨੁੱਖੀ ਲੋੜਾਂ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ। ਇਹ ਤਬਦੀਲੀ, ਸਥਾਨ ਵਿਚ ਤਬਦੀਲੀ ਕਾਰਨ ਆਉਂਦੀ ਹੈ। ਜਿਵੇਂ ਕਿ ਗਰਮ ਇਲਾਕੇ ਵਿਚ ਰਹਿਣ ਵਾਲੇ ਲੋਕਾਂ ਨੂੰ ਗਰਮ ਕੋਟ ਦੀ ਲੋੜ ਨਹੀਂ ਪੈਂਦੀ ਹੈ। ਇਸ ਤੋਂ ਇਲਾਵਾ ਲੋੜਾਂ ਵਿਚ ਤਬਦੀਲੀ ਸਮੇਂ ਅਤੇ ਮਨੁੱਖੀ ਸੁਭਾਅ ਕਾਰਨ ਵੀ ਆਉਂਦੀ ਹੈ। ਤੀਸਰੇ, ਕੁਝ ਲੋੜਾਂ ਇਕ ਦੂਜੇ ਦੀਆਂ ਪੂਰਕ* (Complementary) *ਵੀ ਹੁੰਦੀਆਂ ਹਨ, ਜਿਵੇਂ ਕਿ ਸਕੂਟਰ ਅਤੇ ਪੈਟਰੋਲ। ਚੌਥਾ, ਕੁਝ ਲੋੜਾਂ ਮਨੁੱਖ ਦੀ ਆਦਤ ਬਣ ਜਾਂਦੀਆਂ ਹਨ, ਜਿਵੇਂ ਕਿ ਹਰ ਰੋਜ਼ ਸਵੇਰੇ ਉੱਠ ਕੇ ਅਖਬਾਰ ਪੜ੍ਹਨ ਵਾਲੇ ਵਿਅਕਤੀ ਲਈ ਅਖ਼ਬਾਰ ਪੜ੍ਹਨ ਦੀ ਲੋੜ ਇਕ ਆਦਤ ਬਣ ਜਾਂਦੀ ਹੈ। ਪੰਜਵੇਂ, ਭਵਿੱਖ ਵਿਚਲੀਆਂ ਲੋੜਾਂ ਨੂੰ ਵਰਤਮਾਨ ਸਮੇਂ ਦੀਆਂ ਲੋੜਾਂ ਨਾਲੋਂ ਵਧੇਰੇ ਤਰਜੀਹ ਦਿੱਤੀ ਜਾਂਦੀ ਹੈ ਕਿਉਂਕਿ ਭਵਿੱਖ ਨਿਸ਼ਚਿਤ ਨਹੀਂ ਹੁੰਦਾ।*

**ਸਵੈ-ਮੁਲਾਂਕਣ ਪ੍ਰਸ਼ਨ (Self-Check Questions) :**

(i) *ਰੋਬਿੰਨਜ਼ ਦੁਆਰਾ ਦਿੱਤੀ ਅਰਥ-ਸ਼ਾਸਤਰ ਦੀ ਪਰਿਭਾਸ਼ਾ ਲਿਖੋ।*

.....................................

.....................................

(ii) *ਅਰਥ ਸ਼ਾਸਤਰ ਵਿਗਿਆਨ ਵੀ ਹੈ ਅਤੇ* ........................... *ਵੀ ਹੈ।*

(iii) *ਆਗਮਨ ਵਿਧੀ ਵਿਚ ਅਰਥ-ਸ਼ਾਸਤਰੀ* ............. *ਤੋਂ* .................... *ਵੱਲ ਨੂੰ ਚੱਲ ਕੇ* (Proceeds) *ਸਿੱਟੇ ਕੱਢਦਾ ਹੈ।*

(iv) *ਕਲਾ ਦੀ ਪਰਿਭਾਸ਼ਾ ਦਿਉ*

.....................................

.....................................

.....................................

(v) *ਇਕ ਵਸਤੂ ਦੇ ਬਦਲੇ ਜਿਤਨੀਆਂ ਹੋਰ ਵਸਤੂਆਂ ਪ੍ਰਾਪਤ ਹੁੰਦੀਆਂ ਹਨ, ਉਸ ਨੂੰ ਵਸਤੂ ਦਾ* ..................... *ਕਿਹਾ ਜਾਂਦਾ ਹੈ।*

(vi) *ਥਾਮਸ ਅਨੁਸਾਰ ਵਿਗਿਆਨ ਸਾਨੂੰ* .................. *ਦੀ ਸਿੱਖਿਆ ਦਿੰਦਾ ਹੈ, ਜਦ ਕਿ ਕਲਾ ਸਾਨੂੰ* .................... *ਦੀ ਸਿੱਖਿਆ ਦਿੰਦੀ ਹੈ।*

(vii) *'ਵਿਅਸ਼ਟੀ ਅਰਥ ਸ਼ਾਸਤਰ' ਅਤੇ 'ਸਮਅਸ਼ਟੀ ਅਰਥ-ਸ਼ਾਸਤਰ' ਸ਼ਬਦਾਂ ਦੀ ਵਰਤੋਂ ਸਭ ਤੋਂ ਪਹਿਲਾਂ* ........................ *ਨੇ* .................... *ਵਿਚ ਕੀਤੀ ਸੀ।*

**ਸਵੈ-ਮੁਲਾਂਕਣ ਪ੍ਰਸ਼ਨਾਂ (ii, iii, v, vi, vii) ਦੇ ਉੱਤਰ :**

(ii) *ਕਲਾ,* (iii) *ਖਾਸ, ਆਮ,* (v) *ਮੁੱਲ,* (vi) *ਗਿਆਨ, ਕੁਝ ਕਰਨ,* (vii) *ਰੈਗਨਰ ਫਰਿਸ਼, 1933.*

**IV. ਸਾਰ-ਅੰਸ਼ :**

*ਭਾਵੇਂ ਅਰਥ-ਸ਼ਾਸਤਰ ਦੀ ਵਿਵਹਾਰਿਕ ਪੱਖੋਂ ਵਰਤੋਂ ਮਨੁੱਖੀ ਸਮਾਜ ਦੀ ਹੋਂਦ ਦੇ ਨਾਲ ਹੀ ਕੱਚ-ਰਝ ਨਿਯਮਾਂ ਦੀ ਵਰਤੋਂ ਦੇ ਰੂਪ ਵਿਚ ਸ਼ੁਰੂ ਹੋ ਗਈ ਸੀ ਪਰੰਤੂ ਇਸ ਨੂੰ ਤਰਤੀਬਬੱਧ ਰੂਪ ਵਿਚ ਐਡਮ ਸਮਿੱਥ ਨੇ 1776 ਵਿਚ ਇਕ ਪੁਸਤਕ ਦੇ ਰੂਪ ਵਿਚ ਪੇਸ਼ ਕੀਤਾ। ਐਡਮ ਸਮਿੱਥ, ਮਾਰਸ਼ਲ, ਰੌਬਿੰਨਜ਼, ਸੈਮੂਉਲਸਨ ਵਰਗੇ ਵਿਦਵਾਨਾਂ ਨੇ ਅਰਥ-ਸ਼ਾਸਤਰ ਨੂੰ ਵੱਖ-ਵੱਖ ਵਿਚਾਰਾਂ ਨਾਲ ਪਰਿਭਾਸ਼ਤ ਕੀਤਾ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਅਰਥ-ਸ਼ਾਸਤਰ ਮਨੁੱਖ ਕੋਲ ਸੀਮਤ ਸਾਧਨਾਂ ਦੀ ਅਸੀਮਤ ਲੋੜਾਂ ਪੂਰੀਆਂ ਕਰਨ ਲਈ ਉਚਿੱਤ ਢੰਗ ਨਾਲ ਵਰਤੋਂ ਬਾਰੇ ਦੱਸਣ ਦੇ ਨਾਲ ਹੀ ਪਦਾਰਥੀ ਫਾਇਦਿਆਂ ਨੂੰ ਸਮਾਜਿਕ ਪੱਧਰ ਤੇ ਵਧਾਉਣ ਦੇ ਨਵੇਂ-ਨਵੇਂ ਢੰਗਾਂ ਬਾਰੇ ਵੀ ਦਸਦਾ ਹੈ ਤਾਂ ਕਿ ਮਨੁੱਖੀ ਕਲਿਆਣ ਵਿਚ ਵਾਧਾ ਹੋ ਸਕੇ। ਅਰਥ-ਸ਼ਾਸਤਰ ਦੇ ਸਰੂਪ ਦੇ ਸੰਬੰਧ ਕਿਹਾ ਜਾ ਸਕਦਾ ਹੈ ਕਿ ਅਰਥ-ਸ਼ਾਸਤਰ ਵਿਗਿਆਨ ਵੀ ਹੈ ਅਤੇ ਕਲਾ ਵੀ ਹੈ। ਅਰਥ-ਸ਼ਾਸਤਰ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਜਿਵੇਂ ਕਿ ਬੇਰੁਜ਼ਗਾਰੀ, ਗਰੀਬੀ, ਵਾਧੂ ਉਤਪਾਦਨ, ਘੱਟ ਮੰਗ, ਘੱਟ ਆਰਥਿਕ ਵਿਕਾਸ ਆਦਿ ਨੂੰ ਘੋਖਦੇ ਹੋਏ, ਇਨ੍ਹਾਂ ਦੇ ਹੱਲ ਬਾਰੇ ਵੀ ਨਵੇਂ-ਨਵੇਂ ਢੰਗ ਦਸਦਾ ਹੈ। ਅਰਥ-ਸ਼ਾਸਤਰ ਵਾਸਤਵਿਕ ਅਤੇ ਆਦਰਸ਼ਾਤਮਕ, ਦੋਵੇਂ ਤਰ੍ਹਾਂ ਦਾ ਵਿਗਿਆਨ ਹੈ। ਅਰਥ-ਸ਼ਾਸਤਰ, ਦੋਵੇਂ 'ਵਿਅਸ਼ਟੀ ਅਤੇ ਸਮਸ਼ਟੀ' ਪੱਧਰ ਦੇ ਮੁੱਦਿਆਂ ਦਾ ਅਧਿਐਨ ਵੀ ਕਰਦਾ ਹੈ। ਇਸ ਤਰ੍ਹਾਂ ਅਰਥ-ਸ਼ਾਸਤਰ ਵਿਚ ਅਰਥ ਵਿਵਸਥਾ ਦੀਆਂ ਲਗਭਗ ਸਾਰੇ ਖੇਤਰਾਂ ਵਿਚਲੀਆਂ ਆਰਥਿਕ ਸਮੱਸਿਆਵਾਂ ਦਾ ਅਧਿਐਨ ਅਤੇ ਉਨ੍ਹਾਂ ਨੂੰ ਹੱਲ ਕਰਨ ਦੇ ਯਤਨ ਵੀ ਸ਼ਾਮਲ ਹੁੰਦੇ ਹਨ।*

**V. ਮਹੱਤਵਪੂਰਣ ਧਾਰਨਾਵਾਂ (Key Concepts) :**

1. **ਥੁੜ੍ਹਤਾ ਦੀ ਸਮੱਸਿਆ (Problem of Scarcity) :** *ਇਸ ਤੋਂ ਭਾਵ ਹੈ ਕਿ ਮਨੁੱਖ ਦੀਆਂ ਲੋੜਾਂ ਅਸੀਮਤ* (Unlimited) *ਹਨ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਸਾਧਨ* (Means) *ਥੋੜ੍ਹੇ ਹਨ। ਇਹ ਸਾਧਨ ਭਾਵੇ ਂ ਗਿਣਤੀ-ਮਿਣਤੀ ਪੱਖੋਂ ਬਹੁਤ ਹੋਣ ਪਰੰਤੂ ਲੋੜਾਂ ਦੇ ਮੁਕਾਬਲੇ ਘੱਟ ਹੁੰਦੇ ਹਨ। ਇਸੇ ਨੂੰ ਥੁੜ੍ਹਤਾ ਦੀ ਸਮੱਸਿਆ*

*ਕਿਹਾ ਜਾਂਦਾ ਹੈ।*

2. **ਵਾਸਤਵਿਕ ਵਿਗਿਆਨ (Positive Science) :** *ਜਦੋਂ ਅਰਥ-ਸ਼ਾਸਤਰ ਕੇਵਲ 'ਕੀ ਹੈ'* (what is) *ਬਾਰੇ ਹੀ ਅਧਿਐਨ ਕਰਦਾ ਹੈ, ਭਾਵ ਸਮਾਜ ਵਿਚਲੇ ਵਿਵਹਾਰਿਕ ਅਮਲੀ ਮੁੱਦਿਆਂ ਨੂੰ ਲੈ ਕੇ ਉਨ੍ਹਾਂ ਦੇ ਹੱਲ ਕਰਨ ਦਾ ਯਤਨ ਕਰਦਾ ਹੈ। ਇਸ ਵਿਚ 'ਕੀ ਚੰਗਾ' ਹੈ ਜਾਂ 'ਕੀ ਮਾੜਾ ਹੈ' ਸੰਬੰਧੀ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਉਦਾਹਰਣ ਵਜੋਂ ਜੇ ਇਕ ਕੰਪਨੀ ਸ਼ਰਾਬ ਬਣਾ ਕੇ ਵੇਚਦੀ ਹੈ ਤਾਂ ਅਰਥ-ਸ਼ਾਸਤਰ ਦਾ ਸੰਬੰਧ ਉਸ ਦੀ ਲਾਗਤ ਅਤੇ ਲਾਭ ਨਾਲ ਹੈ, ਨਾ ਕਿ ਇਸ ਨਾਲ ਕਿ ਸ਼ਰਾਬ ਪੀਣੀ ਸਿਹਤ ਲਈ ਹਾਨੀਕਾਰਕ ਹੈ।*

3. **ਨਿਗਮਨ ਵਿਧੀ (Deductive Method) :** *ਨਿਗਮਨ ਵਿਧੀ ਮੌਲਿਕ ਮਾਨਤਾਵਾਂ ਦੇ ਆਧਾਰ ਤੇ ਹੋਰ ਢੰਗਾਂ ਦੀ ਵਰਤੋਂ ਦੁਆਰਾ, ਸਥਾਪਿਤ ਸੱਚਾਈਆਂ ਤੋਂ ਨਵੇਂ ਸਿੱਟੇ ਕੱਢਦੀ ਹੈ। ਇਹ ਵਿਧੀ ਸਾਧਾਰਨ* (General) *ਤੋਂ ਖਾਸ* (Particular) *ਦੇ ਆਧਾਰ ਉਪਰ ਨਤੀਜੇ ਕੱਢਦੀ ਹੈ।*

4. **ਮੁੱਲ (Value) :** *ਐਡਮ ਸਮਿੱਥ, ਰਿਕਾਰਡੋ ਅਤੇ ਮਾਰਕਸ ਅਨੁਸਾਰ ਕਿਸੇ ਵਸਤੂ ਦਾ ਮੁੱਲ ਉਸ ਵਸਤੂ ਨੂੰ ਬਨਾਉਣ ਵਿਚ ਲੱਗੀ ਮਨੁੱਖੀ ਕਿਰਤ ਦੇ ਬਰਾਬਰ ਹੁੰਦਾ ਹੈ। ਜਾਂ ਇਹ ਕਿਹਾ ਜਾ ਸਕਦਾ ਹੈ ਕਿ ਇਕ ਵਸਤੂ ਦੇ ਬਦਲੇ ਹੋਰ ਜਿਤਨੀਆਂ ਵਸਤੂਆਂ ਪ੍ਰਾਪਤ ਹੋਣ, ਉਸ ਨੂੰ ਵਸਤੂ ਦਾ ਮੁੱਲ ਕਿਹਾ ਜਾਂਦਾ ਹੈ।*

5. **ਕੀਮਤ (Price) :** *ਕਿਸੇ ਵਸਤੂ ਦੀ ਇਕ ਇਕਾਈ ਨੂੰ ਵੇਚਣ ਦੇ ਬਦਲੇ ਜੋ ਮੁਦਰਾ ਦੀ ਰਾਸ਼ੀ ਮਿਲਦੀ ਹੈ, ਉਸ ਨੂੰ ਵਸਤੂ ਦੀ ਕੀਮਤ ਕਿਹਾ ਜਾਂਦਾ ਹੈ। ਵਸਤੂ ਦੀ ਪੂਰਤੀ ਜਾਂ ਮੰਗ ਵਿਚ ਤਬਦੀਲੀ ਆਉਣ ਨਾਲ ਵਸਤੂ ਦੀ ਕੀਮਤ ਵਿਚ ਵੀ ਤਬਦੀਲੀ ਆ ਜਾਂਦੀ ਹੈ।*

6. **ਵਿਅਸ਼ਟੀ ਅਰਥ-ਸ਼ਾਸਤਰ (Micro Economics) ਦੇ ਉਦੇਸ਼** : *ਵਿਅਸ਼ਟੀ ਅਰਥ-ਸ਼ਾਸਤਰ ਜਾਂ ਕੀਮਤ ਸਿਧਾਂਤ ਵਿਅਕਤੀਗਤ ਤੌਰ ਤੇ ਫੈਸਲੇ ਕਰ ਸਕਣ ਵਾਲੀਆਂ ਇਕਾਈਆਂ ਦਾ ਅਧਿਐਨ ਕਰਦਾ ਹੈ। ਜਿਵੇਂ ਕਿ ਇਕ ਉਪਭੋਗੀ, ਇਕ ਫਰਮ ਜਾਂ ਉਤਪਾਦਨ ਦੇ ਸਾਧਨਾਂ ਦਾ ਮਾਲਿਕ। ਵਿਅਸ਼ਟੀ ਅਰਥ-ਸ਼ਾਸਤਰ ਵਿਚ ਪੂਰਣ ਰੁਜ਼ਗਾਰ ਦੀ ਮਨੌਤ ਲਈ ਜਾਂਦੀ ਹੈ। ਇਸ ਨੂੰ ਅੰਸ਼ਿਕ ਸੰਤੁਲਨ* (Partial Equilibrium) *ਵੀ ਕਿਹਾ ਜਾਂਦਾ ਹੈ।*

**VI. ਪੁਸਤਕ ਸੂਚੀ** :


1. A.W. Stonier & D.C. Hague, *A Text Book of Economic Theory.*
2. Y.C. Halan, *Advanced Economic Theory.*
3. B.K. Sharma and Gulshan Kumar, *Price Theory and Distribution* (Punjabi Medium).
4. H.L. Ahuja, *Principles of Micro Economics.*
5. T.R. Jain & Others, **ਵਿਅਸ਼ਟੀ ਅਰਥ-ਸ਼ਾਸਤਰ**
6. Joginder Singh, P.N. Chopra and P.S. Grewal, *Price Theory and Distribution* (Punjabi Medium)


**VII. ਵਿਸਤਰਿਤ ਉੱਤਰ-ਪੱਤਰ** :

(i) *ਲੰਮੇ ਉੱਤਰਾਂ ਵਾਲੇ ਪ੍ਰਸ਼ਨ*

(ii) *ਛੋਟੇ ਉੱਤਰਾਂ ਵਾਲੇ ਪ੍ਰਸ਼ਨ*

**(i) ਲੰਮੇ ਉੱਤਰਾਂ ਵਾਲੇ ਪ੍ਰਸ਼ਨ** :

*(1)* *ਅਰਥ-ਸ਼ਾਸਤਰ ਦੀ ਪਰਿਭਾਸ਼ਾ ਦਿਉ ਅਤੇ ਇਸ ਦੇ ਵਿਸ਼ਾ-ਵਸਤੂ ਦਾ ਵਰਣਨ ਕਰੋ।*

*(2)* *ਅਰਥ-ਸ਼ਾਸਤਰ ਦੇ ਸਰੂਪ* (Nature) *ਨੂੰ ਵਿਸਤਰਿਤ ਰੂਪ ਵਿਚ ਵਰਣਨ ਕਰੋ।*

*(3)* *ਵਿਅਸ਼ਟੀ ਅਤੇ ਸਮਅਸ਼ਟੀ ਅਰਥ-ਸ਼ਾਸਤਰ ਵਿਚ ਅੰਤਰ ਦੱਸਦੇ ਹੋਏ ਇਨ੍ਹਾਂ ਦੋਵਾਂ ਦੀ ਇਕ ਦੂਜੇ ਉਪਰ ਨਿਰਭਰਤਾ ਬਾਰੇ ਵੀ ਲਿਖੋ।*

**(ii) ਛੋਟੇ ਪ੍ਰਸ਼ਨਾਂ ਵਾਲੇ ਉੱਤਰ** :

*(1)* *ਰੋਬਿੰਨਜ਼ ਦੁਆਰਾ ਦਿੱਤੀ ਅਰਥ-ਸ਼ਾਸਤਰ ਦੀ ਪਰਿਭਾਸ਼ਾ ਨੂੰ ਲਿਖੋ।*

*(2)* *ਅਰਥ-ਸ਼ਾਸਤਰ ਨੂੰ ਵਾਸਤਵਿਕ* (Positive) *ਵਿਗਿਆਨ ਮੰਨਦੇ ਹੋਏ ਇਸ ਦਾ ਸੰਖੇਪ ਵਿਚ ਵਰਣਨ ਕਰੋ।*

*(3)* *ਕਿਸੇ ਵਸਤੂ ਦਾ ਵਟਾਂਦਰਾ ਮੁੱਲ* (Exchange Value) *ਅਤੇ ਵਰਤੋਂ ਮੁੱਲ ਵਿਚ ਅੰਤਰ ਲਿਖੋ।*

*(4)* *ਅਰਥ ਸ਼ਾਸਤਰ ਵਿਚ ਲੋੜ ਤੋਂ ਕੀ ਭਾਵ ਹੈ ?*

*(5)* *ਸਮਅਸ਼ਟੀ ਅਰਥ-ਸ਼ਾਸਤਰ ਦੀਆਂ ਸੀਮਾਵਾਂ ਲਿਖੋ।*

***ਨੋਟ*** *: ਇਹ ਪਾਠ ਡਿਸਟੈਂਸ ਐਜੂਕੇਸ਼ਨ ਕੌਂਸਲ ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ।*

ਪਾਠ ਨੰ. 1.2 ਲੇਖਕ : ਡਾ. ਬਲਬੀਰ ਸਿੰਘ

Converted into SLM: Dr. Harvinder Kaur

# ਮੰਗ ਅਤੇ ਮੰਗ ਦੀ ਲਚਕ
# (Demand and Elasticity of Demand)

**ਪਾਠ ਦੀ ਰੂਪ-ਰੇਖਾ**

I. ਭੂਮਿਕਾ
II. ਪਾਠ ਦੇ ਉਦੇਸ਼
III. ਪਾਠ ਦਾ ਵਿਸ਼ਾ-ਵਸਤੂ
(1) ਮੰਗ ਦੀ ਧਾਰਨਾ
(2) ਮੰਗ ਫਲਨ
(3) ਮੰਗ ਦਾ ਨਿਯਮ ਅਤੇ ਇਸ ਦੀਆਂ ਕਿਸਮਾਂ
(4) ਸਵੈ-ਮੁਲਾਂਕਣ ਪ੍ਰਸ਼ਨ
(5) ਮੰਗ ਦੇ ਨਿਯਮ ਦੀਆਂ ਛੋਟਾਂ
(6) ਮੰਗ ਵਿਚ ਵਾਧਾ ਅਤੇ ਅਤੇ ਘਾਟਾ
(7) ਮੰਗ ਵਿਚ ਵਿਸਥਾਰ ਅਤੇ ਸੰਕੋੜ
(8) ਮੰਗ ਦੀ ਲਚਕ ਅਤੇ ਇਸ ਦੀਆਂ ਕਿਸਮਾਂ
(9) ਮੰਗ ਦੀ ਕੀਮਤ ਲਚਕ ਦੀਆਂ ਕਿਸਮਾਂ
(10) ਮੰਗ ਦੀ ਲਚਕ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ
(11) ਮੰਗ ਦੀ ਲਚਕ ਦਾ ਮਾਪ
(12) ਸਵੈ-ਮੁਲਾਂਕਣ ਪ੍ਰਸ਼ਨ
**IV.** ਸਾਰ-ਅੰਸ਼
**V.** ਮਹੱਤਵਪੂਰਣ ਧਾਰਨਾਵਾਂ
**VI.** ਪੁਸਤਕ ਸੂਚੀ
**VII.** ਵਿਆਪਕ ਉੱਤਰ-ਪੱਤਰ
(ੳ) ਲੰਮੇ ਉੱਤਰਾਂ ਵਾਲੇ ਪ੍ਰਸ਼ਨ
(ਅ) ਛੋਟੇ ਉੱਤਰਾਂ ਵਾਲੇ ਪ੍ਰਸ਼ਨ

## I. ਭੂਮਿਕਾ

ਰੋਜ਼ਾਨਾ ਜੀਵਨ ਵਿਚ ਅਸੀਂ ਵੇਖਦੇ ਹਾਂ ਕਿ ਸਮਾਜ ਵਿਚ ਰਹਿੰਦੇ ਹਰ ਮਨੁੱਖ ਦੀਆਂ ਕੁਝ ਮੰਗਾਂ ਹੁੰਦੀਆਂ ਹਨ ਜਿਵੇਂ ਕਿ ਇਕ ਵਿਅਕਤੀ ਲਈ ਭੋਜਨ ਦੀ ਮੰਗ, ਕੱਪੜੇ ਦੀ ਮੰਗ, ਰਹਿਣ ਲਈ ਮਕਾਨ ਦੀ ਮੰਗ, ਇਕ ਥਾਂ ਤੋਂ ਦੂਸਰੇ ਥਾਂ ਜਾਣ ਲਈ ਆਵਾਜਾਈ ਦੇ ਸਾਧਨ ਦੀ ਮੰਗ ਆਦਿ। ਕਹਿਣ ਤੋਂ ਭਾਵ ਇਹ ਕਿ ਸਮਾਜ ਵਿਚ ਰਹਿੰਦੇ ਹਰ ਮਨੁੱਖ ਨੂੰ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਕਈ ਪ੍ਰਕਾਰ ਦੀਆਂ ਮੰਗਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੋਈ ਉੱਦਮੀ ਕਿਸੇ ਵਸਤੂ ਦਾ ਉਤਪਾਦਨ ਇਹ ਧਿਆਨ ਵਿਚ ਰੱਖ ਕੇ ਹੀ ਕਰਦਾ ਹੈ ਕਿ ਇਸ ਵਸਤੂ ਦੀ ਮੰਡੀ ਵਿਚ ਮੰਗ ਹੈ ਅਤੇ ਵਸਤੂ ਦੀ ਮੰਗ ਕਿਤਨੀ ਕੁ ਹੈ। ਜੇਕਰ ਕਿਸੇ ਵਸਤੂ ਦੀ ਮੰਡੀ ਵਿਚ ਮੰਗ ਹੈ ਹੀ ਨਹੀਂ ਜਾਂ ਬਹੁਤ ਹੀ ਘੱਟ ਹੈ ਤਾਂ ਲੋਕ ਉਸ ਵਸਤੂ ਦਾ ਵੱਡੇ ਪੱਧਰ ਤੇ ਉਤਪਾਦਨ ਨਹੀਂ ਕਰਨਗੇ। ਕਾਰਖਾਨੇਦਾਰ ਦੇਸ਼ ਵਿਚ ਕਿੰਨੀਆਂ ਅਤੇ ਕਿਹੜੀ ਕਿਸਮ ਦੀਆਂ ਕਾਰਾਂ ਦਾ ਨਿਰਮਾਣ ਕਰਨਗੇ, ਇਹ ਇਸ ਗੱਲ ਉਪਰ ਨਿਰਭਰ ਕਰੇਗਾ ਕਿ ਲੋਕ

ਕਿਤਨੀਆਂ ਅਤੇ ਕਿਹੋ ਜਿਹੀਆਂ ਕਾਰਾਂ ਦੀ ਮੰਗ ਕਰਦੇ ਹਨ। ਮੰਗ ਦੇ ਨਿਯਮ ਅਤੇ ਮੰਗ ਦੀ ਲਚਕਤਾ ਬਾਰੇ ਸਮਝਣਾ ਅਰਥ ਸ਼ਾਸਤਰ ਦੇ ਵਿਦਿਆਰਥੀਆਂ ਲਈ ਬਹੁਤ ਹੀ ਜ਼ਰੂਰੀ ਬਣ ਜਾਂਦਾ ਹੈ।

## II. ਪਾਠ ਦੇ ਉਦੇਸ਼ (Objectives of the lesson)

1. ਮੰਗ ਦੀ ਧਾਰਨਾ ਬਾਰੇ ਜਾਣਕਾਰੀ ਪ੍ਰਾਪਤ ਕਰਨਾ
   (To know about the concept of Demand)
2. ਮੰਗ ਦੇ ਨਿਯਮ ਬਾਰੇ ਜਾਣਨਾ
   (To know about the Law of Demand)
3. ਮੰਗ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਬਾਰੇ ਜਾਣਨਾ
   (To know the Factors Affecting Demand)
4. ਮੰਗ ਦੀ ਲਚਕ ਅਤੇ ਇਸ ਦੀਆਂ ਕਿਸਮਾਂ ਬਾਰੇ ਜਾਣਕਾਰੀ ਪ੍ਰਾਪਤ ਕਰਨੀ
   (To know the Elasticity of Demand and its Types)
5. ਮੰਗ ਦੀ ਲਚਕ ਦੀ ਮਿਣਤੀ ਬਾਰੇ ਜਾਣਨਾ
   (To know about the Measurement of Elasticity of Demand)
6. ਮੰਗ ਦੀ ਲਚਕ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਦਾ ਅਧਿਐਨ ਕਰਨਾ
   (To know the Factors Affecting the Elasticity of Demand)

## III. ਪਾਠ ਦਾ ਵਿਸ਼ਾ-ਵਸਤੂ

(1) **ਮੰਗ ਦੀ ਧਾਰਨਾ** : ਇਥੇ ਮੰਗ ਦੀ ਧਾਰਨਾ ਤੋਂ ਭਾਵ ਮੰਗ ਦੇ ਅਰਥ ਤੋਂ ਲਿਆ ਜਾਵੇਗਾ। ਸਮਾਜ ਵਿਚ ਸਧਾਰਨ ਗੱਲ-ਬਾਤ ਕਰਨ ਸਮੇਂ ਲੋਕ ਇੱਛਾ (desire), ਲੋੜ (want) ਅਤੇ ਮੰਗ (demand) ਵਿਚ ਕੋਈ ਅੰਤਰ ਨਹੀਂ ਸਮਝਦੇ। ਪਰੰਤੂ ਅਰਥ-ਸ਼ਾਸਤਰ ਵਿਚ ਇਨ੍ਹਾਂ ਤਿੰਨਾਂ ਵਿਚ ਅੰਤਰ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਇਕ ਵਿਅਕਤੀ ਦੀ ਇੱਛਾ ਹੈ ਕਿ ਉਸ ਕੋਲ ਕਾਰ ਹੋਵੇ ਪਰੰਤੂ ਉਸ ਕੋਲ ਕਾਰ ਨੂੰ ਖਰੀਦਣ ਲਈ ਪੈਸੇ ਨਹੀਂ ਹਨ। ਇਹ ਸਿਰਫ਼ ਉਸ ਦੀ ਕਾਰ ਖਰੀਦਣ ਦੀ ਇੱਛਾ (desire) ਹੀ ਹੈ, ਨਾ ਕਿ ਮੰਗ। ਇਸੇ ਤਰ੍ਹਾਂ ਜੇ ਕਿਸੇ ਵਿਅਕਤੀ ਕੋਲ ਕਾਰ ਖਰੀਦਣ ਦੀ ਇੱਛਾ ਅਤੇ ਲੋੜੀਂਦੇ ਪੈਸੇ ਵੀ ਹਨ ਪਰ ਵਿਅਕਤੀ ਪੈਸੇ ਖਰਚਣ ਲਈ ਤਿਆਰ ਨਹੀਂ ਹੈ, ਤਾਂ ਵੀ ਕਾਰ ਦੀ ਮੰਗ ਨਹੀਂ ਹੈ। ਪਰੰਤੂ ਜੇਕਰ ਕਿਸੇ ਵਿਅਕਤੀ ਦੀ ਕਾਰ ਲੈਣ ਦੀ ਇੱਛਾ (desire) ਹੈ ਅਤੇ ਉਸ ਕੋਲ ਕਾਰ ਖਰੀਦਣ ਲਈ ਪੈਸੇ ਵੀ ਹਨ ਅਤੇ ਉਹ ਉਨ੍ਹਾਂ ਪੈਸਿਆਂ ਨੂੰ ਕਾਰ ਲੈਣ ਲਈ ਖਰਚਣ ਨੂੰ ਵੀ ਤਿਆਰ ਹੈ ਤਾਂ ਇਸ ਨੂੰ ਮੰਗ (demand) ਕਿਹਾ ਜਾਵੇਗਾ। ਕਿਸੇ ਦਿੱਤੇ ਹੋਏ ਸਮੇਂ ਦੌਰਾਨ ਕਿਸੇ ਵਸਤੂ ਦੀ ਮੰਗ ਤੋਂ ਭਾਵ ਉਸ ਵਸਤੂ ਨੂੰ ਖਰੀਦਣ ਲਈ ਇੱਛਾ (desire), ਲੋੜੀਂਦੇ ਪੈਸੇ (capacity to pay) ਅਤੇ ਪੈਸੇ ਖਰਚਣ ਲਈ ਤਿਆਰ ਹੋਣਾ ਹੈ। (It can be said that for a commodity to have demand, the consumer should possess willingness to buy it, the means to buy it, and it must be related to per unit of time i.e. per day, per month, etc.) ਉਪਭੋਗੀ ਦੁਆਰਾ ਕਿਸੇ ਵਸਤੂ ਦੀ ਕਿਸੇ ਖਾਸ ਸਮੇਂ ਤੇ ਵੱਖ ਵੱਖ ਕੀਮਤਾਂ ਉਪਰ ਵਸਤੂ ਦੀ ਖਾਸ ਮਾਤਰਾ ਨੂੰ ਖਰੀਦਣਾ ਜਾਂ ਖਰੀਦਣ ਲਈ ਤੱਤਪਰ ਹੋਣ ਨੂੰ ਹੀ ਉਸ ਵਸਤੂ ਦੀ ਮੰਗ ਕਿਹਾ ਜਾਂਦਾ ਹੈ। (It can be said that demand for a commodity is the amount of it that a consumer will purchase or will be ready to purchase at different given prices at a given moment of time).

ਅਸਲ ਵਿਚ ਮੰਗ ਦਾ ਕੀਮਤ ਨਾਲ ਬਹੁਤ ਨੇੜਤਾ ਵਾਲਾ ਸੰਬੰਧ ਹੈ। ਕਿਸੇ ਵਸਤੂ ਦੀ ਕੀਮਤ ਵੱਧ ਜਾਣ ਨਾਲ ਉਸ ਵਸਤੂ ਲਈ ਮੰਗ ਘੱਟ ਜਾਂਦੀ ਹੈ ਅਤੇ ਕੀਮਤ ਘੱਟ ਜਾਣ ਨਾਲ ਉਸ ਵਸਤੂ ਦੀ ਮੰਡੀ ਵਿਚ ਮੰਗ ਵੱਧ ਜਾਂਦੀ ਹੈ। ਕੀਮਤ ਅਤੇ ਮੰਗ ਦੀ ਇਸ ਨੇੜਤਾ ਸੰਬੰਧੀ ਪ੍ਰੋ. ਬੈਨਹਮ ਲਿਖਦਾ ਹੈ ਕਿ ਕਿਸੇ ਦਿੱਤੀ ਹੋਈ ਕੀਮਤ ਉੱਪਰ ਕਿਸੇ ਵਸਤੂ ਦੀ ਮੰਗ ਤੋਂ ਭਾਵ ਉਸ ਵਸਤੂ ਦੀ ਉਹ ਮਾਤਰਾ ਹੁੰਦੀ ਹੈ ਜਿਸ ਨੂੰ ਉਸ ਕੀਮਤ ਉਪਰ ਕਿਸੇ ਖਾਸ ਸਮੇ

ਤੇ ਖਰੀਦਿਆ ਜਾਂਦਾ ਹੈ।

**2. ਮੰਗ ਫਲਨ (Demand Function) :**

ਕਿਸੇ ਮੰਡੀ ਵਿਚ ਕਿਸੇ ਖਾਸ ਸਮੇਂ ਦੌਰਾਨ ਵਸਤੂ ਦੀ ਮੰਗ ਕਈ ਚਰਾਂ (variables) ਉਪਰ ਨਿਰਭਰ ਕਰਦੀ ਹੈ। ਉਦਾਹਰਣ ਵਜੋਂ ਇਕ ਖਾਸ ਤਰ੍ਹਾਂ ਦੀ ਵਸਤੂ (ਕੱਪੜੇ) ਦੀ ਮੰਗ ਉਸ ਵਸਤੂ (ਕੱਪੜੇ) ਦੀ ਕੀਮਤ, ਸਹਾਇਕ (complementary) ਵਸਤਾਂ ਦੀ ਕੀਮਤ, ਸਥਾਨਪਤੀ ਵਸਤਾਂ ਦੀ ਕੀਮਤ, ਉਪਭੋਗੀ ਦੀ ਆਮਦਨ, ਲੋਕਾਂ ਦੀਆਂ ਰੁਚੀਆਂ, ਫੈਸ਼ਨ ਆਦਿ ਤੇ ਨਿਰਭਰ ਕਰਦੀ ਹੈ। ਇਸ ਨੂੰ ਹੇਠ ਲਿਖੀ ਸਮੀਕਰਣ ਦੁਆਰਾ ਵੀ ਵਿਖਾਇਆ ਜਾ ਸਕਦਾ ਹੈ।

$Q_X = f(P_X, P_C, P_S, Y, T...)$.............(1)

ਇਸ ਸਮੀਕਰਣ ਤੋਂ ਪਤਾ ਚਲਦਾ ਹੈ ਕਿ ਕਿਸੇ ਵਸਤੂ (x) ਦੀ ਮੰਗ ਉਸ ਦੀ ਕੀਮਤ ($P_X$), ਸੰਬੰਧਤ (ਸਹਾਇਕ) ਵਸਤੂ ($P_C$) ਦੀ ਕੀਮਤ, ਸਥਾਨਪਤੀ ਵਸਤੂ ($P_S$) ਦੀ ਕੀਮਤ, ਖਰੀਦਦਾਰ ਦੀ ਆਮਦਨ (Y), ਉਸ ਵਸਤੂ ਲਈ ਲੋਕਾਂ ਦੀ ਤਰਜੀਹ, ਫੈਸ਼ਨ ਆਦਿ ਤੇ ਨਿਰਭਰ ਕਰਦੀ ਹੈ। ਇਸ ਸਮੀਕਰਨ ਨੂੰ ਗਣਿਤ ਵਿਗਿਆਨ ਦੀ ਭਾਸ਼ਾ ਵਿਚ ਮੰਗ ਫਲਨ (Demand Function) ਕਿਹਾ ਜਾਂਦਾ ਹੈ। ਕਿਸੇ ਵਸਤੂ ਦੀ ਕੀਮਤ ਅਤੇ ਉਸ ਦੀ ਮੰਗ ਵਿਚ ਉਲਟ ਸੰਬੰਧ ਹੈ। ਭਾਵ ਜੇ ਕੀਮਤ ਉੱਚੀ ਹੋਵੇ ਤਾਂ ਉਸ ਵਸਤੂ ਦੀ ਮੰਗੀ ਗਈ ਮਾਤਰਾ ਘੱਟ ਹੋਵੇਗੀ, ਦੂਜੇ ਪਾਸੇ ਜੇ ਕਿਸੇ ਵਸਤੂ ਕੀਮਤ ਘੱਟ ਹੋਵੇ ਤਾਂ ਉਸ ਵਸਤੂ ਦੀ ਮੰਗੀ ਗਈ ਮਾਤਰਾ ਵੱਧ ਹੋਵੇਗੀ। ਇਹ ਨਿਯਮ ਇਸ ਮਨੌਤ (assumption) ਉਪਰ ਆਧਾਰਤ ਹੈ ਕਿ ਵਸਤੂ ਦੀ ਮੰਗ ਉਪਰ ਪ੍ਰਭਾਵ ਪਾਉਣ ਵਾਲੇ ਬਾਕੀ ਕਾਰਕ (ਜਿਵੇਂ ਕਿ ਪੂਰਕ ਵਸਤੂਆਂ ਦੀ ਕੀਮਤਾਂ ($P_C$), ਸਥਾਨਪਤੀ ਵਸਤਾਂ ਦੀਆਂ ਕੀਮਤਾਂ ($P_S$), ਉਪਭੋਗੀ ਦੀ ਆਮਦਨ (Y) ਅਤੇ ਫੈਸ਼ਨ, ਤਰਜੀਹਾਂ (T) ਆਦਿ ਸਥਿਰ ਰਹਿੰਦੇ ਹਨ ਅਤੇ ਕੇਵਲ ਸੰਬੰਧਤ ਵਸਤੂ ਦੀ ਕੀਮਤ ਵਿਚ ਹੀ ਤਬਦੀਲੀ ਆਉਂਦੀ ਹੈ। (The price of a commodity and its demand are inversly related, i.e., higher is the price, lower will be the quantity demanded and lower is the price, higher will be the quantity demanded). ਕੀਮਤ ਅਤੇ ਮੰਗ ਵਿਚ ਇਸ ਖਾਸ ਸੰਬੰਧ ਨੂੰ ਹੀ ਮੰਗ ਫਲਨ (Demand Function) ਕਿਹਾ ਜਾਂਦਾ ਹੈ। ਕਿਸੇ ਵਸਤੂ ਦੀ ਕੀਮਤ ਅਤੇ ਉਸ ਦੀ ਮੰਗ ਵਿਚ ਉਲਟ ਸੰਬੰਧ ਦੀ ਪ੍ਰਕਿਰਿਆ ਮੁੱਖ ਤੌਰ ਤੇ ਦੋ ਕਾਰਕਾਂ ਦੁਆਰਾ ਲਾਗੂ ਹੁੰਦੀ ਹੈ। ਇਨ੍ਹਾਂ ਵਿਚੋਂ ਇਕ ਹੈ ਆਮਦਨ ਪ੍ਰਭਾਵ (Income Effect) ਅਤੇ ਦੂਸਰਾ ਹੈ ਸਥਾਨਪਤੀ ਪ੍ਰਭਾਵ (Substitution Effect).

**ਆਮਦਨ ਪ੍ਰਭਾਵ** : ਜਦੋਂ ਕਿਸੇ ਵਸਤੂ ਦੀ ਕੀਮਤ ਵਿਚ ਤਬਦੀਲੀ ਆਉਣ ਨਾਲ ਉਪਭੋਗੀ ਦੀ ਅਸਲ ਆਮਦਨ ਵਿਚ ਤਬਦੀਲੀ ਆ ਜਾਂਦੀ ਹੈ। ਉਦਾਹਰਣ ਵਜੋਂ ਜੇ ਇਕ ਉਪਭੋਗੀ ਕੋਲ ਸੇਬਾਂ ਅਤੇ ਚੀਕੂਆਂ ਉਪਰ ਖਰਚ ਕਰਨ ਲਈ ਸਿਰਫ 100 ਰੁਪਏ ਹਨ ਤੇ ਸੇਬਾਂ ਦੀ ਕੀਮਤ 20 ਰੁਪਏ ਪ੍ਰਤੀ ਕਿਲੋਗ੍ਰਾਮ ਹੈ ਅਤੇ ਉਪਭੋਗੀ 3 ਕਿੱਲੋ ਸੇਬ ਖਰੀਦ ਕੇ 60 ਰੁਪਏ ਸੇਬਾਂ ਉਤੇ ਖਰਚਦਾ ਹੈ ਅਤੇ ਬਾਕੀ 40 ਰੁਪਏ ਚੀਕੂਆਂ ਉਪਰ ਖਰਚ ਕੇ 4 ਕਿੱਲੋ ਚੀਕੂ ਖਰੀਦਦਾ ਹੈ ਕਿਉਂਕਿ ਚੀਕੂਆਂ ਦੀ ਪ੍ਰਤੀ ਕਿੱਲੋ ਕੀਮਤ 10 ਰੁਪਏ ਹੈ। ਫਰਜ਼ ਕਰੋ ਹੁਣ ਮੰਡੀ ਵਿਚ ਸੇਬਾਂ ਦੀ ਕੀਮਤ ਘੱਟ ਕੇ 15 ਰੁਪਏ ਪ੍ਰਤੀ ਕਿੱਲੋ ਹੋ ਜਾਂਦੀ ਹੈ, ਤਾਂ ਉਪਭੋਗੀ ਨੂੰ ਪਹਿਲਾਂ ਜਿਤਨੇ , ਭਾਵ ਤਿੰਨ ਕਿੱਲੋ ਸੇਬ ਖਰੀਦਣ ਲਈ ਸਿਰਫ 45 ਰੁਪਏ ਦੀ ਜ਼ਰੂਰਤ ਹੈ। ਇਸ ਲਈ ਉਸ ਕੋਲ ਹੁਣ 60-45=15 ਰੁਪਏ ਬਚ ਗਏ ਹਨ। ਭਾਵ ਉਪਭੋਗੀ ਕੋਲ 15 ਰੁਪਏ ਦੀ ਖਰੀਦ ਸ਼ਕਤੀ ਵੱਧ ਗਈ ਹੈ। ਹੁਣ ਉਪਭੋਗੀ ਇਸ (15 ਰੁਪਏ) ਵਧੀ ਹੋਈ ਆਮਦਨ ਨਾਲ ਇਕ ਕਿੱਲੋ ਸੇਬ ਹੋਰ ਖਰੀਦੇਗਾ। ਇਸ ਤਰ੍ਹਾਂ ਉਪਭੋਗੀ ਦੀ ਅਸਲ ਆਮਦਨ ਵਧਣ ਨਾਲ ਉਸ ਦੀ ਸੇਬਾਂ ਪ੍ਰਤੀ ਮੰਗ 3 ਕਿੱਲੋ ਤੋਂ ਵੱਧ ਕੇ 4 ਕਿੱਲੋ ਹੋ ਗਈ ਹੈ।

**ਸਥਾਨਪਤੀ ਪ੍ਰਭਾਵ** : ਜਦੋਂ ਇਕ ਵਸਤੂ ਦੀ ਕੀਮਤ ਵਿਚ ਤਬਦੀਲੀ ਆਉਂਦੀ ਹੈ ਪਰੰਤੂ ਦੂਸਰੀ ਸਥਾਨਪਤੀ ਵਸਤੂ ਦੀ ਕੀਮਤ ਵਿਚ ਕੋਈ ਤਬਦੀਲੀ ਨਹੀਂ ਹੁੰਦੀ ਤਾਂ ਪਹਿਲੀ ਵਸਤੂ ਦੀ ਮੰਗ ਵਿਚ ਆਈ ਤਬਦੀਲੀ ਨੂੰ ਸਥਾਨਪਤੀ ਪ੍ਰਭਾਵ ਕਹਿੰਦੇ ਹਨ। ਜਿਵੇਂ ਅਸੀਂ ਆਮਦਨ ਪ੍ਰਭਾਵ ਦੀ ਗੱਲ ਕਰਦੇ ਸਮੇਂ ਵੇਖਿਆ ਸੀ ਕਿ ਜਦੋਂ ਸੇਬਾਂ ਦੀ ਕੀਮਤ ਘੱਟ ਜਾਂਦੀ ਹੈ ਪਰੰਤੂ ਚੀਕੂਆਂ ਦੀ ਕੀਮਤ 10 ਰੁਪਏ ਹੀ ਰਹਿੰਦੀ ਹੈ ਤਾਂ ਉਪਭੋਗੀ ਦੀ ਮਾਨਸਿਕਤਾ ਚੀਕੂਆਂ

ਦੀ ਮੰਗ ਘਟਾ ਕੇ ਸੇਬ ਹੋਰ ਖਰੀਦਣ ਵੱਲ ਰੁਚੀ ਰੱਖਦੀ ਹੈ, ਜਿਸ ਕਾਰਨ ਉਹ ਚੀਕੂਆਂ ਦੀ ਮੰਗ 4 ਕਿੱਲੋ ਤੋਂ ਘਟਾ ਕੇ 2.5 ਕਿੱਲੋ ਕਰਦਾ ਹੈ ਅਤੇ ਚੀਕੂਆਂ ਦੀ ਖਰੀਦ ਤੋਂ ਬਚੇ 15 ਰੁਪਏ ਨਾਲ ਇਕ ਕਿੱਲੋ ਸੇਬ ਹੋਰ ਖਰੀਦਦਾ ਹੈ। ਇਸ ਤਰ੍ਹਾਂ ਸੇਬਾਂ ਦੀ 1 ਕਿੱਲੋ ਮੰਗ ਦਾ ਵਾਧਾ ਚੀਕੂਆਂ ਦੀ ਮੰਗ ਨੂੰ ਘਟਾ ਕੇ ਕੀਤਾ ਗਿਆ ਹੈ। ਇਸ ਨੂੰ ਹੀ ਸਥਾਨਪਤੀ ਪ੍ਰਭਾਵ ਕਹਿੰਦੇ ਹਨ।

**3. ਮੰਗ ਦਾ ਨਿਯਮ (Law of Demand) :**

**3.1 ਕਿਸੇ ਵਸਤੂ ਦੀ ਕੀਮਤ ਅਤੇ ਵਸਤੂ ਦੀ ਮੰਗੀ ਗਈ ਮਾਤਰਾ ਵਿਚ ਕਾਰਜਾਤਮਕ ਸੰਬੰਧ ਨੂੰ ਹੀ ਮੰਗ ਦਾ ਨਿਯਮ ਕਿਹਾ ਜਾਂਦਾ ਹੈ। (The law of demand reveals the functional relationship between price and commodity demanded).**

ਮੰਗ ਦੇ ਨਿਯਮ ਅਨੁਸਾਰ ਹੋਰ ਗੱਲਾਂ ਸਮਾਨ ਰਹਿਣ ਤੇ ਕਿਸੇ ਵਸਤੂ ਦੀ ਕੀਮਤ ਅਤੇ ਉਸ ਦੀ ਮੰਗ ਵਿਚ ਰਿਣਾਤਮਕ (negative) ਸੰਬੰਧ ਹੈ। ਭਾਵ ਜੇਕਰ ਕਿਸੇ ਵਸਤੂ ਦੀ ਕੀਮਤ ਘਟਦੀ ਹੈ ਤਾਂ ਉਸ ਵਸਤੂ ਦੀ ਮੰਗ ਵਧਦੀ ਹੈ। ਇਸੇ ਤਰ੍ਹਾਂ ਹੀ ਕੀਮਤ ਵਧਣ ਤੇ ਵਸਤੂ ਦੀ ਮੰਗ ਘਟਦੀ ਹੈ। ਜਿਵੇਂ ਕਿ ਪਹਿਲਾਂ ਇਸੇ ਪਾਠ ਵਿਚ ਮੰਗ ਫਲਨ ਦੇ ਸਿਰਲੇਖ ਹੇਠ ਦੱਸਿਆ ਗਿਆ ਹੈ ਕਿ ਇਕ ਵਸਤੂ ਦੀ ਮੰਗ ਕਈ ਕਾਰਕਾਂ (ਤੱਤਾਂ) ਤੇ ਨਿਰਭਰ ਕਰਦੀ ਹੈ, ਜਿਵੇਂ ਵਸਤੂ ਦੀ ਕੀਮਤ, ਪੂਰਕ (complementary) ਵਸਤੂਆਂ ਦੀਆਂ ਕੀਮਤਾਂ, ਸਥਾਨਪਤੀ ਵਸਤੂਆਂ ਦੀਆਂ ਕੀਮਤਾਂ, ਉਪਭੋਗੀ ਦੀ ਆਮਦਨ, ਉਪਭੋਗੀ ਦੀਆਂ ਰੁਚੀਆਂ, ਪ੍ਰਚੱਲਤ ਫੈਸ਼ਨ ਆਦਿ। ਇਸ ਨੂੰ ਪਹਿਲਾਂ ਦਿੱਤੀ ਹੇਠ ਲਿਖੀ ਸਮੀਕਰਣ ਰਾਹੀਂ ਦਰਸਾਇਆ ਗਿਆ ਹੈ। ਮੰਨ ਲਉ ਅਸੀਂ ਵਸਤੂ x ਦੀ ਮੰਗ ਬਾਰੇ ਗੱਲ ਕਰਦੇ ਹਾਂ।

$D_X = f(P_X, P_C, P_S, Y, T)$

$D_X \rightarrow$ x ਵਸਤੂ ਦੀ ਮੰਗ

$P_X \rightarrow$ x ਵਸਤੂ ਦੀ ਕੀਮਤ

$P_C \rightarrow$ ਪੂਰਕ ਵਸਤੂ ਦੀ ਕੀਮਤ

$P_S \rightarrow$ ਸਥਾਨਪਤੀ (Substitute) ਵਸਤੂ ਦੀ ਕੀਮਤ

$Y \rightarrow$ ਉਪਭੋਗੀ ਦੀ ਆਮਦਨ

$T \rightarrow$ ਉਪਭੋਗੀ ਦੀਆਂ x ਵਸਤੂ ਲਈ ਰੁਚੀਆਂ, ਤਰਜੀਹਾਂ, ਆਦਿ

$F \rightarrow$ ਫਲਨ ਜੋ ਕਿ ਉਪਭੋਗੀ ਦੀ ਮੰਗ ਅਤੇ ਇਸ ਨੂੰ ਨਿਰਧਾਰਤ ਕਰਨ ਵਾਲੇ ਚਰਾਂ (variables) ਜਿਵੇਂ ਕਿ ਵਸਤੂ ਦੀ ਕੀਮਤ ($P_X$), ਪੂਰਕ ਵਸਤੂ ($P_C$) ਦੀ ਕੀਮਤ ਆਦਿ ਵਿਚ ਕਾਰਜਾਤਮਿਕ ਸੰਬੰਧ ਨੂੰ ਦਰਸਾਉਂਦਾ ਹੈ।

ਇਸ ਸਮੀਕਰਣ ਤੋਂ ਪਤਾ ਚਲਦਾ ਹੈ ਕਿ ਕਿਸੇ ਵਸਤੂ ਦੀ ਮੰਗ ਉੱਪਰ ਕਈ ਚਰ (variables) ਵੱਖ-ਵੱਖ ਢੰਗਾਂ ਨਾਲ ਆਪਣਾ-ਆਪਣਾ ਪ੍ਰਭਾਵ ਪਾਉਂਦੇ ਹਨ। ਜਿਵੇਂ ਕਿ ਆਪਾਂ ਉੱਪਰ ਦੇਖਿਆ ਹੈ ਕਿ ਵਸਤੂ ਦੀ ਕੀਮਤ ($P_X$) ਅਤੇ ਵਸਤੂ ਦੀ ਮੰਗ ਵਿਚ ਉੱਲਟ ਸੰਬੰਧ ਹੈ।

**3.2 ਮੰਗ ਅਨੁਸੂਚੀ (Demand Schedule)**


ਮੰਗ ਦੇ ਨਿਯਮ ਨੂੰ ਸਮਝਣ ਲਈ ਮੰਗ ਅਨੁਸੂਚੀ ਸਹਾਇਕ ਸਿੱਧ ਹੁੰਦੀ ਹੈ। ਮੰਗ ਅਨੁਸੂਚੀ ਤੋਂ ਪਤਾ ਲੱਗਦਾ ਹੈ ਕਿ ਵੱਖ-ਵੱਖ ਕੀਮਤਾਂ ਉਪਰ ਕਿਸੇ ਵਸਤੂ ਦੀ ਕਿਤਨੀ ਮਾਤਰਾ ਮੰਗੀ ਜਾਵੇਗੀ। ਉਦਾਹਰਣ ਵਜੋਂ ਜੇ ਚੀਨੀ ਦੀ ਕੀਮਤ ਮੰਡੀ ਵਿਚ 25 ਰੁਪਏ ਪ੍ਰਤੀ ਕਿੱਲੋਗ੍ਰਾਮ ਹੈ ਤਾਂ ਇਕ ਮੰਡੀ ਵਿਚ ਚੀਨੀ ਦੀ ਮੰਗ 20 ਕੁਇੰਟਲ ਹੈ, ਜਦੋਂ ਚੀਨੀ ਦੀ ਕੀਮਤ ਘੱਟ ਕੇ 20 ਰੁਪਏ ਕਿੱਲੋ ਹੋ ਜਾਂਦੀ ਹੈ ਤਾਂ ਮੰਡੀ ਵਿਚ ਚੀਨੀ ਦੀ ਮੰਗ ਵੱਧ ਕੇ 50 ਕੁਇੰਟਲ ਹੋ ਜਾਂਦੀ ਹੈ। ਕਿਉਂਕਿ ਕੀਮਤ ਘਟਣ ਨਾਲ ਪਹਿਲਾਂ 25 ਰੁਪਏ ਪ੍ਰਤੀ ਕਿੱਲੋਗ੍ਰਾਮ ਚੀਨੀ ਖਰੀਦਣ ਵਾਲਿਆਂ ਨੂੰ ਹੁਣ 20 ਰੁਪਏ ਪ੍ਰਤੀ ਕਿੱਲੋ ਚੀਨੀ ਸਸਤੀ ਲੱਗਦੀ ਹੈ, ਇਸ ਕਾਰਨ ਹੁਣ ਉਹ ਪਹਿਲਾਂ ਨਾਲੋਂ ਵਧੇਰੇ ਮਾਤਰਾ ਵਿਚ ਚੀਨੀ ਖਰੀਦਦੇ ਹਨ। ਇਸ ਤੋਂ ਇਲਾਵਾ ਚੀਨੀ ਪਹਿਲਾਂ ਨਾਲੋਂ ਸਸਤੀ ਹੋਣ ਤੇ ਮੰਡੀ ਵਿਚ ਹੋਰ ਨਵੇਂ ਗਾਹਕ ਚੀਨੀ ਖਰੀਦਦੇ ਹਨ। ਇਨ੍ਹਾਂ ਦੋਵਾਂ ਕਾਰਨਾਂ ਕਰਕੇ ਕੀਮਤ ਘਟਣ ਤੇ ਚੀਨੀ ਦੀ ਮੰਗ ਮੰਡੀ ਵਿਚ ਪਹਿਲਾਂ ਨਾਲੋਂ

ਵੱਧ ਜਾਂਦੀ ਹੈ। ਇਸ ਤਰ੍ਹਾਂ ਮੰਗ ਅਨੁਸੂਚੀ ਵਿਚ ਦਰਸਾਇਆ ਗਿਆ ਹੈ ਕਿ ਚੀਨੀ ਦੀ ਕੀਮਤ ਜਿਉਂ-ਜਿਉਂ ਘਟਦੀ ਜਾਂਦੀ ਹੈ ਤਿਉਂ-ਤਿਉਂ ਲੋਕਾਂ ਵੱਲੋਂ ਚੀਨੀ ਦੀ ਮੰਗ ਵਧਦੀ ਜਾਂਦੀ ਹੈ। ਇਸੇ ਤਰ੍ਹਾਂ ਹੀ ਮੰਗ ਅਨੁਸੂਚੀ ਤੋਂ ਸਪੱਸ਼ਟ ਹੈ ਕਿ ਜਿਉਂ ਚੀਨੀ ਦੀ ਕੀਮਤ ਵਧਦੀ ਹੈ ਲੋਕਾਂ ਵੱਲੋਂ ਚੀਨੀ ਦੀ ਮੰਗ ਘਟਦੀ ਜਾਂਦੀ ਹੈ।

**ਸਾਰਣੀ-1**
**ਮੰਗ ਅਨੁਸੂਚੀ**

| ਪ੍ਰਤੀ ਕਿੱਲੋ ਚੀਨੀ ਦੀ ਕੀਮਤ (ਰੁਪਇਆਂ ਵਿਚ) | ਇਕ ਉਪਭੋਗੀ ਦੁਆਰਾ ਮੰਗ (ਕਿੱਲੋਗ੍ਰਾਮ) | ਮੰਡੀ ਵਿਚ ਕੁੱਲ ਮੰਗੀ ਗਈ ਚੀਨੀ ਦੀ ਮਾਤਰਾ (ਕੁਇੰਟਲਾਂ ਵਿਚ) |
|---|---|---|
| 25 | 10 | 10 |
| 20 | 20 | 20 |
| 15 | 30 | 30 |
| 10 | 40 | 40 |
| 5 | 50 | 50 |

ਇਕ ਉਪਭੋਗੀ ਦੁਆਰਾ ਕੀਤੀ ਚੀਨੀ ਦੀ ਕਿੱਲੋਗ੍ਰਾਮਾਂ ਵਿਚ ਮੰਗ ਨੂੰ ਰੇਖਾ-ਚਿੱਤਰ ਨੰ.1 ਵਿਚ ਦਰਸਾਇਆ ਗਿਆ ਹੈ।





**ਰੇਖਾ ਚਿੱਤਰ ਨੰ 1**

ਜੇ ਅਸੀਂ ਕੇਵਲ ਇਕ ਉਪਭੋਗੀ ਦੀ ਮੰਗ ਦੀ ਗੱਲ ਕਰੀਏ ਤਾਂ ਰੇਖਾ-ਚਿੱਤਰ ਨੰ.1 ਤੋਂ ਪਤਾ ਲੱਗਦਾ ਹੈ ਕਿ ਜੇ ਚੀਨੀ ਦੀ ਪ੍ਰਤੀ ਕਿੱਲੋ ਕੀਮਤ 25 ਰੁਪਏ ਹੈ ਤਾਂ ਉਪਭੋਗੀ ਚੀਨੀ ਦੀ ਕੇਵਲ 10 ਕਿੱਲੋ ਦੀ ਮੰਗ ਕਰਦਾ ਹੈ। ਜਦੋਂ ਕੀਮਤ ਘੱਟ ਕੇ 20 ਰੁਪਏ ਹੋ ਜਾਂਦੀ ਹੈ ਤਾਂ ਚੀਨੀ ਦੀ ਮੰਗ ਵੱਧ ਕੇ 20 ਕਿੱਲੋ ਹੋ ਜਾਂਦੀ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਹੋਰ ਗੱਲਾਂ ਸਮਾਨ ਰਹਿਣ ਤੇ ਕਿਸੇ ਵਸਤੂ ਦੀ ਕੀਮਤ ਘਟਣ ਨਾਲ ਉਸ ਦੀ ਮੰਗ ਵਧਦੀ ਹੈ। ਦੂਸਰੇ ਪਾਸੇ ਕੀਮਤ ਵੱਧਣ ਨਾਲ ਚੀਨੀ ਦੀ ਮੰਗ ਘਟਦੀ ਹੈ, ਜਿਵੇਂ ਕਿ ਰੇਖਾ-ਚਿੱਤਰ ਨੰ.1 ਵਿਚ ਵਿਖਾਇਆ ਗਿਆ ਹੈ। ਇਸ ਤਰ੍ਹਾਂ ਚੀਨੀ ਦੀਆਂ ਵੱਖ-ਵੱਖ ਕੀਮਤਾਂ ਤੇ ਚੀਨੀ ਦੀ

ਕਿਤਨੀ-ਕਿਤਨੀ ਮੰਗ ਹੋਵੇਗੀ, ਇਸ ਗੱਲ ਨੂੰ ਮੰਗ ਵਕਰ DD ਦੁਆਰਾ ਦਰਸਾਇਆ ਗਿਆ ਹੈ। ਇਸ DD ਮੰਗ ਵਕਰ ਨੂੰ ਵਿਅਕਤੀਗਤ (ਉਪਭੋਗੀ ਦੀ) ਮੰਗ ਵਕਰ ਕਿਹਾ ਜਾਂਦਾ ਹੈ।

### 3.3 ਸਮੂਹਿਕ ਮੰਗ ਵਕਰ (Market Demand)

ਸਮੂਹਿਕ ਮੰਗ ਵਕਰ ਤੋਂ ਭਾਵ ਇਕ ਮੰਡੀ ਵਿਚ ਕਿਸੇ ਖਾਸ ਕੀਮਤ ਉਪਰ, ਕਿਸੇ ਨਿਸ਼ਚਤ ਸਮੇਂ ਦੌਰਾਨ ਸਾਰੇ ਵਿਅਕਤੀਆਂ ਵੱਲੋਂ ਮੰਡੀ ਵਿਚ ਕੀਤੀ ਕਿਸੇ ਵਸਤੂ ਦੀ ਕੁੱਲ ਮੰਗ ਤੋਂ ਹੈ। ਜੇਕਰ ਅਸੀਂ ਇਹ ਮੰਨ ਲਈਏ ਕਿ ਇਕ ਮੰਡੀ ਵਿਚ ਖਰੀਦਦਾਰਾਂ ਦੀ ਸੰਖਿਆ ਕੁੱਲ 100 ਹੈ ਤਾਂ ਸਾਨੂੰ ਮੰਗ ਅਨੁਸੂਚੀ ਨੰ.1 ਤੋਂ ਪਤਾ ਚਲਦਾ ਹੈ ਕਿ 25 ਰੁਪਏ ਪ੍ਰਤੀ ਕਿੱਲੋ ਕੀਮਤ ਉਪਰ ਸਾਰੇ ਖਰੀਦਦਾਰਾਂ ਵੱਲੋਂ ਕੁੱਲ ਮੰਗ 10 ਕੁਇੰਟਲ ਚੀਨੀ ਦੀ ਹੈ। ਜਦੋਂ ਚੀਨੀ ਦੀ ਕੀਮਤ ਘੱਟ ਕੇ 20 ਰੁਪਏ ਪ੍ਰਤੀ ਕਿੱਲੋ ਹੋ ਜਾਂਦੀ ਹੈ ਤਾਂ ਮੰਡੀ ਵਿਚ ਕੁੱਲ ਮੰਗ ਵੱਧ ਕੇ 20 ਕੁਇੰਟਲ ਹੋ ਜਾਂਦੀ ਹੈ। ਸਾਨੂੰ ਮੰਗ ਅਨੁਸੂਚੀ ਨੰ.1 ਵਿਚੋਂ ਪਤਾ ਚਲਦਾ ਹੈ ਕਿ ਜਿਉਂ-ਜਿਉਂ ਚੀਨੀ ਦੀ ਕੀਮਤ ਘਟਦੀ ਹੈ ਤਾਂ ਮੰਡੀ ਵਿਚ ਚੀਨੀ ਦੀ ਮੰਗ ਵਧਦੀ ਚਲੀ ਜਾਂਦੀ ਹੈ। ਇਸ ਦੇ ਉਲਟ ਜੇ ਮੰਡੀ ਵਿਚ ਚੀਨੀ ਦੀ ਕੀਮਤ ਵਧਦੀ ਹੈ ਤਾਂ ਚੀਨੀ ਦੀ ਕੁੱਲ ਮੰਗ ਘਟਦੀ ਚਲੀ ਜਾਂਦੀ ਹੈ। ਇਸ ਨੂੰ ਮੰਗ ਦਾ ਨਿਯਮ ਕਿਹਾ ਜਾਂਦਾ ਹੈ। ਸਮੂਹਿਕ (ਮੰਡੀ) ਮੰਗ ਨੂੰ ਵੀ ਰੇਖਾ-ਚਿੱਤਰ ਨੰ.2 ਰਾਹੀਂ ਦਰਸਾਇਆ ਗਿਆ ਹੈ।





ਰੇਖਾ ਚਿੱਤਰ ਨੰ 2

ਰੇਖਾ-ਚਿੱਤਰ ਨੰ.2 ਵਿਚ $D^1D^1$ ਮੰਗ ਵਕਰ ਨੂੰ ਸਮੂਹਿਕ (ਮੰਡੀ) ਮੰਗ ਵਕਰ (market demand curve) ਕਿਹਾ ਜਾਂਦਾ ਹੈ ਕਿਉਂਕਿ ਇਹ ਇਕ ਮੰਡੀ ਵਿਚ ਇਕ ਖਾਸ ਕੀਮਤ ਉਪਰ ਕਿਸੇ ਵਸਤੂ ਦੀ ਕੁੱਲ ਮੰਗ ਨੂੰ ਦਰਸਾਉਂਦੀ ਹੈ। ਇਹ ਮੰਗ ਵਕਰ ਮੰਡੀ ਵਿਚ ਵੱਖ-ਵੱਖ ਵਿਅਕਤੀਆਂ ਦੁਆਰਾ ਕੀਤੀ ਚੀਨੀ ਦੀ ਮੰਗ ਦੇ ਕੁੱਲ ਜੋੜ ਨੂੰ ਪ੍ਰਗਟ ਕਰਦੀ ਹੈ। ਇਨ੍ਹਾਂ ਦੋਹਾਂ ਚਿੱਤਰਾਂ (ਨੰ.1 ਅਤੇ ਨੰ.2) ਵਿਚ ਮੰਗ ਵਕਰਾਂ ਦੀ ਢਾਲ ਸਿੱਧੀ ਹੈ ਕਿਉਂਕਿ ਇਥੇ ਅਸੀਂ ਮੰਨ ਲੈਂਦੇ ਹਾਂ ਕਿ ਚੀਨੀ ਦੀ ਮੰਗ ਦੀ ਲਚਕ, ਇਕਾਈ, ਭਾਵ ਇਕ ਦੇ ਬਰਾਬਰ ਹੈ। ਭਾਵ ਜਿਸ ਦਰ ਨਾਲ ਵਸਤੂ (ਚੀਨੀ) ਦੀ ਕੀਮਤ ਵਿਚ ਤਬਦੀਲੀ ਆਵੇਗੀ ਉਸੇ ਦਰ ਨਾਲ ਵਸਤੂ ਦੀ ਮੰਗ ਵਿਚ ਤਬਦੀਲੀ ਆਵੇਗੀ। ਜਦੋਂ ਕਿਸੇ ਵਸਤੂ ਦੀ ਮੰਗ ਵਿਚ ਤਬਦੀਲੀ ਉਸ ਵਸਤੂ ਦੀ ਕੀਮਤ ਵਿਚ ਤਬਦੀਲੀ ਕਾਰਨ ਆਉਂਦੀ ਹੈ ਤਾਂ ਉਸ ਨੂੰ ਕੀਮਤ ਮੰਗ ਫਲਨ ਕਿਹਾ ਜਾਂਦਾ ਹੈ ਅਤੇ ਇਸ ਦੁਆਰਾ ਬਣਾਈ ਗਈ ਮੰਗ ਵਕਰ ਨੂੰ ਕੀਮਤ ਮੰਗ ਵਕਰ ਕਿਹਾ ਜਾਂਦਾ ਹੈ, ਜਿਵੇਂ ਰੇਖਾ-ਚਿੱਤਰਾਂ ਨੰ.1 ਅਤੇ 2 ਵਿਚ ਦਰਸਾਇਆ ਗਿਆ ਹੈ।

### 3.4 ਆਮਦਨ ਮੰਗ (Income Demand)

ਜਿਵੇਂ ਕਿ ਅਸੀਂ ਇਸੇ ਪਾਠ ਵਿਚ ਸਮੀਕਰਣ ਨੰ.1 ਵਿਚ ਵੇਖਿਆ ਹੈ ਕਿ ਕਿਸੇ ਵਸਤੂ ਦੀ ਮੰਗ ਉੱਪਰ ਦੋਹਾਂ ਕਾਰਕਾਂ (ਵਸਤੂ ਦੀ ਕੀਮਤ, ਸੰਬੰਧਤ ਵਸਤੂਆਂ ਦੀਆਂ ਕੀਮਤਾਂ, ਫੈਸ਼ਨ ਆਦਿ) ਤੋਂ ਇਲਾਵਾ ਖਰੀਦਦਾਰ ਦੀ ਆਮਦਨ ਵੀ ਪ੍ਰਭਾਵ ਪਾਉਂਦੀ ਹੈ। ਹੋਰ ਗੱਲਾਂ

ਸਮਾਨ ਰਹਿਣ ਤੋਂ ਭਾਵ ਵਸਤੂ ਕੀਮਤ, ਸੰਬੰਧਤ (ਪੂਰਕ/ਸਥਾਨਪਤੀ) ਵਸਤੂ ਦੀ ਕੀਮਤ, ਫੈਸ਼ਨ ਆਦਿ ਸਥਿਰ ਰਹਿਣ ਤੇ, ਜਦੋਂ ਕੇਵਲ ਵਿਅਕਤੀ ਦੀ ਆਮਦਨ ਵਿਚ ਤਬਦੀਲੀ ਆਉਣ ਕਰਕੇ, ਇਸ ਆਮਦਨ ਦਾ ਮੰਗ ਉਤੇ ਪੈਂਦੇ ਪ੍ਰਭਾਵ ਨੂੰ ਜਾਣਨ ਦਾ ਯਤਨ ਕੀਤਾ ਜਾਂਦਾ ਹੈ ਤਾਂ ਇਸ ਨੂੰ ਆਮਦਨ ਮੰਗ ਕਿਹਾ ਜਾਂਦਾ ਹੈ। ਆਮਦਨ ਮੰਗ ਤੋਂ ਭਾਵ ਕਿਸੇ ਮੰਗੀ ਗਈ ਵਸਤੂ ਦੀਆਂ ਉਨ੍ਹਾਂ ਵੱਖ-ਵੱਖ ਇਕਾਈਆਂ ਨਾਲ ਹੈ ਜਿਨ੍ਹਾਂ ਨੂੰ ਇਕ ਵਿਅਕਤੀ ਆਪਣੀ ਆਮਦਨ ਦੇ ਵੱਖਰੇ-ਵੱਖਰੇ ਪੱਧਰਾਂ ਉਪਰ ਖਰੀਦਦਾ ਹੈ।




**ਰੇਖਾ ਚਿੱਤਰ ਨੰ 3**


ਰੇਖਾ ਚਿੱਤਰ ਨੰ. 3(A) ਤੋਂ ਸਾਨੂੰ ਪਤਾ ਲੱਗਦਾ ਹੈ ਕਿ ਜਦੋਂ ਉਪਭੋਗੀ ਦੀ ਆਮਦਨ OI ਦੇ ਬਰਾਬਰ ਹੈ ਤਾਂ ਉਹ OQ ਵਸਤੂ ਦੀ ਮੰਗ ਕਰਦਾ ਹੈ। ਪਰੰਤੂ ਜਦੋਂ ਉਸ ਉਪਭੋਗੀ ਦੀ ਆਮਦਨ ਵੱਧ ਕੇ OI ਤੋਂ $OI_1$ ਹੋ ਜਾਂਦੀ ਹੈ ਤਾਂ ਉਸ ਦੀ X ਵਸਤੂ ਲਈ ਮੰਗ ਵੀ ਵੱਧ ਕੇ OQ ਤੋਂ $OQ_1$ ਹੋ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਜਦੋਂ ਉਪਭੋਗੀ ਦੀ ਆਮਦਨ ਵਧਦੀ ਹੈ ਤਾਂ ਆਪਣੀ ਮਨੋਵਿਗਿਆਨਕ ਪ੍ਰਵਿਰਤੀ ਕਾਰਨ ਉਹ ਆਪਣਾ ਉਪਭੋਗ ਵਧਾ ਦਿੰਦਾ ਹੈ। ਇਸ ਰੇਖਾ-ਚਿੱਤਰ ਨੰ.3 ਵਿਚ ਉਪਭੋਗੀ ਦੀ ਵਧੀ ਹੋਈ ਆਮਦਨ ਕਾਰਨ ਉਸ ਦੀ ਮੰਗ ਵਿਚ ਵਾਧਾ DD ਮੰਗ ਵਕਰ ਰਾਹੀਂ ਦਰਸਾਇਆ ਗਿਆ ਹੈ। ਸੋ ਇਸ ਤਰ੍ਹਾਂ ਕਿਸੇ ਦੀ ਆਮਦਨ ਅਤੇ ਉਸ ਵੱਲੋਂ ਕੀਤੀ ਮੰਗ ਵਿਚ ਸਿੱਧਾ ਸੰਬੰਧ ਹੈ, ਭਾਵ ਉਪਭੋਗੀ ਦੀ ਆਮਦਨ ਵੱਧਣ ਤੇ ਵਸਤੂ ਦੀ ਮੰਗ ਵੀ ਵਧਦੀ ਹੈ ਅਤੇ ਆਮਦਨ ਘਟਣ ਨਾਲ ਸਧਾਰਨ (normal) ਵਸਤੂ, ਜਿਸ ਨੂੰ ਕਈ ਵਾਰ ਸ੍ਰੇਸ਼ਟ (superior) ਵਸਤੂ ਵੀ ਕਿਹਾ ਜਾਂਦਾ ਹੈ, ਦੀ ਮੰਗ ਘਟਦੀ ਹੈ।

ਸਮਾਜ ਵਿਚ ਕੁਝ ਵਸਤੂਆਂ ਨੂੰ ਦੂਜੀਆਂ ਵਸਤੂਆਂ ਦੇ ਮੁਕਾਬਲੇ ਸ੍ਰੇਸ਼ਟ (superior) ਮੰਨਿਆ ਜਾਂਦਾ ਹੈ ਅਤੇ ਕੁਝ ਵਸਤੂਆਂ ਨੂੰ ਸ੍ਰੇਸ਼ਟ ਵਸਤੂ ਦੇ ਮੁਕਾਬਲੇ ਘਟੀਆ (inferior) ਵਸਤੂਆਂ ਮੰਨਿਆ ਜਾਂਦਾ ਹੈ। ਭਾਰਤੀ ਸਮਾਜ ਵਿਚ ਲੋਕ ਕਣਕ ਅਤੇ ਚਾਵਲ ਨੂੰ ਜਵਾਰ ਅਤੇ ਬਾਜਰੇ ਦੇ ਮੁਕਾਬਲੇ ਖਾਣ ਲਈ ਸ੍ਰੇਸ਼ਟ ਵਸਤੂ ਮੰਨਦੇ ਹਨ। ਜਿਵੇਂ ਕਿ ਅਸੀਂ ਉਪਰ ਵੇਖਿਆ ਹੈ, ਉਪਭੋਗੀ ਦੀ ਆਮਦਨ ਵਧਣ ਨਾਲ ਸਧਾਰਨ (ਸ੍ਰੇਸ਼ਟ) ਵਸਤੂਆਂ ਦੀ ਮੰਗ ਵਧਦੀ ਹੈ ਅਤੇ ਆਮਦਨ ਘਟਣ ਨਾਲ ਮੰਗ ਘਟਦੀ ਹੈ। ਪਰੰਤੂ ਘਟੀਆ ਵਸਤੂਆਂ ਦੇ ਸੰਬੰਧ ਵਿਚ ਇਹ ਉਲਟ ਹੁੰਦਾ ਹੈ। ਇਥੇ ਉਪਭੋਗੀ ਦੀ ਆਮਦਨ ਵਧਣ ਤੇ ਉਪਭੋਗੀ ਅਮੀਰ ਹੋ ਜਾਂਦਾ ਹੈ ਅਤੇ ਘਟੀਆ ਵਸਤੂਆਂ ਦੀ ਥਾਂ ਸ੍ਰੇਸ਼ਟ (ਵਧੀਆ) ਵਸਤੂਆਂ ਦੀ ਮੰਗ ਕਰਦਾ ਹੈ ਅਤੇ ਘਟੀਆ ਵਸਤੂਆਂ ਦੀ ਮੰਗ ਘਟਾ ਦਿੰਦਾ ਹੈ। ਰੇਖਾ-ਚਿੱਤਰ ਨੰ.3(B) ਤੋਂ ਸਪੱਸ਼ਟ ਹੈ ਕਿ ਜਦੋਂ ਉਪਭੋਗੀ ਦੀ ਆਮਦਨ OI ਹੈ ਤਾਂ ਉਸ ਦੀ ਘਟੀਆ ਵਸਤੂ ਲਈ ਮੰਗ OQ ਹੈ, ਪਰੰਤੂ ਜਦ ਉਪਭੋਗੀ ਦੀ ਆਮਦਨ ਵੱਧ ਕੇ $OI_1$ ਹੋ ਜਾਂਦੀ ਹੈ ਤਾਂ ਉਪਭੋਗੀ ਦੀ ਘਟੀਆ ਵਸਤੂ ਲਈ ਮੰਗ ਘੱਟ ਕੇ $OQ_1$ ਹੋ ਜਾਂਦੀ ਹੈ। ਕਿਉਂਕਿ ਘਟੀਆ ਵਸਤੂ ਦੀ ਮੰਗ ਸੰਬੰਧੀ ਇਹ ਧਾਰਨਾ ਸਰ ਜੌਹਨ ਗਿਫ਼ਨ ਨੇ ਦਿੱਤੀ ਸੀ, ਇਸੇ ਕਰਕੇ ਇਸ ਨੂੰ ਕਈ ਵਾਰ ਗਿਫ਼ਨ ਪ੍ਰਭਾਵ (Giffen Effect) ਵੀ ਕਿਹਾ ਜਾਂਦਾ ਹੈ। ਚਿੱਤਰ ਨੰ.3(B) ਤੋਂ ਇਹ ਸਪੱਸ਼ਟ ਹੈ ਕਿ ਉਪਭੋਗੀ ਦੀ ਘਟੀਆ ਵਸਤੂ ਦੇ ਸੰਬੰਧ ਵਿਚ ਮੰਗ ਵਕਰ ਖੱਬੇ


ਤੋਂ ਸੱਜੇ, ਹੇਠਾਂ ਵੱਲ (downward sloping to the right) ਨੂੰ ਜਾਂਦਾ ਹੈ।

**3.5 ਸੰਬੰਧਤ ਜਾਂ ਪਰਸਪਰ ਮੰਗ (Cross Demand)**

ਸੰਬੰਧਤ ਮੰਗ ਤੋਂ ਭਾਵ X ਵਸਤੂ ਦੀ ਉਸ ਮੰਗੀ ਗਈ ਮਾਤਰਾ ਤੋਂ ਹੈ ਜਿਸ ਨੂੰ ਉਪਭੋਗੀ ਸੰਬੰਧਤ ਵਸਤੂ Y ਦੀਆਂ ਵੱਖ-ਵੱਖ ਕੀਮਤਾਂ (X ਵਸਤੂ ਦੀ ਕੀਮਤ ਸਥਿਰ ਰਹਿਣ ਤੇ) ਤੇ ਖਰੀਦੇਗਾ, ਬਸ਼ਰਤੇ ਹੋਰ ਕਾਰਕ ਸਮਾਨ ਰਹਿਣ। (Cross demand means the quantities of commodity X which the consumer will buy at various prices, not of X but of some related commodity Y, other things remaining the same). ਕਈ ਵਸਤੂਆਂ ਦਾ ਆਪਸ ਵਿਚ ਬਹੁਤ ਹੀ ਨੇੜੇ ਦਾ ਸੰਬੰਧ ਹੁੰਦਾ ਹੈ। ਜਿਵੇਂ ਕਿ ਚਾਹ ਅਤੇ ਕੌਫ਼ੀ ਵਿਚਕਾਰ; ਸਕੂਟਰ ਅਤੇ ਪੈਟਰੋਲ ਵਿਚਕਾਰ। ਪਰੰਤੂ ਇਹ ਰਿਸ਼ਤੇ ਦੋ ਤਰ੍ਹਾਂ ਦੇ ਹੁੰਦੇ ਹਨ ਜਿਵੇਂ ਕਿ ਚਾਹ ਦੀ ਥਾਂ ਕੌਫ਼ੀ ਨੂੰ ਵਰਤਿਆ ਜਾ ਸਕਦਾ ਹੈ, ਇਸ ਸੰਬੰਧ ਨੂੰ ਸਥਾਨਪਤੀ (substitute) ਕਿਹਾ ਜਾਂਦਾ ਹੈ ਅਤੇ ਦੂਜੇ ਪਾਸੇ ਦੋ ਵਸਤੂਆਂ ਵਿਚਕਾਰ ਸੰਬੰਧ ਪੂਰਕ (ਸਹਾਇਕਤਾ) (complementary) ਹੁੰਦੇ ਹਨ, ਜਿਵੇਂ ਕਿ ਜੇ ਸਕੂਟਰਾਂ ਦੀ ਕੀਮਤ ਘੱਟਣ ਨਾਲ ਮੰਡੀ ਵਿਚ ਮੰਗ ਵੱਧ ਜਾਂਦੀ ਹੈ ਤਾਂ ਪੈਟਰੋਲ ਦੀ ਮੰਗ ਉਸ ਦੀ ਕੀਮਤ ਸਥਿਰ ਰਹਿਣ ਦੇ ਬਾਵਜੂਦ ਵੀ ਵੱਧ ਜਾਵੇਗੀ ਕਿਉਂਕਿ ਵਧੇਰੇ ਸਕੂਟਰਾਂ ਨੂੰ ਚਲਾਉਣ ਦੇ ਲਈ ਵਧੇਰੇ ਪੈਟਰੋਲ ਦੀ ਲੋੜ ਪਵੇਗੀ। ਪਰੰਤੂ ਸਥਾਨਪਤੀ ਵਸਤੂਆਂ ਦੇ ਸੰਬੰਧ ਵਿਚ ਅਜਿਹਾ ਨਹੀਂ ਹੋਵੇਗਾ। ਉਦਾਹਰਣ ਵਜੋਂ ਜੇ ਚਾਹ ਦੀ ਕੀਮਤ ਇਕਦਮ ਬਹੁਤ ਜ਼ਿਆਦਾ ਵੱਧ ਜਾਂਦੀ ਹੈ ਤਾਂ ਲੋਕ ਮਹਿੰਗੀ ਹੋਈ ਚਾਹ ਦੀ ਥਾਂ ਕੌਫ਼ੀ ਦੀ ਵਧੇਰੇ ਮੰਗ ਕਰਨਗੇ, ਭਾਵੇਂ ਕੌਫ਼ੀ ਦੀ ਕੀਮਤ ਵਿਚ ਕੋਈ ਤਬਦੀਲੀ ਨਹੀਂ ਆਈ। ਕਿਉਂਕਿ ਲੋਕਾਂ ਨੂੰ ਹੁਣ ਚਾਹ ਦੀ ਕੀਮਤ ਦੇ ਮੁਕਾਬਲਤਨ ਕੌਫ਼ੀ ਸਸਤੀ ਲਗਦੀ ਹੈ।



4 (A)



4 (B)

**ਰੇਖਾ ਚਿੱਤਰ ਨੰ. 4**

**4. ਸਵੈ ਮੁਲਾਂਕਣ ਪ੍ਰਸ਼ਨ (Self-check questions) :**

(i) ਮੰਗ ਦੀ ਪਰਿਭਾਸ਼ਾ ਦੋ ਸਤਰਾਂ ਵਿਚ ਲਿਖੋ।

(ii) ਮੰਗ ਫਲਨ ਦਾ ਤਿੰਨ ਸਤਰਾਂ ਵਿਚ ਵਰਣਨ ਕਰੋ।

(iii) ਜਦੋਂ ਘਟੀਆ ਵਸਤੂ ਦੀ ਕੀਮਤ ਬਹੁਤ ਘਟਦੀ ਹੈ ਤਾਂ ਉਸ ਦੀ ਮੰਗ............ਹੈ।

(iv) ਘਟੀਆ ਵਸਤੂ ਦੀ ਧਾਰਨਾ..................ਨੇ ਦਿੱਤੀ ਸੀ

(v) ਸੰਬੰਧਤ ਵਸਤੂਆਂ ਦੀਆਂ ਦੋ ਕਿਸਮਾਂ ਛੇ ਸਤਰਾਂ ਵਿਚ ਲਿਖੋ।

**5. ਮੰਗ ਦੇ ਨਿਯਮ ਦੀਆਂ ਛੋਟਾਂ (Exceptions of the Law of Demand) :**

ਮੰਗ ਦਾ ਨਿਯਮ ਸਰਬਵਿਆਪੀ ਨਹੀਂ ਹੈ, ਭਾਵ ਇਹ ਹਰ ਸਥਿਤੀ ਵਿਚ ਅਤੇ ਹਰ ਸਮੇਂ ਲਾਗੂ ਨਹੀਂ ਹੁੰਦਾ। ਕਈ ਅਜਿਹੀਆਂ ਸਥਿਤੀਆਂ ਹਨ ਜਿੱਥੇ ਮੰਗ ਦਾ ਇਹ ਨਿਯਮ ਲਾਗੂ ਨਹੀਂ ਹੁੰਦਾ। ਮੰਗ ਦੇ ਨਿਯਮ ਦੀਆਂ ਕੁੱਝ ਮਹੱਤਵਪੂਰਣ ਛੋਟਾਂ ਹੇਠ ਲਿਖੀਆਂ ਹਨ।

5.1 ਜਦੋਂ ਕਿਸੇ ਵਸਤੂ ਦੀ ਪੂਰਤੀ ਵਿਚ ਨੇੜੇ ਦੇ ਭਵਿੱਖ ਵਿਚ ਬਹੁਤ ਹੀ ਕਮੀ ਆਉਣ ਦੀ ਸੰਭਾਵਨਾ ਹੋਵੇ ਤਾਂ ਲੋਕ ਉਸ ਵਸਤੂ ਨੂੰ ਆਪਣੇ ਕੋਲ ਭਵਿੱਖ ਦੀ ਲੋੜ ਨੂੰ ਪੂਰਾ ਕਰਨ ਵਾਸਤੇ ਜਮ੍ਹਾਂ (stock) ਕਰਨ ਲੱਗ ਜਾਂਦੇ ਹਨ। ਇਸੇ ਸ਼ੰਕਾ ਕਾਰਨ ਉਹ ਵਰਤਮਾਨ

ਵਿਚ ਵਸਤੂ ਦੀ ਕੀਮਤ ਵਧਣ ਤੇ ਵੀ ਉਸ ਦੀ ਮੰਗ ਨੂੰ ਘਟਾਉਣ ਦੀ ਬਜਾਏ ਉਸ ਨੂੰ ਵਧੇਰੇ ਮਾਤਰਾ ਵਿਚ ਖਰੀਦਦੇ ਹਨ।

5.2 ਜਦੋਂ ਕਿਸੇ ਚੀਜ਼ ਦਾ ਫੈਸ਼ਨ/ਰਿਵਾਜ ਨਾ ਰਹੇ ਤਾਂ ਲੋਕ ਉਸ ਦੀ ਕੀਮਤ ਘਟਣ ਤੇ ਵੀ ਉਸ ਦੀ ਮੰਗ ਨਹੀਂ ਵਧਾਉਂਦੇ।

5.3 ਵਿਖਾਵੇ ਵਾਲੀਆਂ ਵਸਤੂਆਂ, ਜੋ ਕਿ ਸਮਾਜ ਵਿਚ ਵਿਅਕਤੀ ਦੇ ਰੁਤਬੇ ਨੂੰ ਨਿਰਧਾਰਿਤ ਕਰਦੀਆਂ ਹਨ, ਉਪਰ ਵੀ ਮੰਗ ਦਾ ਇਹ ਨਿਯਮ ਲਾਗੂ ਨਹੀਂ ਹੁੰਦਾ। ਉਦਾਹਰਣ ਵਜੋਂ ਅਮੀਰ ਲੋਕ ਬਹੁਤ ਹੀ ਉੱਚੀ ਕੀਮਤ ਵਾਲੀਆਂ ਵਸਤੂਆਂ, ਜਿਵੇਂ ਕਿ ਹੀਰੇ, ਜਵਾਹਰਾਤ, ਆਦਿ ਦੀ ਮੰਗ ਕਰਦੇ ਹਨ, ਪਰੰਤੂ ਜੇ ਇਨ੍ਹਾਂ ਵਸਤੂਆਂ ਦੀ ਕੀਮਤ ਮੰਡੀ ਵਿਚ ਬਹੁਤ ਘੱਟ ਜਾਵੇ, ਜਿਸ ਉਪਰ ਇਨ੍ਹਾਂ ਨੂੰ ਮੱਧ ਵਰਗ ਦੇ ਲੋਕ ਵੀ ਖਰੀਦ ਸਕਣ, ਤਾਂ ਅਮੀਰ ਲੋਕ ਇਨ੍ਹਾਂ ਦੀ ਮੰਗ ਨਹੀਂ ਕਰਨਗੇ।

5.4 ਜਿਵੇਂ ਕਿ ਅਸੀਂ ਇਸੇ ਪਾਠ ਵਿਚ ਪਹਿਲਾਂ ਪੜ੍ਹਿਆ ਹੈ ਕਿ ਮੰਗ ਦਾ ਨਿਯਮ ਸਾਪੇਖਿਕ ਤੌਰ ਤੇ ਘਟੀਆ (inferior) ਸਮਝੀਆਂ ਜਾਂਦੀਆਂ ਵਸਤੂਆਂ ਦੀਆਂ ਮੰਗਾਂ ਉਪਰ ਲਾਗੂ ਨਹੀਂ ਹੁੰਦਾ।

5.5 ਮਨੁੱਖ ਦੇ ਜੀਵਨ ਲਈ ਅਤਿ ਜ਼ਰੂਰੀ (Necessaries) ਵਸਤਾਂ ਦੇ ਸੰਬੰਧ ਵਿਚ ਵੀ ਇਹ ਨਿਯਮ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦਾ। ਉਦਾਹਰਣ ਵਜੋਂ ਰੇਗਿਸਥਾਨ ਵਿਚ ਯਾਤਰਾ ਕਰ ਰਹੇ ਵਿਅਕਤੀ ਲਈ ਪਾਣੀ ਦੀ ਅਤਿਅੰਤ ਜ਼ਰੂਰਤ ਹੁੰਦੀ ਹੈ। ਅਗਰ ਪਾਣੀ ਦੀ ਬੋਤਲ ਦੀ ਕੀਮਤ ਵੱਧ ਵੀ ਜਾਂਦੀ ਹੈ, ਤਾਂ ਵੀ ਉਹ ਪਾਣੀ ਲਈ ਕੀਮਤ ਦੇ ਮੁਕਾਬਲੇ ਆਪਣੀ ਮੰਗ ਨਹੀਂ ਘਟਾ ਸਕੇਗਾ।

## 6. ਮੰਗ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ (Factors Affecting Demand) :

ਕਿਸੇ ਵਸਤੂ ਦੀ ਮੰਗ ਬਹੁਤ ਸਾਰੇ ਕਾਰਕਾਂ (ਤੱਤਾਂ) ਤੋਂ ਪ੍ਰਭਾਵਿਤ ਹੁੰਦੀ ਹੈ, ਜਿਨ੍ਹਾਂ ਵਿਚੋਂ ਕੁਝ ਕੁ ਦਾ ਹੇਠਾਂ ਵਰਨਣ ਕੀਤਾ ਗਿਆ ਹੈ।

**(i)** **ਮੌਸਮ ਵਿਚ ਤਬਦੀਲੀ** : ਜਦੋਂ ਗਰਮੀਆਂ ਦੀ ਰੁੱਤ ਹੁੰਦੀ ਹੈ ਤਾਂ ਲੋਕ ਠੰਢ ਪਹੁੰਚਾਉਣ ਵਾਲੀਆਂ ਵਸਤੂਆਂ, ਜਿਵੇਂ ਕਿ ਆਈਸ-ਕਰੀਮ, ਲੱਸੀ, ਕੂਲਰ ਆਦਿ ਦੀ ਮੰਗ ਵਧੇਰੇ ਕਰਦੇ ਹਨ ਪਰੰਤੂ ਸਰਦੀਆਂ ਵਿਚ ਗਰਮਾਇਸ਼ ਦੇਣ ਵਾਲੀਆਂ ਵਸਤੂਆਂ, ਜਿਵੇਂ ਕਿ ਚਾਹ, ਕੌਫ਼ੀ ਅਤੇ ਨਾਲ ਹੀ ਗਰਮ ਕੱਪੜਿਆਂ ਦੀ ਮੰਗ ਵਧੇਰੇ ਕਰਦੇ ਹਨ।

**(ii)** ਵਿਅਕਤੀਆਂ ਵਿਚ ਪ੍ਰਚੱਲਿਤ ਫੈਸ਼ਨ, ਰੁਚੀਆਂ, ਸੁਆਦ ਆਦਿ ਵਿਚ ਤਬਦੀਲੀਆਂ ਵੀ ਵਸਤੂ ਦੀ ਮੰਗ ਨੂੰ ਪ੍ਰਭਾਵਿਤ ਕਰਦੀਆਂ ਹਨ, ਜਿਵੇਂ ਕਿ ਜਦੋਂ ਜੀਨ ਪੈਂਟਾਂ ਦਾ ਫੈਸ਼ਨ ਜ਼ਿਆਦਾ ਪ੍ਰਚੱਲਿਤ ਹੁੰਦਾ ਹੈ ਤਾਂ ਲੋਕ ਇਨ੍ਹਾਂ ਪੈਂਟਾਂ ਦੀ ਕੀਮਤ ਵੱਲ ਜ਼ਿਆਦਾ ਧਿਆਨ ਨਾ ਦਿੰਦੇ ਹੋਏ, ਇਨ੍ਹਾਂ ਦੀ ਮੰਗ ਨੂੰ ਵਧਾ ਦਿੰਦੇ ਹਨ।

**(iii)** **ਪੂਰਕ ਅਤੇ ਸਥਾਨਪਤੀ ਵਸਤੂਆਂ ਦੀਆਂ ਕੀਮਤਾਂ** : ਜੇਕਰ ਕਿਸੇ ਸਥਾਨਪਤੀ ਵਸਤੂ ਦੀ ਕੀਮਤ ਬਹੁਤ ਘੱਟ ਜਾਂਦੀ ਹੈ ਤਾਂ ਲੋਕ ਉਸ ਦੀ ਮੰਗ ਜ਼ਿਆਦਾ ਕਰਨਗੇ ਅਤੇ ਪਹਿਲਾਂ ਵਰਤੀ ਜਾਣ ਵਾਲੀ ਵਸਤੂ ਦੀ ਮੰਗ ਘੱਟ ਕਰਨਗੇ, ਭਾਵੇਂ ਉਸ ਦੀ ਕੀਮਤ ਵਿਚ ਕੋਈ ਵਾਧਾ ਵੀ ਨਹੀਂ ਹੋਇਆ। ਉਦਾਹਰਣ ਵਜੋਂ ਜੇ ਕੌਫ਼ੀ ਦੀ ਕੀਮਤ ਬਹੁਤ ਵੱਧ ਜਾਂਦੀ ਹੈ ਤਾਂ ਲੋਕ ਉਸ ਦੀ ਸਥਾਨਪਤੀ ਵਸਤੂ 'ਚਾਹ' ਦੀ ਮੰਗ ਵਧਾ ਦੇਣਗੇ, ਭਾਵੇਂ ਚਾਹ ਦੀ ਕੀਮਤ ਵਿਚ ਕਮੀ ਵੀ ਨਹੀਂ ਆਈ।

**(iv)** **ਭਵਿੱਖੀ ਕੀਮਤਾਂ ਬਾਰੇ ਸ਼ੰਕੇ** : ਜੇਕਰ ਲੋਕਾਂ ਨੂੰ ਕਿਸੇ ਵਸਤੂ ਦੀ ਨੇੜੇ ਦੇ ਭਵਿੱਖ ਵਿਚ ਬਹੁਤ ਜ਼ਿਆਦਾ ਕੀਮਤ ਵਧਣ ਦਾ ਸ਼ੰਕਾ ਪੈਦਾ ਹੋ ਜਾਵੇ ਤਾਂ ਲੋਕ ਉਸ ਵਸਤੂ ਦੀ, ਉਸ ਦੀ ਪ੍ਰਚੱਲਿਤ ਕੀਮਤ ਉਪਰ ਹੀ ਪਹਿਲਾਂ ਨਾਲੋਂ ਵੱਧ ਮੰਗ ਕਰਦੇ ਹਨ ਤਾਂ ਜੋ ਉਹ ਇਸ ਸਮੇਂ ਘੱਟ ਕੀਮਤ ਵਾਲੀ ਵਸਤੂ ਦਾ ਸੰਗ੍ਰਿਹ ਕਰਕੇ ਇਸ ਨੂੰ ਭਵਿੱਖ ਵਿਚ ਮਹਿੰਗੀ ਹੋਣ ਵਾਲੀ ਵਸਤੂ ਦੀ ਥਾਂ ਤੇ ਵਰਤ ਸਕਣ।

**(v)** **ਆਬਾਦੀ ਵਿਚ ਤਬਦੀਲੀ** : ਜੇ ਕਿਸੇ ਦੇਸ਼ ਦੀ ਜਨ-ਸੰਖਿਆ ਵਿਚ ਬਹੁਤ ਹੀ ਤੇਜ਼ੀ ਨਾਲ ਵਾਧਾ ਹੁੰਦਾ ਹੈ ਤਾਂ ਵੀ ਲੋੜੀਂਦੀਆਂ ਵਸਤੂਆਂ ਦੀ ਮੰਗ ਬਹੁਤ ਜਾਂਦੀ ਹੈ।


**(vi)** **ਲੋਕਾਂ ਦੀ ਆਮਦਨ ਵਿਚ ਤਬਦੀਲੀ** : ਜਦੋਂ ਕਿਸੇ ਕਾਰਨ ਲੋਕਾਂ ਦੀ ਆਮਦਨ ਵਿਚ ਵਾਧਾ ਹੋ ਜਾਂਦਾ ਹੈ ਤਾਂ ਵਸਤੂਆਂ ਦੀ ਮੰਗ ਵਿਚ ਵੀ ਵਾਧਾ ਹੋ ਜਾਂਦਾ ਹੈ। ਉਦਾਹਰਣ ਵਜੋਂ ਜਦੋਂ ਉੱਨੀ ਸੌ ਸੱਠ-ਸੱਤਰ ਦੇ ਵਰ੍ਹਿਆਂ ਵਿਚ ਪੰਜਾਬ ਵਿਚ 'ਹਰੀ ਕ੍ਰਾਂਤੀ' ਕਾਰਨ ਲੋਕਾਂ ਦੀ ਆਮਦਨ ਵਿਚ ਬਹੁਤ ਵਾਧਾ ਹੋਇਆ ਤਾਂ ਕਿਸਾਨਾਂ ਨੇ ਕੱਚੇ ਘਰਾਂ ਦੀ ਥਾਂ ਪੱਕੇ ਘਰ ਬਨਾਉਣੇ ਸ਼ੁਰੂ ਕਰ ਦਿੱਤੇ, ਜਿਸ ਨਾਲ ਸੀਮਿੰਟ, ਲੋਹਾ, ਇੱਟਾਂ ਆਦਿ ਦੀ ਮੰਗ ਬਹੁਤ ਵੱਧ ਗਈ।

**(vii)** **ਤਕਨੀਕ ਵਿਚ ਉੱਨਤੀ** : ਪੁਰਾਣੀ ਤਕਨੀਕ ਨਾਲ ਚੱਲਣ ਵਾਲੀਆਂ ਚੀਜ਼ਾਂ ਦੀ ਥਾਂ ਨਵੀਂ ਤਕਨੀਕ ਦੀ ਵਰਤੋਂ ਨਾਲ

ਚੱਲਣ ਵਾਲੀਆਂ ਮਸ਼ੀਨਾਂ ਆਦਿ ਵਧੇਰੇ ਲਾਭਦਾਇਕ ਹੁੰਦੀਆਂ ਹਨ। ਇਸ ਲਈ ਨਵੀਂ ਤਕਨੀਕ ਵਾਲੀਆਂ ਵਸਤੂਆਂ ਦੀ ਮੰਗ ਵੱਧ ਜਾਂਦੀ ਹੈ। ਉਦਾਹਰਣ ਵਜੋਂ ਕੰਪਿਊਟਰ ਦੀ ਆਮਦ ਨਾਲ ਦਫ਼ਤਰਾਂ ਵਿਚ ਕੰਪਿਊਟਰਾਂ ਦੀ ਮੰਗ ਵੱਧ ਗਈ ਪਰੰਤੂ ਟਾਈਪ ਕਰਨ ਵਾਲੀਆਂ ਪਰੰਪਰਾਗਤ ਮਸ਼ੀਨਾਂ ਦੀ ਮੰਗ ਘੱਟ ਗਈ।

## 7. ਮੰਗ ਵਿਚ ਵਾਧਾ ਅਤੇ ਘਾਟਾ (Increase and Decrease in Demand) :

7.1 ਅਸੀਂ ਪਹਿਲਾਂ ਇਸੇ ਪਾਠ ਵਿਚ ਵੇਖਿਆ ਹੈ ਕਿ ਕਿਸੇ ਵਸਤੂ ਦੀ ਮੰਗ ਉਸ ਵਸਤੂ ਦੀ ਕੀਮਤ, ਸੰਬੰਧਤ ਵਸਤੂਆਂ ਦੀਆਂ ਕੀਮਤਾਂ, ਉਪਭੋਗੀ ਦੀ ਆਮਦਨ, ਉਪਭੋਗੀ ਦੀਆਂ ਰੁਚੀਆਂ, ਫੈਸ਼ਨ ਆਦਿ ਉਪਰ ਨਿਰਭਰ ਕਰਦੀ ਹੈ। ਜਦੋਂ ਕੀਮਤ ਸਥਿਰ ਰਹਿਣ ਤੇ ਵਸਤੂ ਦੀ ਮੰਗ ਵਿਚ ਹੋਰ ਕਿਸੇ ਕਾਰਕ/ਕਾਰਕਾਂ ਕਾਰਨ ਸਾਕਾਰਾਤਮਿਕ (Positive) ਤਬਦੀਲੀ ਹੁੰਦੀ ਹੈ ਤਾਂ ਉਸ ਨੂੰ ਮੰਗ ਵਿਚ ਵਾਧਾ (increase) ਕਿਹਾ ਜਾਂਦਾ ਹੈ। ਦੂਸਰੇ ਪਾਸੇ ਜੇ ਮੰਗ ਵਿਚ ਨਾਕਾਰਾਤਮਿਕ (Negative) ਤਬਦੀਲੀ, ਕੀਮਤ ਸਥਿਰ ਰਹਿਣ ਤੇ ਹੋਰਾਂ ਕਾਰਕਾਂ ਕਾਰਨ ਆਉਂਦੀ ਹੈ, ਤਾਂ ਉਸ ਨੂੰ ਮੰਗ ਵਿਚ ਸੰਕੋੜ (decrease) ਕਿਹਾ ਜਾਂਦਾ ਹੈ।




*ਚਿੱਤਰ ਨੰ.: 5*

ਪਰੰਤੂ ਜਦੋਂ ਕੀਮਤ ਵਿਚ ਸਾਕਾਰਾਤਮਿਕ (Positive) ਤਬਦੀਲੀ (ਅਤੇ ਹੋਰ ਕਾਰਕ ਸਥਿਰ ਹੋਣ) ਨਾਲ ਵਸਤੂ ਦੀ ਮੰਗ ਵਿਚ ਸੰਕੋੜ (contraction) ਹੁੰਦਾ ਹੈ। ਇਸੇ ਤਰ੍ਹਾਂ ਜਦੋਂ ਕਿਸੇ ਵਸਤੂ ਦੀ ਕੀਮਤ ਵਿਚ ਨਾਕਾਰਾਤਮਿਕ (Negative) ਤਬਦੀਲੀ ਨਾਲ ਉਸ ਵਸਤੂ ਦੀ ਮੰਗ ਵਿਚ ਸਾਕਾਰਾਤਮਿਕ (Positive) ਤਬਦੀਲੀ ਆਉਂਦੀ ਹੈ ਤਾਂ ਉਸ ਨੂੰ ਮੰਗ ਵਿਚ ਵਿਸਥਾਰ (Extension) ਕਿਹਾ ਜਾਂਦਾ ਹੈ।

ਜਦੋਂ ਕਿਸੇ ਵਸਤੂ ਦੀ ਕੀਮਤ ਸਥਿਰ ਰਹਿਣ ਤੇ ਉਪਭੋਗੀ ਦੀ ਆਮਦਨ ਵਿਚ ਵਾਧਾ ਹੁੰਦਾ ਹੈ ਤਾਂ ਉਪਭੋਗੀ ਉਸ ਵਸਤੂ ਲਈ ਮੰਗ ਵਿਚ ਵੀ ਵਾਧਾ ਕਰਦਾ ਹੈ। ਮੰਗ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ (ਕੀਮਤ ਨੂੰ ਛੱਡ ਕੇ) ਵਿਚ ਤਬਦੀਲੀ ਅਸਲ ਵਿਚ ਸਾਰੀ ਮੰਗ ਅਨੁਸੂਚੀ ਵਿਚ ਹੀ ਹੱਲ-ਚੱਲ ਪੈਦਾ ਕਰ ਦਿੰਦੀ ਹੈ। ਇਸ ਕਰਕੇ ਨਵੀਂ ਮੰਗ ਵਕਰ ਹੋਂਦ ਵਿਚ ਆਉਂਦੀ ਹੈ। ਇਹ ਨਵੀਂ ਮੰਗ ਵਕਰ ਮੰਗ ਵਿਚ ਵਾਧੇ ਜਾਂ ਘਾਟੇ ਅਨੁਸਾਰ ਕ੍ਰਮਵਾਰ ਪੁਰਾਣੀ ਮੰਗ ਵਕਰ ਦੇ ਉਪਰ ਜਾਂ ਨੀਚੇ ਹੋ ਸਕਦੀ ਹੈ। ਚਿੱਤਰ ਨੰ.6 ਵਿਚ DD ਪਹਿਲੀ (original) ਮੰਗ ਵਕਰ ਹੈ। ਜਦੋਂ 'ਹੋਰ ਗੱਲਾਂ ਸਮਾਨ ਰਹਿਣ' ਦੀ ਮਨੌਤ ਸਾਕਾਰਾਤਮਿਕ (Positive) ਤੌਰ ਤੇ ਤਬਦੀਲ ਹੋ ਜਾਂਦੀ ਹੈ, ਜਿਸ

ਉਪਰ ਇਹ DD ਮੰਗ ਵਕਰ ਨਿਰਭਰ ਕਰਦੀ ਹੈ, ਤਾਂ ਫਿਰ ਪਹਿਲੀ ਮੰਗ ਵਕਰ ਦੀ ਥਾਂ ਇਕ ਨਵੀਂ, ਉੱਚੇ ਪੱਧਰ ਦੀ ਮੰਗ ਵਕਰ $D_1D_1$ ਹੋਂਦ ਵਿਚ ਆਉਂਦੀ ਹੈ। ਦੂਸਰੇ ਪਾਸੇ ਜਦੋਂ ਮੰਗ ਨੂੰ ਨਿਰਧਾਰਤ ਕਰਨ ਵਾਲੇ ਕਾਰਕ ਨਾਕਾਰਾਤਮਿਕ ਢੰਗ ਨਾਲ ਮੰਗ ਉਪਰ ਪ੍ਰਭਾਵ ਪਾਉਂਦੇ ਹਨ ਤਾਂ ਇਹ ਨਵੀਂ ਮੰਗ ਵਕਰ $D_2D_2$ ਮੰਗ ਵਕਰ ਦਾ ਰੂਪ ਧਾਰਨ ਕਰ ਲੈਂਦੀ ਹੈ। ਜਦੋਂ X ਵਸਤੂ ਦੀ ਕੀਮਤ OP ਹੁੰਦੀ ਹੈ ਤਾਂ ਵਸਤੂ ਦੀ ਮੰਗ OQ ਹੁੰਦੀ ਹੈ। ਜਦੋਂ ਇਨ੍ਹਾਂ ਕਾਰਕਾਂ ਵਿਚ ਨਾਕਾਰਾਤਮਿਕ ਤਬਦੀਲੀ ਹੋ ਜਾਵੇ ਤਾਂ ਕਾਰਨ ਨਵੀਂ ਮੰਗ ਵਕਰ ਵੀ ਹੇਠਾਂ ਨੂੰ ਖਿਸਕ ਕੇ $D_2D_2$ ਬਣ ਜਾਂਦੀ ਹੈ। ਇਸ ਨੂੰ ਮੰਗ ਵਿਚ ਘਾਟਾ (decrease) ਕਿਹਾ ਜਾਂਦਾ ਹੈ।

**7.2 ਮੰਗ ਵਿਚ ਵਿਸਥਾਰ ਅਤੇ ਸੰਕੋੜ (Extension and Contraction in Demand) :** ਜਦੋਂ ਮੰਗ ਉਪਰ ਪ੍ਰਭਾਵ ਪਾਓਣ ਵਾਲੇ ਕੀਮਤ ਤੋਂ ਬਿਨਾਂ ਹੋਰ ਕਾਰਕਾਂ ਨੂੰ ਸਥਿਰ ਮੰਨਿਆ ਜਾਂਦਾ ਹੈ ਤਾਂ ਇਕ ਵਸਤੂ ਦੀ ਕੀਮਤ ਘਟਣ ਨਾਲ ਉਸ ਦੀ ਮੰਗ ਵਿਚ ਸਾਕਾਰਾਤਮਿਕ ਤਬਦੀਲੀ ਹੁੰਦੀ ਹੈ, ਇਸ ਨੂੰ ਸਾਕਾਰਾਤਮਿਕ (Positive) ਤਬਦੀਲੀ ਕਾਰਨ ਮੰਗ ਵਿਚ ਵਿਸਥਾਰ (Extention) ਕਿਹਾ ਜਾਂਦਾ ਹੈ। ਦੂਸਰੇ ਪਾਸੇ ਜਦੋਂ 'ਹੋਰ ਗੱਲਾਂ ਸਮਾਨ ਰਹਿਣ' ਤੇ ਸਿਰਫ਼ ਵਸਤੂ ਦੀ ਕੀਮਤ ਵਿਚ ਵਾਧੇ ਨਾਲ ਉਸ ਵਸਤੂ ਦੀ ਮੰਗੀ ਗਈ ਮਾਤਰਾ ਵਿਚ ਕਮੀ ਆਉਂਦੀ ਹੈ, ਉਸ ਨੂੰ ਹੀ ਮੰਗ ਵਿਚ ਘਾਟਾ (decrease) ਕਿਹਾ ਜਾਂਦਾ ਹੈ। ਇਸੇ ਪਾਠ ਵਿਚਲੇ ਰੇਖਾ-ਚਿੱਤਰ ਨੰ.1 ਤੋਂ ਸਪੱਸ਼ਟ ਹੁੰਦਾ ਹੈ ਕਿ ਚੀਨੀ ਦੀ ਕੀਮਤ ਘਟਣ ਨਾਲ ਚੀਨੀ ਦੀ ਮੰਗ ਵਿਚ ਵਿਸਥਾਰ ਹੁੰਦਾ ਹੈ ਅਤੇ ਚੀਨੀ ਦੀ ਕੀਮਤ ਵਧਣ ਨਾਲ ਉਸ ਦੀ ਮੰਗੀ ਗਈ ਮਾਤਰਾ ਵਿਚ ਸੰਕੋੜ (contraction) ਆਉਂਦਾ ਹੈ

**8. ਮੰਗ ਦੀ ਲਚਕ (Elasticity of Demand) :**

ਮੰਗ ਦੀ ਲਚਕ ਦੀ ਧਾਰਨਾਂ ਭਾਵੇਂ ਪ੍ਰੋ. ਮਾਰਸ਼ਲ ਵੱਲੋਂ ਦਿੱਤੀ ਗਈ ਮੰਨੀ ਜਾਂਦੀ ਹੈ ਪਰੰਤੂ ਇਸ ਧਾਰਨਾਂ ਬਾਰੇ ਮਾਰਸ਼ਲ ਤੋਂ ਪਹਿਲਾਂ ਵੀ ਦੋ ਅਰਥ-ਸ਼ਾਸਤਰੀਆਂ, ਮਿੱਲ ਅਤੇ ਕੂਰਨੋ ਨੇ ਆਪਣੇ ਵਿਚਾਰ ਪ੍ਰਗਟ ਕੀਤੇ ਸਨ। ਅਸੀਂ ਇਸ ਪਾਠ ਵਿਚ ਪਹਿਲਾਂ ਹੀ ਮੰਗ ਦੇ ਨਿਯਮ ਵਿਚ ਇਹ ਪੜ੍ਹ ਚੁੱਕੇ ਹਾਂ ਕਿ ਕਿਸੇ ਵਸਤੂ ਦੀ ਕੀਮਤ ਘਟਣ ਨਾਲ ਉਸ ਵਸਤੂ ਦੀ ਮੰਡੀ ਵਿਚ ਮੰਗੀ ਗਈ ਮਾਤਰਾ ਵੱਧ ਜਾਂਦੀ ਹੈ ਅਤੇ ਕੀਮਤ ਵਧਣ ਨਾਲ ਵਸਤੂ ਦੀ ਮੰਗੀ ਗਈ ਮਾਤਰਾ ਘੱਟ ਜਾਂਦੀ ਹੈ। ਜਿੱਥੇ 'ਮੰਗ ਦਾ ਨਿਯਮ' ਕੀਮਤ ਵਿਚ ਹੋਣ ਵਾਲੀ ਤਬਦੀਲੀ ਨਾਲ, ਉਸ ਵਸਤੂ ਦੀ ਮੰਗੀ ਗਈ ਮਾਤਰਾ ਵਿਚ ਤਬਦੀਲੀ ਦੀ ਦਿਸ਼ਾ (direction) ਨੂੰ ਦਰਸਾਉਂਦਾ ਹੈ ਉਥੇ ਮੰਗ ਦੀ ਲਚਕ ਕਿਸੇ ਵਸਤੂ ਦੀ ਕੀਮਤ ਵਿਚ ਹੋਈ ਇਕ ਖਾਸ ਪੱਧਰ ਦੀ ਤਬਦੀਲੀ ਨਾਲ ਮੰਗ ਵਿਚ ਕਿਸ ਪੱਧਰ (degree) ਤੇ ਕਿਤਨੀ ਤਬਦੀਲੀ ਆਵੇਗੀ, ਉਸ ਬਾਰੇ ਦੱਸਦਾ ਹੈ। ਜੇ ਕਿਸੇ ਵਸਤੂ ਦੀ ਕੀਮਤ ਪਹਿਲਾਂ ਨਾਲੋਂ ਘੱਟ ਕੇ ਅੱਧੀ ਰਹਿ ਜਾਂਦੀ ਹੈ ਤਾਂ ਕੀ ਵਸਤੂ ਦੀ ਮੰਗੀ ਗਈ ਮਾਤਰਾ ਵਿਚ ਵਾਧਾ ਦੁੱਗਣਾ ਹੋਵੇਗਾ ਜਾਂ ਦੁੱਗਣੇ ਤੋਂ ਘੱਟ। ਇਹ ਗੱਲ ਸਾਨੂੰ ਮੰਗ ਦੀ ਲਚਕ ਤੋਂ ਪਤਾ ਲੱਗੇਗੀ, ਨਾ ਕਿ ਮੰਗ ਦੇ ਨਿਯਮ ਤੋਂ। ਪ੍ਰੋ. ਬੋਲਡਿੰਗ ਅਨੁਸਾਰ, ''ਮੰਗ ਦੀ ਲਚਕ, ਕੀਮਤ ਵਿਚ ਹੋਈ ਤਬਦੀਲੀ ਦੇ ਸਿੱਟੇ ਵਜੋਂ ਵਸਤੂ ਦੀ ਮੰਗੀ ਗਈ ਮਾਤਰਾ ਵਿਚ ਹੋਈ ਤਬਦੀਲੀ ਦਾ ਮਾਪ ਹੈ। ("It measures the responsiveness of quantity demanded due to change in the price" - Boulding).

ਮੰਗ ਦੀ ਕੀਮਤ ਲਚਕ (Price Elasticity of Demand) ਕਿਸੇ ਵਸਤੂ ਦੀ ਕੀਮਤ ਵਿਚ ਹੋਈ ਥੋੜ੍ਹੀ ਜਿਹੀ ਤਬਦੀਲੀ ਕਾਰਨ ਉਸ ਵਸਤੂ ਦੀ ਮੰਗ ਵਿਚ ਹੋਣ ਵਾਲੀ ਤਬਦੀਲੀ ਦਾ ਮਾਪ ਹੁੰਦੀ ਹੈ। ਪ੍ਰੋ. ਮਾਰਸ਼ਲ ਅਨੁਸਾਰ ਮੰਡੀ ਵਿਚ, ਮੰਗ ਦੀ ਲਚਕ ਦਾ ਵੱਧ ਜਾਂ ਘੱਟ ਲਚਕਦਾਰ ਹੋਣਾ ਉਸ ਮੰਡੀ ਵਿਚ ਕਿਸੇ ਵਸਤੂ ਦੀ ਕੀਮਤ ਵਿਚ ਥੋੜ੍ਹੀ ਜਿਹੀ ਕਮੀ ਨਾਲ ਵਸਤੂ ਦੀ ਮੰਗੀ ਗਈ ਮਾਤਰਾ ਵਿਚ ਵਾਧਾ ਬਹੁਤ ਜ਼ਿਆਦਾ ਜਾਂ ਘੱਟ ਹੋਣ ਤੇ ਨਿਰਭਰ ਕਰਦਾ ਹੈ। ("The elasticity (or responsiveness) of demand in a market is greater or small according as the amount demanded increased much or little for a given rise in price". - A Marshall)

ਪ੍ਰਸਿੱਧ ਅਰਥ-ਸ਼ਾਸਤਰੀ ਪ੍ਰੋ. ਕੇਰਨਕਰਾਸ ਅਨੁਸਾਰ ਕਿਸੇ ਵਸਤੂ ਦੀ ਕੀਮਤ ਵਿਚ ਹੋਈ ਤਬਦੀਲੀ ਦੇ ਸਿੱਟੇ ਵਜੋਂ ਉਸ ਵਸਤੂ ਦੀ ਮੰਗ ਵਿਚ ਹੋਈ ਤਬਦੀਲੀ ਦੀ ਦਰ ਦੇ ਮਾਪ ਨੂੰ ਹੀ ਮੰਗ ਦੀ ਲਚਕ ਕਿਹਾ ਜਾਂਦਾ ਹੈ। ("Elasticity of demand is a measure of responsiveness of demand to a change in Price" - Cairncross).

**8.1 ਇਸ ਮੰਗ ਦੀ ਕੀਮਤ ਲਚਕ (Price elasticity of demand)** ਨੂੰ ਅਨੁਪਾਤਕ ਢੰਗ ਨਾਲ ਵੀ ਦਰਸਾਇਆ ਜਾ ਸਕਦਾ ਹੈ :

$$\text{ਮੰਗ ਦੀ ਕੀਮਤ ਲਚਕ} = \frac{\text{ਮੰਗ ਵਿਚ ਅਨੁਪਾਤਕ ਤਬਦੀਲੀ}}{\text{ਕੀਮਤ ਵਿਚ ਅਨੁਪਾਤਕ ਤਬਦੀਲੀ}}$$

$$= \frac{\dfrac{\text{ਮੰਗ ਵਿਚ ਤਬਦੀਲੀ}}{\text{ਮੁੱਢਲੀ ਮੰਗ}}}{\dfrac{\text{ਕੀਮਤ ਵਿਚ ਤਬਦੀਲੀ}}{\text{ਮੁੱਢਲੀ ਕੀਮਤ}}}$$

ਇਸ ਨੂੰ ਹੇਠ ਲਿਖੀ ਸਮੀਕਰਣ ਦੇ ਰੂਪ ਵਿਚ ਵੀ ਲਿਖਿਆ ਜਾ ਸਕਦਾ ਹੈ :

$$ep = \frac{\frac{\Delta q}{q}}{\frac{\Delta p}{p}} = \frac{\Delta q}{q} \times \frac{p}{\Delta p}$$

$$e_p = \frac{\Delta q}{\Delta p} \times \frac{p}{q}$$

ਜਿੱਥੇ,

$\Delta q$ → ਮੰਗ ਵਿਚ ਤਬਦੀਲੀ

$q$ → ਮੁੱਢਲੀ ਮੰਗ

$\Delta p$ → ਕੀਮਤ ਵਿਚ ਤਬਦੀਲੀ

$p$ → ਮੁੱਢਲੀ ਕੀਮਤ

$e_p$ → ਮੰਗ ਦੀ ਕੀਮਤ ਲਚਕ

ਮੰਗ ਦੀ ਲਚਕ ਦੀ ਧਾਰਨਾਂ ਨੂੰ ਸ਼ੁਰੂ ਤੋਂ ਹੀ ਕੇਵਲ ਵਸਤੂ ਦੀ ਕੀਮਤ ਦੇ ਸੰਬੰਧ ਵਿਚ ਘੋਖਿਆ ਗਿਆ, ਜਿਵੇਂ ਕਿ ਉੱਪਰ ਵਰਨਣ ਕੀਤਾ ਗਿਆ ਹੈ। ਇਸ ਨੂੰ ਮੰਗ ਦੀ ਕੀਮਤ ਲਚਕ ਕਿਹਾ ਜਾਂਦਾ ਹੈ।

ਪਰੰਤੂ ਅਰਥ-ਸ਼ਾਸਤਰ ਵਿਚ ਆਧੁਨਿਕ ਸਮੇਂ ਵਿਚ ਮੰਗ ਦੀ ਲਚਕ ਦੀ ਆਮਦਨ ਅਤੇ ਪਰਸਪਰ ਮੰਗ ਦੇ ਸੰਬੰਧ ਵਿਚ ਵੀ ਵਿਆਖਿਆ ਕੀਤੀ ਜਾਂਦੀ ਹੈ।

**8.2 ਮੰਗ ਦੀ ਆਮਦਨ ਲਚਕ (Income Elasticity of Demand) :** ਉਪਭੋਗੀ ਦੀ ਆਮਦਨ ਵਿਚ ਅਨੁਪਾਤਕ ਤਬਦੀਲੀ ਆਉਣ ਨਾਲ ਉਸ ਉਪਭੋਗੀ ਦੁਆਰਾ ਮੰਗੀ ਗਈ ਵਸਤੂ ਦੀ ਮਾਤਰਾ ਵਿਚ ਅਨੁਪਾਤਕ ਤਬਦੀਲੀ ਨੂੰ ਮੰਗ ਦੀ ਆਮਦਨ ਲਚਕ ਕਿਹਾ ਜਾਂਦਾ ਹੈ। (The income elasticity of demand for commodity X may be defined as the ratio of proportionate change in the amount demanded to a given proportionate change in the income of consumers).

$$\text{ਮੰਗ ਦੀ ਆਮਦਨ ਲਚਕ} = \frac{\text{ਵਸਤੂ ਦੀ ਮੰਗੀ ਗਈ ਮਾਤਰਾ ਵਿਚ ਅਨੁਪਾਤਕ ਤਬਦੀਲੀ}}{\text{ਉਪਭੋਗੀ ਦੀ ਆਮਦਨ ਵਿਚ ਅਨੁਪਾਤਕ ਤਬਦੀਲੀ}}$$

$$Ey = \frac{\frac{\Delta q}{q}}{\frac{\Delta y}{y}} = \frac{\Delta q}{q} \times \frac{y}{\Delta y} = \frac{\Delta q}{\Delta y} \times \frac{y}{q}$$

ਜਿੱਥੇ,

$\Delta q$ → ਵਸਤੂ ਦੀ ਮੰਗ ਵਿਚ ਤਬਦੀਲੀ

$q$ → ਵਸਤੂ ਦੀ ਮੁੱਢਲੀ ਮੰਗ

$y$ → ਉਪਭੋਗੀ ਦੀ ਮੁੱਢਲੀ ਆਮਦਨ

$\Delta y$ → ਉਪਭੋਗੀ ਦੀ ਆਮਦਨ ਵਿਚ ਤਬਦੀਲੀ

$Ey$ → ਆਮਦਨ ਦੀ ਮੰਗ ਲਚਕ

ਇਸ ਫਾਰਮੂਲੇ ਨੂੰ ਵਿਵਹਾਰਿਕ ਰੂਪ ਵਿਚ ਲਾਗੂ ਕਰਨ ਨਾਲ ਜੇ ਉੱਤਰ 1 ਆਉਂਦਾ ਤਾਂ ਮੰਗ ਦੀ ਆਮਦਨ ਲਚਕ ਇਕਾਈ ਦੇ ਬਰਾਬਰ ਹੋਵੇਗੀ, ਜੇ ਉੱਤਰ 1 ਤੋਂ ਜ਼ਿਆਦਾ, 1 ਤੋਂ ਘੱਟ ਜਾਂ ਸਿਫਰ ਆਉਂਦਾ ਹੈ ਤਾਂ ਕ੍ਰਮਵਾਰ ਆਮਦਨ ਦੀ ਮੰਗ ਲਚਕ ਵੱਧ ਲਚਕਦਾਰ, ਘੱਟ ਲਚਕਦਾਰ ਜਾਂ ਨਿਰਲਚਕ ਹੋਵੇਗੀ।

**8.3 ਮੰਗ ਦੀ ਸੰਬੰਧਤ (ਪਰਸਪਰ) ਲਚਕ (Cross Elasticity of Demand) :** ਆਪਾਂ ਪਹਿਲਾਂ ਇਸੇ ਅਧਿਆਇ ਵਿਚ ਮੰਗ ਦੇ ਨਿਯਮ ਬਾਰੇ ਵਰਣਨ ਕਰਨ ਲੱਗਿਆਂ ਵੇਖਿਆ ਹੈ ਕਿ ਜਦੋਂ ਕਿਸੇ ਇਕ ਵਸਤੂ ਕੀਮਤ ਵਿਚ ਤਬਦੀਲੀ ਆਉਂਦੀ ਹੈ ਤਾਂ ਸੰਬੰਧਤ ਵਸਤੂ ਦੀ ਮੰਗ ਉਪਰ ਕੀ ਅਸਰ ਪੈਂਦਾ ਹੈ। ਇਥੇ ਅਸੀਂ ਵੇਖਾਂਗੇ ਕਿ ਜਦ ਕਿਸੇ ਵਸਤੂ ਦੀ ਕੀਮਤ ਵਿਚ ਤਬਦੀਲੀ ਆਉਂਦੀ ਹੈ ਤਾਂ ਉਸ ਦੀ ਸੰਬੰਧਤ ਵਸਤੂ ਦੀ ਮੰਗ ਵਿਚ ਕਿਤਨੀ ਤਬਦੀਲੀ ਆਉਂਦੀ ਹੈ। ਸੰਬੰਧਤ ਵਸਤੂਆਂ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ, ਜਿਵੇਂ ਕਿ ਇਸੇ ਪਾਠ ਵਿਚ ਅਸੀਂ ਪਹਿਲਾਂ ਵਰਣਨ ਕਰ ਚੁੱਕੇ ਹਾਂ - ਪੂਰਕ (complementary) ਵਸਤੂਆਂ ਅਤੇ ਸਥਾਨਪਤੀ (substitute) ਵਸਤੂਆਂ। ਮੰਗ ਦੀ ਪਰਸਪਰ (ਆੜੀ) ਲਚਕ ਇਕ ਸੰਬੰਧਤ (Related) ਵਸਤੂ ਦੀ ਕੀਮਤ ਵਿਚ ਸਾਪੇਖਿਕ (Relative) ਤਬਦੀਲੀ ਆਉਣ ਕਾਰਨ ਦੂਸਰੀ ਸੰਬੰਧਤ ਵਸਤੂ ਦੀ ਮੰਗ ਵਿਚ ਆਉਣ ਵਾਲੀ ਸਪੇਖਿਕ ਤਬਦੀਲੀ ਨੂੰ ਮਾਪਦੀ ਹੈ। ਅਸੀਂ ਮੰਨ ਲੈਂਦੇ ਹਾਂ x ਅਤੇ y ਆਪਸ ਵਿਚ ਸੰਬੰਧਤ ਵਸਤੂਆਂ ਹਨ। ਇਨ੍ਹਾਂ ਵਿਚ ਪਰਸਪਰ ਮੰਗ ਦੀ ਲਚਕ ਨੂੰ ਹੇਠਾਂ ਦਿੱਤੇ ਢੰਗ ਨਾਲ ਮਿਣਿਆ ਜਾ ਸਕਦਾ ਹੈ :

$$Ec = \frac{\text{x ਵਸਤੂ ਦੀ ਮੰਗੀ ਗਈ ਮਾਤਰਾ ਵਿਚ ਆਈ ਅਨੁਪਾਤਕ ਤਬਦੀਲੀ}}{\text{y ਵਸਤੂ ਦੀ ਕੀਮਤ ਵਿਚ ਆਈ ਅਨੁਪਾਤਕ ਤਬਦੀਲੀ}}$$

$$= \frac{\frac{\Delta q_x}{q_x}}{\frac{\Delta p_y}{p_y}}$$

$Ec$ = ਮੰਗ ਦੀ ਪਰਸਪਰ ਲਚਕ; $\Delta q_x$ = ਵਸਤੂ x ਦੀ ਮੰਗੀ ਗਈ ਮਾਤਰਾ ਵਿਚ ਤਬਦੀਲੀ;


$q_x$ = ਵਸਤੂ x ਦੀ ਮੰਗੀ ਗਈ ਆਰੰਭਿਕ ਮਾਤਰਾ, $\Delta p_y$ = ਵਸਤੂ y ਦੀ ਕੀਮਤ ਵਿਚ ਤਬਦੀਲੀ;

$p_y$ = ਵਸਤੂ ਦੀ y ਆਰੰਭਿਕ ਕੀਮਤ।

ਪ੍ਰਤੀਸਥਾਪਕ ਵਸਤੂਆਂ, ਜਿਵੇਂ ਕਿ ਚਾਹ ਅਤੇ ਕੌਫ਼ੀ ਵਿਚਕਾਰ ਮੰਗ ਦੀ ਪਰਸਪਰ ਲਚਕ ਧਨਾਤਮਕ (Positive) ਹੁੰਦੀ ਹੈ। ਇਸ ਤੋਂ ਉਲਟ ਪੂਰਕ ਵਸਤੂਆਂ, ਜਿਵੇਂ ਕਿ ਸਕੂਟਰ ਅਤੇ ਪੈਟਰੋਲ ਵਿਚਕਾਰ ਮੰਗ ਦੀ ਪਰਸਪਰ ਲਚਕ ਆਮ ਤੌਰ ਤੇ ਰਿਣਾਤਮਿਕ (Negative) ਹੁੰਦੀ ਹੈ, ਪਰੰਤੂ ਬਹੁਤ ਹੀ ਘੱਟ ਹਾਲਤਾਂ ਵਿਚ ਧਨਾਤਮਕ ਵੀ ਹੋ ਜਾਂਦੀ ਹੈ।

**9. ਮੰਗ ਦੀ ਕੀਮਤ ਲਚਕ ਦੀਆਂ ਕਿਸਮਾਂ (Types of Price Elasticity of Demand) :**


**9.1 ਪੂਰਨ ਲਚਕਦਾਰ ਮੰਗ (Perfectly Elastic Demand) :** ਜਦੋਂ ਕਿਸੇ ਵਸਤੂ ਦੀ ਕੀਮਤ ਥੋੜ੍ਹੀ ਜਿਹੀ ਵਧ ਜਾਵੇ ਅਤੇ ਸਿੱਟੇ ਵਜੋਂ ਉਸ ਵਸਤੂ ਦੀ ਮੰਗ ਸਿਫ਼ਰ ਹੋ ਜਾਵੇ, ਜਾਂ ਫਿਰ ਵਸਤੂ ਦੀ ਕੀਮਤ ਮਾਮੂਲੀ ਜਿਹੀ ਘੱਟਣ ਕਾਰਨ ਉਸ ਦੀ ਮੰਗ ਵਿਚ ਅਸੀਮ (infinite) ਵਾਧਾ ਹੋ ਜਾਵੇ ਤਾਂ ਉਸ ਨੂੰ ਪੂਰਨ ਲਚਕਦਾਰ ਮੰਗ ਕਿਹਾ ਜਾਂਦਾ ਹੈ। (When with the small increase in the price of commodity, the demand for the commodity becomes zero or with the small decrease in the price of a commodity, the demand for it becomes infinite, it is called the perfectly elastic demand).




*ਰੇਖਾ-ਚਿੱਤਰ ਨੰ.6,*

ਰੇਖਾ-ਚਿੱਤਰ ਨੰ. 6 ਤੋਂ ਪਤਾ ਲੱਗਦਾ ਹੈ ਕਿ OP ਕੀਮਤ ਉਪਰ ਉਪਭੋਗੀ ਜਿਤਨੀ ਚਾਹੁੰਣ ਉਤਨੀ ਹੀ ਵਸਤੂ x ਦੀ ਮਾਤਰਾ ਖਰੀਦ ਸਕਦੇ ਹਨ। ਪਰੰਤੂ ਜੇ ਕੀਮਤ OP ਤੋਂ ਵੱਧ ਜਾਂਦੀ ਹੈ ਤਾਂ ਵਸਤੂ x ਦੀ ਕੋਈ ਵੀ ਮਾਤਰਾ ਨਹੀਂ ਖਰੀਦੀ ਜਾਵੇਗੀ ਅਤੇ ਜੇ ਕੀਮਤ OP ਤੋਂ ਘੱਟ ਜਾਂਦੀ ਹੈ ਤਾਂ ਵਸਤੂ x ਦੀ ਮੰਡੀ ਵਿਚ ਬੇਹੱਦ (ਅਸੀਮ) ਮੰਗ ਹੋਵੇਗੀ।


**9.2 ਪੂਰਨ ਨਿਰਲੋਚਕ ਮੰਗ (Perfectly Inelastic Demand) :** ਜਦੋਂ ਮੰਡੀ ਵਿਚ ਕਿਸੇ ਵਸਤੂ ਦੀ ਕੀਮਤ ਵਿਚ ਤਬਦੀਲੀ ਹੋਣ ਨਾਲ ਉਸ ਵਸਤੂ ਦੀ ਮੰਗ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਤਾਂ ਉਸ ਨੂੰ ਪੂਰਨ ਨਿਰਲਚਕ ਮੰਗ ਕਿਹਾ ਜਾਂਦਾ ਹੈ ਜਿਵੇਂ ਕਿ ਚਿੱਤਰ ਨੰ. 7 ਵਿਚ ਵਿਖਾਇਆ ਗਿਆ ਹੈ।




**ਰੇਖਾ ਚਿੱਤਰ ਨ 7**

ਰੇਖਾ-ਚਿੱਤਰ ਨੰ.7 ਤੋਂ ਸਾਫ਼ ਦਿਖਾਈ ਦਿੰਦਾ ਹੈ ਕਿ ਕੀਮਤ OP ਉਪਰ, ਵਸਤੂ ਦੀ ਮੰਗੀ ਗਈ ਮਾਤਰਾ OQ ਹੈ ਅਤੇ ਜਦੋਂ ਕੀਮਤ ਵੱਧ ਕੇ $OP_1$ ਹੋ ਜਾਂਦੀ ਹੈ ਤਾਂ ਵੀ ਵਸਤੂ ਦੀ ਮੰਗੀ ਗਈ ਮਾਤਰਾ OQ ਹੀ ਰਹਿੰਦੀ ਹੈ।


**9.3 ਇਕਾਈ ਤੋਂ ਵੱਧ ਲਚਕਦਾਰ ਮੰਗ (More Elastic Demand) :** ਜਦੋਂ ਕਿਸੇ ਵਸਤੂ ਦੀ ਕੀਮਤ ਥੋੜ੍ਹੀ ਜਿਹੀ ਘੱਟ ਜਾਵੇ ਅਤੇ ਸਿੱਟੇ ਵਜੋਂ ਮੰਗ ਕੀਮਤ ਦੇ ਘਾਟੇ ਦੇ ਮੁਕਾਬਲਤਨ ਬਹੁਤ ਜ਼ਿਆਦਾ ਵੱਧ ਜਾਵੇ, ਜਾਂ ਜਦੋਂ ਕਿਸੇ ਵਸਤੂ ਦੀ ਕੀਮਤ ਵਿਚ ਥੋੜ੍ਹਾ ਜਿਹਾ ਵਾਧਾ ਹੋ ਜਾਣ ਤੇ, ਵਸਤੂ ਦੀ ਕੀਮਤ ਦੇ ਮੁਕਾਬਲਤਨ ਮੰਗ ਵਧੇਰੇ ਘੱਟ ਜਾਵੇ, ਤਾਂ ਅਜਿਹੀ ਮੰਗ ਇਕਾਈ ਤੋਂ ਵਧੇਰੇ ਲਚਕਦਾਰ ਹੁੰਦੀ ਹੈ।




**ਰੇਖਾ ਚਿੱਤ**


ਰੇਖਾ-ਚਿੱਤਰ ਨੰ.8 ਤੋਂ ਸਪੱਸ਼ਟ ਹੈ ਕਿ x ਵਸਤੂ ਦੀ ਕੀਮਤ ਵਿਚ ਜਿਤਨੀ ਕਮੀ (OP ਤੋਂ $OP_1$) ਆਈ ਹੈ ਉਸ ਦੇ ਮੁਕਾਬਲੇ ਵਸਤੂ ਦੀ ਮੰਗੀ ਗਈ ਮਾਤਰਾ ਵਿਚ ਬਹੁਤ ਜ਼ਿਆਦਾ ਵਾਧਾ (OQ ਤੋਂ $OQ_1$) ਹੋਇਆ ਹੈ।

**9.4 ਘੱਟ ਲਚਕਦਾਰ ਮੰਗ (Less Elastic Demand) :** ਜਦੋਂ ਕਿਸੇ ਵਸਤੂ ਦੀ ਕੀਮਤ ਵਿਚ ਕਮੀ ਆਉਣ ਨਾਲ ਉਸ ਵਸਤੂ ਦੀ ਮੰਗ ਵਿਚ ਵਾਧਾ ਕੀਮਤ ਵਿਚ ਕਮੀ ਦੇ ਮੁਕਾਬਲਤਨ ਘੱਟ ਹੋਵੇ ਜਿਵੇਂ ਰੇਖਾ-ਚਿੱਤਰ ਨੰ. 9 ਵਿਚੋਂ ਵੇਖਿਆ ਜਾ ਸਕਦਾ ਹੈ, ਰੇਖਾ-ਚਿੱਤਰ ਵਿਚ ਕੀਮਤ ਵਿਚ ਕਮੀ (P ਤੋਂ $P_1$) ਨਾਲੋਂ ਮੰਗ ਵਿਚ (OQ ਤੋਂ $OQ_1$) ਅਨੁਪਾਤਕ ਵਾਧਾ ਘੱਟ ਹੋਇਆ ਹੈ। (When the change in demand is less than the change in price, it is known as relatively inelastic demand).




ਰਖਾ ਾਚਤਰ ਨ.: 9

**9.5 ਲਚਕਦਾਰ ਮੰਗ (Unit Elastic Demand) :** ਜਦੋਂ ਕਿਸੇ ਵਸਤੂ ਦੀ ਮੰਗ ਵਿਚ ਤਬਦੀਲੀ ਉਸੇ ਅਨੁਪਾਤ ਨਾਲ ਹੁੰਦੀ ਹੈ ਜਿਸ ਨਾਲ ਕਿ ਉਸ ਦੀ ਕੀਮਤ ਵਿਚ ਤਬਦੀਲੀ ਆਉਂਦੀ ਹੈ, ਤਾਂ ਉਸ ਨੂੰ ਲਚਕਦਾਰ ਮੰਗ ਕਿਹਾ ਜਾਂਦਾ ਹੈ। ਰੇਖਾ-ਚਿੱਤਰ ਨੰ.10 ਵਿਚੋਂ ਸਾਫ਼ ਨਜ਼ਰ ਆਉਂਦਾ ਹੈ ਕਿ ਵਸਤੂ ਦੀ ਕੀਮਤ ਵਿਚ ਘਾਟਾ (OP ਤੋਂ $OP_1$) ਵਸਤੂ ਦੀ ਮੰਗੀ ਗਈ ਮਾਤਰਾ ਵਿਚ ਵਾਧੇ (OQ ਤੋਂ $OQ_1$) ਦੇ ਬਰਾਬਰ ਹੈ। ਇਸ ਨੂੰ ਹੀ ਇਕਾਈ ਦੇ ਬਰਾਬਰ ਵਾਲੀ ਮੰਗ, ਜਾਂ ਲਚਕਦਾਰ ਮੰਗ ਕਿਹਾ ਜਾਂਦਾ ਹੈ। (When the change in demand is equal to the change in price, it is called unit elastic demand).




ਵਸਤੂ ਦੀ ਮੰਗੀ ਗਈ ਮਾਤਰਾ

ਰੇਖਾ ਚਿੱਤਰ ਨੰ.10

**10. ਮੰਗ ਦੀ ਲਚਕ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ (Factors Affecting Elasticity of Demand) :**

ਇਸ ਪਾਠ ਵਿਚ ਅਸੀਂ ਪੜ੍ਹ ਚੁੱਕੇ ਹਾਂ ਕਿ ਵੱਖ-ਵੱਖ ਵਸਤਾਂ ਦੀ ਮੰਗ ਦੀ ਲਚਕ ਵੱਖ-ਵੱਖ ਹੁੰਦੀ ਹੈ। ਉਦਾਹਰਣ ਵਜੋਂ ਬਜ਼ਾਰ

ਵਿਚ ਕੀਮਤਾਂ ਘਟਣ ਤੇ ਕੁਝ ਵਸਤੂਆਂ ਦੀ ਮੰਗ ਬਹੁਤ ਵੱਧ ਜਾਂਦੀ ਹੈ ਅਤੇ ਕੁਝ ਵਸਤੂਆਂ ਦੀ ਮੰਗ ਬਹੁਤ ਘੱਟ ਵਧਦੀ ਹੈ। ਵਸਤੂਆਂ ਦੀ ਮੰਗ ਲਚਕ ਵਿਚ ਇਸ ਅੰਤਰ ਦੇ ਕੀ ਕਾਰਨ ਹਨ ਭਾਵ ਮੰਗ ਦੀ ਲਚਕ ਨੂੰ ਕਿਹੜੇ-ਕਿਹੜੇ ਤੱਤ ਪ੍ਰਭਾਵਿਤ (ਨਿਰਧਾਰਤ) ਕਰਦੇ ਹਨ। ਅਜਿਹੇ ਕੁਝ ਕੁ ਮਹੱਤਵਪੂਰਣ ਤੱਤਾਂ ਨੂੰ ਅਸੀਂ ਹੇਠਾਂ ਵਿਚਾਰਾਂਗੇ।

10.1 **ਸਥਾਨਪਤੀ (Substitutes) ਵਸਤੂਆਂ ਦੀ ਹੋਂਦ** : ਜਦੋਂ ਕਿਸੇ ਵਸਤੂ ਦੀਆਂ ਸਥਾਨਪਤੀ ਵਸਤੂਆਂ ਦੀ ਗਿਣਤੀ ਵਧੇਰੇ ਹੁੰਦੀ ਹੈ ਤਾਂ ਉਸ ਵਸਤੂ ਪ੍ਰਤੀ ਮੰਗ ਦੀ ਲਚਕ ਵੱਧ ਲਚਕਦਾਰ ਹੈ। ਉਦਾਹਰਣ ਵਜੋਂ ਜੇ ਨਹਾਉਣ ਵਾਲੇ ਸਾਬਣ ਲਕਸ਼ ਦੀ ਕੀਮਤ ਘੱਟ ਜਾਂਦੀ ਹੈ ਤਾਂ ਮੰਗ ਬਹੁਤ ਵੱਧ ਜਾਵੇਗੀ ਕਿਉਂਕਿ ਲੋਕ ਰੈਕਸ਼ੋਨਾ, ਲਾਈਫਬਾਏ, ਹਮਾਮ, ਜੈ, ਪੀਅਰਜ਼ ਆਦਿ ਸਾਬਣਾਂ ਦੀ ਥਾਂ ਲਕਸ਼ ਸਾਬਣ ਦੀ ਮੰਗ ਵਧੇਰੇ ਕਰਨਗੇ। ਪਰੰਤੂ ਜੇ ਕਿਸੇ ਵਸਤੂ ਦੀਆਂ ਸਥਾਪਨਪਤੀ ਵਸਤੂਆਂ ਘੱਟ ਹਨ ਤਾਂ ਉਸ ਦੀ ਕੀਮਤ ਵਿਚ ਤਬਦੀਲੀ ਆਉਣ ਨਾਲ ਉਸ ਦੀ ਮੰਗ ਵਿਚ ਵੀ ਬਹੁਤੀ ਤਬਦੀਲੀ ਨਹੀਂ ਆਵੇਗੀ। ਉਦਾਹਰਣ ਵਜੋਂ ਅਸੀਂ ਵੇਖਦੇ ਹਾਂ ਕਿ ਸਾਡੇ ਦੇਸ਼ ਵਿਚ ਮੁੱਖ ਤੌਰ ਤੇ ਚਾਹ ਦੀ ਸਥਾਨਪਤੀ ਵਸਤੂ ਕੌਫ਼ੀ ਹੀ ਹੈ। ਜੇ ਚਾਹ ਦੀ ਕੀਮਤ ਘੱਟ ਜਾਵੇ ਤਾਂ ਉਸ ਦੀ ਖਰੀਦ ਵਧੇਗੀ, ਪਰ ਬਹੁਤੀ ਨਹੀਂ, ਕਿਉਂਕਿ ਉਸ ਦੀ ਸਥਾਨਪਤੀ ਕੌਫ਼ੀ, ਤੋਂ ਵੱਡੇ ਪੱਧਰ ਤੇ ਉਪਭੋਗੀ ਕੌਫ਼ੀ ਪੀਣ ਦੀ ਆਦਤ ਛੱਡ ਕੇ ਚਾਹ ਵੱਲ ਨਹੀਂ ਆਉਣਗੇ। ਭਾਵੇਂ ਕੁਝ ਲੋਕ ਜ਼ਰੂਰ ਕੌਫ਼ੀ ਦੀ ਸਥਾਨਪਤੀ, ਚਾਹ ਦਾ ਸੇਵਨ ਵਧਾਉਣਗੇ।

10.2 ਜਿਹੜੀਆਂ ਵਸਤੂਆਂ ਸਾਡੇ ਜੀਵਨ ਲਈ ਅਤਿ ਜ਼ਰੂਰੀ (necessities) ਹਨ, ਜਿਵੇਂ ਕਿ ਜਿਉਂਦੇ ਰਹਿਣ ਲਈ ਕਣਕ, ਚਾਵਲ ਆਦਿ ਉਨ੍ਹਾਂ ਦੀ ਮੰਗ ਦੀ ਲਚਕ ਘੱਟ ਲਚਕਦਾਰ ਹੁੰਦੀ ਹੈ। ਕਿਉਂਕਿ ਭਾਵੇਂ ਕੀਮਤ ਘੱਟ ਹੀ ਜਾਵੇ, ਤਾਂ ਵੀ ਲੋਕ ਆਪਣੀ ਭੁੱਖ ਬੁਝਾਉਣ ਲਈ ਲੋੜੀਂਦੀ ਵਸਤੂ ਤੋਂ ਵੱਧ ਇਨ੍ਹਾਂ ਵਸਤੂਆਂ ਦੀ ਮੰਗ ਨਹੀਂ ਕਰਨਗੇ। ਦੂਸਰੇ ਪਾਸੇ ਐਸ਼ੋ-ਆਰਾਮ (Luxuries) ਦੀਆਂ ਵਸਤੂਆਂ ਦੀ ਮੰਗ ਦੀ ਲਚਕ ਬਹੁਤ ਹੀ ਲਚਕਦਾਰ ਹੁੰਦੀ ਹੈ ਕਿਉਂਕਿ ਲੋਕ ਉਨ੍ਹਾਂ ਦੀ ਕੀਮਤ ਘਟਣ ਤੇ ਉਨ੍ਹਾਂ ਦਾ ਅਨੰਦ (enjoy) ਮਾਣਨ ਲਈ ਉਨ੍ਹਾਂ ਵਸਤਾਂ ਦੀ ਇਕਦਮ ਮੰਗ ਵਧਾ ਦਿੰਦੇ ਹਨ। ਪਰੰਤੂ ਬਹੁਤ ਹੀ ਮਹਿੰਗੀਆਂ ਵਸਤੂਆਂ ਜਿਵੇਂ ਕਿ ਹੀਰੇ-ਜਵਾਹਰਾਤ, ਜਿਨ੍ਹਾਂ ਨੂੰ ਕਿ ਬਹੁਤ ਹੀ ਅਮੀਰ ਲੋਕ ਖਰੀਦਦੇ ਹਨ, ਦੀ ਮੰਗ ਘੱਟ ਲਚਕਦਾਰ ਹੁੰਦੀ ਹੈ। ਕਿਉਂਕਿ ਇਨ੍ਹਾਂ ਵਸਤੂਆਂ ਦੀ ਕੀਮਤ ਘੱਟ ਵੀ ਜਾਵੇ ਤਾਂ ਵੀ ਉਨ੍ਹਾਂ ਨੂੰ ਖਰੀਦਣ ਵਾਲੇ ਬਹੁਤ ਥੋੜ੍ਹੇ ਅਮੀਰ ਲੋਕ ਹਨ। ਭਾਵ ਵੱਡੇ ਪੱਧਰ ਤੇ ਲੋਕ ਇਨ੍ਹਾਂ ਬਹੁਤ ਹੀ ਮਹਿੰਗੀਆਂ ਵਸਤੂਆਂ ਨੂੰ ਖਰੀਦਣ ਲਈ ਮੰਡੀ ਵਿਚ ਨਹੀਂ ਅਤੇ ਇਸ ਕਰਕੇ ਇਨ੍ਹਾਂ ਅਤਿ ਕੀਮਤੀ ਵਸਤੂਆਂ ਦੀ ਮੰਗ ਦੀ ਲਚਕ ਘੱਟ ਲਚਕਦਾਰ ਹੁੰਦੀ ਹੈ।

10.3 ਕੀਮਤ ਮੰਗ ਲਚਕ ਥੋੜ੍ਹੇ ਸਮੇਂ ਵਿਚ ਆਮ ਤੌਰ ਤੇ ਲੰਮੇ ਸਮੇਂ ਦੇ ਮੁਕਾਬਲੇ ਘੱਟ ਲਚਕਦਾਰ ਹੁੰਦੀ ਹੈ। ਇਹ ਇਸ ਕਰਕੇ ਹੁੰਦਾ ਹੈ ਕਿ ਕੁਝ ਲੋਕਾਂ ਨੂੰ ਕਿਸੇ ਵਸਤੂ ਨੂੰ ਵਰਤਣ ਦੀ ਆਦਤ ਪੈ ਜਾਂਦੀ ਹੈ। ਥੋੜ੍ਹੇ ਸਮੇਂ ਵਿਚ ਵਿਅਕਤੀ ਆਪਣੀ ਆਦਤ ਕਾਰਨ ਉਸੇ ਚੀਜ਼ ਨੂੰ ਵਰਤਦਾ ਹੈ ਭਾਵੇਂ ਉਸ ਦੀ ਕੀਮਤ ਵਿਚ ਕੁਝ ਵਾਧਾ ਵੀ ਆ ਜਾਵੇ। ਪਰੰਤੂ ਲੰਮੇ ਸਮੇਂ ਵਿਚ ਅਗਰ ਕਿਸੇ ਵਸਤੂ ਦੀ ਕੀਮਤ ਉੱਚੇ ਪੱਧਰ ਤੇ ਰਹਿੰਦੀ ਹੈ ਤਾਂ ਉਪਭੋਗੀ ਨੂੰ ਹੌਲੀ-ਹੌਲੀ ਆਪਣੀ ਆਦਤ ਬਦਲਣ ਦਾ ਸਮਾਂ ਵੀ ਮਿਲ ਜਾਂਦਾ ਹੈ ਅਤੇ ਵਧੀ ਹੋਈ ਕੀਮਤ ਵਾਲੀ ਵਸਤੂ ਛੱਡ ਕੇ, ਉਹ ਉਸ ਦੀ ਸਸਤੀ ਪ੍ਰਤੀਸਥਾਪਨ (substitute) ਵਾਲੀ ਵਸਤੂ ਦੀ ਮੰਗ ਵਧਾ ਦਿੰਦਾ ਹੈ। ਇਸ ਲੰਮੇਂ ਸਮੇਂ ਵਿਚ ਕੀਮਤ ਲਚਕ ਥੋੜ੍ਹੇ ਸਮੇਂ ਦੇ ਮੁਕਾਬਲੇ ਵੱਧ ਲਚਕਦਾਰ ਹੁੰਦੀ ਹੈ।

10.4 **ਤਕਨੀਕੀ ਵਿਕਾਸ** : ਸਮੇਂ ਦੇ ਬੀਤਣ ਨਾਲ ਤਕਨੀਕੀ ਵਿਕਾਸ ਕਾਰਨ ਕਈ ਨਵੀਆਂ ਵਸਤੂਆਂ ਮੰਡੀ ਵਿਚ ਆ ਜਾਂਦੀਆਂ ਹਨ। ਇਹ ਨਵੀਆਂ ਵਸਤੂਆਂ ਤਕਨੀਕੀ ਤੌਰ ਤੇ ਵਧੀਆ ਹੋਣ ਕਰਕੇ ਲੋਕ ਇਨ੍ਹਾਂ ਦੀ ਵਧੇਰੇ ਮੰਗ ਕਰਦੇ ਹਨ, ਭਾਵੇਂ ਇਨ੍ਹਾਂ ਦੀ ਕੀਮਤ ਪੁਰਾਣੀ ਸਥਾਨਪਤੀ (substitute) ਵਸਤੂ ਦੇ ਮੁਕਾਬਲੇ ਵੱਧ ਵੀ ਹੋਵੇ। ਉਦਾਹਰਣ ਵਜੋਂ ਕੰਪਿਊਟਰ ਦੀ ਕਾਢ ਨਾਲ ਪੁਰਾਣੀ ਟਾਈਪ ਕਰਨ ਵਾਲੀ ਮਸ਼ੀਨ ਦੀ ਮੰਗ ਘੱਟ ਗਈ ਹੈ ਅਤੇ ਕੰਪਿਊਟਰਾਂ ਦੀ ਮੰਗ ਵੱਧ ਗਈ ਹੈ। ਸੋ ਭਾਵੇਂ ਪੁਰਾਣੀ ਤਰ੍ਹਾਂ ਦੀ ਟਾਈਪ ਮਸ਼ੀਨ ਦੀ ਕੀਮਤ ਘੱਟ ਵੀ ਜਾਵੇ, ਤਾਂ ਵੀ ਲੋਕ ਉਸ ਦੀ ਮੰਗ ਬਹੁਤ ਹੀ ਘੱਟ ਵਧਾਉਣਗੇ। ਸੋ ਇਸ ਤਰ੍ਹਾਂ ਇਸ ਪੁਰਾਣੀ ਟਾਈਪ ਕਰਨ ਵਾਲੀ ਮਸ਼ੀਨ ਦੀ ਮੰਗ ਦੀ ਲਚਕ ਘੱਟ ਲਚਕਦਾਰ ਹੋਵੇਗੀ।

10.5 **ਬਹੁ-ਉਪਯੋਗੀ ਵਸਤੂ** : ਜਿਸ ਵਸਤੂ ਨੂੰ ਇਕ ਤੋਂ ਜ਼ਿਆਦਾ ਕੰਮਾਂ ਲਈ ਵਰਤਿਆ ਜਾ ਸਕੇ ਉਸ ਦੀ ਮੰਗ ਦੀ ਲਚਕ ਵਧੇਰੇ ਲਚਕਦਾਰ ਹੈ। ਜੇ ਅਜਿਹੀ ਵਸਤੂ ਦੀ ਕੀਮਤ ਵਿਚ ਕਮੀ ਆਉਂਦੀ ਹੈ ਤਾਂ ਲੋਕ ਉਸ ਦੀ ਵਧੇਰੇ ਮੰਗ ਕਰਦੇ ਹਨ ਕਿਉਂਕਿ ਉਸ ਵਸਤੂ ਨੂੰ ਇਕ ਤੋਂ ਵੱਧ ਕੰਮਾਂ ਲਈ ਵਰਤਿਆ ਜਾ ਸਕਦਾ ਹੈ। ਉਦਾਹਰਣ ਵਜੋਂ ਕੰਪਿਊਟਰ ਨੂੰ ਟਾਈਪ ਕਰਨ ਲਈ,

ਨਵੀਂ ਖੋਜ ਕਰਨ ਖਾਤਰ ਅੰਕੜਿਆਂ ਦੇ ਵਿਸ਼ਲੇਸ਼ਣ ਲਈ, ਦੁਕਾਨਦਾਰਾਂ ਦੁਆਰਾ ਵੱਖ-ਵੱਖ ਵਸਤੂਆਂ ਦੀਆਂ ਕੀਮਤਾਂ ਜੋੜ ਕੇ ਬਿਲ ਬਨਾਉਣ ਲਈ, ਸਰਕਾਰੀ ਮਹਿਕਮਿਆਂ ਵਿਚ ਪ੍ਰਬੰਧ ਆਦਿ ਲਈ ਵਰਤਿਆ ਜਾ ਸਕਦਾ ਹੈ। ਸੋ ਜਦੋਂ ਕੰਪਿਊਟਰ ਦੀ ਕੀਮਤ ਵਿਚ ਥੋੜ੍ਹੀ ਕਮੀ ਆਉਂਦੀ ਹੈ ਤਾਂ ਲੋਕ ਵੱਖ-ਵੱਖ ਉਪਯੋਗਾਂ ਲਈ ਕੰਪਿਊਟਰ ਦੀ ਮੰਗ ਬਹੁਤ ਵਧਾ ਦਿੰਦੇ ਹਨ।

10.6 **ਅਨੁਪਾਤਕ ਖਰਚ** : ਜੇ ਕਿਸੇ ਵਸਤੂ ਉਪਰ ਉਪਭੋਗੀ ਦਾ ਖਰਚ ਉਸ ਦੀ ਕੁੱਲ ਆਮਦਨ ਦਾ ਬਹੁਤ ਹੀ ਘੱਟ (ਨਿਗੂਣਾ) ਭਾਗ ਖਰਚ ਹੁੰਦਾ ਹੈ ਤਾਂ ਉਸ ਦੀ ਮੰਗ ਦੀ ਲਚਕ ਘੱਟ ਲਚਕਦਾਰ ਹੋਵੇਗੀ। ਉਦਾਹਰਣ ਵਜੋਂ ਇਕ ਉਪਭੋਗੀ ਦੇ ਕੁੱਲ ਪਰਿਵਾਰਕ ਖਰਚੇ ਦਾ ਨਮਕ ਤੇ ਬਹੁਤ ਹੀ ਘੱਟ (ਨਿਗੂਣਾ) ਅਨੁਪਾਤ ਖਰਚ ਹੁੰਦਾ ਹੈ। ਜੇਕਰ ਨਮਕ ਦੀ ਕੀਮਤ ਵੱਧ ਵੀ ਜਾਂਦੀ ਹੈ ਤਾਂ ਵੀ ਉਪਭੋਗੀ ਨਮਕ ਦੀ ਮੰਗ ਘੱਟ ਨਹੀਂ ਕਰੇਗਾ।

10.7 **ਸਥੱਗਤ ਕੀਤਾ ਜਾਣ ਵਾਲਾ ਉਪਭੋਗ (Deferred Consumption) :** ਉਹ ਵਸਤੂਆਂ ਜਿਨ੍ਹਾਂ ਦੇ ਉਪਭੋਗ ਨੂੰ ਵਰਤਮਾਨ ਤੋਂ ਭਵਿੱਖ ਦੇ ਸਮੇਂ ਤੱਕ ਟਾਲਿਆ (ਸਥੱਗਤ) ਕੀਤਾ ਜਾ ਸਕਦਾ ਹੈ, ਦੀ ਮੰਗ ਦੀ ਲਚਕ ਵਧੇਰੇ ਲਚਕਦਾਰ ਹੁੰਦੀ ਹੈ। ਇਹ ਅਕਸਰ ਹੰਢਣਸਾਰ (Durable) ਵਸਤੂਆਂ ਦੇ ਸੰਬੰਧ ਵਿਚ ਹੁੰਦਾ ਹੈ, ਜਿਵੇਂ ਕਿ ਸਕੂਟਰ, ਕਾਰ, ਪੱਖਾ, ਸਾਈਕਲ, ਟੈਲੀਵਿਜ਼ਨ ਆਦਿ। ਇਨ੍ਹਾਂ ਹੰਢਣਸਾਰ ਵਸਤੂਆਂ ਵਿਚੋਂ ਜੇ ਕਿਸੇ ਚੀਜ਼ ਦੀ ਕੀਮਤ ਵੱਧ ਜਾਂਦੀ ਹੈ ਤਾਂ ਲੋਕ ਇਸ ਵਸਤੂ ਦੇ ਉਪਭੋਗ ਨੂੰ ਵਰਤਮਾਨ ਤੋਂ ਭਵਿੱਖ ਲਈ ਟਾਲ (ਸਥੱਗਤ) ਕਰ ਦਿੰਦੇ ਹਨ। ਪਰੰਤੂ ਜੇ ਇਨ੍ਹਾਂ ਵਿਚੋਂ ਕਿਸੇ ਵਸਤੂ ਦੀ ਕੀਮਤ ਘਟਦੀ ਹੈ ਤਾਂ ਲੋਕ ਇਕਦਮ ਇਸ ਵਸਤੂ ਦੀ ਮੰਗ ਵਧਾ ਦਿੰਦੇ ਹਨ ਅਤੇ ਮੰਗ ਦੀ ਕੀਮਕ ਲਚਕ ਵਧੇਰੇ ਲਚਕਦਾਰ ਭਾਵ ਇਕਾਈ ਤੋਂ ਵੱਧ ਹੋ ਜਾਂਦੀ ਹੈ।

10.8 **ਕੀਮਤਾਂ ਦਾ ਪੱਧਰ (Level of Prices) :** ਮੰਗ ਦੀ ਲਚਕ ਨੂੰ ਵਸਤੂ ਦਾ ਕੀਮਤ ਪੱਧਰ ਵੀ ਨਿਰਧਾਰਤ ਕਰਦਾ ਹੈ। ਇਹ ਨੁਕਤਾ ਭਾਵੇਂ ਆਪਾਂ ਪਹਿਲਾਂ ਐਸ਼ੋ-ਅਰਾਮ (Luxurious) ਵਸਤੂਆਂ ਦੇ ਸੰਬੰਧ ਵਿਚ ਵਿਚਾਰਿਆ ਸੀ ਪਰੰਤੂ ਹੁਣ ਅਸੀਂ ਲਗਭਗ ਹਰ ਕਿਸਮ ਦੀ ਵਸਤੂ ਦੀ ਮੰਗ ਦੀ ਲਚਕ ਬਾਰੇ ਗੱਲ ਕਰਦੇ ਹਾਂ। ਜੇ ਵਸਤੂਆਂ ਦੀ ਕੀਮਤ ਦਾ ਪੱਧਰ ਬਹੁਤ ਉੱਚਾ ਹੁੰਦਾ ਹੈ ਤਾਂ ਉਨ੍ਹਾਂ ਦੀ ਮੰਗ ਦੀ ਲਚਕ ਜ਼ਿਆਦਾ ਲਚਕਦਾਰ ਹੁੰਦੀ ਹੈ। ਇਸ ਦੇ ਉਲਟ ਜੇ ਵਸਤੂਆਂ ਦਾ ਕੀਮਤ ਪੱਧਰ ਨੀਵਾਂ ਹੈ ਤਾਂ ਉਨ੍ਹਾਂ ਦੀ ਮੰਗ ਘੱਟ ਲਚਕਦਾਰ ਹੁੰਦੀ ਹੈ ਕਿਉਂਕਿ ਕੀਮਤ ਦੇ ਇਸ ਬਹੁਤ ਨੀਵੇਂ ਪੱਧਰ ਤੇ ਉਪਭੋਗੀ ਪਹਿਲਾਂ ਹੀ ਵਧੇਰੇ ਹੱਦ ਤੱਕ ਆਪਣੀਆਂ ਲੋੜਾਂ ਅਨੁਸਾਰ ਵਸਤੂ ਦਾ ਉਪਭੋਗ ਕਰ ਰਹੇ ਹੁੰਦੇ ਹਨ ਅਤੇ ਨਾਲ ਹੀ ਵਸਤੂਆਂ ਕਾਫ਼ੀ ਸਸਤੀਆਂ ਹੋਣ ਕਾਰਨ ਉਨ੍ਹਾਂ ਦੇ ਕੁੱਲ ਖਰਚ ਤੇ ਆਮ ਤੌਰ ਤੇ ਜ਼ਿਆਦਾ ਬੋਝ ਨਹੀਂ ਪੈਂਦਾ। ਇਸ ਲਈ ਕੀਮਤ ਘੱਟਣ ਤੇ ਲੋਕ ਇਨ੍ਹਾਂ ਵਸਤੂਆਂ ਦੀ ਮੰਗੀ ਗਈ ਮਾਤਰਾ ਵਿਚ ਬਹੁਤ ਵਾਧਾ ਨਹੀਂ ਕਰਦੇ।

## 11. ਮੰਗ ਦੀ ਲਚਕ ਦਾ ਮਾਪ (Measurement of Elasticity of Demand) :

ਮੰਗ ਦੀ ਲਚਕ ਨੂੰ ਮਾਪਣ ਦੇ ਚਾਰ ਮੁੱਖ ਢੰਗ (ਵਿਧੀਆਂ) ਹਨ। ਇਹ ਹਨ; ਪ੍ਰਤਿਸ਼ਤ ਵਿਧੀ, ਕੁੱਲ ਖਰਚ ਵਿਧੀ, ਬਿੰਦੂ ਵਿਧੀ ਅਤੇ ਚਾਪ ਵਿਧੀ।

**11.1 ਪ੍ਰਤਿਸ਼ਤ ਵਿਧੀ (Percentage Method) :** ਜਦੋਂ ਕਿਸੇ ਵਸਤੂ ਦੀ ਕੀਮਤ ਵਿਚ ਇਕ ਖਾਸ ਪ੍ਰਤਿਸ਼ਤ ਤੱਕ ਤਬਦੀਲੀ ਹੋਣ ਕਾਰਨ ਉਸ ਵਸਤੂ ਦੀ ਮੰਗੀ ਗਈ ਮਾਤਰਾ ਵਿਚ ਕਿਤਨੀ ਪ੍ਰਤਿਸ਼ਤ ਤਬਦੀਲੀ ਆਉਂਦੀ ਹੈ, ਨੂੰ ਮੰਗ ਦੀ ਲਚਕ ਦੀ ਮਾਪ ਦੀ ਪ੍ਰਤਿਸ਼ਤ ਵਿਧੀ (ਢੰਗ) ਕਿਹਾ ਜਾਂਦਾ ਹੈ।

$$\text{ਕੀਮਤ ਲਚਕ } (e_p) = \frac{\text{ਵਸਤੂ ਦੀ ਮੰਗੀ ਗਈ ਮਾਤਰਾ ਵਿਚ ਪ੍ਰਤਿਸ਼ਤ ਤਬਦੀਲੀ}}{\text{ਵਸਤੂ ਦੀ ਕੀਮਤ ਵਿਚ ਤਬਦੀਲੀ}}$$

$$= \frac{\dfrac{\text{ਵਸਤੂ ਦੀ ਮੰਗੀ ਗਈ ਮਾਤਰਾ ਵਿਚ ਤਬਦੀਲੀ}}{\text{ਮੁੱਢਲੀ ਮੰਗੀ ਗਈ ਮਾਤਰਾ}}}{\dfrac{\text{ਵਸਤੂ ਦੀ ਕੀਮਤ ਵਿਚ ਤਬਦੀਲੀ}}{\text{ਮੁੱਢਲੀ ਕੀਮਤ}}}$$

$$ep = \frac{\frac{\Delta q}{q}}{\frac{\Delta p}{p}} = \frac{\Delta q}{q} \times \frac{p}{\Delta p} = \frac{\Delta q}{\Delta p} \times \frac{p}{q}$$

ਜਿੱਥੇ, $\Delta q$ → ਵਸਤੂ ਦੀ ਮੰਗੀ ਗਈ ਮਾਤਰਾ ਵਿਚ ਤਬਦੀਲੀ

$q$ → ਵਸਤੂ ਦੀ ਮੁੱਢਲੀ ਮੰਗੀ ਗਈ ਮਾਤਰਾ

$\Delta p$ → ਵਸਤੂ ਦੀ ਕੀਮਤ ਵਿਚ ਤਬਦੀਲੀ

$p$ → ਵਸਤੂ ਦੀ ਮੁਢਲੀ (ਪਹਿਲੀ) ਕੀਮਤ

$ep$ → ਕੀਮਤ ਲਚਕ

ਇਸ ਫਾਰਮੂਲੇ ਰਾਹੀਂ ਜੇ ਉੱਤਰ 1 ਆਵੇ ਤਾਂ ਮੰਗ ਦੀ ਲਚਕ ਇਕਾਈ ਦੇ ਬਰਾਬਰ ਹੋਵੇਗੀ। ਜੇ ਉੱਤਰ ਇਕ ਤੋਂ ਵੱਧ ਆਵੇ, ਮੰਗ ਦੀ ਲਚਕ ਇਕਾਈ ਤੋਂ ਵੱਧ, ਭਾਵ ਵੱਧ ਲਚਕਦਾਰ ਹੋਵੇਗੀ।

ਜੇ ਉੱਤਰ ਇਕ ਤੋਂ ਘੱਟ ਆਵੇ ਤਾਂ ਮੰਗ ਦੀ ਲਚਕ ਘੱਟ ਲਚਕਦਾਰ ਹੋਵੇਗੀ, ਭਾਵ ਇਕਾਈ ਤੋਂ ਘੱਟ ਹੋਵੇਗੀ।

11.2 **ਕੁੱਲ ਖਰਚ ਵਿਧੀ (Total Outlay Method) :** ਪ੍ਰੋ. ਮਾਰਸ਼ਲ ਨੇ ਮੰਗ ਦੀ ਲਚਕ ਨੂੰ ਮਾਪਣ ਲਈ ਕੁੱਲ ਖਰਚ ਵਿਧੀ ਦਿੱਤੀ ਸੀ। ਖਰੀਦਦਾਰ ਦੁਆਰਾ ਕਿਸੇ ਵਸਤੂ ਦੀ ਕੀਮਤ ਵਿਚ ਤਬਦੀਲੀ ਆਉਣ ਤੋਂ ਪਹਿਲਾਂ ਕੀਤੇ ਕੁੱਲ ਖਰਚ ਅਤੇ ਕੀਮਤ ਵਿਚ ਤਬਦੀਲੀ ਤੋਂ ਬਾਅਦ ਵਸਤੂ ਦੀ ਖਰੀਦ ਉਪਰ ਕੀਤੇ ਕੁੱਲ ਖਰਚ ਦੇ ਅੰਤਰ ਰਾਹੀਂ ਇਹ ਜਾਣਿਆ ਜਾ ਸਕਦਾ ਹੈ ਕਿ ਇਸ ਵਸਤੂ ਲਈ ਮੰਗ ਦੀ ਲਚਕ ਕਿਤਨੀ ਹੈ। ਭਾਵ ਕੀ ਮੰਗ ਦੀ ਲਚਕ ਇਕਾਈ ਦੇ ਬਰਾਬਰ, ਇਕਾਈ ਤੋਂ ਵੱਧ ਜਾਂ ਘੱਟ ਹੈ।


**ਕੁੱਲ ਖਰਚ = ਵਸਤੂ ਦੀ ਪ੍ਰਤੀ ਯੂਨਿਟ ਕੀਮਤ X ਮੰਗੀ ਗਈ ਮਾਤਰਾ**

**ਸਾਰਣੀ-2**

| ਪ੍ਰਤੀ ਕਿੱਲੋ ਕੀਮਤ (ਰੁਪਏ) | ਮੰਗੀ ਗਈ ਮਾਤਰਾ (ਕਿੱਲੋਗ੍ਰਾਮਾਂ ਵਿਚ) | ਕੁੱਲ ਖਰਚ (ਰੁਪਏ) | ਕੀਮਤ ਲਚਕ (ep) |
|---|---|---|---|
| 8 | 15 | 120 | > 1 |
| 7 | 20 | 140 | |
| 6 | 25 | 150 | = 1 |
| 5 | 30 | 150 | |
| 4 | 35 | 140 | < 1 |
| 3 | 40 | 120 | |

ਸਾਰਣੀ ਤੋਂ ਸਪੱਸ਼ਟ ਹੈ ਕਿ ਜਦੋਂ x ਵਸਤੂ ਦੀ ਕੀਮਤ 8 ਰੁਪਏ ਪ੍ਰਤੀ ਕਿੱਲੋ ਹੈ ਤਾਂ ਉਪਭੋਗੀ ਵਸਤੂ ਦੀ 15 ਕਿੱਲੋਗ੍ਰਾਮ ਮਾਤਰਾ ਖਰੀਦਦਾ ਹੈ ਅਤੇ ਉਸ ਦਾ ਕੁੱਲ ਖਰਚਾ ($8 \times 15$) 120 ਰੁਪਏ ਹੈ। ਪਰੰਤੂ ਜਦੋਂ ਵਸਤੂ ਦੀ ਕੀਮਤ ਘੱਟ ਕੇ 7 ਰੁਪਏ ਪ੍ਰਤੀ ਕਿੱਲੋਗ੍ਰਾਮ ਰਹਿ ਜਾਂਦੀ ਤਾਂ ਉਪਭੋਗੀ ਦਾ ਕੁੱਲ ਖਰਚ 140 ਰੁਪਏ ਹੈ। ਇਸ ਤਰ੍ਹਾਂ ਮੰਗ ਦੀ ਕੀਮਤ ਲਚਕ ਇਕਾਈ ਤੋਂ ਵੱਧ, ਭਾਵ ਲਚਕਦਾਰ ਹੈ।

ਇਸੇ ਤਰ੍ਹਾਂ ਹੀ ਕਿ ਅਸੀਂ ਵੇਖਦੇ ਹਾਂ ਜਦੋਂ ਕੀਮਤ 6 ਰੁਪਏ ਤੋਂ ਘੱਟ ਕੇ 5 ਰੁਪਏ ਹੋ ਜਾਂਦੀ ਹੈ ਤਾਂ ਦੋਹਾਂ ਹਾਲਤਾਂ ਵਿਚ ਕੁੱਲ ਖਰਚ ਸਮਾਨ (150 ਰੁਪਏ) ਰਹਿੰਦਾ ਹੈ ਅਤੇ ਮੰਗ ਦੀ ਲਚਕ ਇਕਾਈ ਦੇ ਬਰਾਬਰ ਹੈ। ਪਰੰਤੂ ਜਦੋਂ ਕੀਮਤ 4 ਰੁਪਏ ਤੋਂ ਘੱਟ ਕੇ 3 ਰੁਪਏ ਹੋ ਜਾਂਦੀ ਹੈ ਤਾਂ ਕੁੱਲ ਖਰਚ ਘੱਟ ਕੇ 140 ਤੋਂ 120 ਰੁਪਏ ਹੋ ਜਾਂਦਾ ਹੈ, ਅਤੇ ਮੰਗ ਦੀ ਲਚਕ ਇਕਾਈ ਤੋਂ ਘੱਟ, ਭਾਵ ਘੱਟ ਲਚਕਦਾਰ ਹੁੰਦੀ ਹੈ। ਕੁੱਲ ਖਰਚ ਵਿਧੀ ਨੂੰ ਰੇਖਾ-ਚਿੱਤਰ ਦੁਆਰਾ ਵੀ ਦਰਸਾਇਆ ਜਾ ਸਕਦਾ ਹੈ।





**ਰੇਖਾ ਚਿੱਤਰ ਨੰ** 11

ਰੇਖਾ-ਚਿੱਤਰ ਨੰ. 11ਤੋਂ ਪਤਾ ਚਲਦਾ ਹੈ ਕਿ ਜੇ x ਵਸਤੂ ਦੀ ਕੀਮਤ OP ਤੋਂ ਘੱਟ ਕੇ $OP_1$ ਹੋ ਜਾਂਦੀ ਹੈ ਤਾਂ ਵਸਤੂ x ਉਪਰ ਕੀਤਾ ਗਿਆ ਖਰਚ ਵੱਧ ਜਾਂਦਾ ਹੈ ਅਤੇ ਮੰਗ ਦੀ ਲਚਕ ਇਕਾਈ ਤੋਂ ਜ਼ਿਆਦਾ (e>1) ਹੈ। ਜਦੋਂ ਕੀਮਤ $OP_1$ ਤੋਂ ਘੱਟ ਕੇ $OP_2$ ਹੋ ਜਾਂਦੀ ਹੈ ਤਾਂ ਕੁੱਲ ਖਰਚ ਵਿਚ ਕੋਈ ਅੰਤਰ ਨਹੀਂ ਆਉਂਦਾ ਅਤੇ ਇਥੇ ਮੰਗ ਦੀ ਕੀਮਤ ਲਚਕ ਇਕਾਈ (e=1) ਦੇ ਬਰਾਬਰ ਹੈ। ਇਸੇ ਤਰ੍ਹਾਂ ਹੀ ਜਦੋਂ ਵਸਤੂ x ਦੀ ਕੀਮਤ $OP_2$ ਤੋਂ ਘੱਟ ਕੇ $OP_3$ ਰਹਿ ਜਾਂਦੀ ਹੈ ਤਾਂ ਇਸ ਵਸਤੂ ਨੂੰ ਖਰੀਦਣ ਤੇ ਹੋਇਆ ਕੁੱਲ ਖਰਚ ਘੱਟ ਜਾਂਦਾ ਹੈ, ਭਾਵ ਮੰਗ ਦੀ ਕੀਮਤ ਲਚਕ ਇਕਾਈ ਤੋਂ ਘੱਟ (e<1) ਹੁੰਦੀ ਹੈ।

11.3 **ਬਿੰਦੂ ਵਿਧੀ (Point Method) :** ਇਸ ਵਿਧੀ ਦੁਆਰਾ ਮੰਗ ਵਕਰ ਦੇ ਕਿਸੇ ਬਿੰਦੂ ਤੇ ਅਸੀਂ ਮੰਗ ਦੀ ਲਚਕ ਮਾਪ ਸਕਦੇ ਹਾਂ। ਇਸ ਵਿਚ ਜਿਹੜੇ ਬਿੰਦੂ ਉਪਰ ਮੰਗ ਦੀ ਲਚਕ ਮਾਪਣੀ ਹੁੰਦੀ ਹੈ ਉਸੇ ਬਿੰਦੂ ਨੂੰ ਛੂੰਹਦੀ ਹੋਈ ਸਪਰਸ਼ ਰੇਖਾ (tangent line) ਖਿੱਚ ਲਈ ਜਾਂਦੀ ਹੈ। ਇਹ ਰੇਖਾ, ਰੇਖਾ-ਚਿੱਤਰ ਦੇ ਦੋਵਾਂ ਧੁਰਿਆਂ OX ਅਤੇ OY ਨੂੰ ਸਪਰਸ਼ ਕਰਦੀ ਹੋਵੇ।

$$\text{ਮੰਗ ਦੀ ਲਚਕ (ep)} = \frac{\text{ਨਿਸ਼ਚਤ ਬਿੰਦੂ ਤੇ ਸਪਰਸ਼ ਰੇਖਾ ਦੇ ਹੇਠਲੇ ਭਾਗ ਦੀ ਲੰਬਾਈ}}{\text{ਨਿਸ਼ਚਿਤ ਬਿੰਦੂ ਤੇ ਸਪਰਸ਼ ਰੇਖਾ ਦੇ ਉਪਰਲੇ ਭਾਗ ਦੀ ਲੰਬਾਈ}}$$

ਬਿੰਦੂ ਦੇ ਇਸ ਮਾਪ ਨੂੰ ਅਸੀਂ ਰੇਖਾ-ਚਿੱਤਰ ਦੁਆਰਾ ਵੀ ਦਰਸਾ ਸਕਦੇ ਹਾਂ। ਰੇਖਾ-ਚਿੱਤਰ ਨੰ.12 ਤੋਂ ਸਪੱਸ਼ਟ ਹੈ ਕਿ ਅਸੀਂ ਮੰਗ ਵਕਰ ਦੇ T ਬਿੰਦੂ ਉਪਰ ਮੰਗ ਦੀ ਲਚਕ ਨੂੰ ਮਾਪਣਾ ਚਾਹੁੰਦੇ ਹਾਂ ਅਤੇ ਇਸ ਬਿੰਦੂ ਤੇ ਹੀ ਸਪਰਸ਼ ਰੇਖਾ PQ, ਮੰਗ ਵਕਰ DD ਨੂੰ ਛੂੰਹਦੀ (tangent) ਹੈ। ਅਸੀਂ ਵੇਖਦੇ ਹਾਂ ਕਿ ਸਪਰਸ਼ ਰੇਖਾ ਦਾ ਹੇਠਲਾ ਭਾਗ (TQ) ਉਸ ਦੇ ਉਪਰਲੇ ਭਾਗ PT ਨਾਲੋਂ ਜ਼ਿਆਦਾ ਲੰਬਾ ਹੈ, ਜਿਸ ਦਾ ਭਾਵ ਹੈ ਕਿ T ਬਿੰਦੂ ਤੇ ਮੰਗ ਦੀ ਲਚਕ ਇਕਾਈ ਤੋਂ ਵੱਧ (e>1) ਹੈ।




ਰੇਖਾ ਚਿੱਤਰ ਨੰ.12

11.4 **ਮੰਗ ਦੀ ਚਾਪ ਲਚਕਤਾ ਵਿਧੀ (Arc Elasticity of Demand) :** ਭਾਵੇਂ ਮੰਗ ਦੀ ਕੀਮਤ ਲਚਕ ਨੂੰ ਬਿੰਦੂ ਵਿਧੀ ਦੁਆਰਾ ਮਾਪਣਾ ਆਸਾਨ ਹੈ ਪਰੰਤੂ ਇਹ ਵਿਧੀ ਵਿਵਹਾਰਿਕ ਤੌਰ ਤੇ ਜ਼ਿਆਦਾ ਲਾਭਦਾਇਕ ਨਹੀਂ ਹੁੰਦੀ, ਕਿਉਂਕਿ ਕੀਮਤ ਅਤੇ ਮੰਗ ਵਿਚ ਅਸੀਮ ਪੱਧਰ ਤੱਕ ਤਬਦੀਲੀ ਆਉਣ ਦੀ ਬਹੁਤ ਹੀ ਘੱਟ ਸੰਭਾਵਨਾ ਹੁੰਦੀ ਹੈ। ਆਮ ਤੌਰ ਤੇ ਅਸੀਂ ਆਪਣੇ ਵਿਵਹਾਰਿਕ ਜੀਵਨ ਵਿਚ ਅਜਿਹੀਆਂ ਮੰਗ ਅਨੁਸੂਚੀਆਂ ਦੇਖਦੇ ਹਾਂ ਜਿਨ੍ਹਾਂ ਵਿਚ ਕੀਮਤ ਅਤੇ ਮੰਗੀ ਗਈ ਮਾਤਰਾ ਵਿਚ ਖੱਪੇ (gaps) ਹੁੰਦੇ ਹਨ। ਉਦਾਹਰਣ ਵਜੋਂ ਜੇ ਕਿਸੇ ਵਸਤੂ ਦੀ ਕੀਮਤ ਉਪਰ 100 ਰੁਪਏ ਤੋਂ ਵੱਧ ਕੇ 150 ਰੁਪਏ ਹੋ ਜਾਂਦੀ ਹੈ ਤਾਂ ਕੀਮਤ ਵਿਚ ਮੁੱਢਲੀ ਕੀਮਤ ਉਪਰ 50 ਪ੍ਰਤੀਸ਼ਤ ਦਾ ਮਹੱਤਵਪੂਰਨ ਵਾਧਾ ਹੋਵੇਗਾ। ਜਾਂ ਫਿਰ ਜੇ ਨਵੀਂ ਕੀਮਤ ਉਪਰ ਵੇਖਿਆ ਜਾਵੇ ਤਾਂ ਕੀਮਤ ਵਿਚ 33.3 ਪ੍ਰਤੀਸ਼ਤ ਦਾ ਵਾਧਾ ਹੋਵੇਗਾ। ਇਸ ਤਰ੍ਹਾਂ ਬਿੰਦੂ ਵਿਧੀ (Point method) ਕੋਈ ਤਸੱਲੀਬਖਸ਼ ਹੱਲ ਪ੍ਰਦਾਨ ਨਹੀਂ ਕਰਦੀ। ਤਸੱਲੀਬਖਸ਼ ਹੱਲ ਕੀਮਤ ਅਤੇ ਮੰਗੀ ਗਈ ਮਾਤਰਾ, ਦੋਵਾਂ ਸੰਬੰਧੀ ਪੁਰਾਣੀ ਅਤੇ ਨਵੀਂ ਰਕਮ (figure) ਦੇ ਮੱਧ ਵਿਚਕਾਰਲੇ (ਔਸਤ) ਬਿੰਦੂ ਲੈ ਕੇ ਨਿਕਲ ਸਕਦਾ ਹੈ। ਜਦੋਂ ਮੰਗ ਦੀ ਲਚਕਤਾ ਇਕ ਮੰਗ ਵਕਰ ਉਪਰ ਸੀਮਤ ਦੂਰੀ ਉਪਰ ਸਥਿਤ ਦੋ ਬਿੰਦੂਆਂ ਦੇ ਅੱਧ-ਵਿਚਕਾਰ ਤੋਂ ਮਿਣਿਆ ਜਾਂਦਾ ਹੈ ਤਾਂ ਇਸ ਨੂੰ ਮੰਗ ਦੀ ਲਚਕਤਾ ਨੂੰ ਨਾਪਣ ਦੀ ਚਾਪ ਵਿਧੀ ਕਿਹਾ ਜਾਂਦਾ ਹੈ। ("Arc elasticity is a measure of the average responsiveness to price change exhibited by a demand curve over some finite stretch of the curve". - Prof. Baumol).

ਚਾਪ ਉਪਰ ਲਚਕਤਾ ਨੂੰ ਮਾਪਣ ਲਈ ਹੇਠ ਲਿਖਿਆ ਫਾਰਮੂਲਾ ਵਰਤਿਆ ਜਾਂਦਾ ਹੈ।

$$e_p = \frac{\dfrac{\text{ਮੰਗੀ ਗਈ ਮਾਤਰਾ ਵਿਚ ਤਬਦੀਲੀ}}{\text{ਮੁੱਢਲੀ ਮਾਤਰਾ ਅਤੇ ਨਵੀਂ ਮਾਤਰਾ ਦੇ ਜੋੜ ਦਾ ਅੱਧ}}}{\dfrac{\text{ਕੀਮਤ ਵਿਚ ਤਬਦੀਲੀ}}{\text{ਮੁੱਢਲੀ ਕੀਮਤ ਅਤੇ ਨਵੀਂ ਕੀਮਤ ਦੇ ਜੋੜ ਦਾ ਅੱਧ}}}$$

$$= \frac{\frac{Q_1 - Q}{\frac{Q + Q_1}{2}}}{} \div \frac{P_1 - P}{\frac{P + P_1}{2}}$$

ਜਿੱਥੇ, Q → ਮੁੱਢਲੀ ਮੰਗੀ ਗਈ ਮਾਤਰਾ

Q1 → ਨਵੀਂ ਮੰਗੀ ਗਈ ਮਾਤਰਾ


P → ਮੁੱਢਲੀ ਕੀਮਤ

$P_1$ → ਨਵੀਂ ਕੀਮਤ

ਕਿਉਂਕਿ 2 ਅੰਸ਼ (ਭਿੰਨਾਂ ਦੀ ਉਪਰਲੀ ਸੰਖਿਆ) (numerator) ਅਤੇ ਹਰ (ਭਿੰਨਾਂ ਦੀ ਹੇਠਲੀ ਸੰਖਿਆ) (denominator), ਦੋਹਾਂ ਵਿਚ ਮੌਜੂਦ ਹੈ, ਇਸ ਲਈ ਅਸੀਂ ਇਸ ਫਾਰਮੂਲੇ ਨੂੰ ਇਸ ਤਰ੍ਹਾਂ ਲਿਖ ਸਕਦੇ ਹਾਂ।

$$= -\frac{\Delta Q}{\Delta P} \times \frac{P + P_1}{Q + Q_2}$$

ਅਸੀਂ ਫਾਰਮੂਲੇ ਵਿਚ ਮਨਫੀ (-) ਚਿੰਨ੍ਹ ਨੂੰ ਹਟਾ ਵੀ ਸਕਦੇ ਹਾਂ ਕਿਉਂਕਿ ਇਹ ਕੀਮਤ ਅਤੇ ਮੰਗ ਵਿਚ ਉਲਟ ਸੰਬੰਧ ਨੂੰ ਹੀ ਦਰਸਾਉਂਦਾ ਹੈ।




**ਚਿੱਤਰ ਨੰ.13,**

ਰੇਖਾ-ਚਿੱਤਰ ਨੰ.13 ਮੰਗ ਵਕਰ ਵਿਚ ਸਥਿਤ A ਅਤੇ B ਬਿੰਦੂਆਂ ਵਿਚਕਾਰ ਚਾਪ ਦੀ ਮੰਗ ਲਚਕ ਨੂੰ ਮਿਣਿਆ ਜਾ ਸਕਦਾ ਹੈ। A ਅਤੇ B ਬਿੰਦੂਆਂ ਵਿਚਕਾਰ ਮੰਗ ਦੀ ਲਚਕ ਨੂੰ ਹੇਠ ਲਿਖੇ ਫਾਰਮੂਲੇ ਅਨੁਸਾਰ ਮਿਣਿਆ ਜਾ ਸਕਦਾ ਹੈ।

$$-\frac{QQ_1}{PP_1} \times \frac{OP + OP_1}{OQ + OQ_1}$$

ਭਾਵੇਂ ਇਹ ਵਿਧੀ ਵਸਤੂ ਦੀ ਕੀਮਤ ਦੀ ਔਸਤ ਅਤੇ ਮੰਗ ਦੀ ਔਸਤ ਤੇ ਆਧਾਰਤ ਹੈ ਫਿਰ ਵੀ ਇਹ ਚਾਪ ਵਿਧੀ, ਬਿੰਦੂ ਵਿਧੀ ਜਿਤਨੀ ਸਹੀ (precise) ਨਹੀਂ ਹੈ।

12. **ਸਵੈ-ਮੁਲਾਂਕਣ ਪ੍ਰਸ਼ਨ** (Self-check Questions) :

(i) ਮੰਗ ਦੀ ਕੀਮਤ ਲਚਕ ਤੋਂ ਕੀ ਭਾਵ ਹੈ ? ਤਿੰਨ ਸਤਰਾਂ ਵਿਚ ਲਿਖੋ।

(ii) ਮੰਗ ਦੀ ਕੀਮਤ ਲਚਕ ਦਾ ਫਾਰਮੂਲਾ ਲਿਖੋ।

(iii) ਨਿਰਲਚਕ ਮੰਗ ਕੀ ਹੁੰਦੀ ਹੈ ?

(iv) ਤਕਨੀਕੀ ਵਿਕਾਸ ਮੰਗ ਦੀ ਲਚਕ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ ? ਪੰਜ ਸਤਰਾਂ ਵਿਚ ਲਿਖੋ।

**IV. ਸਾਰ ਅੰਸ਼** :

ਮੰਗ ਤੋਂ ਭਾਵ ਹੈ ਕਿ ਕਿਸੇ ਦਿੱਤੇ ਹੋਏ ਸਮੇਂ ਤੇ ਇਕ ਵਸਤੂ ਦੀ ਉਹ ਮਾਤਰਾ, ਜਿਸ ਨੂੰ ਲੋਕ ਖਰੀਦਣ ਦੀ ਇੱਛਾ ਅਤੇ ਖਰੀਦ ਸ਼ਕਤੀ ਰੱਖਦੇ ਹੋਏ, ਇਸ ਵਸਤੂ ਦੀਆਂ ਵੱਖ-ਵੱਖ ਕੀਮਤਾਂ ਉਪਰ, ਉਸ ਨੂੰ ਖਰੀਦਣ ਲਈ ਤਿਆਰ ਹੁੰਦੇ ਹਨ। ਕਿਸੇ ਮੰਡੀ ਵਿਚ ਕਿਸੇ ਵਸਤੂ ਦੀ ਮੰਗ, ਮਿੱਥੇ ਹੋਏ ਸਮੇਂ ਦੌਰਾਨ, ਉਸ ਵਸਤੂ ਦੀ ਕੀਮਤ, ਸਹਾਇਕ ਵਸਤੂ ਦੀ ਕੀਮਤ, ਸਥਾਨਪਤੀ ਵਸਤੂ ਦੀ ਕੀਮਤ, ਉਪਭੋਗੀਆਂ ਦੀ ਆਮਦਨ ਅਤੇ ਲੋਕਾਂ ਦੀਆਂ ਰੁਚੀਆਂ, ਫੈਸ਼ਨ ਆਦਿ ਤੇ ਨਿਰਭਰ ਕਰਦੀ ਹੈ, ਇਸ ਨੂੰ ਮੰਗ ਫਲਨ (Demand Function) ਕਿਹਾ ਜਾਂਦਾ ਹੈ। 'ਹੋਰ ਗੱਲਾਂ ਸਮਾਨ ਰਹਿਣ' ਤੇ (ਭਾਵ ਉਪਭੋਗੀ ਦੀ ਆਮਦਨ, ਸਹਾਇਕ ਵਸਤੂਆਂ ਦੀਆਂ ਕੀਮਤਾਂ, ਸਥਾਨਪਤੀ ਵਸਤੂਆਂ ਦੀਆਂ ਕੀਮਤਾਂ, ਲੋਕਾਂ ਦੀਆਂ ਰੁਚੀਆਂ, ਫੈਸ਼ਨ, ਆਦਿ) ਜਦੋਂ ਸਿਰਫ ਕਿਸੇ ਵਸਤੂ ਦੀ ਕੀਮਤ ਵਿਚ ਤਬਦੀਲੀ ਹੁੰਦੀ ਹੈ ਤਾਂ ਉਸ ਵਸਤੂ ਦੀ ਮੰਗ ਵਿਚ ਕਿਹੋ ਜਿਹੀ ਤਬਦੀਲੀ ਹੁੰਦੀ ਹੈ, ਨੂੰ ਜਾਣਨ ਨੂੰ ਹੀ ਮੰਗ ਦਾ ਨਿਯਮ (Law of Demand) ਕਿਹਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਹੋਰ ਗੱਲਾਂ ਸਮਾਨ ਰਹਿਣ ਤੇ, ਜਦੋਂ ਕਿਸੇ ਸਾਧਾਰਨ ਵਸਤੂ ਦੀ ਕੀਮਤ ਘਟਣ ਨਾਲ ਉਸ ਦੀ ਮੰਗ ਵਧਦੀ ਹੈ ਅਤੇ ਕੀਮਤ ਵਧਣ ਨਾਲ ਉਸ ਪ੍ਰਤੀ ਮੰਗ ਘਟਦੀ ਹੈ, ਨੂੰ ਹੀ 'ਮੰਗ ਦਾ ਨਿਯਮ' ਕਿਹਾ ਜਾਂਦਾ ਹੈ। ਇਸ ਨਿਯਮ ਅਨੁਸਾਰ ਕਿਸੇ ਵਸਤੂ ਦੀ ਕੀਮਤ ਅਤੇ ਉਸ ਦੀ ਮੰਗੀ ਗਈ ਮਾਤਰਾ ਵਿਚ ਉਲਟ ਸੰਬੰਧ ਹੈ। ਕੁਝ ਕੁ ਸਥਿਤੀਆਂ ਵਿਚ ਮੰਗ ਦਾ ਇਹ ਨਿਯਮ ਲਾਗੂ ਨਹੀਂ ਹੁੰਦਾ। ਜਿਵੇਂ ਕਿ ਦਿਖਾਵੇ ਵਾਲੀਆਂ ਵਸਤੂਆਂ, ਬਹੁਤ ਮਹਿੰਗੀਆਂ ਵਸਤੂਆਂ, ਭਵਿੱਖ ਵਿਚ ਵਸਤੂ ਦੀ ਉਪਲੱਬਧਤਾ ਬਹੁਤ ਹੀ ਘਟਣ ਦਾ ਡਰ, ਘਟੀਆ ਵਸਤੂਆਂ ਦੇ ਸੰਬੰਧ ਵਿਚ, ਆਦਿ। ਜਿੱਥੇ 'ਮੰਗ ਦਾ ਨਿਯਮ' ਕਿਸੇ ਵਸਤੂ ਦੀ ਕੀਮਤ ਵਿਚ ਤਬਦੀਲੀ ਆਉਣ ਨਾਲ ਵਸਤੂ ਦੀ ਮੰਗੀ ਗਈ ਮਾਤਰਾ ਆਈ ਤਬਦੀਲੀ ਦੀ ਦਿਸ਼ਾ ਨੂੰ ਦੱਸਦਾ ਹੈ, ਉਥੇ 'ਮੰਗ ਦੀ ਲਚਕ' ਕਿਸੇ ਵਸਤੂ ਦੀ ਇਕ ਖਾਸ ਪੱਧਰ ਤੇ ਕੀਮਤ ਵਿਚ ਤਬਦੀਲੀ ਆਉਣ ਨਾਲ, ਉਸ ਵਸਤੂ ਦੀ ਮੰਗੀ ਗਈ ਮਾਤਰਾ ਵਿਚ ਕਿਤਨੀ (degree) ਤਬਦੀਲੀ ਆਉਂਦੀ ਹੈ, ਨੂੰ ਦਰਸਾਉਂਦੀ ਹੈ। ਮੰਗ ਦੀ ਲਚਕ ਤਿੰਨ ਤਰ੍ਹਾਂ ਦੀ ਹੁੰਦੀ ਹੈ; ਮੰਗ ਦੀ ਕੀਮਤ ਲਚਕ, ਮੰਗ ਦੀ ਆਮਦਨ ਲਚਕ ਅਤੇ ਮੰਗ ਦੀ ਪਰਸਪਰ (ਆੜ੍ਹੀ) (cross) ਲਚਕ। ਮੰਗ ਦੀ ਕੀਮਤ ਲਚਕ ਦੀਆਂ ਅੱਗੋਂ ਪੰਜ ਕਿਸਮਾਂ ਹਨ; (1) ਪੂਰਨ ਨਿਰਲਚਕ, (2) ਪੂਰਨ ਲਚਕਦਾਰ, (3) ਇਕਾਈ ਦੇ ਬਰਾਬਰ ਲਚਕਦਾਰ, (4) ਇਕਾਈ ਤੋਂ ਵੱਧ ਲਚਕਦਾਰ ਅਤੇ (5) ਇਕਾਈ ਤੋਂ ਘੱਟ ਲਚਕਦਾਰ। ਮੰਗ ਦੀ ਲਚਕ ਨੂੰ ਮਾਪਣ ਦੇ ਚਾਰ ਢੰਗ (ਵਿਧੀਆਂ) ਹਨ : (1) ਪ੍ਰਤੀਸ਼ਤ ਵਿਧੀ, (2) ਕੁੱਲ ਖਰਚ ਵਿਧੀ, (3) ਬਿੰਦੂ ਵਿਧੀ ਅਤੇ (4) ਚਾਪ ਵਿਧੀ। ਮੰਗ ਦੀ ਲਚਕ ਨੂੰ ਕਈ ਤੱਤ ਪ੍ਰਭਾਵਿਤ ਕਰਦੇ ਹਨ ਜਿਵੇਂ ਕਿ ਸਥਾਨਪਤੀ ਵਸਤੂਆਂ ਦੀ ਹੋਂਦ, ਅਤਿ ਜ਼ਰੂਰੀ ਵਸਤੂਆਂ, ਸਮੇਂ ਦੀ ਅਵਧੀ, ਦਿਖਾਵੇ ਵਾਲੀਆਂ ਵਸਤੂਆਂ, ਬਹੁ-ਉਪਯੋਗੀ ਵਸਤੂਆਂ, ਅਨੁਪਾਤਕ ਖਰਚ, ਆਦਿ।

**V. ਮਹੱਤਵਪੂਰਣ ਧਾਰਨਾਵਾਂ (Key Concepts) :**

1. **ਮੰਗ** : ਮੰਗ ਤੋਂ ਭਾਵ ਕਿਸੇ ਵਸਤੂ ਦੀ ਦਿੱਤੀ ਹੋਈ ਕੀਮਤ ਉਪਰ, ਇਕ ਨਿਸ਼ਚਤ ਸਮੇਂ ਤੇ, ਉਸ ਵਸਤੂ ਦੀ ਖਰੀਦੀ ਜਾਣ ਵਾਲੀ ਮਾਤਰਾ ਹੁੰਦੀ ਹੈ।

2. **ਮੰਗ ਦਾ ਨਿਯਮ (Law of Demand)** : ਕਿਸੇ ਵਸਤੂ ਦੀ ਕੀਮਤ ਅਤੇ ਉਸ ਦੀ ਮੰਗੀ ਗਈ ਮਾਤਰਾ ਵਿਚ ਉਲਟ (inverse) ਸੰਬੰਧ ਜੋ ਕਿ ਮੰਗ ਵਕਰ ਦੀ ਰਿਣਾਤਮਕ (negative) ਢਾਲ ਦੁਆਰਾ ਪ੍ਰਗਟਾਇਆ ਜਾਂਦਾ ਹੈ, ਨੂੰ ਮੰਗ ਦਾ ਨਿਯਮ ਕਿਹਾ ਜਾਂਦਾ ਹੈ।

3. **ਮੰਗ ਵਿਚ ਵਾਧਾ (Increase in Demand) :** ਜਦੋਂ ਕਿਸੇ ਵਸਤੂ ਦੀ ਮੰਗੀ ਗਈ ਮਾਤਰ ਵਿਚ ਧਨਾਤਮਕ (Positive) ਤਬਦੀਲੀ, ਵਸਤੂ ਦੀ ਕੀਮਤ ਕਾਰਨ ਨਹੀਂ, ਸਗੋਂ ਹੋਰ ਕਾਰਨਾਂ, ਜਿਵੇਂ ਕਿ ਉਪਭੋਗੀ ਦੀ ਆਮਦਨ, ਫੈਸ਼ਨ ਆਦਿ ਕਰਕੇ ਆਉਂਦੀ ਹੈ, ਉਸ ਨੂੰ ਮੰਗ ਵਿਚ ਵਾਧਾ ਕਿਹਾ ਜਾਂਦਾ ਹੈ।

4. **ਮੰਗ ਵਿਚ ਵਿਸਥਾਰ (Extension in Demand) :** ਕਿਸੇ ਵਸਤੂ ਦੀ ਕੀਮਤ ਘਟਣ ਨਾਲ ਵਸਤੂ ਦੀ ਮੰਗੀ ਗਈ ਮਾਤਰਾ ਵਿਚ ਹੋਈ ਧਨਾਤਮਕ (Positive) ਤਬਦੀਲੀ ਨੂੰ ਮੰਗ ਵਿਚ ਵਿਸਥਾਰ ਕਿਹਾ ਜਾਂਦਾ ਹੈ।

5. **ਸਹਾਇਕ ਵਸਤੂਆਂ (Complementary Goods) :** ਜਦੋਂ ਇਕ ਵਸਤੂ ਦੀ ਉਪਯੋਗਤਾ (use) ਲਈ ਕਿਸੇ ਹੋਰ ਵਸਤੂ ਦੀ ਜ਼ਰੂਰਤ ਹੋਵੇ, ਜਿਵੇਂ ਕਿ ਸਕੂਟਰ ਦੇ ਚੱਲਣ ਲਈ ਪੈਟਰੋਲ ਉਸ ਦੀ ਸਹਾਇਕ ਵਸਤੂ ਹੈ। ਜਾਂ ਇਸ ਤਰ੍ਹਾਂ ਕਹਿ ਲਵੋ ਕਿ ਜੇ ਇਕ ਵਸਤੂ ਦੀ ਕੀਮਤ ਘਟਣ ਨਾਲ ਉਸ ਦੀ ਸਹਾਇਕ ਵਸਤੂ ਦੀ ਮੰਗ ਵੱਧ ਜਾਵੇ,ਭਾਵੇਂ ਇਸ ਵਸਤੂ ਦੀ ਕੀਮਤ ਵਿਚ ਕੋਈ ਕਮੀ ਵੀ ਨਹੀਂ ਆਉਂਦੀ।
6. **ਸਥਾਨਪਤੀ ਵਸਤੂ (Substitute Goods) :** ਜਦੋਂ ਇਕ ਵਸਤੂ y ਨੂੰ ਦੂਜੀ ਵਸਤੂ x ਦੀ ਥਾਂ ਵਰਤਿਆ ਜਾਵੇ ਅਤੇ ਉਪਭੋਗੀ ਦੀ ਕੁੱਲ ਸੰਤੁਸ਼ਟੀ ਵਿਚ ਕੋਈ ਅੰਤਰ ਨਾ ਆਵੇ ਤਾਂ ਉਸ ਵਸਤੂ y ਨੂੰ ਵਸਤੂ x ਦੀ ਸਥਾਨਪਤੀ ਵਸਤੂ ਕਿਹਾ ਜਾਵੇਗਾ।
7. **ਮੰਗ ਦੀ ਕੀਮਤ ਲਚਕ** : ਕਿਸੇ ਵਸਤੂ ਦੀ ਕੀਮਤ ਵਿਚ ਆਈ ਥੋੜ੍ਹੀ ਜਿਹੀ ਤਬਦੀਲੀ ਦੇ ਸਿੱਟੇ ਵਜੋਂ ਵਸਤੂ ਦੀ ਮੰਗ ਵਿਚ ਜਿੰਨੀ ਤਬਦੀਲੀ ਆਉਂਦੀ ਹੈ, ਨੂੰ ਹੀ ਮੰਗ ਦੀ ਕੀਮਤ ਲਚਕ ਕਿਹਾ ਜਾਂਦਾ ਹੈ।
8. **ਇਕਾਈ ਦੇ ਬਰਾਬਰ ਲਚਕ (Unit Elastic Demand) :** ਜਦੋਂ ਕਿਸੇ ਵਸਤੂ ਦੀ ਕੀਮਤ ਕਿਸੇ ਅਨੁਪਾਤ ਨਾਲ ਘਟਣ ਦੇ ਕਾਰਨ ਉਸ ਵਸਤੂ ਦੀ ਮੰਗ ਉਸੇ ਅਨੁਪਾਤ ਨਾਲ ਵਧਦੀ ਹੈ, ਜਾਂ ਕੀਮਤ ਵਿਚ ਜਿਸ ਅਨੁਪਾਤ ਨਾਲ ਵਾਧਾ ਹੁੰਦਾ ਹੈ, ਵਸਤੂ ਦੀ ਮੰਗ ਉਸੇ ਅਨੁਪਾਤ ਵਿਚ ਘਟਦੀ ਹੈ ਇਸ ਸਥਿਤੀ ਨੂੰ ਇਕਾਈ ਦੇ ਬਰਾਬਰ ਮਗ ਦੀ ਲਚਕ ਕਿਹਾ ਜਾਂਦਾ ਹੈ।
9. **ਸਾਧਾਰਨ ਵਸਤੂ (Normal Commodity) :** ਜੇਕਰ ਵਸਤੂ ਦੀ ਕੀਮਤ ਘਟਣ ਨਾਲ ਉਸ ਦੀ ਮੰਗੀ ਗਈ ਮਾਤਰਾ ਵਿਚ ਵਿਸਥਾਰ ਹੋਵੇ ਅਤੇ ਕੀਮਤ ਵੱਧ ਨਾਲ ਉਸ ਦੀ ਮੰਗੀ ਗਈ ਮਾਤਰਾ ਵਿਚ ਸੰਕੋੜ (contraction) ਹੋਵੇ, ਅਜਿਹੀ ਵਸਤੂ ਨੂੰ ਸਾਧਾਰਨ ਵਸਤੂ ਕਹਿੰਦੇ ਹਨ।
10. **ਘਟੀਆ ਵਸਤੂ (Inferior Commodity) :** ਜਿਸ ਵਸਤੂ ਦੀ ਕੀਮਤ ਵਧਣ ਨਾਲ ਉਸ ਦੀ ਮੰਗ ਵਿਚ ਵਿਸਥਾਰ ਹੋਵੇ ਅਤੇ ਕੀਮਤ ਘਟਣ ਨਾਲ ਉਸ ਵਸਤੂ ਦੀ ਮੰਗ ਵਿਚ ਸੰਕੋੜ ਆਵੇ ਅਜਿਹੀ ਵਸਤੂ ਨੂੰ 'ਘਟੀਆ ਵਸਤੂ' ਕਿਹਾ ਜਾਂਦਾ ਹੈ। ਸਾਧਾਰਨ ਅਤੇ ਘਟੀਆ ਵਸਤੂਆਂ ਵਿਚ ਭਾਵੇਂ ਤਕਨੀਕੀ ਤੌਰ ਤੇ ਕੋਈ ਅੰਤਰ ਨਾ ਵੀ ਹੋਵੇ, ਪਰੰਤੂ ਇਹ ਅੰਤਰ ਉਪਭੋਗੀਆਂ ਦੀਆਂ ਰੁਚੀਆਂ, ਰੀਤੀ-ਰਿਵਾਜ਼ਾਂ ਕਾਰਨ ਵੀ ਹੋ ਸਕਦਾ ਹੈ।

**VI. ਪੁਸਤਕ-ਸੂਚੀ :**


1. ਐਚ.ਕੇ. ਮਨਮੋਹਨ ਸਿੰਘ, ***ਮੰਗ ਸਿਧਾਂਤ ਅਤੇ ਮਿਸ਼ਰਤ ਅਰਥ-ਵਿਵਸਥਾ ਵਿਚ ਆਰਥਕ ਗਣਨਾ***
2. B.K. Sharma and Gulshan Kumar, *Price Theory and Distribution* (Punjabi).
3. Joginder Singh, P.N. Chopra and P.S. Grewal, *Price Theory and Distribution.*
4. H.L. Ahuja, *Principles of Micro Economics.*


**VII. ਵਿਆਪਕ ਉੱਤਰ-ਪੱਤਰ :**

**(ੳ) ਲੰਮੇ ਪ੍ਰਸ਼ਨ**

1. ਅਰਥ-ਸ਼ਾਸਤਰ ਵਿਚ ਮੰਗ ਤੋਂ ਕੀ ਭਾਵ ਹੈ ? ਮੰਗ ਦੇ ਨਿਯਮ ਦੀ ਵਿਆਖਿਆ ਕਰੋ।
2. ਮੰਗ ਦੀ ਲਚਕ ਕੀ ਹੁੰਦੀ ਹੈ ? ਇਸ ਨੂੰ ਮਿਣਨ ਦੇ ਢੰਗ ਦੱਸੋ।
3. ਮੰਗ ਵਕਰ ਤੋਂ ਤੁਸੀਂ ਕੀ ਸਮਝਦੇ ਹੋ ? ਮੰਗ ਨੂੰ ਪ੍ਰਭਾਵਿਤ ਕਰਨ ਵਾਲੇ ਤੱਤਾਂ ਦੀ ਵਿਆਖਿਆ ਕਰੋ।

**(ਅ) ਸੰਖਿਪਤ ਪ੍ਰਸ਼ਨ**

1. ਪਰਸਪਰ ਮੰਗ (Cross demand) ਤੋਂ ਕੀ ਭਾਵ ਹੈ ?
2. ਆਮਦਨ ਪ੍ਰਭਾਵ ਬਾਰੇ ਨੋਟ ਲਿਖੋ।
3. ਮੰਗ ਵਿਚ ਵਿਸਥਾਰ (Extension) ਅਤੇ ਵਾਧੇ ਵਿਚ ਅੰਤਰ ਦੱਸੋ।
4. ਆਮਦਨ ਲਚਕ ਕੀ ਹੁੰਦੀ ਹੈ ?
5. ਇਕਾਈ ਦੇ ਬਰਾਬਰ ਮੰਗ ਦੀ ਲਚਕ ਬਾਰੇ ਲਿਖੋ।

ਨੋਟ : ਇਹ ਪਾਠ ਡਿਸਟੈਂਸ ਐਜੂਕੇਸ਼ਨ ਕੌਂਸਲ (DEC) ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।

ਪਾਠ ਨੰ: 1.3 ਲੇਖਕ: ਡਾ. ਬਲਬੀਰ ਸਿੰਘ

# ਮੰਗ ਦਾ ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ
## (Marginal Utility Analysis of Demand)

*ਪਾਠ ਦੀ ਰੂਪ-ਰੇਖਾ :*

I. ਭੂਮਿਕਾ (Introduction)
II. ਪਾਠ ਦੇ ਉਦੇਸ਼ (Objectives)
III. ਪਾਠ ਦਾ ਵਿਸ਼ਾ-ਵਸਤੂ (Subject-matter)
1. ਤੁਸ਼ਟੀਗੁਣ ਦੀ ਧਾਰਨਾ
2. ਘਟਦੇ ਸੀਮਾਂਤ ਤੁਸ਼ਟੀਗੁਣ ਦਾ ਨਿਯਮ
3. ਸਵੈ-ਮੁਲਾਂਕਣ ਪ੍ਰਸ਼ਨ
4. ਘਟਦੇ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਦੇ ਅਪਵਾਦ
5. ਘਟਦੇ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਦੀ ਮਹੱਤਤਾ
6. ਘਟਦੇ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਦੁਆਰਾ ਉਪਭੋਗੀ ਦੀ -
(i) ਇੱਕ ਵਸਤੂ ਦੇ ਸੰਬੰਧ ਵਿੱਚ ਮੰਗ ਵਕਰ ਬਣਾਉਣਾ ਅਤੇ
(ii) ਇੱਕ ਤੋਂ ਵੱਧ ਵਸਤੂਆਂ ਦੇ ਸੰਬੰਧ ਵਿੱਚ ਮੰਗ ਵਕਰ ਬਣਾਉਣਾ
7. ਸਵੈ-ਮੁਲਾਂਕਣ ਪ੍ਰਸ਼ਨ
8. ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਦੀ ਆਲੋਚਨਾ।
IV. ਸਾਰ-ਅੰਸ਼ (Summary)
V. ਮਹੱਤਵਪੂਰਣ ਧਾਰਨਾਵਾਂ (Key Concepts)
VI. ਪ੍ਰਸਤਾਵਿਤ ਪੁਸਤਕਾਂ (Suggested Books)
VII. ਵਿਆਪਕ ਉੱਤਰ-ਪੱਤਰ (Comprehensive Response Sheet)
(ੳ) ਲੰਮੇ ਉੱਤਰਾਂ ਵਾਲੇ ਪ੍ਰਸ਼ਨ (Long Answer Questions)
(ਅ) ਸੰਖਿਪਤ ਉੱਤਰਾਂ ਵਾਲੇ ਪ੍ਰਸ਼ਨ (Short Answer Questions)

**I. ਭੂਮਿਕਾ (Introduction)**

ਕਿਸੇ ਵਸਤੂ ਦੀ ਉਪਭੋਗੀ ਦੁਆਰਾ ਕੀਤੀ ਜਾਣ ਵਾਲੀ ਮੰਗ ਦੀ ਪੜਚੋਲ (Analysis) ਮੁੱਖ ਤੌਰ ਤੇ ਦੋ ਵਿਸ਼ਲੇਸ਼ਣਾਂ ਦੁਆਰਾ ਕੀਤੀ ਜਾਂਦੀ ਹੈ। ਇਨ੍ਹਾਂ ਵਿਚੋਂ ਇੱਕ ਹੈ; ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਅਤੇ ਦੂਸਰਾ ਹੈ; ਸਮਭਾਵ ਵਕਰ ਵਿਸ਼ਲੇਸ਼ਣ। ਇਸ ਪਾਠ ਵਿੱਚ ਅਸੀਂ ਮੰਗ ਦੇ ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਬਾਰੇ ਜਾਣਕਾਰੀ ਪ੍ਰਾਪਤ ਕਰਾਂਗੇ। ਇਸ ਵਿਸ਼ਲੇਸ਼ਣ ਨੂੰ ਮੰਗ ਦਾ ਸੰਖਿਆਤਮਿਕ (Cardinal) ਤੁਸ਼ਟੀਗੁਣ ਵਿਸ਼ਲੇਸ਼ਣ ਵੀ ਕਿਹਾ ਜਾਂਦਾ ਹੈ। ਕਿਸੇ ਖਾਸ ਮੰਡੀ ਵਿੱਚ ਕਿਸੇ ਉਪਭੋਗੀ ਦੀ ਮੰਗ ਦਾ ਪਤਾ ਲਗਾਉਣ ਲਈ ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਬਹੁਤ ਪੁਰਾਣਾ ਹੈ। ਐਡਮ ਸਮਿੱਥ ਨੇ ਭਾਵੇਂ ਤੁਸ਼ਟੀਗੁਣ ਨੂੰ ਮੰਗ ਸੰਬੰਧੀ ਵਿਚਾਰਿਆ ਪਰ ਉਸ ਦੇ ਖ਼ਿਆਲ ਵਿੱਚ ਤੁਸ਼ਟੀਗੁਣ ਵਿਸ਼ਲੇਸ਼ਣ ਮੰਗ ਦਾ ਅੰਦਾਜ਼ਾ ਲਗਾਉਣ ਲਈ ਉਚਿਤ ਨਹੀਂ ਕਿਉਂਕਿ ਪਾਣੀ ਜਿਸਦਾ ਤੁਸ਼ਟੀਗੁਣ ਮਨੁੱਖ ਲਈ ਬੇਹੱਦ ਹੈ ਪਰੰਤੂ ਉਸ ਦਾ ਕੋਈ ਮੁੱਲ ਨਹੀਂ ਅਤੇ ਦੂਸਰੇ ਪਾਸੇ ਹੀਰੇ, ਜਵਾਹਰਾਤ ਜਿਨ੍ਹਾਂ ਦਾ ਉਪਭੋਗੀ ਲਈ ਕੋਈ ਤੁਸ਼ਟੀਗੁਣ ਨਹੀਂ ਪਰੰਤੂ ਉਨ੍ਹਾਂ ਦਾ ਬਹੁਤ ਹੀ ਜ਼ਿਆਦਾ ਮੁੱਲ ਹੈ। ਉਸ ਤੋਂ ਬਾਅਦ ਜੈਵਨਜ਼, ਵਾਲਰਸ ਅਤੇ ਮੈਂਗਰ ਨੇ ਤੁਸ਼ਟੀਗੁਣ

*ਦੁਆਰਾ ਕਿਸੇ ਵਸਤੂ ਦੀ ਮੰਗ ਨੂੰ ਨਿਰਧਾਰਤ ਕਰਨ ਦਾ ਯਤਨ ਕੀਤਾ। ਪਰੰਤੂ ਇਸ ਸਿਧਾਂਤ ਨੂੰ ਅਜੋਕੇ ਅਤੇ ਸੁਧਰੇ ਹੋਏ ਰੂਪ ਵਿੱਚ ਪੇਸ਼ ਕਰਨ ਦਾ ਸਿਹਰਾ ਪ੍ਰੋ. ਐਲਫਰੈਡ ਮਾਰਸ਼ਲ ਨੂੰ ਜਾਂਦਾ ਹੈ।*

**II. *ਪਾਠ ਦੇ ਉਦੇਸ਼* (Objectives)**

*ਅਸੀਂ ਆਮ ਜੀਵਨ ਵਿੱਚ ਦੇਖਦੇ ਹਾਂ ਕਿ ਸਮਾਜ ਵਿੱਚ ਲੋਕ ਵੱਖ ਵੱਖ ਵਸਤੂਆਂ ਬਣਾਉਣ ਵਿੱਚ ਲੱਗੇ ਹੋਏ ਹਨ। ਇੱਕ ਉਤਪਾਦਕ ਕੋਈ ਵਸਤੂ ਤਾਂ ਹੀ ਪੈਦਾ ਕਰੇਗਾ ਜੇ ਉਸ ਦੁਆਰਾ ਬਣਾਈ ਗਈ ਵਸਤੂ ਨੂੰ ਲੋਕ ਖਰੀਦਣਗੇ। ਪਰੰਤੂ ਕਈ ਵਾਰ ਅਜਿਹਾ ਵੀ ਹੁੰਦਾ ਹੈ ਕਿ ਉਤਪਾਦਕ ਆਪਣੀ ਵਸਤੂ ਬਣਾ ਕੇ ਜਦੋਂ ਮੰਡੀ ਵਿੱਚ ਵੇਚਣ ਲਈ ਜਾਂਦਾ ਹੈ ਤਾਂ ਮੰਡੀ ਵਿੱਚ ਉਹ ਵਸਤੂ ਦੀ ਪੂਰੀ ਮਾਤਰਾ ਨਹੀਂ ਵਿਕਦੀ। ਇਸ ਨਾਲ ਉਤਪਾਦਕ ਦਾ ਵਸਤੂ ਬਣਾਉਣ ਵਿੱਚ ਹੋਇਆ ਖਰਚ ਅਜਾਂਈ ਜਾਂਦਾ ਹੈ ਅਤੇ ਉਤਪਾਦਕ ਨੂੰ ਘਾਟਾ ਪੈਂਦਾ ਹੈ। ਅਜੋਕੇ ਯੁੱਗ ਵਿੱਚ ਜਿਥੇ ਵੱਡੀਆਂ ਵੱਡੀਆਂ ਕੰਪਨੀਆਂ ਵੱਡੇ ਪੱਧਰ ਤੇ ਕਿਸੇ ਵਸਤੂ ਦਾ ਉਤਪਾਦਨ ਕਰ ਦਿੰਦੀਆਂ ਹਨ ਅਤੇ ਮੰਡੀ ਵਿੱਚ ਉਨ੍ਹਾਂ ਦੀ ਕਈ ਵਾਰ ਸਾਰੀ ਦੀ ਸਾਰੀ ਪੈਦਾਵਾਰ ਨਹੀਂ ਵਿਕਦੀ ਤਾਂ ਕੰਪਨੀਆਂ ਨੂੰ ਘਾਟਾ ਪੈ ਜਾਂਦਾ ਹੈ ਅਤੇ ਕੰਪਨੀਆਂ ਕੰਮ ਤੇ ਲੱਗੇ ਮਜ਼ਦੂਰਾਂ ਦੇ ਇੱਕ ਹਿੱਸੇ ਨੂੰ ਕੰਮ ਤੋਂ ਹਟਾ ਦਿੰਦੀਆਂ ਹਨ। ਕਿਸੇ ਅਰਥ ਵਿਵਸਥਾ ਵਿੱਚ ਮੰਦੇ* (depression) *ਦੀ ਹਾਲਤ ਦਾ ਆਉਣਾ ਅਸਲ ਵਿੱਚ ਮੰਡੀ ਵਿੱਚ ਮੰਗ ਦੀ ਘਾਟ ਦਾ ਹੋਣਾ ਹੁੰਦਾ ਹੈ ਜਿਹੜਾ ਕਿ ਅਕਸਰ ਹੀ ਵਸਤੂ ਦੀ ਮੰਗ ਪ੍ਰਤੀ ਗਲਤ ਅੰਦਾਜ਼ੇ ਦੇ ਕਾਰਨ ਹੁੰਦਾ ਹੈ। ਸੋ ਕਿਸੇ ਮੰਡੀ ਵਿੱਚ ਕਿਸੇ ਵਸਤੂ ਦੀ, ਇੱਕ ਨਿਸ਼ਚਿਤ ਸਮੇਂ ਵਿੱਚ, ਮੰਡੀ ਵਿੱਚ ਕਿੰਨੀ ਮੰਗ ਹੋਵੇਗੀ ਉਸ ਦਾ ਸਹੀ ਅੰਦਾਜ਼ਾ ਲਗਾਉਣ ਲਈ ਕਈ ਵਿਦਵਾਨਾਂ ਨੇ ਆਪਣੇ ਆਪਣੇ ਵਿਚਾਰ ਦਿੱਤੇ ਹਨ। ਇਸ ਪਾਠ ਵਿੱਚ ਸਾਡਾ ਉਦੇਸ਼ ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਦੁਆਰਾ ਉਪਭੋਗੀ ਦੁਆਰਾ ਕੀਤੀ ਜਾਂਦੀ ਮੰਗ ਬਾਰੇ ਅਧਿਐਨ ਕਰਨਾ ਹੈ।*

1. *ਤੁਸ਼ਟੀਗੁਣ ਦੀ ਧਾਰਨਾ ਬਾਰੇ ਜਾਣਨਾ*
   (To Know about the Concept of Utility)
2. *ਘਟਦੇ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਬਾਰੇ ਜਾਣਨਾ*
   (To Know about the Law of Diminishing Marginal Utility)
3. *ਘਟਦੇ ਸੀਮਾਂਤ ਤੁਸ਼ਟੀਗੁਣ ਦੀ ਮਹੱਤਤਾ ਬਾਰੇ ਜਾਣਕਾਰੀ ਪ੍ਰਾਪਤ ਕਰਨੀ।*
   (To Know about the Importance of Diminishing Marginal Utility)
4. *ਘਟਦੇ ਸੀਮਾਂਤ ਤੁਸ਼ਟੀਗੁਣ ਦੀ ਸਹਾਇਤਾ ਨਾਲ ਮੰਗ ਵਕਰ ਬਣਾਉਣਾ।*
   (To Derive the Demand Curve with the help of Diminishing Marginal Utility)
5. *ਘਟਦੇ ਸੀਮਾਂਤ ਤੁਸ਼ਟੀਗੁਣ ਦੀ ਆਲੋਚਨਾ ਬਾਰੇ ਜਾਣਨਾ।*
   (To Know about the Criticism of Diminishing Marginal Utility)

**III. *ਪਾਠ ਦਾ ਵਿਸ਼ਾ-ਵਸਤੂ***

**1. *ਤੁਸ਼ਟੀਗੁਣ ਦੀ ਧਾਰਨਾ* (Concept of Utility)**

*ਕਿਸੇ ਵਸਤੂ ਜਾਂ ਸੇਵਾ ਵਿੱਚ ਇੱਕ ਉਪਭੋਗੀ ਦੀ ਕਿਸੇ ਖ਼ਾਸ ਲੋੜ ਨੂੰ ਸੰਤੁਸ਼ਟ ਕਰਨ ਦੇ ਗੁਣ ਨੂੰ ਹੀ ਤੁਸ਼ਟੀਗੁਣ ਕਿਹਾ ਜਾਂਦਾ ਹੈ।*(Utility is the want satisfying power of commodity.) *ਉਦਾਹਰਣ ਵੱਜੋਂ ਇੱਕ ਸੇਬ ਜਾਂ ਰੋਟੀ ਵਿੱਚ ਸਾਡੀ ਭੁੱਖ ਨੂੰ ਪੂਰਾ ਕਰਨ ਦਾ ਗੁਣ ਹੈ, ਵਸਤੂ ਦੇ ਇਸ ਗੁਣ ਨੂੰ ਤੁਸ਼ਟੀਗੁਣ ਕਿਹਾ ਜਾਂਦਾ ਹੈ। ਪਰੰਤੂ ਤੁਸ਼ਟੀਗੁਣ ਅਤੇ ਉਪਯੋਗਤਾ* (usefulness) *ਵਿੱਚ ਅੰਤਰ ਪਾਇਆ ਜਾਂਦਾ ਹੈ। ਅਫ਼ੀਮ* (Opium) *ਦਾ ਸੇਵਨ ਉਪਯੋਗੀ ਨਹੀਂ ਸਗੋਂ ਨੁਕਸਾਨਦਾਇਕ ਹੈ ਅਤੇ ਸਰਕਾਰ ਵੱਲੋਂ ਇਸ ਦੀ ਵਰਤੋਂ ਉੱਪਰ ਪਾਬੰਦੀ ਵੀ ਲਾਈ ਗਈ ਹੈ। ਪਰੰਤੂ ਇੱਕ ਅਫ਼ੀਮ ਖਾਣ ਵਾਲੇ ਵਿਅਕਤੀ ਲਈ ਅਫ਼ੀਮ ਵਿੱਚ ਉਸਦੀ ਲੋੜ ਨੂੰ ਪੂਰਾ ਕਰਨ ਦਾ ਲੱਛਣ ਹੈ। ਇਸ ਤਰ੍ਹਾਂ ਕਿਸੇ ਵਸਤੂ ਵਿੱਚ ਤੁਸ਼ਟੀਗੁਣ ਹੋਣ ਤੋਂ ਭਾਵ ਇਹ ਨਹੀਂ ਕਿ ਉਸ ਵਸਤੂ ਦਾ ਸੇਵਨ ਕਰਨਾ ਫ਼ਾਇਦੇਮੰਦ ਵੀ ਹੋਵੇ।*

*ਕਿਉਂਕਿ ਤੁਸ਼ਟੀਗੁਣ ਇੱਕ ਮਨੋਵਿਗਿਆਨਕ ਅਤੇ ਸਾਪੇਖਿਕ* (relative) *ਧਾਰਨਾ ਹੈ ਇਸ ਲਈ ਵਸਤੂਆਂ*

*ਦਾ ਕਿਸੇ ਉਪਭੋਗੀ ਲਈ ਸਮੇਂ ਅਤੇ ਸਥਾਨ ਬਦਲਣ ਨਾਲ ਉਸ ਵਸਤੂ ਪ੍ਰਤੀ ਤੁਸ਼ਟੀਗੁਣ ਬਦਲ ਜਾਂਦਾ ਹੈ।ਉਦਾਹਰਣ ਵੱਜੋਂ ਇੱਕ ਉਪਭੋਗੀ ਨੂੰ ਗਰਮੀ ਦੀ ਰੁੱਤ ਵਿੱਚ ਗਰਮ ਕੰਬਲ ਤੋਂ ਕੋਈ ਤੁਸ਼ਟੀਗੁਣ ਨਹੀਂ ਮਿਲਦਾ ਪਰੰਤੂ ਸਮਾਂ ਬਦਲਣ ਭਾਵ ਸਰਦੀਆਂ ਵਿੱਚ ਇਸ ਕੰਬਲ ਤੋਂ ਤੁਸ਼ਟੀਗੁਣ ਮਿਲਦਾ ਹੈ, ਇਸ ਨੂੰ ਸਮਾਂ ਤੁਸ਼ਟੀਗੁਣ* (Time utility) *ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਹੀ ਇੱਕ ਗਰਮੀਆਂ ਵਿੱਚ ਮੈਦਾਨੀ ਇਲਾਕਿਆਂ ਜਿਵੇਂ ਪੰਜਾਬ, ਹਰਿਆਣਾ ਆਦਿ ਵਿੱਚ ਹਵਾ ਦੇਣ ਵਾਲੇ ਪੱਖੇ ਲਈ ਬਹੁਤ ਤੁਸ਼ਟੀਗੁਣ ਹੁੰਦਾ ਹੈ ਪਰੰਤੂ ਉਸ ਸਮੇਂ ਹੀ ਕਸ਼ਮੀਰ ਵਾਦੀ ਵਿੱਚ ਇਸੇ ਪੱਖੇ ਪ੍ਰਤੀ ਲੋਕਾਂ ਦਾ ਕੋਈ ਤੁਸ਼ਟੀਗੁਣ ਨਹੀਂ ਹੁੰਦਾ, ਇਸ ਨੂੰ ਸਥਾਨ ਤੁਸ਼ਟੀਗੁਣ* (Place utility) *ਕਿਹਾ ਜਾਂਦਾ ਹੈ।*

### *2. ਘਟਦੇ ਸੀਮਾਂਤ ਤੁਸ਼ਟੀਗੁਣ ਦਾ ਨਿਯਮ*

**(Law of Diminishing Marginal Utility)**

*2(ੳ) ਕਿਸੇ ਨਿਯਮ ਦੀ ਵਿਆਖਿਆ ਕਰਨ ਲਈ ਕੁਝ ਮਨੌਤਾਂ* (Assumptions) *ਲੈਣੀਆਂ ਲਗਭਗ ਜ਼ਰੂਰੀ ਹੁੰਦੀਆਂ ਹਨ। ਘਟਦੇ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਦੇ ਸੰਬੰਧੀ ਵੀ ਹੇਠ ਲਿਖੀਆਂ ਮਾਨਤਾਵਾਂ (ਮਨੌਤਾਂ) ਲਈਆਂ ਗਈਆਂ ਹਨ।*

1. *ਤੁਸ਼ਟੀਗੁਣ ਨੂੰ ਸੰਖਿਅਕ ਰੂਪ ਵਿੱਚ ਮਿਣਿਆ ਜਾ ਸਕਦਾ ਹੈ। ਭਾਵ ਇੱਕ ਉਪਭੋਗੀ ਕਿਸੇ ਵਸਤੂ ਦੀਆਂ ਵੱਖ ਵੱਖ ਇਕਾਈਆਂ ਦੇ ਉਪਭੋਗ ਤੋਂ ਕਿਤਨਾ ਕਿਤਨਾ ਤੁਸ਼ਟੀਗੁਣ ਪ੍ਰਾਪਤ ਕਰਦਾ ਹੈ ਨੂੰ ਤਰਤੀਬੱਧ ਢੰਗ ਨਾਲ ਦੱਸ ਸਕਦਾ ਹੈ। ਉਦਾਹਰਣ ਵੱਜੋਂ ਇੱਕ ਉਪਭੋਗੀ ਜਦੋਂ ਪਹਿਲੇ ਕੇਲੇ ਦਾ ਉਪਭੋਗ ਕਰਦਾ ਹੈ ਤਾਂ ਉਹ ਕਹਿੰਦਾ ਹੈ ਕਿ ਮੈਨੂੰ 10 ਯੂਟਿਲ ਦੇ ਬਰਾਬਰ ਤੁਸ਼ਟੀਗੁਣ ਪ੍ਰਾਪਤ ਹੋਇਆ ਹੈ ਅਤੇ ਦੂਜੇ ਕੇਲੇ ਤੋਂ 8 ਯੂਟਿਲ, ਆਦਿ। ਯੂਟਿਲ* (Util) *ਨੂੰ ਤੁਸ਼ਟੀਗੁਣ ਦੇ ਮਾਪ ਦੀ ਇੱਕ ਇਕਾਈ ਮੰਨਿਆ ਗਿਆ ਹੈ। ਇੱਥੇ ਉਪਭੋਗੀ ਦੋ ਕੇਲੇ ਖਾਣ ਨਾਲ ਕੁੱਲ ਤੁਸ਼ਟੀਗੁਣ (18) (10+8) ਦੇ ਬਰਾਬਰ ਪ੍ਰਾਪਤ ਹੋਇਆ ਹੈ।*
2. *ਮਾਰਸ਼ਲ ਅਨੁਸਾਰ ਤੁਸ਼ਟੀਗੁਣ ਨੂੰ ਮੁਦਰਾ* (money) *ਦੇ ਰੂਪ ਵਿੱਚ ਵੀ ਮਿਣਿਆ ਜਾ ਸਕਦਾ ਹੈ। ਮੁਦਰਾ ਕੋਲ ਵੱਖ ਵੱਖ ਵਸਤੂਆਂ ਨੂੰ ਖਰੀਦਣ ਦੀ ਵਿਸਤ੍ਰਿਤ* (General) *ਸ਼ਕਤੀ ਹੈ। ਉਸ ਅਨੁਸਾਰ ਇੱਕ ਵਿਅਕਤੀ ਕਿਸੇ ਵਸਤੂ ਤੋਂ ਮਿਲਣ ਵਾਲੇ ਤੁਸ਼ਟੀਗੁਣ ਨੂੰ ਹਾਸਲ ਕਰਨ ਲਈ ਉਸ ਦੇ ਬਦਲੇ ਮੁਦਰਾ ਦੇਣ ਲਈ ਸਹਿਮਤ ਹੁੰਦਾ ਹੈ। ਇਸ ਤਰ੍ਹਾਂ ਉਸ ਖਰੀਦੀ ਜਾਣ ਵਾਲੀ ਵਸਤੂ ਤੋਂ ਪ੍ਰਾਪਤ ਹੋਣ ਵਾਲੇ ਤੁਸ਼ਟੀਗੁਣ ਨੂੰ ਮੁਦਰਾ ਦੇ ਰੂਪ ਵਿੱਚ ਮਾਪਿਆ ਜਾ ਸਕਦਾ ਹੈ।*
3. *ਵੱਖ ਵੱਖ ਵਸਤੂਆਂ ਤੋਂ ਮਿਲਣ ਵਾਲੀਆਂ ਤੁਸ਼ਟੀਗੁਣ ਦੀਆਂ ਇਕਾਈਆਂ ਇੱਕ ਦੂਸਰੇ ਤੋਂ ਆਜ਼ਾਦ ਹੁੰਦੀਆਂ ਹਨ। ਭਾਵ ਜੇ ਕੋਈ ਉਪਭੋਗੀ ਕਿਸੇ ਇੱਕ ਵਸਤੂ ਦੇ ਉਪਭੋਗ ਕਰਨ ਨਾਲ ਜੋ ਤੁਸ਼ਟੀਗੁਣ ਪ੍ਰਾਪਤ ਕਰਦਾ ਹੈ ਉਹ ਕਿਸੇ ਦੂਸਰੀ ਵਸਤੂ ਦੇ ਉਪਭੋਗ ਤੋਂ ਮਿਲਣ ਵਾਲੇ ਤੁਸ਼ਟੀਗੁਣ ਤੋਂ ਪ੍ਰਭਾਵਿਤ ਨਹੀਂ ਹੁੰਦਾ ਸਗੋਂ ਦੋਵੇਂ ਵਸਤੂਆਂ ਤੋਂ ਮਿਲਣ ਵਾਲੀਆਂ ਤੁਸ਼ਟੀਗੁਣ ਦੀਆਂ ਇਕਾਈਆਂ ਇੱਕ ਦੂਸਰੀ ਤੋਂ ਆਜ਼ਾਦ ਹੁੰਦੀਆਂ ਹਨ।*
4. *ਮੁਦਰਾ ਦੇ ਸੀਮਾਂਤ ਤੁਸ਼ਟੀਗੁਣ ਨੂੰ ਸਥਿਰ ਮੰਨਿਆ ਗਿਆ ਹੈ। ਪ੍ਰੋ. ਮਾਰਸ਼ਲ ਅਨੁਸਾਰ ਕਿਸੇ ਵਿਅਕਤੀ ਕੋਲ ਜਿਵੇਂ ਜਿਵੇਂ ਇੱਕ ਵਸਤੂ ਦੀ ਮਾਤਰਾ ਵਧਦੀ ਜਾਂਦੀ ਹੈ ਤਿਉਂ ਤਿਉਂ ਹੀ ਉਸ ਪ੍ਰਤੀ ਉਪਭੋਗੀ ਦਾ ਤੁਸ਼ਟੀਗੁਣ ਘਟਦਾ ਜਾਂਦਾ ਹੈ। ਪਰੰਤੂ ਉਸ ਅਨੁਸਾਰ ਇਹ ਗੱਲ ਮੁਦਰਾ ਦੇ ਸੰਬੰਧ ਵਿੱਚ ਲਾਗੂ ਨਹੀਂ ਹੁੰਦੀ। ਕਿਉਂਕਿ ਉਸ ਅਨੁਸਾਰ ਮੁਦਰਾ ਨੂੰ ਤੁਸ਼ਟੀਗੁਣ ਦੀ ਮਿਣਤੀ ਲਈ ਵਰਤਿਆ ਜਾਂਦਾ ਹੈ ਅਤੇ ਇਸ ਮੁਦਰਾ ਰੂਪੀ ਮਾਪ-ਦੰਡ (ਵੱਟੇ) ਲਈ ਜ਼ਰੂਰੀ ਹੈ ਕਿ ਇਸ ਦਾ ਤੁਸ਼ਟੀਗੁਣ ਸਥਿਰ ਰਹੇ ਉਦਾਹਰਣ ਵੱਜੋਂ ਜੇ ਸਾਡੇ ਕੋਲ ਇੱਕ ਕਿਲੋਗ੍ਰਾਮ ਦਾ ਇੱਕ ਵੱਟਾ ਹੈ ਅਤੇ ਇਸ ਰਾਹੀਂ ਕਿਸੇ ਚੀਜ਼ ਚੀਨੀ) ਦੀਆਂ ਵੱਖ ਵੱਖ ਇਕਾਈਆਂ ਦੀ ਮਿਣਤੀ ਤਾਂ ਹੀ ਸਹੀ ਹੋਵੇਗੀ ਜੇ ਵੱਟੇ ਦਾ ਹਰ ਇੱਕ ਤੋਲ ਸਮੇਂ ਭਾਰ ਇੱਕ ਕਿਲੋਗਰਾਮ ਹੀ ਰਹਿੰਦਾ ਹੈ ਭਾਵ ਵੱਟੇ ਦਾ ਭਾਰ ਵਧਦਾ ਘਟਦਾ ਨਹੀਂ।*

5. *'ਹੋਰ ਗੱਲਾਂ ਸਮਾਨ ਰਹਿਣ' ਦੀ ਮਨੌਤ ਤੋਂ ਭਾਵ ਹੈ ਕਿ ਜਦੋਂ ਅਸੀਂ ਕਿਸੇ ਵਸਤੂ ਦੀ ਮੰਗ ਨੂੰ ਪ੍ਰਭਾਵਿਤ ਕਰਨ ਵਾਲੇ ਵੱਖ ਵੱਖ ਕਾਰਕਾਂ ਜਿਵੇਂਕਿ ਉਪਭੋਗੀ ਦੀ ਆਮਦਨ, ਵਸਤੂ ਦੀ ਕੀਮਤ, ਪੂਰਕ ਵਸਤੂਆਂ ਦੀਆਂ ਕੀਮਤਾਂ, ਸਥਾਨਪਤੀ ਵਸਤੂਆਂ ਦੀਆਂ ਕੀਮਤਾਂ, ਫੈਸ਼ਨ, ਰੀਤੀ ਰਿਵਾਜਾਂ ਵਿਚੋਂ ਕੇਵਲ ਇੱਕ ਨੂੰ ਛੱਡ ਕੇ ਬਾਕੀ ਸਾਰੇ ਕਾਰਕਾਂ ਨੂੰ ਸਥਿਰ (ਸਮਾਨ) ਮੰਨ ਲੈਂਦੇ ਹਾਂ। ਜੇਕਰ ਅਸੀਂ ਕੀਮਤ ਵਿੱਚ ਤਬਦੀਲੀ ਦਾ ਮੰਗ ਉੱਪਰ ਪ੍ਰਭਾਵ ਦੇਖਣਾ ਹੈ ਤਾਂ ਇਸ ਨਿਯਮ ਅਨੁਸਾਰ ਕੀਮਤ ਤੋਂ ਇਲਾਵਾ ਹੋਰ ਸਾਰੇ ਕਾਰਕਾਂ ਨੂੰ ਸਥਿਰ ਮੰਨ ਲਿਆ ਜਾਂਦਾ ਹੈ।*

6. *ਉਪਭੋਗੀ ਨੂੰ ਵਿਵੇਕਸ਼ੀਲ* (Rational) *ਮੰਨਿਆ ਗਿਆ ਹੈ। ਜਿਸ ਤੋਂ ਭਾਵ ਹੈ ਕਿ* (i) *ਉਪਭੋਗੀ ਵੱਖ ਵੱਖ ਵਸਤੂਆਂ ਤੋਂ ਪ੍ਰਾਪਤ ਤੁਸ਼ਟੀਗੁਣਾਂ ਦਾ ਆਪਸ ਵਿੱਚ ਮੁਕਾਬਲਾ ਕਰ ਸਕਦਾ ਹੈ,* (ii) *ਉਪਭੋਗੀ ਵੱਧ ਤੋਂ ਵੱਧ ਤੁਸ਼ਟੀ ਦੇਣ ਵਾਲੀ ਵਸਤੂ ਦੀ ਇਕਾਈ ਨੂੰ ਹੀ ਚੁਣਦਾ ਹੈ ਅਤੇ* (iii) *ਉਸ ਨੂੰ ਵੱਖ ਵੱਖ ਚੀਜ਼ਾਂ ਦੀਆਂ ਵੱਖ ਵੱਖ ਮਾਤਰਾਵਾਂ ਤੋਂ ਪ੍ਰਾਪਤ ਹੋਣ ਵਾਲੇ ਤੁਸ਼ਟੀਗੁਣ ਦਾ ਗਿਆਨ ਹੁੰਦਾ ਹੈ।*

5. *ਜਦੋਂ ਇੱਕ ਉਪਭੋਗੀ ਘਰ ਦੇ ਥਾਣੇਦਾਰ* (Head of the family) *ਵੱਜੋਂ ਕੋਈ ਵਸਤੂ ਨੂੰ ਖਰੀਦਦਾ ਹੈ ਤਾਂ ਉਸ ਵਕਤ ਕੇਵਲ ਆਪਣੀਆਂ ਵਿਅਕਤੀਗਤ ਰੂਪ ਵਿੱਚ ਤਰਜੀਹਾਂ ਹੀ ਪ੍ਰਗਟ ਨਹੀਂ ਕਰਦਾ ਸਗੋਂ ਪਰਿਵਾਰ ਦੇ ਸਾਰੇ ਮੈਂਬਰਾਂ ਦੀਆਂ ਤਰਜੀਹਾਂ ਦੀ ਵੀ ਪ੍ਰਤੀਨਿਧਤਾ ਕਰਦਾ ਹੈ। ਇਸ ਤੋਂ ਭਾਵ ਹੈ ਕਿ ਉਪਭੋਗੀ ਇੱਕ ਸੰਯੁਕਤ ਉਪਭੋਗ ਇਕਾਈ ਦੇ ਰੂਪ ਵਿੱਚ ਕਿਸੇ ਵਸਤੂ ਦੀ ਚੋਣ ਕਰਦਾ ਹੈ।*

6. *ਇਸ ਨਿਯਮ ਵਿੱਚ ਵਸਤੂਆਂ ਨੂੰ ਵੰਡਣਯੋਗ* (Divisible) *ਮੰਨਿਆ ਗਿਆ ਹੈ।*

7. *ਉਪਭੋਗੀ ਦੀਆਂ ਲੋੜਾਂ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ।*

8. *ਉਸ ਕੋਲ ਮੁਦਰਾ* (money) *ਦੀ ਇੱਕ ਨਿਸ਼ਚਿਤ ਮਾਤਰਾ ਹੈ।*

9. *ਉਪਭੋਗੀ ਨੂੰ ਸਾਰੀਆਂ ਵਸਤੂਆਂ, ਜੋ ਕਿ ਸਮਰੂਪ ਹੁੰਦੀਆਂ ਹਨ, ਦੀਆਂ ਕੀਮਤਾਂ ਦਾ ਪੂਰਾ ਗਿਆਨ ਹੁੰਦਾ ਹੈ।*

*2(ਅ) ਘਟਦੇ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਨੂੰ ਸਮਝਣ ਲਈ ਕੁੱਲ ਤੁਸ਼ਟੀਗੁਣ* (Total utility), *ਸੀਮਾਂਤ ਤੁਸ਼ਟੀਗੁਣ* (Marginal utility) *ਅਤੇ ਔਸਤ ਤੁਸ਼ਟੀਗੁਣ* (Average utility) *ਦਾ ਗਿਆਨ ਲਾਹੇਵੰਦ ਹੁੰਦਾ ਹੈ।*

**2ਅ(i) *ਕੁੱਲ ਤੁਸ਼ਟੀਗੁਣ :***

*ਤੁਸ਼ਟੀਗੁਣ ਦੀ ਧਾਰਨਾ ਨੂੰ ਸਮਝਣ ਤੋਂ ਬਾਅਦ ਇਹ ਜਾਣਨਾ ਜ਼ਰੂਰੀ ਹੈ ਕਿ ਉਪਭੋਗੀ ਦੁਆਰਾ ਕੀਤੇ ਕੁੱਲ ਉਪਭੋਗ ਦੀ ਅਤੇ ਉਸ ਤੋਂ ਮਿਲੇ ਤੁਸ਼ਟੀਗੁਣ ਵਿੱਚ ਕੀ ਸੰਬੰਧ ਹੈ। ਇੱਕ ਉਪਭੋਗੀ ਕਿਸੇ ਵਸਤੂ ਨੂੰ ਇਸੇ ਕਰਕੇ ਖ਼ਰੀਦਦਾ ਹੈ ਕਿ ਇਹ ਉਸਨੂੰ ਤੁਸ਼ਟੀਗੁਣ ਪ੍ਰਦਾਨ ਕਰਦੀ ਹੈ। ਜਦੋਂ ਇੱਕ ਉਪਭੋਗੀ ਨੂੰ ਵਸਤੂ ਦੀ ਪਹਿਲੀ ਇਕਾਈ ਤੋਂ ਪ੍ਰਾਪਤ ਤੁਸ਼ਟੀਗੁਣ, ਦੂਜੀ ਇਕਾਈ ਤੋਂ ਪ੍ਰਾਪਤ ਤੁਸ਼ਟੀਗੁਣ, ਤੀਜੀ ਇਕਾਈ, ਚੌਥੀ ਇਕਾਈ, ਪੰਜਵੀਂ ਇਕਾਈ, ਆਦਿ ਭਾਵ ਉਸ ਦੁਆਰਾ ਇੱਕ ਵਸਤੂ ਦੀਆਂ ਵੱਖ ਵੱਖ ਇਕਾਈਆਂ ਤੋਂ ਪ੍ਰਾਪਤ ਤੁਸ਼ਟੀਗੁਣਾਂ ਨੂੰ ਜੋੜ ਲਿਆ ਜਾਵੇ ਤਾਂ ਉਸਨੂੰ ਕੁੱਲ ਤੁਸ਼ਟੀਗੁਣ ਕਿਹਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿੱਚ ਇੱਕ ਉਪਭੋਗੀ ਦੁਆਰਾ ਇੱਕ ਵਸਤੂ ਦੀਆਂ ਉਪਭੋਗ ਕੀਤੀਆਂ ਕੁੱਲ ਇਕਾਈਆਂ ਤੋਂ ਮਿਲਣ ਵਾਲੇ ਤੁਸ਼ਟੀਗੁਣਾਂ ਦੇ ਜੋੜ ਨੂੰ ਹੀ ਕੁੱਲ ਤੁਸ਼ਟੀਗੁਣ ਕਿਹਾ ਜਾਂਦਾ ਹੈ।* (The total satisfaction that an individual receives from consuming a specified quantity of a commodity per unit of time is called the total utility).

**2ਅ(ii) *ਸੀਮਾਂਤ ਤੁਸ਼ਟੀਗੁਣ :***

*ਸੀਮਾਂਤ ਤੁਸ਼ਟੀਗੁਣ ਉਪਭੋਗ ਕੀਤੀ ਜਾਣ ਵਾਲੀ ਮਾਤਰਾ ਵਿੱਚ ਤਬਦੀਲੀ ਆਉਣ ਕਾਰਨ ਕੁੱਲ ਤੁਸ਼ਟੀਗੁਣ ਵਿਚ ਆਈ ਤਬਦੀਲੀ ਨੂੰ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਉਪਭੋਗ ਕੀਤੀ ਜਾਣ ਵਾਲੀ ਵਸਤੂ ਦੀ ਇੱਕ ਹੋਰ ਇਕਾਈ* (additional unit) *ਦੇ ਉਪਭੋਗ ਕਾਰਨ ਕੁੱਲ ਤੁਸ਼ਟੀਗੁਣ ਵਿੱਚ ਹੋਣ ਵਾਲੀ ਤਬਦੀਲੀ ਨੂੰ*

*ਹੀ ਸੀਮਾਂਤ ਤੁਸ਼ਟੀਗੁਣ ਕਿਹਾ ਜਾਂਦਾ ਹੈ।* (The change in total utility per unit of time, due to change in quantity of commodity consumed per unit of time) *ਉਦਾਹਰਣ ਵੱਜੋਂ ਜੇ ਇੱਕ ਉਪਭੋਗੀ ਕਿਸੇ ਵਸਤੂ (ਕੇਲੇ) ਦੀਆਂ ਤਿੰਨ ਇਕਾਈਆਂ ਦਾ ਉਪਭੋਗ ਕਰਦਾ ਹੈ ਤਾਂ ਉਸ ਨੂੰ ਕੇਲਿਆਂ ਦਾ ਉਪਭੋਗ ਨੂੰ ਕੁੱਲ ਤੁਸ਼ਟੀਗੁਣ 15*(utili) *ਦੇ ਬਰਾਬਰ ਹੈ। ਪਰੰਤੂ ਜੇ ਉਹ ਇੱਕ ਹੋਰ ਕੇਲੇ ਦਾ ਉਪਭੋਗ ਕਰਦਾ ਹੈ ਤਾਂ ਉਸ ਦਾ ਕੁੱਲ ਤੁਸ਼ਟੀਗੁਦ ਵਧ ਕੇ 19 ਦੇ ਬਰਾਬਰ ਹੋ ਜਾਂਦਾ ਹੈ। ਜੇ ਅਸੀਂ ਕੁੱਲ ਤੁਸ਼ਟੀਗੁਣ ਵਿਚੋਂ ਪਹਿਲੇ ਤਿੰਨ ਕੇਲਿਆਂ ਤੋਂ ਪ੍ਰਾਪਤ ਕੁੱਲ ਤੁਸ਼ਟੀਗੁਣ ਨੂੰ ਘਟਾ ਦੇਈਏ ਤਾਂ ਸਾਡੇ ਕੋਲ ਚੌਥੇ ਕੇਲੇ (ਸੀਮਾਂਤ ਇਕਾਈ) ਤੋਂ ਪ੍ਰਾਪਤ ਤੁਸ਼ਟੀਗੁਣ ਆ ਜਾਵੇਗਾ। ਇਸ ਤਰ੍ਹਾਂ 19-15=4 ਤੋਂ ਭਾਵ ਹੈ ਕਿ ਵਸਤੂ ਦੀ ਸੀਮਾਂਤ ਇਕਾਈ (ਚੌਥੇ ਕੇਲੇ) ਦੇ ਉਪਭੋਗ ਨਾਲ 4 ਯੂਟਿਲਿ ਦੇ ਬਰਾਬਰ ਤੁਸ਼ਟੀਗੁਣ ਪ੍ਰਾਪਤ ਹੋਇਆ ਹੈ। ਇਸ ਤਰ੍ਹਾਂ ਸੀਮਾਂਤ ਇਕਾਈ ਤੋਂ ਮਿਲਣ ਵਾਲੇ ਤੁਸ਼ਟੀਗੁਣ ਨੂੰ ਹੀ ਸੀਮਾਂਤ 5 ਤੁਸ਼ਟੀਗੁਣ ਕਿਹਾ ਜਾਂਦਾ ਹੈ। ਇਥੇ ਇਹ ਮਨੌਤ ਲਈ ਜਾਂਦੀ ਹੈ ਕਿ ਤੁਸ਼ਟੀਗੁਣ ਦਾ ਮਾਪ ਕਰਨ ਵਾਲੀ ਧਾਰਨਾ ਯੂਟਿਲ ਕਲਪਿਤ* (fictitious) *ਇਕਾਈ ਹੈ।*

**ਅਨੁਸੂਚੀ 3.1**


| (1) $Q_X$ | (2) TUx | (3) MUx |
|---|---|---|
| 0 | 0 | --- |
| 1 | 10 | 10 |
| 2 | 18 | 8 |
| 3 | 24 | 6 |
| 4 | 28 | 4 |
| 5 | 30 | 2 |
| 6 | 30 | 0 |
| 7 | 28 | -2 |

Qx = *ਤੋਂ ਭਾਵ ਹੈ ਮੰਗੀ ਗਈ* x *ਵਸਤ ਦੀ ਮਾਤਰਾ*
TUx = *ਤੋਂ ਭਾਵ ਹੈ* x *ਦੇ ਉਪਭੋਗ ਤੋਂ ਪ੍ਰਾਪਤ ਕੁੱਲ ਤੁਸ਼ਟੀਗੁਣ*
MUx = *ਤੋਂ ਭਾਵ ਹੈ* x *ਦੇ ਉਪਭੋਗ ਤੋਂ ਪ੍ਰਾਪਤ ਸੀਮਾਂਤ ਤੁਸ਼ਟੀਗੁਣ*

*ਅਨੁਸੂਚੀ 3.1 ਵਿੱਚ ਉਪਭੋਗੀ* x *ਦੇ ਉਪਭੋਗ ਤੋਂ ਪ੍ਰਾਪਤ ਅਨੁਮਾਨਿਤ* (Hypothetical) *ਕੁੱਲ ਤੁਸ਼ਟੀਗੁਣ ਅਤੇ ਸੀਮਾਂਤ ਤੁਸ਼ਟੀਗੁਣ ਨੂੰ ਉਪਭੋਗ ਕੀਤੀ ਵਸਤੂ ਦੀਆਂ ਵੱਖ ਵੱਖ ਇਕਾਈਆਂ ਨਾਲ ਸੰਬੰਧ ਨੂੰ ਪ੍ਰਗਟਾਇਆ ਗਿਆ ਹੈ। ਅਨੁਸੂਚੀ ਤੋਂ ਇਹ ਸਾਫ਼ ਹੈ ਕਿ ਜਿਉਂ ਜਿਉਂ ਉਪਭੋਗੀ ਵਸਤੂ ਦੀਆਂ ਇਕਾਈਆਂ ਦਾ ਉਪਭੋਗ ਵਧਾਉਂਦਾ ਚਲਾ ਜਾਂਦਾ ਹੈ ਤਾਂ ਇੱਕ ਬਿੰਦੂ ਤੱਕ ਕੁੱਲ ਤੁਸ਼ਟੀਗੁਣ ਵਧਦਾ ਚਲਿਆ ਜਾਂਦਾ ਹੈ। ਸਾਰਣੀ (ਅਨੁਸੂਚੀ) 3.1 ਵਿੱਚ ਕੁੱਲ ਤੁਸ਼ਟੀਗੁਣ ਦੇ ਨਾਲ ਸੀਮਾਂਤ ਤੁਸ਼ਟੀਗੁਣ* MUx *ਵੀ ਦਿਖਾਇਆ ਗਿਆ ਹੈ। ਵਸਤੂ* x *ਦੇ ਸੀਮਾਂਤ ਤੁਸ਼ਟੀਗੁਣ ਨੂੰ ਕਿਸੇ ਬਿੰਦੂ ਤੇ ਕੁੱਲ ਤੁਸ਼ਟੀਗੁਣ ਵਿਚੋਂ ਉਸ ਤੋਂ ਪਹਿਲੇ ਬਿੰਦੂ* (Preceding Point) *ਤੋਂ ਕੁੱਲ ਤੁਸ਼ਟੀਗੁਣ ਨੂੰ ਘਟਾ ਕੇ ਪ੍ਰਾਪਤ ਕੀਤਾ ਜਾਂਦਾ ਹੈ। ਉਦਾਹਰਣ ਵੱਜੋਂ ਜਦੋਂ ਸਾਰਣੀ ਵਿੱਚ ਖਾਨਾ* (Column) *ਨੰ: 2 ਵਿੱਚ ਕੁੱਲ ਤੁਸ਼ਟੀਗੁਣ 18 ਦੇ ਬਰਾਬਰ ਹੈ ਤਾਂ ਅਸੀਂ ਉਸ ਤੋਂ ਪਹਿਲੇ ਤੁਸ਼ਟੀਗੁਣ ਭਾਵ 10 ਨੂੰ ਉਸ (18) ਵਿਚੋਂ ਘਟਾ ਕੇ ਪ੍ਰਾਪਤ ਕਰਦੇ ਹਾਂ। ਸਾਰਣੀ ਅਨੁਸਾਰ ਇਸ ਬਿੰਦੂ ਉੱਪਰ ਸੀਮਾਂਤ ਤੁਸ਼ਟੀਗੁਣ (18-10) = 8 ਯੂਟਿਲਾਂ ਦੇ ਬਰਾਬਰ ਹੈ। ਇਸੇ ਤਰ੍ਹਾਂ ਅਸੀਂ ਸਾਰਣੀ ਵਿਚੋਂ ਵੇਖਦੇ ਹਾਂ ਕਿ ਜਦੋਂ ਉਪਭੋਗੀ ਵਸਤੂ ਦਾ ਉਪਭੋਗ ਸਿਫ਼ਰ ਤੋਂ ਵਧਾ ਕੇ ਇੱਕ ਕਰ ਦਿੰਦਾ ਹੈ ਤਾਂ ਕੁੱਲ ਤੁਸ਼ਟੀਗੁਣ ਸਿਫ਼ਰ*

*ਤੋਂ ਵਧ ਕੇ 10 ਯੂਟਿਲ ਹੋ ਜਾਂਦਾ ਹੈ। ਸੀਮਾਂਤ ਤੁਸ਼ਟੀਗੁਣ ਵੀ ਸਿਫ਼ਰ ਤੋਂ ਵਧ ਕੇ 10 ਯੂਟਿਲ ਹੋ ਜਾਂਦਾ ਹੈ। ਇਸ ਸਾਰਣੀ ਤੋਂ ਇਹ ਵੀ ਸਪੱਸ਼ਟ ਹੈ ਕਿ ਕੁੱਲ ਤੁਸ਼ਟੀਗੁਣ ਦੇ ਵਧਣ ਦੇ ਨਾਲ ਨਾਲ ਸੀਮਾਂਤ ਤੁਸ਼ਟੀਗੁਣ ਘਟਦਾ ਜਾਂਦਾ ਹੈ। ਪਰੰਤੂ ਇੱਕ ਪੱਧਰ (ਪੰਜਵੀਂ ਇਕਾਈ) ਤੋਂ ਬਾਅਦ ਕੁੱਲ ਤੁਸ਼ਟੀਗੁਣ ਵਿੱਚ ਵਾਧਾ ਰੁੱਕ ਜਾਂਦਾ ਹੈ ਅਤੇ ਸੀਮਾਂਤ ਤੁਸ਼ਟੀਗੁਣ ਘਟਣਾ ਸ਼ੁਰੂ ਹੋ ਜਾਂਦਾ ਹੈ।* x *ਵਸਤੂ ਦੀ 6ਵੀਂ ਇਕਾਈ ਉੱਪਰ ਸੀਮਾਂਤ ਤੁਸ਼ਟੀਗੁਣ ਸਿਫ਼ਰ ਹੋ ਜਾਂਦਾ ਹੈ ਅਤੇ ਇਸ ਤੋਂ ਅੱਗੇ 7ਵੀਂ ਇਕਾਈ ਉੱਪਰ ਸੀਮਾਂਤ ਤੁਸ਼ਟੀਗੁਣ ਰਿਣਾਤਮਕ ਹੋ ਜਾਂਦਾ ਹੈ ਅਤੇ ਕੁੱਲ ਤੁਸ਼ਟੀਗੁਣ ਵੀ ਘਟਣਾ ਸ਼ੁਰੂ ਹੋ ਜਾਂਦਾ ਹੈ।*

*ਇਸ ਕੁੱਲ ਤੁਸ਼ਟੀਗੁਣ ਅਤੇ ਸੀਮਾਂਤ ਤੁਸ਼ਟੀਗੁਣ ਦੇ ਸੰਬੰਧ ਨੂੰ ਅਸੀਂ ਰੇਖਾ-ਚਿੱਤਰ ਦੁਆਰਾ ਵੀ ਦਰਸਾ ਸਕਦੇ ਹਾਂ*




ਰੇਖਾ ਚਿੱਤਰ ਨੰ 1

*ਅਸੀਂ ਜਾਣਦੇ ਹਾਂ ਕਿ ਸੀਮਾਂਤ ਤੁਸ਼ਟੀਗੁਣ ਉਪਭੋਗੀ ਦੁਆਰਾ ਇੱਕ ਵਸਤੂ* x *ਦੀ ਇੱਕ ਹੋਰ* (additional) *ਇਕਾਈ ਦੇ ਉਪਭੋਗ ਕਰਨ ਨਾਲ ਕੁੱਲ ਤੁਸ਼ਟੀਗੁਣ ਵਿੱਚ ਹੋਈ ਤਬਦੀਲੀ ਨੂੰ ਕਿਹਾ ਜਾਂਦਾ ਹੈ। ਸੀਮਾਂਤ ਤੁਸ਼ਟੀਗੁਣ ਹਰ ਇੱਕ ਬਿੰਦੂ ਦੋ ਇਕਾਈਆਂ* (Values) *ਦੇ ਅੱਧ ਵਿਚਕਾਰ ਤੋਂ ਲਿਆ ਗਿਆ ਹੈ। ਇਸ ਕਾਰਨ ਰੇਖਾ ਚਿੱਤਰ ਨੰ:1* (A) *ਵਿੱਚ ਤੁਸ਼ਟੀਗੁਣ ਨੂੰ ਕ੍ਰਮਅੰਕ 5 ਅਤੇ 6 ਦੇ ਅੱਧ ਵਿਚਕਾਰ ਤੋਂ ਲਿਆ ਗਿਆ ਹੈ। ਇਸ ਬਿੰਦੂ ਤੇ ਸੀਮਾਂਤ ਤੁਸ਼ਟੀਗੁਣ ਸਿਫ਼ਰ ਦੇ ਬਰਾਬਰ ਹੈ ਅਤੇ ਕੁੱਲ ਤੁਸ਼ਟੀਗੁਣ ਵੱਧ ਤੋਂ ਵੱਧ ਭਾਵ 30 ਹੈ। ਸੋ ਜਦੋਂ ਸੀਮਾਂਤ ਤੁਸ਼ਟੀਗੁਣ ਸਿਫ਼ਰ ਹੁੰਦਾ ਹੈ ਉਸ ਸਮੇਂ ਕੁੱਲ ਤੁਸ਼ਟੀਗੁਣ ਅਧਿਕਤਮ* (maximum) *ਹੁੰਦਾ ਹੈ। ਇਸ ਤੋਂ ਅੱਗੇ ਸੱਤਵੀਂ ਇਕਾਈ ਤੇ ਸੀਮਾਂਤ ਤੁਸ਼ਟੀਗੁਣ ਰਿਣਾਤਮਕ* (Negative) *ਹੋ ਜਾਂਦਾ ਹੈ ਅਤੇ ਕੁੱਲ ਤੁਸ਼ਟੀਗੁਣ ਵੀ ਘਟਣਾ ਸ਼ੁਰੂ ਹੋ ਜਾਂਦਾ ਹੈ ਜਿਵੇ ਕਿ ਰੇਖਾ-ਚਿੱਤਰ ਵਿੱਚ ਦਰਸਾਇਆ ਗਿਆ ਹੈ। ਇਸ ਦਾ ਭਾਵ ਹੈ ਕਿ ਕੁੱਲ ਤੁਸ਼ਟੀਗੁਣ ਵਕਰ* (TUx) *ਪਹਿਲਾਂ ਉੱਪਰ ਵੱਲ ਨੂੰ ਵਧਦੀ ਜਾਂਦੀ ਹੈ ਪਰੰਤੂ ਇਸ*

*ਵਕਰ ਦੇ ਵਾਧੇ ਦੀ ਦਰ* (Rate of increase)*ਕੁੱਲ ਘਟਦੀ ਜਾਂਦੀ ਹੈ। ਇਸ ਦਾ ਮੁੱਖ ਕਾਰਨ ਸੀਮਾਂਤ ਤੁਸ਼ਟੀਗੁਣ ਵਕਰ ਦਾ ਘਟਦੇ ਜਾਣਾ ਹੁੰਦਾ ਹੈ। ਜਦੋਂ ਸੀਮਾਂਤ ਤੁਸ਼ਟੀਗੁਣ ਵਕਰ ਘਟਦੀ ਘਟਦੀ ਸਿਫ਼ਰ ਹੋ ਜਾਂਦੀ ਹੈ ਤਾਂ ਕੁੱਲ ਤੁਸ਼ਟੀਗੁਣ ਵਕਰ ਵੱਧ ਤੋਂ ਵੱਧ ਹੁੰਦਾ ਹੈ ਜਿਵੇਂ ਕਿ ਰੇਖਾ ਚਿੱਤਰ ਨੰ: 1 ਤੋਂ ਸਾਫ਼ ਨਜ਼ਰ ਆਉਂਦਾ ਹੈ।*


**2ਅ(iii)** ***ਘਟਦਾ ਸੀਮਾਂਤ ਤੁਸ਼ਟੀਗੁਣ :***

**(Diminishing Marginal Utility)**

*ਜਿਉਂ ਜਿਉਂ ਕਿਸੇ ਵਿਅਕਤੀ ਕੋਲ ਕਿਸੇ ਵਸਤੂ ਦੀਆਂ ਇਕਾਈਆਂ* (Units) *ਦੀ ਮਾਤਰਾ ਵਧਦੀ ਜਾਂਦੀ ਹੈ ਤਿਉਂ ਤਿਉਂ ਹੀ ਉਸ ਵਿਅਕਤੀ ਦਾ ਉਸ ਨੂੰ ਮਿਲਣ ਵਾਲੀ ਹਰ ਨਵੀਂ ਇਕਾਈ ਪ੍ਰਤੀ ਤੁਸ਼ਟੀਗੁਣ ਘਟਦਾ ਜਾਂਦਾ ਹੈ। ਪ੍ਰੋ. ਮਾਰਸ਼ਲ ਅਨੁਸਾਰ ਇੱਕ ਵਿਅਕਤੀ ਕੋਲ ਜਦੋਂ ਕਿਸੇ ਵਸਤੂ ਦੀ ਦਿੱਤੀ ਹੋਈ ਮਾਤਰਾ ਦੇ ਭੰਡਾਰ ਵਿੱਚ ਵਾਧਾ ਹੁੰਦਾ ਜਾਂਦਾ ਹੇ ਤਾਂ ਉਸ (ਨਵੀਆਂ ਇਕਾਈਆਂ) ਤੋਂ ਹੋਣ ਵਾਲੇ ਵਧੀਕ ਲਾਭ (ਤੁਸ਼ਟੀਗੁਣ) ਦੀ ਮਾਤਰਾ ਘਟਦੀ ਜਾਂਦੀ ਹੈ।* ("The additional benefit which a person derives from a given increase of his stock of a thing diminishes with every increase in the stock that he already has.") *ਇਹ ਨਿਯਮ ਦੋ ਮਹੱਤਵਪੂਰਣ ਉੱਪਰ ਆਧਾਰਿਤ ਹੈ। ਪਹਿਲੇ, ਇੱਕ ਵਿਅਕਤੀ ਦੀਆਂ ਕੁੱਲ ਲੋੜਾਂ ਅਸੀਮਤ ਹੁੰਦੀਆਂ ਹਨ ਪਰੰਤੂ ਇੱਕ ਸਮੇਂ ਜਿਵੇਂ ਜਿਵੇਂ ਇੱਕ ਵਿਅਕਤੀ ਕੋਲ ਉਪਭੋਗ ਕੀਤੀ ਜਾਣ ਵਾਲੀ ਵਸਤੂ ਦੀ ਮਾਤਰਾ ਵਧਦੀ ਜਾਂਦੀ ਹੈ, ਤਿਵੇਂ ਤਿਵੇਂ ਉਸ ਵਸਤੂ ਨੂੰ ਲੈਣ ਲਈ ਉਪਭੋਗੀ ਦੀ ਲੋੜ ਦੀ ਤੀਬਰਤਾ* (Intensity) *ਘਟਦੀ ਜਾਂਦੀ ਹੈ। ਅਖ਼ੀਰ ਇੱਕ ਅਜਿਹਾ ਬਿੰਦੂ (ਸਥਿਤੀ) ਆ ਜਾਂਦਾ ਹੈ ਕਿ ਉਪਭੋਗੀ ਵਸਤੂ ਦੀ ਹੋਰ ਇਕਾਈਆਂ ਲੈਣੀਆਂ ਬਿਲਕੁੱਲ ਬੰਦ ਕਰ ਦਿੰਦਾ ਹੈ। ਇਸ ਪੱਧਰ ਉੱਪਰ ਉਪਭੋਗੀ ਦਾ ਸੀਮਾਂਤ ਤੁਸ਼ਟੀਗੁਣ ਸਿਫ਼ਰ ਹੋ ਜਾਂਦਾ ਹੈ। ਜਿਸ ਦਾ ਭਾਵ ਹੈ ਕਿ ਉਪਭੋਗੀ ਨੇ ਦਿੱਤੀ ਹੋਈ ਵਸਤੂ ਪ੍ਰਤੀ ਇੱਕ ਦਿੱਤੇ ਸਮੇਂ ਦੌਰਾਨ ਪੂਰਨ ਸੰਤੁਸ਼ਟੀ ਪ੍ਰਾਪਤ ਕਰ ਲਈ ਹੈ।*

*ਦੂਸਰਾ ਤੱਤ ਜਿਸ ਉੱਪਰ ਘਟਦੇ ਸੀਮਾਂਤ ਪ੍ਰਤੀਫ਼ਲ ਦਾ ਨਿਯਮ ਆਧਾਰਿਤ ਹੈ ਇਹ ਹੈ ਕਿ ਉਪਭੋਗੀ ਨੂੰ ਸੰਤੁਸ਼ਟੀ ਦੇਣ ਵਾਲੀਆਂ ਵੱਖ ਵੱਖ ਵਸਤੂਆਂ ਆਪਸ ਵਿੱਚ ਪੂਰਨ ਸਥਾਨਪਤੀ* (Substitute) *ਨਹੀਂ ਹਨ। ਜੇ ਉਪਭੋਗੀ ਦੀ ਲੋੜਾਂ ਨੂੰ ਪੂਰਾ ਕਰਨ ਵਾਲੀਆਂ ਵਸਤੂਆਂ ਆਪਸ ਵਿੱਚ ਪੂਰੀ ਤਰ੍ਹਾਂ ਸਥਾਨਪਤੀ ਹੁੰਦੀਆਂ ਤਾਂ ਕਿਸੇ ਇੱਕ ਵਸਤੂ ਲਈ ਉਪਭੋਗੀ ਦਾ ਤੁਸ਼ਟੀਗੁਣ ਨਾ ਘਟਦਾ। ਇਸ ਦਾ ਕਾਰਨ ਇਹ ਹੈ ਕਿ ਉਪਭੋਗੀ ਉਸੇ ਵਸਤੂ ਨੂੰ ਆਪਣੀਆਂ ਦੂਸਰੀਆਂ ਲੋੜਾਂ ਪੂਰੀਆਂ ਕਰਨ ਲਈ ਵਰਤ ਲੈਂਦਾ ਅਤੇ ਸਿੱਟੇ ਵੱਜੋਂ ਉਪਭੋਗੀ ਦਾ ਉਸ ਵਸਤੂ ਪ੍ਰਤੀ ਸੀਮਾਂਤ ਤੁਸ਼ਟੀਗੁਣ ਨਾ ਘਟਦਾ। ਪਰੰਤੂ ਅਸਲੀਅਤ ਇਹ ਹੈ ਕਿ ਸੰਸਾਰ ਵਿੱਚ ਮਨੁੱਖ ਦੀਆਂ ਵੱਖ ਵੱਖ ਲੋੜਾਂ ਨੂੰ ਪੂਰਾ ਕਰਨ ਵਾਲੀਆਂ ਵਸਤੂਆਂ ਆਪਸ ਵਿੱਚ ਪੂਰੀ ਤਰ੍ਹਾਂ ਸਥਾਨਪਤੀ ਨਹੀਂ ਹਨ ਜਿਸ ਕਰਕੇ ਹੀ ਇੱਕ ਵਸਤੂ ਪ੍ਰਤੀ ਉਸ ਦੀ ਮਾਤਰਾ ਵਧਣ ਨਾਲ ਸੀਮਾਂਤ ਤੁਸ਼ਟੀਗੁਣ ਘਟਦਾ ਚਲਿਆ ਜਾਂਦਾ ਹੈ।*

*ਰੇਖਾ ਚਿੱਤਰ ਨੰ:2 ਦੇ ਭਾਗ (ਅ) ਤੋਂ ਸਪੱਸ਼ਟ ਹੈ ਕਿ ਜਿਉਂ ਜਿਉਂ ਉਪਭੋਗੀ ਦੁਆਰਾ ਵਸਤੂਆਂ ਦੀਆਂ ਉਪਭੋਗ ਕੀਤੀਆਂ ਇਕਾਈਆਂ ਦੀ ਗਿਣਤੀ ਵਧਦੀ ਜਾਂਦੀ ਹੈ ਤਿਉਂ ਤਿਉਂ ਉਪਭੋਗੀ ਦਾ ਤੁਸ਼ਟੀਗੁਣ ਘਟਦਾ ਜਾਂਦਾ ਹੈ। ਜਦੋਂ ਉਪਭੋਗੀ ਵਸਤੂ* x *ਦੀ ਪਹਿਲੀ ਇਕਾਈ ਦਾ ਉਪਭੋਗ ਕਰਦਾ ਹੈ ਤਾਂ ਉਸ ਦਾ ਤੁਸ਼ਟੀਗੁਣ*




*ਵਸਤੂ ਦੀ ਇਸ ਇਕਾਈ ਲਈ 10 ਦੇ ਬਰਾਬਰ ਹੈ। ਇਸ ਤਰ੍ਹਾਂ ਹੀ ਦੂਸਰੀ ਇਕਾਈ ਦਾ ਉਪਭੋਗ ਕਰਨ ਨਾਲ ਉਪਭੋਗੀ ਲਈ ਵਸਤੂ* x *ਦਾ ਤੁਸ਼ਟੀਗੁਣ ਘਟ ਕੇ 8 ਦੇ ਬਰਾਬਰ ਰਹਿ ਜਾਂਦਾ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਜਿਉਂ ਜਿਉਂ ਉਪਭੋਗੀ ਕੋਲ ਵਸਤੂ* x *ਦੀ ਮਾਤਰਾ ਵਧਦੀ ਜਾਂਦੀ ਹੈ ਤਿਉਂ ਤਿਉਂ ਹੀ ਉਸ ਵਸਤੂ* x *ਦੀਆਂ ਬਾਅਦ ਦੀਆਂ ਇਕਾਈਆਂ ਪ੍ਰਤੀ ਤੁਸ਼ਟੀਗੁਣ ਘਟਦਾ ਜਾਂਦਾ ਹੈ। ਸਿੱਟੇ ਵੱਜੋਂ ਸੀਮਾਂਤ ਤੁਸ਼ਟੀਗੁਣ ਵਕਰ* (MUx) *ਦੀ ਖੱਬੇ ਤੋਂ ਸੱਜੇ ਵੱਲ ਹੇਠਾਂ ਨੂੰ ਢਲਾਣ ਬਣ ਜਾਂਦੀ ਹੈ।* (The marginal utility (MUx) curve slopes downward from left to right). *ਘਟਦੇ ਸੀਮਾਂਤ ਤੁਸ਼ਟੀਗੁਣ ਦਾ ਇਹ ਨਿਯਮ ਮਨੁੱਖ ਸੁਭਾਅ ਦੀਆਂ ਪ੍ਰਵਿਰਤੀਆਂ ਨੂੰ ਪ੍ਰਗਟਾਉਂਦਾ ਹੈ। ਇਹ ਨਿਯਮ ਅੰਤਰ-ਦਰਸ਼ਤਾ* (Introspection) *ਅਤੇ ਨਿਰੀਖਣ* (Observation) *ਉੱਪਰ ਆਧਾਰਿਤ ਹੈ। ਇਸ ਘਟਦੇ ਸੀਮਾਂਤ ਤੁਸ਼ਟੀਗੁਣ ਦਾ ਮੰਗ ਦੀ ਨਿਯਮ ਦੇ ਲਈ ਬਹੁਤ ਮਹੱਤਵ ਹੈ ਜਿਸ ਅਨੁਸਾਰ ਕਿਸੇ ਵਸਤੂ ਦੀ ਕੀਮਤ ਘਟਣ ਕਾਰਨ ਉਸਦੀ ਵਸਤੂ ਦੀ ਮੰਗੀ ਗਈ ਮਾਤਰਾ ਵਧ ਜਾਂਦੀ ਹੈ ਅਤੇ ਕੀਮਤ ਵਧਣ ਕਾਰਨ ਉਸ ਵਸਤੂ ਦੀ ਮੰਗੀ ਗਈ ਮਾਤਰਾ ਘਟ ਜਾਂਦੀ ਹੈ।*

**3. ਸਵੈ-ਮੁਲਾਂਕਣ ਪ੍ਰਸ਼ਨ**

(i) *ਸੀਮਾਂਤ ਤੁਸ਼ਟੀਗੁਣ ਤੋਂ ਭਾਵ ਉਪਭੋਗੀ ਦੁਆਰਾ ਉਪਭੋਗ ਕੀਤੀ ਜਾ ਰਹੀ ਵਸਤੂ ਦੀ ਇੱਕ........ ਦਾ ਉਪਭੋਗ ਕਰਨ ਨਾਲ ਪ੍ਰਾਪਤ ਹੋਣ ਵਾਲਾ.............. ਹੁੰਦਾ ਹੈ।*

(ii) *ਜਦੋਂ ਉਪਭੋਗੀ ਦੁਆਰਾ ਕਿਸੇ ਵਸਤੂ ਦੀਆਂ ਕੁੱਝ ਇਕਾਈਆਂ ਦੇ ਉਪਭੋਗ ਕਰਨ ਤੋਂ ਬਾਅਦ ਇੱਕ ਹੋਰ ਵਾਧੂ ਇਕਾਈ ਉਪਭੋਗ ਕਰਨ ਨਾਲ ਸੀਮਾਂਤ ਤੁਸ਼ਟੀਗੁਣ ਸਿਫ਼ਰ ਹੋ ਜਾਂਦਾ ਹੈ ਤਾਂ ਉਸ ਸਮੇਂ ਕੁੱਲ ਤੁਸ਼ਟੀਗੁਣ ................ਹੁੰਦਾ ਹੈ।*

(iii) *ਤੁਸ਼ਟੀਗੁਣ ਨੂੰ ਮਾਪਣ ਵਾਲੀ ਇਕਾਈ ਨੂੰ ..........................ਕਿਹਾ ਜਾਂਦਾ ਹੈ।*

(iv) *ਵੱਖ ਵੱਖ ਵਸਤੂਆਂ ਤੋਂ ਮਿਲਣ ਵਾਲੀਆਂ ਤੁਸ਼ਟੀਗੁਣ ਦੀਆਂ ਇਕਾਈਆਂ ਇੱਕ ਦੂਜੇ ਤੋਂ ........... ਹੁੰਦੀਆਂ ਹਨ।*

**3.1 ਸਵੈ-ਮੁਲਾਂਕਣ ਪ੍ਰਸ਼ਨਾਂ ਦੇ ਉੱਤਰ :**

*(ੳ) ਇਕਾਈ, ਤੁਸ਼ਟੀਗੁਣ (ਅ) ਵੱਧ ਤੋਂ ਵੱਧ (ੲ) ਯੂਟਿਲ (ਹ) ਆਜ਼ਾਦ*

**4. ਘਟਦੇ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਦੇ ਅਪਵਾਦ (Exceptions):**

*ਅਰਥ ਸ਼ਾਸਤਰ ਵਿੱਚ ਘਟਦੇ ਸੀਮਾਂਤ ਤੁਸ਼ਟੀਗੁਣ ਦਾ ਨਿਯਮ ਉਨ੍ਹਾਂ ਨਿਯਮਾਂ ਵਿਚੋਂ ਇੱਕ ਹੈ ਜਿੰਨ੍ਹਾਂ ਦੀ ਅਮਲੀ ਰੂਪ ਵਿੱਚ ਸਹੀ ਤੌਰ ਤੇ ਲਾਗੂ ਹੋਣ ਦੀ ਬਹੁਤ ਸਾਰਥਿਕਤਾ ਹੈ। ਪਰੰਤੂ ਫਿਰ ਵੀ ਕੁੱਝ ਅਜਿਹੀਆਂ ਸਥਿਤੀਆਂ* (situations) *ਹਨ ਜਿੱਥੇ ਇਹ ਨਿਯਮ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦਾ। ਇਨ੍ਹਾਂ ਵਿਚੋਂ ਕੁਝ ਕੁ ਸਥਿਤੀਆਂ ਜਿੱਥੇ ਇਹ ਨਿਯਮ ਲਾਗੂ ਨਹੀਂ* (exceptions) *ਹੁੰਦਾ, ਹੇਠਾਂ ਦਿੱਤੀਆਂ ਗਈਆਂ ਹਨ।*

(i) *ਘਟਦੇ ਸੀਮਾਂਤ ਤੁਸ਼ਟੀਗੁਣ ਦਾ ਨਿਯਮ ਦੁਰਲੱਭ ਵਸਤੂਆਂ ਜਿਵੇਂ ਇੱਕ ਵਿਅਕਤੀ ਦੁਆਰਾ ਪੁਰਾਣੇ ਰਾਜਿਆਂ ਮਹਾਰਾਜਿਆਂ ਦੁਆਰਾ ਚਲਾਏ ਜਾਂਦੇ ਮੁਦਰਿਕ ਸਿੱਕਿਆਂ* (monetary coins) *ਨੂੰ ਇਕੱਤਰ ਕਰਨ ਦਾ ਸ਼ੌਂਕ, ਡਾਕ-ਟਿਕਟਾਂ ਨੂੰ ਇਕੱਤਰ ਕਰਨ ਦਾ ਸ਼ੌਕ, ਆਦਿ। ਇਨ੍ਹਾਂ ਹਾਲਤਾਂ ਵਿੱਚ ਜਦੋਂ ਇੱਕ ਵਿਅਕਤੀ ਕੋਲ ਇਨ੍ਹਾਂ ਦਾ ਭੰਡਾਰ ਵਧਦਾ ਜਾਂਦਾ ਹੈ ਤਾਂ ਇਨ੍ਹਾਂ ਵਸਤਾਂ ਸੰਬੰਧੀ ਉਸ ਵਿਅਕਤੀ ਦਾ ਤੁਸ਼ਟੀਗੁਣ ਘਟਦਾ ਨਹੀਂ ਸਗੋਂ ਵਧਦਾ ਜਾਂਦਾ ਹੈ।*

(ii) *ਘਟਦੇ ਸੀਮਾਂਤ ਤੁਸ਼ਟੀਗੁਣ ਦਾ ਇਹ ਨਿਯਮ ਵੀ ਆਮ* (Normal) *ਵਿਅਕਤੀਆਂ ਉੱਪਰ ਲਾਗੂ ਹੁੰਦਾ ਹੈ ਨਾ ਕਿ ਆਸਾਧਾਰਨ ਵਿਅਕਤੀਆਂ ਉੱਪਰ। ਉਦਾਹਰਣ ਵੱਜੋਂ ਇੱਕ ਸ਼ਰਾਬੀ ਜਿਉਂ ਜਿਉਂ ਸ਼ਰਾਬ ਪੀਂਦਾ ਜਾਵੇਗਾ ਤਿਉਂ ਤਿਉਂ ਉਸਦਾ ਸ਼ਰਾਬ ਪ੍ਰਤੀ ਤੁਸ਼ਟੀਗੁਣ ਵਧਦਾ ਚਲਿਆ ਜਾਵੇਗਾ।*

(iii) *ਇੱਕ ਕੰਜੂਸ ਵਿਅਕਤੀ ਦੇ ਸੰਬੰਧ ਵਿੱਚ ਘਟਦੇ ਸੀਮਾਂਤ ਤੁਸ਼ਟੀਗੁਣ ਦਾ ਨਿਯਮ ਲਾਗੂ ਨਹੀਂ ਹੁੰਦਾ। ਕਿਸੇ ਵਿਅਕਤੀ ਕੋਲ ਜਿਉਂ ਜਿਉਂ ਧਨ ਦੀ ਵਧੇਰੇ ਮਾਤਰਾ ਇਕੱਠੀ ਹੁੰਦੀ ਜਾਂਦੀ ਹੈ ਤਿਉਂ ਤਿਉਂ ਕੰਜੂਸ ਵਿਅਕਤੀ ਦਾ ਧਨ ਪ੍ਰਤੀ ਸੀਮਾਂਤ ਤੁਸ਼ਟੀਗੁਣ ਘਟਣ ਦੀ ਬਜਾਇ ਵਧਦਾ ਚਲਿਆ ਜਾਂਦਾ ਹੈ।*

(iv) *ਪ੍ਰੋ. ਏ.ਸੀ. ਪੀਗੂ ਅਨੁਸਾਰ ਕਿਸੇ ਵਸਤੂ ਦਾ ਤੁਸ਼ਟੀਗੁਣ ਇਸ ਗੱਲ ਤੇ ਵੀ ਨਿਰਭਰ ਕਰਦਾ ਹੈ ਕਿ ਹੋਰ ਵਿਅਕਤੀਆਂ ਕੋਲ ਉਸ ਵਸਤੂ ਦੀ ਕਿਤਨੀ ਮਾਤਰਾ ਉਪਲੱਬਧ ਹੈ। ਉਦਾਹਰਣ ਵੱਜੋਂ ਜੇ ਇੱਕ ਬਸਤੀ ਵਿੱਚ ਆਮਦਨ ਪੱਖੋਂ ਮੱਧ-ਵਰਗ ਦੇ ਲੋਕ ਰਹਿੰਦੇ ਹਨ ਤਾਂ ਉਨ੍ਹਾਂ ਵਿਚੋਂ ਬਹੁਤਿਆਂ ਦੇ ਪਰਿਵਾਰਾਂ ਕੋਲ ਘਰਾਂ ਨੂੰ ਗਰਮੀਆਂ ਦੀ ਰੁੱਤ ਵਿੱਚ ਠੰਢਾ ਅਤੇ ਸਰਦੀਆਂ ਦੀ ਰੁੱਤ ਵਿੱਚ ਨਿੱਘਾ ਰੱਖਣ ਲਈ ਦੋ ਦੋ ਏਅਰ ਕੰਡੀਸ਼ਨਰ* (Air-Conditioner) *ਲੱਗੇ ਹੋਏ ਹਨ। ਇੱਕ ਵਿਅਕਤੀ, ਜਿਸ ਦੇ ਪਰਿਵਾਰ ਕੋਲ ਕੇਵਲ ਇੱਕ ਏ.ਸੀ. ਹੀ ਉਪਲਬਧ ਹੈ, ਇੱਕ ਹੋਰ ਏ.ਸੀ. ਦੀ ਪ੍ਰਾਪਤੀ ਨਾਲ ਏ.ਸੀ. ਪ੍ਰਤੀ ਉਸੇ ਪਰਿਵਾਰ ਦਾ ਸੀਮਾਂਤ ਤੁਸ਼ਟੀਗੁਣ ਨਹੀਂ ਘਟੇਗਾ ਭਾਵ ਇਸ ਸਥਿਤੀ ਵਿੱਚ ਘਟਦੇ ਸੀਮਾਂਤ ਤੁਸ਼ਟੀਗੁਣ ਦਾ ਨਿਯਮ ਲਾਗੂ ਨਹੀਂ ਹੋਵੇਗਾ।*

**5. ਘਟਦੇ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਦੀ ਮਹੱਤਤਾ :**

**(Importance of the Law of Diminishing Marginal Utility)**

*ਇਸ ਨਿਯਮ ਦੀ ਅਰਥ-ਸ਼ਾਸਤਰ ਵਿੱਚ ਬਹੁਤ ਮਹੱਤਤਾ ਹੈ ਅਤੇ ਇਸ ਮਹੱਤਤਾ ਨਾਲ ਸੰਬੰਧਿਤ ਕੁਝ*

*ਨੁਕਤਿਆਂ ਦਾ ਹੇਠਾਂ ਵਰਣਨ ਕੀਤਾ ਜਾ ਰਿਹਾ ਹੈ।*

(i) *ਘਟਦੇ ਸੀਮਾਂਤ ਤੁਸ਼ਟੀਗੁਣ ਦਾ ਨਿਯਮ ਅਰਥ-ਸ਼ਾਸਤਰ ਵਿੱਚ ਮੰਗ ਦੇ ਨਿਯਮ, ਸਮ-ਸੀਮਾਂਤ ਤੁਸ਼ਟੀਗੁਣ ਦੇ ਨਿਯਮ ਅਤੇ ਉਪਭੋਗੀ ਦੀ ਬੇਸ਼ੀ ਦੇ ਨਿਯਮ ਦਾ ਆਧਾਰ ਹੈ।*

(ii) *ਇਹ ਨਿਯਮ ਮੁੱਲ ਸਿਧਾਂਤ ਦੇ ਵਰਤਾਰੇ ਜਿਸ ਅਨੁਸਾਰ ਕਿਸੇ ਵਸਤੂ ਦੀ ਪੂਰਤੀ ਵਧ ਜਾਣ ਨਾਲ ਉਸ ਦੀ ਕੀਮਤ ਘਟ ਜਾਂਦੀ ਹੈ, ਦੀ ਵਿਆਖਿਆ ਕਰਨ ਵਿੱਚ ਬਹੁਤ ਹੀ ਸਹਾਈ ਸਿੱਧ ਹੁੰਦਾ ਹੈ। ਇਸ ਦਾ ਕਾਰਨ ਇਹ ਹੈ ਕਿ ਵਸਤੂ ਦੇ ਭੰਡਾਰ ਵਿੱਚ ਵਾਧਾ ਹੋਣ ਨਾਲ ਉਸ ਦਾ ਤੁਸ਼ਟੀਗੁਣ ਘਟ ਜਾਂਦਾ ਹੈ।*

(iii) *ਉਤਪਾਦਕਾਂ ਵੱਲੋਂ ਆਪਣੀਆਂ ਵਸਤੂਆਂ ਦੇ ਡਿਜ਼ਾਇਨਾਂ, ਪੈਕਿੰਗ ਆਦਿ ਵਿੱਚ ਵਾਰ ਵਾਰ ਤਬਦੀਲੀਆਂ ਘਟਦੇ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਕਾਰਨ ਹੀ ਕੀਤੀਆਂ ਜਾਂਦੀਆਂ ਹਨ। ਅਸੀਂ ਜਾਣਦੇ ਹਾਂ ਇੱਕੋ ਵਸਤੂ ਨੂੰ ਉਸੇ ਰੂਪ ਵਿੱਚ ਵਰਤਣ ਨਾਲ ਸਾਡੀ ਦਿਲਚਸਪੀ ਉਸ ਵਿੱਚ ਘੱਟ ਜਾਂਦੀ ਹੈ ਅਤੇ ਸਿੱਟੇ ਵੱਜੋਂ ਵਸਤੂ ਦੀ ਮੰਗ ਘਟ ਜਾਂਦੀ ਹੈ। ਉਤਪਾਦਕ ਅਦਾਰੇ ਆਪਣੇ ਦੁਆਰਾ ਉਤਪਾਦਿਤ ਵਸਤੂ ਦੀ ਮੰਡੀ ਵਿੱਚ ਮੰਗ ਨੂੰ ਬਰਕਰਾਰ ਰੱਖਣ ਜਾਂ ਵਧਾਉਣ ਲਈ ਵਸਤੂ ਦੇ ਨਵੇਂ ਡਿਜ਼ਾਇਨ ਤਿਆਰ ਕਰਕੇ ਬਜ਼ਾਰ ਵਿੱਚ ਭੇਜਦੇ ਰਹਿੰਦੇ ਹਨ ਤਾਂ ਕਿ ਉਪਭੋਗੀਆਂ ਦਾ ਉਨ੍ਹਾਂ ਦੁਆਰਾ ਤਿਆਰ ਕੀਤੀ ਵਸਤੂ ਪ੍ਰਤੀ ਸੀਮਾਂਤ ਤੁਸ਼ਟੀਗੁਣ ਨਾ ਘਟੇ ਅਤੇ ਲੋਕ ਉਸ ਉਤਪਾਦਿਕ ਫ਼ਰਮ/ਕੰਪਨੀ ਦਾ ਬਣਿਆ ਸਮਾਨ ਖ਼ਰੀਦਦੇ ਰਹਿਣ। ਅਸੀਂ ਅਕਸਰ ਦੇਖਦੇ ਰਹਿੰਦੇ ਹਾਂ ਕਿ ਲਕਸ, ਲਿਰਲ ਆਦਿ ਸਾਬਣਾਂ ਦੀਆਂ ਟਿੱਕੀਆਂ ਦੇ ਡਿਜ਼ਾਇਨ ਅਕਸਰ ਹੀ ਬਦਲਦੇ ਰਹਿੰਦੇ ਹਨ ਤਾਂ ਕਿ ਲੋਕ ਇੱਕੋ ਡਿਜ਼ਾਇਨ ਤੋਂ ਅਕੇਵਾਂ* (Boredom) *ਮਹਿਸੂਸ ਨਾ ਕਰਨ।*

(iv) *ਐਡਮ ਸਮਿੱਥ ਦੁਆਰਾ 'ਹੀਰੇ-ਪਾਣੀ ਵਿਰੋਧਾਭਾਸ'*(Diamond-Water Paradox) *ਨੂੰ ਵੀ ਘਟਦੇ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਦੀ ਸਹਾਇਤਾ ਨਾਲ ਹੱਲ ਕੀਤਾ ਜਾ ਸਕਦਾ ਹੈ। ਕਿਉਂਕਿ ਸਾਪੇਖਿਕ ਤੌਰ ਤੇ ਹੀਰਿਆਂ ਦੀ ਬਹੁਤ ਥੁੜ੍ਹਤਾ* (Scarcity) *ਹੁੰਦੀ ਹੈ ਇਸ ਕਰਕੇ ਇਸ ਹੀਰੇ ਦਾ ਸੀਮਾਂਤ ਤੁਸ਼ਟੀਗੁਣ ਬਹੁਤ ਜ਼ਿਆਦਾ ਹੋਣ ਕਾਰਨ ਹੀਰੇ ਦੀ ਕੀਮਤ ਬਹੁਤ ਉੱਚੀ ਹੁੰਦੀ ਹੈ। ਦੂਸਰੇ ਪਾਸੇ ਸਪੇਖਿਕ ਤੌਰ ਤੇ ਪਾਣੀ ਦੀ ਬਹੁਲਤਾ ਹੋਣ ਕਾਰਨ ਇਸ ਦਾ ਸੀਮਾਂਤ ਤੁਸ਼ਟੀਗੁਣ ਬਹੁਤ ਹੀ ਘੱਟ ਹੋਣ ਕਾਰਨ ਪਾਣੀ ਦੀ ਕੀਮਤ ਬਹੁਤ ਘੱਟ ਹੁੰਦੀ ਹੈ। ਇਸ ਕਰਕੇ ਹੀ ਹੀਰੇ ਨਾਲੋਂ ਪਾਣੀ ਦੀ ਕੀਮਤ ਘੱਟ ਹੁੰਦੀ ਹੈ ਭਾਵੇਂ ਕਿ ਇਹ ਮਨੁੱਖੀ ਜ਼ਿੰਦਗੀ ਲਈ ਹੀਰੇ ਨਾਲੋਂ ਪਾਣੀ ਜ਼ਿਆਦਾ ਲਾਭਦਾਇਕ ਹੁੰਦਾ ਹੈ।*

(v) *ਇਹ ਨਿਯਮ ਸਮਾਜਵਾਦ ਵਿੱਚ ਅਮੀਰਾਂ ਕੋਲੋਂ ਗਰੀਬਾਂ ਨੂੰ ਧਨ ਵੰਡਣ ਦੀ ਨੀਤੀ ਨੂੰ ਆਧਾਰ ਮੁਹੱਈਆ ਕਰਦਾ ਹੈ ਕਿਉਂਕਿ ਅਮੀਰਾਂ ਕੋਲ ਬਹੁਤ ਜ਼ਿਆਦਾ ਧਨ ਹੋਣ ਕਾਰਣ ਉਨ੍ਹਾਂ ਦਾ ਧਨ ਪ੍ਰਤੀ ਸੀਮਾਂਤ ਤੁਸ਼ਟੀਗੁਣ ਬਹੁਤ ਘੱਟ ਹੁੰਦਾ ਹੈ ਜਦੋਂ ਕਿ ਗਰੀਬਾਂ ਦਾ ਧਨ ਪ੍ਰਤੀ ਸੀਮਾਂਤ ਤੁਸ਼ਟੀਗੁਣ ਬਹੁਤ ਉੱਚਾ ਹੁੰਦਾ ਹੈ। ਇਸ ਤਰ੍ਹਾਂ ਅਮੀਰ ਲੋਕਾਂ ਪਾਸੋਂ ਗਰੀਬ ਲੋਕਾਂ ਵੱਲ ਧਨ ਦੀ ਵੰਡ ਹੋਣ ਨਾਲ ਸਾਰੇ ਸਮਾਜ ਦੇ ਕਲਿਆਣ ਵਿੱਚ ਵਾਧਾ ਹੋਵੇਗਾ।*

(vi) *ਆਰੋਹੀ ਕਰ* (Progressive tax) *ਦੇ ਸਿਧਾਂਤ ਨੂੰ ਵੀ ਘਟਦੇ ਸੀਮਾਂਤ ਤੁਸ਼ਟੀਗੁਣ ਦਾ ਨਿਯਮ ਹੀ ਆਧਾਰ ਪ੍ਰਦਾਨ ਕਰਦਾ ਹੈ। ਅਮੀਰ ਲੋਕਾਂ ਦੀ ਆਮਦਨ ਬਹੁਤ ਜ਼ਿਆਦਾ ਹੋਣ ਕਾਰਨ ਉਨ੍ਹਾਂ ਦਾ ਮੁਦਰਾ* (money) *ਪ੍ਰਤੀ ਸੀਮਾਂਤ ਤੁਸ਼ਟੀਗੁਣ ਗਰੀਬਾਂ ਦੇ ਮੁਕਾਬਲਤਨ ਬਹੁਤ ਘੱਟ ਹੁੰਦਾ ਹੈ। ਇਸ ਲਈ ਅਮੀਰਾਂ ਉੱਪਰ ਆਰੋਹੀ ਕਰ ਲਗਾਉਣਾ ਵਧੇਰੇ ਉਚਿਤ ਮੰਨਿਆ ਜਾਂਦਾ ਹੈ।*

### 6. ਸੀਮਾਂਤ ਤੁਸ਼ਟੀਗੁਣ ਦੁਆਰਾ ਉਪਭੋਗੀ ਦੀ ਵਕਰ ਬਣਾਉਣਾ :

**(Derivation of Demand Curve from Marginal Utility)**

*ਇਸ ਉਪ ਭਾਗ ਵਿੱਚ ਸਾਡਾ ਮਨੋਰਥ ਘਟਦੇ ਸੀਮਾਂਤ ਤੁਸ਼ਟੀਗੁਣ ਨਿਯਮ ਦੀ ਸਹਾਇਤਾ ਨਾਲ ਮੰਗ ਦੇ ਸਿਧਾਂਤ ਦਾ ਵਿਵੇਚਨ ਕਰਦੇ ਹੋਏ ਉਪਭੋਗੀ ਦੇ ਸੰਤੁਲਨ* (Consumer's equilibrium) *ਨੂੰ ਪ੍ਰਾਪਤ ਕਰਨਾ ਹੈ। ਅਸੀਂ ਜਾਣਦੇ ਹਾਂ ਕਿ ਹੋਰ ਗੱਲਾਂ ਸਮਾਨ ਰਹਿਣ ਤੇ ਵਸਤੂ ਦੀ ਕੀਮਤ ਵਧਣ ਨਾਲ ਉਸ ਦੀ ਮੰਗ ਘਟ ਜਾਂਦੀ ਹੈ ਅਤੇ ਇਸ ਤੋਂ ਉਲਟ 'ਹੋਰ ਗੱਲਾਂ ਸਮਾਨ' ਰਹਿਣ ਤੋਂ ਭਾਵ ਹੈ ਵਸਤੂ ਦੀ ਕੀਮਤ ਤੋਂ ਬਿਨਾਂ ਮੰਗ ਨੂੰ ਪ੍ਰਭਾਵਿਤ ਕਰਨ ਵਾਲੇ ਬਾਕੀ ਕਾਰਕਾਂ ਜਿਵੇਂ ਉਪਭੋਗੀ ਦੀ ਆਮਦਨ, ਪੂਰਕ ਵਸਤੂਆਂ ਦੀਆਂ ਕੀਮਤਾਂ, ਸਹਾਇਕ ਵਸਤੂਆਂ ਦੀਆਂ ਕੀਮਤਾਂ, ਲੋਕਾਂ ਦੀਆਂ ਰੁਚੀਆਂ, ਫੈਸ਼ਨ ਆਦਿ ਸਥਿਰ ਮੰਨ ਲਏ ਜਾਂਦੇ ਹਨ। ਉਪਭੋਗੀ ਦੇ ਸੰਤੁਲਨ ਨੂੰ ਦੋ ਭਾਗਾਂ*

*ਵਿੱਚ ਵੰਡ ਕੇ ਸਮਝਣਾ ਜ਼ਰੂਰੀ ਹੁੰਦਾ ਹੈ।*

6(i) *ਇੱਕ ਵਸਤੂ ਦੀ ਮੰਗ ਸੰਬੰਧੀ ਉਪਭੋਗੀ ਦਾ ਸੰਤੁਲਨ।*

6(ii) *ਇੱਕ ਤੋਂ ਵੱਧ ਵਸਤੂਆਂ ਦੀ ਮੰਗ ਸੰਬੰਧੀ ਉਪਭੋਗੀ ਦਾ ਸੰਤੁਲਨ।*

6(i) *ਪਹਿਲਾਂ ਅਸੀਂ ਇੱਕ ਵਸਤੂ ਦੀ ਮੰਗ ਵਕਰ ਦੁਆਰਾ ਉਪਭੋਗੀ ਦੇ ਸੰਤੁਲਨ ਦਾ ਅਧਿਐਨ ਕਰਾਂਗੇ। ਇਸ ਨਿਯਮ ਸੰਬੰਧੀ ਹੇਠ ਲਿਖੀਆਂ ਕੁੱਝ ਮਾਨਤਾਵਾਂ ਲਈਆਂ ਗਈਆਂ ਹਨ।*

1. *ਉਪਭੋਗੀ ਨੂੰ ਵਿਵੇਕਸ਼ੀਲ* (Rational) *ਮੰਨਿਆ ਗਿਆ ਹੈ ਜਿਸ ਦਾ ਭਾਵ ਹੈ ਕਿ ਉਹ ਆਪਦੀ ਆਮਦਨ ਨੂੰ ਖਰਚ ਇਸ ਢੰਗ ਨਾਲ ਕਰਨ ਦਾ ਯਤਨ ਕਰਦਾ ਹੈ ਕਿ ਉਸ ਨੂੰ ਵੱਧ ਤੋਂ ਵੱਧ ਸੰਤੁਸ਼ਟੀ ਪ੍ਰਾਪਤ ਹੋ ਸਕੇ।*
2. *ਉਪਭੋਗੀ ਦੀ ਮੁਦਰਿਕ ਆਮਦਨ ਸਥਿਰ ਮੰਨੀ ਗਈ ਹੈ ਅਤੇ ਵਿਸ਼ਲੇਸ਼ਣ ਦੀ ਸਮਾਂ-ਅਵਧੀ* (Time-Period) *ਦੌਰਾਨ ਉਸਦੀ ਆਮਦਨ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ।*
3. *ਉਪਭੋਗੀ ਦੇ ਸੁਆਦ, ਰੁਚੀਆਂ ਆਦਿ ਵਿੱਚ ਵੀ ਤਬਦੀਲੀ ਨਹੀਂ ਆਉਂਦੀ।*
4. *ਤੁਸ਼ਟੀਗੁਣ ਨੂੰ ਸੰਖਿਆਤਮਿਕ* (Cardinally) *ਤੌਰ ਤੇ ਮਾਪਿਆ ਜਾ ਸਕਦਾ ਹੈ।*
5. *ਉਪਭੋਗੀ ਦੁਆਰਾ ਮੰਗੀ ਜਾਣ ਵਾਲੀ ਵਸਤੂ ਦੀ ਕੀਮਤ ਨੂੰ ਛੱਡ ਕੇ ਬਾਕੀ ਵਸਤੂਆਂ ਦੀਆਂ ਕੀਮਤਾਂ ਸਥਿਰ ਮੰਨੀਆਂ ਜਾਂਦੀਆਂ ਹਨ।*
6. *ਮੁਦਰਾ ਦਾ ਸੀਮਾਂਤ ਤੁਸ਼ਟੀਗੁਣ ਸਥਿਰ ਮੰਨਿਆ ਜਾਂਦਾ ਹੈ।*

*ਉਪਭੋਗੀ ਦੇ ਸੰਤੁਲਨ* (consumers's equilibrium) *ਨੂੰ ਇੱਕ ਸਾਰਣੀ ਅਤੇ ਰੇਖਾ ਚਿੱਤਰ ਦੀ ਸਹਾਇਤਾ ਨਾਲ ਵਿਖਾਇਆ ਜਾ ਸਕਦਾ ਹੈ। ਉਪਭੋਗੀ ਦੇ ਸੰਤੁਲਨ ਤੋਂ ਭਾਵ ਉਹ ਸਥਿਤੀ ਹੈ ਜਿਸ ਵਿੱਚ ਉਸ ਸਮੇਂ ਵਿੱਚ ਪ੍ਰਚਲਿਤ ਆਰਥਿਕ ਸ਼ਕਤੀਆਂ ਵਿੱਚ ਤਬਦੀਲੀ ਆਉਣ ਦੀ ਕੋਈ ਪ੍ਰਵਿਰਤੀ ਨਹੀਂ ਹੈ।*(Consumer's equilibrium is a situation in which economic forces, as they exist at the time, have no tendencey of change.) *ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਦੀ ਸਹਾਇਤਾ ਦੁਆਰਾ ਮੰਗ ਦੇ ਨਿਯਮ ਦੀ ਵਿਆਖਿਆ ਕਰਨ ਲਈ ਹੇਠਾਂ ਦਿੱਤੀ ਅਨੁਸੂਚੀ ਮਹੱਤਵਪੂਰਣ ਹਿੱਸਾ ਪਾਉਂਦੀ ਹੈ। ਇਸ ਅਨੁਸੂਚੀ ਵਿੱਚ ਵਸਤੂ ਦੀ ਪ੍ਰਤੀ ਇਕਾਈ ਕੀਮਤ 6 ਰੁ. ਰੱਖੀ ਗਈ ਹੈ ਜੋ ਕਿ ਸਥਿਰ* (Assume) *ਮੰਨੀ ਗਈ ਹੈ। ਤੁਸ਼ਟੀਗੁਣ ਦੀ ਇੱਕ ਇਕਾਈ* (Unit) *ਨੂੰ ਇੱਕ ਰੁਪਏ ਦੇ ਬਰਾਬਰ ਮੰਨਿਆ ਗਿਆ ਹੈ।*

**ਅਨੁਸੂਚੀ 3.2**

| ਖਰੀਦੇ ਗਏ ਸੇਬਾਂ ਦੀਆਂ ਇਕਾਈਆਂ | ਇਕਾਈ ਕੀਮਤ (ਰੁ:) | ਸੀਮਾਂਤ ਤੁਸ਼ਟੀਗੁਣ (ਰੁ:) |
|---|---|---|
| 1 | 6 | 18 |
| 2 | 6 | 12 |
| 3 | 6 | 6 |
| 4 | 6 | 4 |
| 5 | 6 | 3 |


*ਅਨੁਸੂਚੀ 3.2 ਵਿੱਚ ਦਰਸਾਇਆ ਗਿਆ ਹੈ ਕਿ ਜਦ ਉਪਭੋਗੀ ਵਸਤੂ (ਸੇਬ) ਦੀ ਪਹਿਲੀ ਇਕਾਈ ਖ਼ਰੀਦਦਾ ਹੈ ਤਾਂ ਉਸ ਦਾ ਸੀਮਾਂਤ ਤੁਸ਼ਟੀਗੁਣ 18 ਦੇ ਬਰਾਬਰ ਹੈ ਜੋ ਕਿ ਵਸਤੂ ਕੀਮਤ ਨਾਲੋਂ ਜ਼ਿਆਦਾ ਹੈ। ਦੂਸਰੀ ਇਕਾਈ ਖ਼ਰੀਦਣ*

*ਨਾਲ ਸੀਮਾਂਤ ਤੁਸ਼ਟੀਗੁਣ ਘਟ ਕੇ 12 ਯੂਟਿਲ (ਇੱਕ ਯੂਟਿਲ ਨੂੰ ਇੱਕ ਰੁਪਏ ਦੇ ਬਰਾਬਰ ਮੰਨਿਆ ਗਿਆ ਹੈ।) ਜੋ ਕਿ ਵਸਤੂ ਕੀਮਤ ਨਾਲੋਂ ਜ਼ਿਆਦਾ ਹੈ। ਇਸੇ ਤਰ੍ਹਾਂ ਉਪਭੋਗੀ ਜਿਵੇਂ ਜਿਵੇਂ ਵਸਤੂ ਦੀਆਂ ਹੋਰ ਇਕਾਈਆਂ ਖ਼ਰੀਦਦਾ ਜਾਂਦਾ ਹੈ ਤਿਵੇਂ ਤਿਵੇਂ ਉਸਦਾ ਵਸਤੂ ਪ੍ਰਤੀ ਸੀਮਾਂਤ ਤੁਸ਼ਟੀਗੁਣ ਵੀ ਘਟਦਾ ਚਲਿਆ ਜਾਂਦਾ ਹੈ। ਉਪਭੋਗੀ ਦੇ ਸੰਤੁਲਨ ਨੂੰ ਪ੍ਰਾਪਤ ਕਰਨ ਜ਼ਰੂਰੀ ਹੈ ਉਪਭੋਗੀ ਵੱਲੋਂ ਵਸਤੂ ਦੀ ਖ਼ਰੀਦ ਲਈ ਪ੍ਰਤੀ ਇਕਾਈ ਦਿੱਤੇ ਰੁਪਏ ਉਸ ਨੂੰ ਇਕਾਈ ਤੋਂ ਪ੍ਰਾਪਤ ਹੋਣ ਵਾਲੇ ਤੁਸ਼ਟੀਗੁਣ ਦੇ ਬਰਾਬਰ ਹੋਣ ਸਾਰਣੀ (ਅਨੁਸੂਚੀ) ਵਿੱਚ ਇਹ ਸੰਤੁਲਨ ਦੀ ਸਥਿਤੀ ਉਸ ਸਮੇਂ ਹੁੰਦੀ ਹੈ ਜਦੋਂ ਉਪਭੋਗੀ ਵਸਤੂ ਦੀ ਤੀਜੀ ਇਕਾਈ ਖ਼ਰੀਦਦਾ ਹੈ। ਇਥੇ ਉਸ ਇਕਾਈ ਦੀ ਕੀਮਤ (6 ਰੁ:) ਅਤੇ ਇਕਾਈ ਦੇ ਉਪਭੋਗ ਤੋਂ ਮਿਲਣ ਵਾਲਾ ਸੀਮਾਂਤ ਤੁਸ਼ਟੀਗੁਣ ਇੱਕ ਦੂਸਰੇ ਦੇ ਬਰਾਬਰ ਹਨ। ਜੇ ਉਪਭੋਗੀ ਵਸਤੂ ਦੀ ਪੰਜਵੀਂ ਇਕਾਈ ਖ਼ਰੀਦਣ ਦਾ ਯਤਨ ਕਰੇਗਾ। ਤਾਂ ਇਹ ਉਸ ਲਈ ਲਾਭਦਾਇਕ ਨਹੀਂ ਕਿਉਂਕਿ ਇਸ ਪੰਜਵੀਂ ਇਕਾਈ ਦੀ ਕੀਮਤ (ਉਪਭੋਗੀ ਲਈ ਖ਼ਰਚ) 6ਰੁ: ਹੈ ਅਤੇ ਉਸ ਤੋਂ ਮਿਲਣ ਵਾਲਾ ਸੀਮਾਂਤ ਤੁਸ਼ਟੀਗੁਦ ਕੇਵਲ 4 ਰੁ: ਦੇ ਬਰਾਬਰ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਉਪਭੋਗੀ ਦਾ ਸੰਤੁਲਨ ਚੌਥੀ ਇਕਾਈ ਖ਼ਰੀਦਣ ਨਾਲ ਪ੍ਰਾਪਤ ਹੋਵੇਗਾ ਜਿਥੇ ਉਪਭੋਗੀ ਵੱਲੋਂ ਦਿੱਤੀ ਗਈ ਪ੍ਰਤੀ ਇਕਾਈ ਕੀਮਤ 6 ਰੁ: ਹੈ ਅਤੇ ਇਸ ਇਕਾਈ ਤੋਂ ਉਪਭੋਗੀ ਨੂੰ ਮਿਲਣ ਵਾਲਾ ਸੀਮਾਂਤ ਤੁਸ਼ਟੀਗੁਣ ਵੀ 6 ਰੁ: ਦੇ ਬਰਾਬਰ ਹੈ।*

*ਘਟਦੇ ਸੀਮਾਂਤ ਤੁਸ਼ਟੀਗੁਣ ਦੇ ਸਿਧਾਂਤ ਦੀ ਸਹਾਇਤਾ ਦੁਆਰਾ ਅਸੀਂ ਉਪਭੋਗੀ ਦੇ ਸੰਤੁਲਨ ਨੂੰ ਇੱਕ ਰੇਖਾ ਚਿੱਤਰ ਦੁਆਰਾ ਵੀ ਵਿਖਾ ਸਕਦੇ ਹਾਂ। ਪ੍ਰੋ. ਮਾਰਸ਼ਲ ਨੇ ਵਸਤੂਆਂ ਦੇ ਮੰਗ ਵਕਰਾਂ ਨੂੰ ਉਨ੍ਹਾਂ ਦੇ ਤੁਸ਼ਟੀਗੁਣ ਫ਼ਲਨਾਂ* (Utility Functions) *ਦੇ ਆਧਾਰ ਉੱਪਰ ਬਣਾਇਆ। ਮਾਰਸ਼ਲ ਨੇ, ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ, ਆਪਣੇ ਸਿਧਾਂਤ ਨੂੰ ਕੁੱਲ-ਜੋੜ ਤੁਸ਼ਟੀਗੁਣ ਫ਼ਲਨਾਂ* (Additive Utility Functions) *ਦੀ ਪਰਿਕਲਪਨਾ* (Hypothesis) *ਉੱਪਰ ਆਧਾਰਿਤ ਕੀਤਾ। ਜਿਸ ਦਾ ਅਰਥ ਹੈ ਕਿ ਉਪਭੋਗੀ ਦੁਆਰਾ ਕਿਸੇ ਇੱਕ ਵਸਤੂ ਦਾ ਉਪਭੋਗ ਫ਼ਲਨ ਉਸ ਦੁਆਰਾ ਕਿਸੇ ਦੂਜੀ ਵਸਤੂ ਦੀ ਮਾਤਰਾ ਦਾ ਕੀਤਾ ਉਪਭੋਗ ਪਹਿਲੀ ਵਸਤੂ ਨਾਲ ਸੰਬੰਧਿਤ ਨਹੀਂ ਹੈ। ਇਸ ਦਾ ਭਾਵ ਇਹ ਹੋਇਆ ਕਿ ਪਹਿਲੀ ਵਸਤੂ ਦੁਆਰਾ ਉਪਭੋਗ ਕੀਤੀਆਂ ਜਾਣ ਵਾਲੀਆਂ ਵੱਖ ਵੱਖ ਵਸਤੂਆਂ ਵਿਚਕਾਰ ਆਪਸ ਵਿੱਚ ਪੂਰਕ* (Complementary) *ਜਾਂ ਸਥਾਨਪਤੀ* (Substitution) *ਵਾਲਾ ਕੋਈ ਸੰਬੰਧ ਨਹੀਂ ਹੈ। ਇਸ ਤਰ੍ਹਾਂ ਮਾਰਸ਼ਲ ਨੇ ਇਸ ਸਿਧਾਂਤ ਵਿੱਚ ਖ਼ਰੀਦੀ ਜਾਣ ਵਾਲੀ ਇੱਕ ਵਸਤੂ ਦਾ ਕਿਸੇ ਹੋਰ ਵਸਤੂ ਨਾਲ ਪੂਰਕ ਜਾਂ ਸਥਾਨਪਤੀ ਸੰਬੰਧ ਨੂੰ ਮੂਲੋਂ ਹੀ ਰੱਦ ਕਰ ਦਿੱਤਾ। ਮੰਗ ਵਕਰ ਬਣਾਉਣ ਦੇ ਸੰਬੰਧ ਵਿੱਚ ਮਾਰਸ਼ਲ ਇਹ ਮਨੌਤ ਲੈਂਦਾ ਹੈ ਕਿ ਮੁਦਰਾ ਦੇ ਖ਼ਰਚ ਸਮੇਂ ਮੁਦਰਾ ਦਾ ਸੀਮਾਂਤ ਤੁਸ਼ਟੀਗੁਣ ਸਥਿਰ ਰਹਿੰਦਾ ਹੈ।*

*ਅਸੀਂ ਜਾਣਦੇ ਹਾਂ ਕਿ ਤੁਸ਼ਟੀਗੁਣ ਦੇ ਨਿਯਮ ਅਨੁਸਾਰ ਜਿਵੇਂ ਜਿਵੇਂ ਕਿਸੇ ਉਪਭੋਗੀ ਕੋਲ ਇੱਕ ਵਸਤੂ ਦੀ ਮਾਤਰਾ ਵਧਦੀ ਜਾਂਦੀ ਹੈ ਤਿਵੇਂ ਤਿਵੇਂ ਹੀ ਉਪਭੋਗੀ ਦਾ ਵਸਤੂ ਪ੍ਰਤੀ ਮੁਦਰਾ ਦੇ ਰੂਪ ਵਿੱਚ ਤੁਸ਼ਟੀਗੁਣ ਘਟਦਾ ਜਾਂਦਾ ਹੈ। (ਇਥੇ ਅਸੀਂ ਮੰਨ ਲਿਆ ਹੈ ਕਿ ਤੁਸ਼ਟੀਗੁਣ ਦੇ ਮਾਪ ਦੀ ਕਲਪਿਤ ਇੱਕ ਇਕਾਈ ਯੂਟਿਲ ਇੱਕ ਰੁਪਏ ਦੇ ਬਰਾਬਰ ਹੈ) ਇਸ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਮੰਗ ਵਕਰ ਦੀ ਢਲਾਣ ਖੱਬੇ ਪਾਸੇ ਤੋਂ ਸੱਜੇ ਪਾਸੇ ਹੇਠਾਂ ਵੱਲ ਨੂੰ ਹੋਵੇਗੀ।*(Downward sloping demand curve from left to right) *ਇੱਕ ਉਪਭੋਗੀ ਉਸ ਹੱਦ ਤੱਕ ਇੱਕ ਵਸਤੂ ਦੀ ਮਾਤਰਾ ਨੂੰ ਖ਼ਰੀਦਦਾ ਜਾਵੇਗਾ ਜਿੱਥੇ ਤੱਕ ਵਸਤੂ ਦਾ ਸੀਮਾਂਤ ਤੁਸ਼ਟੀਗੁਣ ਅਤੇ ਉਸ ਦੀ ਕੀਮਤ ਇੱਕ ਦੂਜੇ ਦੇ ਬਰਾਬਰ ਨਹੀਂ ਹੋ ਜਾਂਦੇ। ਮੰਗ ਵਕਰ ਦੇ ਇਸ ਬਿੰਦੂ ਉੱਪਰ (ਜਿੱਥੇ ਵਸਤੂ ਦਾ ਉਪਭੋਗੀ ਲਈ ਸੀਮਾਂਤ ਤੁਸ਼ਟੀਗੁਣ ਅਤੇ ਉਸਦੀ ਕੀਮਤ ਇੱਕ ਦੂਜੇ ਦੇ ਬਰਾਬਰ ਹਨ।) ਹੀ ਉਪਭੋਗੀ ਨੂੰ ਵੱਧ ਤੋਂ ਵੱਧ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ। ਇਸ ਤਰ੍ਹਾਂ ਇਸ ਬਿੰਦੂ ਉੱਪਰ ਹੀ ਉਪਭੋਗੀ ਸੰਤੁਲਨ ਦੀ ਸਥਿਤੀ ਵਿੱਚ ਹੁੰਦਾ ਹੈ।*

*ਰੇਖਾ-ਚਿੱਤਰ ਨੰ: 3 ਤੋਂ ਸਾਫ਼ ਨਜ਼ਰ ਆਉਂਦਾ ਹੈ ਕਿ ਜਦੋਂ ਵਸਤੂ* X *ਦੀ ਕੀਮਤ* OP *ਹੈ ਤਾਂ ਸੀਮਾਂਤ ਤੁਸ਼ਟੀਗੁਣ ਵਕਰ ਉੱਤੇ ਬਿੰਦੂ* E *ਉੱਪਰ ਵਸਤੂ ਦੀ ਕੀਮਤ ਅਤੇ ਸੀਮਾਂਤ ਤੁਸ਼ਟੀਗੁਣ ਇੱਕ ਦੂਸਰੇ ਦੇ ਬਰਾਬਰ*




ਰੇਖਾ ਚਿੱਤਰ ਨੰ 3

*ਹਨ। ਸੋ ਉਪਭੋਗੀ ਦਾ ਸੰਤੁਲਨ ਸੀਮਾਂਤ ਤੁਸ਼ਟੀਗੁਣ* (MUx) *ਵਕਰ ਦੇ ਬਿੰਦੂ* E *ਉੱਪਰ ਸਥਾਪਿਤ ਹੁੰਦਾ ਹੈ। ਜੇ ਵਸਤੂ* X *ਦੀ ਕੀਮਤ* OP *ਤੋਂ ਘਟ ਕੇ* OP1 *ਹੋ ਜਾਵੇ ਤਾਂ ਉਪਭੋਗੀ ਵਸਤੂ* X *ਦੀ ਵਧੇਰੇ ਮਾਤਰਾ ਖ਼ਰੀਦੇਗਾ। ਹੁਣ ਕੀਮਤ ਘਟਣ ਨਾਲ ਉਪਭੋਗੀ ਦੀ ਵਸਤੂ* X *ਪ੍ਰਤੀ ਮੰਗ* OM *ਤੋਂ ਵਧ ਕੇ* $OM_1$ *ਹੋ ਜਾਂਦੀ ਹੈ ਅਤੇ ਉਪਭੋਗੀ ਦਾ ਸੰਤੁਲਨ ਮੰਗ ਵਕਰ ਦੇ ਬਿੰਦੂ* E1 *ਉੱਪਰ ਸਥਾਪਿਤ ਹੋ ਜਾਂਦਾ ਹੈ, ਕਿਉਂਕਿ ਇਥੇ ਉਪਭੋਗੀ ਵੱਲੋਂ ਵਸਤੂ* X *ਦੀ ਦਿੱਤੀ ਗਈ ਕੀਮਤ* $OP_1$ *ਅਤੇ ਵਸਤੂ* X *ਦੀ ਇਕਾਈ ਤੋਂ ਪ੍ਰਾਪਤ ਤੁਸ਼ਟੀਗੁਣ ਇੱਕ ਦੂਜੇ ਦੇ ਬਰਾਬਰ ਹਨ। ਕੀਮਤ ਦੇ* OP *ਤੋਂ ਘਟ ਕੇ* $OP_1$ *ਹੋਣ ਨਾਲ ਵਸਤੂ ਦੀ ਮੰਗ* OM *ਤੋਂ ਵਧ ਕੇ* OM1 *ਹੋ ਜਾਂਦੀ ਹੈ। ਹੁਣ ਜੇ ਵਸਤੂ* X *ਦੀ ਕੀਮਤ* $OP_1$ *ਤੋਂ ਘਟ ਕੇ* $OP_2$ *ਹੋ ਜਾਵੇ ਤਾਂ ਉਪਭੋਗੀ ਵਸਤੂ* X *ਦੀ* OM1 *ਤੋਂ ਮੰਗ ਵਧਾ ਕੇ* OM2 *ਕਰ ਦੇਵੇਗਾ ਅਤੇ ਸੰਤੁਲਨ ਬਿੰਦੂ* $E_1$ *ਤੋਂ ਬਦਲ ਕੇ* E2*ਹੋ ਜਾਵੇਗਾ। ਇਸੇ ਤਰ੍ਹਾਂ ਹੀ ਵਸਤੂ* X *ਦੀ ਕੀਮਤ ਵਧਣ ਨਾਲ ਉਪਭੋਗੀ ਵਸਤੂ ਦੀ ਮੰਗ ਨੂੰ ਘਟਾਉਂਦਾ ਚਲਿਆ ਜਾਂਦਾ ਹੈ। ਉਦਾਹਰਣ ਰੇਖਾ ਚਿੱਤਰ ਨੰ: 2 ਵਿੱਚ ਜੇ ਵਸਤੂ* X *ਦੀ ਕੀਮਤ* OP2 *ਤੋਂ ਵਧ ਕੇ* OP1 *ਤਾਂ ਉਪਭੋਗੀ ਵਸਤੂ* X *ਦੀ ਮੰਗੀ ਗਈ ਮਾਤਰਾ ਘਟਾ ਕੇ* OM2 *ਤੋਂ* $OM_1$ *ਕਰ ਦਿੰਦਾ ਹੈ ਅਤੇ ਉਪਭੋਗੀ ਦਾ ਸੰਤੁਲਨ ਮੰਗ ਵਕਰ ਉੱਪਰ* E2 *ਤੋਂ ਬਦਲ ਕੇ* E1 *ਤੇ ਸਥਾਪਿਤ ਹੋ ਜਾਂਦਾ ਹੈ। ਇਥੇ ਇੱਕ ਗੱਲ ਇਹ ਵੀ ਧਿਆਨ ਵਿੱਚ ਰੱਖਣ ਵਾਲੀ ਹੈ ਕਿ ਘਟਦੇ ਸੀਮਾਂਤ ਤੁਸ਼ਟੀਗੁਣ ਦਾ ਨਿਯਮ ਜ਼ਿਆਦਾ ਮੌਲਿਕ* (Fundamentals) *ਹੈ ਕਿਉਂਕਿ ਸਮ-ਸੀਮਾਂਤ ਤੁਸ਼ਟੀਗੁਣ ਦਾ ਨਿਯਮ ਵੀ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਉੱਪਰ ਹੀ ਆਧਾਰਿਤ ਹੈ।*

**6.(ii)** ***ਇੱਕ ਤੋਂ ਵੱਧ ਵਸਤੂਆਂ ਸੰਬੰਧੀ ਉਪਭੋਗੀ ਦਾ ਸੰਤੁਲਨ***

**(Consumer's Equilibrium in More than One Commodity)**

*ਉਪਭੋਗੀ ਦੇ ਇਸ ਨਿਯਮ ਨੂੰ ਵੱਖ ਵੱਖ ਨਾਂਵਾਂ ਨਾਲ ਜਾਣਿਆ ਜਾਂਦਾ ਹੈ ਜਿਵੇਂ ਕਿ ਸਮ-ਸੀਮਾਂਤ ਤੁਸ਼ਟੀਗੁਣ ਦਾ ਨਿਯਮ* (Law of Equi-marginal Utility), *ਅਨੁਪਾਤਿਕ ਨਿਯਮ* (Proportionality Rule), *ਵੱਧ ਤੋਂ ਵੱਧ ਸੰਤੁਸ਼ਟੀ ਦਾ ਨਿਯਮ* (Law of Maximum Satisfaction), *ਗੋਸ਼ਨ ਦਾ ਦੂਜਾ ਨਿਯਮ* (Gossen's Second Law) *ਅਤੇ ਪ੍ਰਤੀਸਥਾਪਨ ਦਾ ਨਿਯਮ* (The law of Substitution)। *ਇਹ ਨਿਯਮ ਉਪਭੋਗੀ ਵੱਲੋਂ ਇੱਕ ਤੋਂ ਵੱਧ ਵਸਤੂਆਂ ਖ਼ਰੀਦਣ ਸੰਬੰਧੀ ਉਪਭੋਗੀ ਸੰਤੁਲਨ ਨੂੰ ਦਰਸਾਉਂਦਾ ਹੈ। ਪ੍ਰੋ. ਮਾਰਸ਼ਲ ਅਨੁਸਾਰ ਜੇ ਕਿਸੇ ਵਿਅਕਤੀ ਕੋਲ ਇੱਕ ਅਜਿਹੀ ਚੀਜ਼ ਹੈ ਜਿਸ ਨੂੰ ਉਹ ਵੱਖ ਵੱਖ ਉਪਯੋਗਾਂ (ਕੰਮਾਂ) ਲਈ ਵਰਤ ਸਕਦਾ ਹੈ ਤਾਂ ਇਸ ਚੀਜ਼ ਨੂੰ ਵੱਖ ਵੱਖ ਉਪਯੋਗਾਂ ਲਈ ਇਸ ਤਰ੍ਹਾਂ ਵਰਤੇਗਾ ਕਿ ਉਸ ਦੀ ਵਰਤੋਂ ਨਾਲ ਉਸ ਵਿਅਕਤੀ ਨੂੰ ਵੱਖ ਵੱਖ ਉਪਯੋਗਾਂ ਤੋਂ ਇੱਕੋ ਜਿਹਾ ਸੀਮਾਂਤ ਤੁਸ਼ਟੀਗੁਣ ਪ੍ਰਾਪਤ ਹੋਵੇ।*("If a person has a thing which can be put to several uses, he will distribute it among these uses in such a way that it has the same marginal utility in all."----Marshall)

*ਇਸ ਨਿਯਮ ਦਾ ਵਰਣਨ ਕਰਨ ਲਈ ਲਗਭਗ ਉਹੀ ਮਨੌਤਾਂ ਹਨ ਜਿਹੜੀਆਂ ਕਿ ਉੱਪਰ ਵਰਣਨ ਕੀਤੇ ਇੱਕ*

*ਵਸਤੂ ਦੇ ਸੰਤੁਲਨ ਸੰਬੰਧੀ ਲਈਆਂ ਗਈਆਂ ਸਨ। ਜਿਵੇਂ ਕਿ ਇਹ ਮਨੌਤ ਲਈ ਗਈ ਹੈ ਕਿ ਉਪਭੋਗੀ ਦੀ ਆਮਦਨ ਨਿਸ਼ਚਿਤ ਹੈ। ਦੂਸਰੀ ਮਨੌਤ ਇਹ ਕਿ ਉਪਭੋਗੀ ਵਿਵੇਕਸ਼ੀਲ* (Rational) *ਹੈ। ਫ਼ਰਜ ਕਰੋ ਕਿ ਉਪਭੋਗੀ ਨੇ ਆਪਣੀ ਆਮਦਨ ਨੂੰ ਦੋ ਵਸਤੂਆਂ* X *ਅਤੇ* Y *ਉੱਪਰ ਖ਼ਰਚ ਕਰਨਾ ਹੈ। ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਪਭੋਗੀ ਇਨ੍ਹਾਂ ਦੋਵਾਂ ਵਸਤੂਆਂ ਉੱਪਰ ਆਪਣੀ ਕੁੱਲ ਖ਼ਰਚੀ ਜਾਣ ਵਾਲੀ ਆਮਦਨ ਦਾ ਕਿਤਨਾ ਕਿਤਨਾ ਹਿੱਸਾ ਖ਼ਰਚ ਕਰੇਗਾ। ਕਿਉਂਕਿ ਉਪਭੋਗੀ ਵਿਵੇਕਸ਼ੀਲ ਹੈ ਇਸ ਲਈ ਉਹ ਦੋਵਾਂ ਵਸਤੂਆਂ ਨੂੰ ਇੱਕ ਦੂਸਰੀ ਨਾਲ ਉਨ੍ਹਾਂ ਸਮਾਂ ਸਥਾਨਪਤੀ* (Substitute) *ਕਰਦਾ ਰਹੇਗਾ ਜਦੋਂ ਤੱਕ ਉਸਦਾ ਕੁੱਲ ਤੁਸ਼ਟੀਗੁਣ ਅਧਿਕਤਮ* (Maximum) *ਨਹੀਂ ਹੋ ਜਾਂਦਾ। (ਇਹ ਵੀ ਕਿਹਾ ਜਾ ਸਕਦਾ ਹੈ ਉਪਭੋਗੀ ਉਸ ਸਮ-ਸੀਮਾਂਤ ਤੁਸ਼ਟੀਗੁਣ ਅਨੁਸਾਰ ਇੱਕ ਉਪਭੋਗੀ ਉਸ ਸਮੇਂ ਸੰਤੁਲਨ ਵਿੱਚ ਹੁੰਦਾ ਹੈ ਜਦੋਂ ਉਸ ਵੱਲੋਂ ਖ਼ਰਚ ਕੀਤੀ ਮੁਦਰਾ ਦੀ ਅਖ਼ੀਰਲੀ ਇਕਾਈ (ਰੁ:) ਤੋਂ ਵੱਖ ਵੱਖ ਵਸਤੂਆਂ ਤੋਂ ਮਿਲਣ ਵਾਲਾ ਤੁਸ਼ਟੀਗੁਣ ਇੱਕ ਦੂਜੇ ਦੇ ਸਮਾਨ ਹੁੰਦਾ ਹੈ। ਇਸ ਤਰ੍ਹਾਂ ਇੱਕ ਵਸਤੂ ਉੱਪਰ ਖ਼ਰਚੀ ਜਾਣ ਵਾਲੀ ਮੁਦਰਾ ਦਾ ਸੀਮਾਂਤ ਤੁਸ਼ਟੀਗੁਣ ਉਸ ਵਸਤੂ ਤੋਂ ਪ੍ਰਾਪਤ ਸੀਮਾਂਤ ਤੁਸ਼ਟੀਗੁਣ ਉਸ ਵਸਤੂ ਦੀ ਕੀਮਤ ਨਾਲ ਵੰਡ* (divide) *ਕਰਨ ਤੇ ਜੋ ਆਉਂਦਾ, ਉਸਦੇ ਬਰਾਬਰ ਹੁੰਦਾ ਹੈ। ਇਸ ਨੂੰ ਹੇਠ ਲਿਖੇ ਚਿੰਨ੍ਹਾਂ ਦੁਆਰਾ ਵੀ ਦਰਸਾਇਆ ਜਾ ਸਕਦਾ ਹੈ।*

$$MU_E = \frac{MU_X}{P_X}$$

*ਇਸ ਸਮੀਕਰਣ ਵਿੱਚ :*

$MU_E$ *ਤੋਂ ਭਾਵ ਹੈ ਮੁਦਰਾ ਖ਼ਰਚ ਤੋਂ ਪ੍ਰਾਪਤ ਸੀਮਾਂਤ ਤੁਸ਼ਟੀਗੁਣ*

$MU_x$ *ਤੋਂ ਭਾਵ ਹੈ ਵਸਤੂ* X *ਤੋਂ ਮਿਲਣ ਵਾਲਾ ਸੀਮਾਂਤ ਤੁਸ਼ਟੀਗੁਣ*

Px *ਤੋਂ ਭਾਵ ਹੈ ਵਸਤੂ* X *ਦੀ ਕੀਮਤ ਇਸ ਗੱਲ ਨੂੰ ਅਸੀਂ ਇਸ ਤਰ੍ਹਾਂ ਵੀ ਲਿਖ ਸਕਦੇ ਹਾਂ ਕਿ ਜਦੋਂ ਉਪਭੋਗੀ ਆਪਣੀ ਮੁਦਰਿਕ ਆਮਦਨ ਨੂੰ ਵੱਖ ਵੱਖ ਵਸਤੂਆਂ ਉੱਪਰ ਇਸ ਢੰਗ ਨਾਲ ਖ਼ਰਚਦਾ ਹੈ ਕਿ ਹਰ ਵਸਤੂ ਤੋਂ ਮਿਲਣ ਵਾਲਾ ਸੀਮਾਂਤ ਤੁਸ਼ਟੀਗੁਣ ਉਸ ਵਸਤੂ ਦੀ ਕੀਮਤ ਦੇ ਅਨੁਪਾਤਕ* (Proportional) *ਹੁੰਦਾ ਹੈ। ਉਪਭੋਗੀ ਦੋ ਵਸਤੂਆਂ* X *ਅਤੇ* Y *ਦੀ ਖ਼ਰੀਦ ਸੰਬੰਧੀ ਸੰਤੁਲਨ ਵਿੱਚ ਤਦ ਹੁੰਦਾ ਹੈ ਜਦੋਂ*

$$\frac{MUx}{P_x} = \frac{MUy}{P_Y}$$

$$\text{ਉਪਭੋਗੀ ਦਾ ਸੰਤੁਲਨ} = \frac{\text{ਵਸਤੂ X ਦਾ ਸੀਮਾਂਤ ਤੁਸ਼ਟੀਗੁਣ}}{\text{ਵਸਤੂ X ਦੀ ਕੀਮਤ}} = \frac{\text{ਵਸਤੂ Y ਦਾ ਸੀਮਾਂਤ ਤੁਸ਼ਟੀਗੁਣ}}{\text{ਵਸਤੂ Y ਦੀ ਕੀਮਤ}}$$

*ਜੇਕਰ* $\frac{MU_X}{P_X}$ *ਅਤੇ* $\frac{MU_Y}{PY}$ *ਵਿਚਕਾਰ ਸਮਾਨਤਾ ਨਹੀਂ ਭਾਵ* $\frac{MUX}{Px_X} > \frac{MUY}{PY_Y}$

*ਤੋਂ ਜ਼ਿਆਦਾ ਹੈ ਤਾਂ ਉਪਭੋਗੀ ਵਸਤੂ* Y *ਦੀ ਥਾਂ ਵਸਤੂ* X *ਦੀ ਸਥਾਨਪਤੀ ਕਰਨ ਲੱਗ ਜਾਵੇਗਾ ਭਾਵ ਉਹ* Y *ਦੀ ਮਾਤਰਾ ਘਟਾ ਕੇ* X *ਦੀ ਵਧੇਰੇ ਮਾਤਰਾ ਖ਼ਰੀਦਣ ਲੱਗ ਜਾਵੇਗਾ। ਹੁਣ ਜਿਉਂ ਜਿਉਂ ਉਪਭੋਗੀ ਕੋਲ ਵਸਤੂ* X *ਦੀ ਮਾਤਰਾ ਵਧਦੀ ਜਾਵੇਗੀ ਉਸ ਪ੍ਰਤੀ ਉਪਭੋਗੀ ਦਾ ਤੁਸ਼ਟੀਗੁਣ ਘਟਦਾ ਚਲਿਆ ਜਾਵੇਗਾ ਅਤੇ ਦੂਜੇ* Y *ਦੀ ਮਾਤਰਾ ਘਟਣ ਨਾਲ ਉਸ ਉਪਭੋਗੀ ਨੂੰ ਪ੍ਰਾਪਤ ਤੁਸ਼ਟੀਗੁਣ ਵਧਦਾ ਜਾਵੇਗਾ। ਦੋਵਾਂ ਵਸਤੂਆਂ ਵਿਚਕਾਰ ਪ੍ਰਤੀਸਥਾਪਨ ਦੀ ਪ੍ਰਕ੍ਰਿਆ ਉਸ ਵਕਤ ਤੱਕ ਚਲਦੀ ਰਹੇਗੀ ਜਦੋਂ ਤੱਕ ਉਪਭੋਗੀ ਵੱਲੋਂ ਖ਼ਰਚ ਕੀਤੇ ਰੁਪਏ ਉੱਪਰ ਦੋਵਾਂ ਵਸਤੂਆਂ ਤੋਂ ਮਿਲਣ ਵਾਲਾ ਸੀਮਾਤ ਤੁਸ਼ਟੀਗਣ ਇੱਕ ਦੂਜੇ ਦੇ ਸਮਾਨ ਨਹੀਂ ਹੋ ਜਾਂਦਾ।*

*ਭਾਵ ਜਦੋਂ ਤੱਕ* $\frac{MUx}{Px}, \frac{MUy}{Py}$ *ਦੇ ਬਰਾਬਰ ਨਹੀਂ ਹੋ ਜਾਂਦੇ। ਸੋ ਉਪਭੋਗੀ ਦਾ ਸੰਤੁਲਨ ਉੱਥੇ ਹੋਵੇਗਾ ਜਿਥੇ ਇੱਕ ਵਸਤੂ ਦੀ ਦੂਸਰੀ ਵਸਤੂ ਥਾਂ ਬਦਲੀ (ਸਥਾਨਪਤੀ) ਪੂਰੀ ਹੋ ਜਾਂਦੀ ਹੈ।*

*ਪਰੰਤੂ ਉਪਭੋਗੀ ਦਾ ਸੰਤੁਲਨ ਤਾਂ ਹੀ ਟਿਕੇਗਾ ਜੇਕਰ ਮੁਦਰਾ ਦਾ ਤੁਸ਼ਟੀਗੁਣ ਸਥਿਰ ਰਹੇਗਾ ਅਤੇ ਉਪਭੋਗੀ ਆਮਦਨ ਵਿੱਚ ਵੀ ਕੋਈ ਤਬਦੀਲੀ ਨਹੀਂ ਆਉਣੀ ਚਾਹੀਦੀ। ਉਪਭੋਗੀ ਉਨ੍ਹਾਂ ਚਿਰ ਤੱਕ ਵਸਤੂਆਂ ਖ਼ਰੀਦਦਾ ਚਲਿਆ ਜਾਵੇਗਾ ਜਿਨਾਂ ਚਿਰ ਤੱਕ ਹਰ ਵਸਤੂ ਉੱਪਰ ਕੀਤੇ ਖ਼ਰਚ ਤੋਂ ਪ੍ਰਾਪਤ ਸੀਮਾਂਤ ਤੁਸ਼ਟੀਗੁਣ ਉਸ ਨੂੰ ਮੁਦਰਾ ਤੋਂ ਪ੍ਰਾਪਤ ਸੀਮਾਂਤ ਤੁਸ਼ਟੀਗੁਣ ਦੇ ਬਰਾਬਰ ਨਹੀਂ ਹੋ ਜਾਂਦਾ।* (The consumer would continue the purchase of commodities till the marginal utility of expenditure on each commodity becomes equal to the marginal of money to him)

*ਇੱਕ ਉਪਭੋਗੀ ਉਸ ਵਕਤ ਹੀ ਸੰਤੁਲਨ ਦੀ ਅਵਸਥਾ ਵਿੱਚ ਹੋਵੇਗਾ ਜਦੋਂ ਹੇਠਾਂ ਦਿੱਤੀ ਸਮੀਕਰਣ ਸਹੀ ਹੋਵੇ।*

$$\frac{MUx}{Px} = \frac{MUy}{Py} = MUm$$

*ਇੱਥੇ* MUm *ਮੁਦਰਾ ਦੇ ਸੀਮਾਂਤ ਤੁਸ਼ਟੀਗੁਣ ਨੂੰ ਪ੍ਰਗਟ ਕਰਦਾ ਹੈ। ਸਮ-ਸੀਮਾਂਤ ਤੁਸ਼ਟੀਗੁਣ ਦੇ ਨਿਯਮ ਨੂੰ ਹੇਠ ਲਿਖੀ ਅਨੁਸੂਚੀ ਦੁਆਰਾ ਵੀ ਦਰਸਾਇਆ ਜਾ ਸਕਦਾ ਹੈ।*


***ਅਨੁਸੂਚੀ ਨੰ: 3.3***

| Units | MUx | MUy | $\frac{MUx}{Px}$ (Utils) | $\frac{MUy}{Py}$ (Utils) |
|---|---|---|---|---|
| 1 | 55 | 90 | 11 | 9 |
| 2 | 50 | 80 | 10 | 8 |
| 3 | 45 | 70 | 9 | 7 |
| 4 | 40 | 60 | 8 | 6 |
| 5 | 35 | 50 | 7 | 5 |
| 6 | 30 | 40 | 6 | 4 |

*ਇਸ ਅਨੁਸੂਚੀ ਵਿੱਚ ਇਹ ਮੰਨਿਆ ਗਿਆ ਹੈ ਕਿ ਵਸਤੂ* X *ਦੀ ਪ੍ਰਤੀ ਇਕਾਈ ਕੀਮਤ 5 ਰੁ: ਹੈ ਜਦ ਕਿ ਵਸਤੂ* Y *ਦੀ ਕੀਮਤ 10 ਰੁਪਏ ਹੈ। ਮੁਦਰਾ ਦੇ ਤੁਸ਼ਟੀਗੁਣ ਨੂੰ ਸਮਾਨ ਮੰਨਿਆ ਗਿਆ ਹੈ। ਉਪਭੋਗੀ ਦੀ ਕੁੱਲ ਆਮਦਨ 40 ਰੁ: ਮੰਨੀ ਗਈ ਹੈ ਅਤੇ ਉਸ ਨੇ ਇਹ ਸਾਰੀ ਆਮਦਨ ਨੂੰ ਇਨਾਂ ਦੋ ਵਸਤੂਆਂ ਉੱਪਰ ਹੀ ਖ਼ਰਚਣਾ ਹੈ। ਇਸ ਹਾਲਤ ਵਿੱਚ ਉਪਭੋਗੀ ਵਸਤੂ* X *ਦੀਆਂ 4 ਇਕਾਈਆਂ ਖ਼ਰੀਦਦਾ ਹੈ ਅਤੇ ਵਸਤੂ* Y *ਦੀਆਂ 2 ਇਕਾਈਆਂ ਖ਼ਰੀਦਦਾ ਹੈ। ਉਪਭੋਗੀ ਪਹਿਲਾਂ* x *ਵਸਤੂ ਦੀ ਇੱਕ ਇਕਾਈ ਖ਼ਰੀਦੇਗਾ ਕਿਉਂਕਿ ਉਸ ਤੋਂ ਮਿਲਣ ਵਾਲਾ ਤੁਸ਼ਟੀਗੁਣ 11 ਹੈ ਜੋ ਕਿ ਵਸਤੂ* Y *ਦੀ ਪਹਿਲੀ ਇਕਾਈ, ਜਿਸ ਤੋਂ ਤੁਸ਼ਟੀਗੁਣ 9 ਦੇ ਬਰਾਬਰ ਮਿਲਦਾ ਹੈ ਤੋਂ ਜ਼ਿਆਦਾ ਹੈ। ਇਸੇ ਤਰ੍ਹਾਂ ਹੀ ਉਪਭੋਗੀ ਦੂਸਰੀ ਇਕਾਈ ਵੀ* X *ਦੀ ਲੈਣ ਨੂੰ ਤਰਜ਼ੀਹ ਦੇਵੇਗਾ। ਅਨੁਸੂਚੀ ਤੋਂ ਸਾਫ਼ ਪਤਾ ਚਲਦਾ ਹੈ ਕਿ ਉਪਭੋਗੀ ਤੀਜੀ ਇਕਾਈ* X *ਜਾਂ* Y *ਵਿਚੋਂ ਕਿਸੇ ਨੂੰ ਵੀ ਖ਼ਰੀਦ ਸਕਦਾ ਹੈ। ਫ਼ਰਜ ਕਰੋ ਤੀਜੀ ਇਕਾਈ ਵਸਤੂ* Y *ਦੀ ਖ਼ਰੀਦਦਾ ਹੈ ਅਤੇ ਚੌਥੀ ਇਕਾਈ ਫਿਰ ਵਸਤੂ* X *ਦੀ ਹੀ ਖ਼ਰੀਦੇਗਾ ਕਿਉਂਕ ਦੋਹਾਂ ਵਸਤੂਆਂ ਤੋਂ ਮਿਲਣ ਵਾਲਾ ਸੀਮਾਂਤ ਤੁਸ਼ਟੀਗੁਣ ਬਰਾਬਰ ਹੈ। ਪਰੰਤੂ ਉਪਭੋਗੀ ਕੋਲ ਵਸਤੂ* X

*ਦੀਆਂ ਤਿੰਨ ਅਤੇ ਵਸਤੂ* Y *ਦੀ ਇੱਕ ਇਕਾਈ ਖ਼ਰੀਦਣ ਤੋਂ ਬਾਅਦ ਵੀ ਪੈਸੇ ਉਪਲਬਧ ਹਨ। ਇਸੇ ਨਿਯਮ ਨੂੰ ਮੁੱਖ ਰੱਖਦਿਆਂ ਉਹ ਵਸਤੂ* X *ਦੀ ਚੌਥੀ ਇਕਾਈ ਜਿਸ ਦਾ ਸੀਮਾਂਤ ਤੁਸ਼ਟੀਗੁਣ 8 ਦੇ ਬਰਾਬਰ ਹੈ ਖ਼ਰੀਦਦਾ ਹੈ ਅਤੇ ਫਿਰ ਵਸਤੂ* Y *ਦੀ ਦੂਸਰੀ ਇਕਾਈ ਖ਼ਰੀਦਦਾ ਜਿਸ ਦਾ ਸੀਮਾਂਤ ਤੁਸ਼ਟੀਗੁਣ 8 ਦੇ ਬਰਾਬਰ ਹੈ। ਸੋ ਇੱਥੇ ਪਹੁੰਚ ਕੇ ਉਪਭੋਗੀ ਨੂੰ ਦੋਹਾਂ ਵਸਤੂਆਂ ਤੋਂ ਇੱਕੋ ਜਿਹਾ ਸੀਮਾਂਤ ਤੁਸ਼ਟੀਗੁਣ (ਕੀਮਤ ਅਨੁਪਾਤੀ)* $\frac{MUx}{Px}$ *ਪ੍ਰਾਪਤ ਹੁੰਦਾ ਹੈ। ਜੇ ਅਸੀਂ ਅਨੁਸੂਚੀ ਤੇ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਇਸ ਤੋਂ ਅੱਗੇ ਵੀ ਅਜਿਹੀਆਂ ਸਥਿਤੀਆਂ ਹਨ ਜਿਥੇ ਵਸਤੂ* X *ਅਤੇ* Y *ਤੋਂ ਪ੍ਰਾਪਤ ਹੋਣ ਵਾਲੇ (ਭਾਰਿਤ ਜਾਂ ਅਨੁਪਾਤੀ) ਸੀਮਾਂਤ ਤੁਸ਼ਟੀਗੁਣ* $\frac{MUx}{Px} = \frac{MUy}{Py}$ *ਇੱਕ ਦੂਜੇ ਦੇ ਬਰਾਬਰ ਹਨ। ਪਰੰਤੂ ਕਿਉਂਕਿ ਉਪਭੋਗੀ ਕੋਲ ਖ਼ਰਚ ਕਰਨ ਲਈ ਸਿਰਫ਼ 40 ਰੁਪਏ ਹਨ ਇਸ ਲਈ ਉਪਭੋਗੀ ਇਸ ਸੀਮਾ (ਵਸਤੂ* X *ਦੀਆਂ 4 ਅਤੇ* Y *ਦੀਆਂ ਵੀ 2 ਇਕਾਈਆਂ) ਤੋਂ ਵਸਤੂਆਂ ਦੀਆਂ ਹੋਰ ਮਾਤਰਾਵਾਂ ਨਹੀਂ ਖ਼ਰੀਦ ਸਕਦਾ। ਕਿਉਂਕਿ ਵਸਤੂ* X *ਦੀ ਪ੍ਰਤੀ ਇਕਾਈ ਕੀਮਤ 5 ਰੁ: ਮੰਨੀ ਗਈ ਹੈ ਜਿਸ ਦਾ ਭਾਵ ਕਿ ਉਪਭੋਗੀ (4* X *5) ਵਸਤੂ* X *ਉੱਪਰ 20 ਰੁਪਏ ਖ਼ਰਚ ਕਰਦਾ ਹੈ ਅਤੇ ਵਸਤੂ* Y *ਦੀ ਪ੍ਰਤੀ ਇਕਾਈ ਕੀਮਤ 10 ਰੁਪਏ ਹੋਣ ਕਾਰਨ ਉਸ ਦੀਆਂ ਦੋ ਇਕਾਈਆਂ ਉੱਪਰ ਵੀ 20 ਰੁ: (2* X *10) ਹੀ ਖ਼ਰਚ ਕਰਦਾ ਹੈ। ਸੋ ਅਨੁਸੂਚੀ ਨੰ: 2 ਅਨੁਸਾਰ ਉਪਭੋਗੀ ਉਸ ਵਕਤ ਸੰਤੁਲਨ ਵਿੱਚ ਹੁੰਦਾ ਹੈ ਜਦੋਂ ਉਹ ਵਸਤੂ* X *ਦੀਆਂ 4 ਇਕਾਈਆਂ ਅਤੇ ਵਸਤੂ* Y *ਦੀਆਂ 2 ਇਕਾਈਆਂ ਖ਼ਰੀਦਦਾ ਹੈ।*

*ਦੋ ਵਸਤੂਆਂ ਦੇ ਸੰਬੰਧ ਵਿੱਚ ਉਪਭੋਗੀ ਦੇ ਸੰਤੁਲਨ ਨੂੰ ਰੇਖਾ-ਚਿੱਤਰ ਨੰ: 4 ਦੁਆਰਾ ਵੀ ਵਿਖਾਇਆ ਜਾ ਸਕਦਾ ਹੈ। ਜਿਵੇਂ ਕਿ ਅਸੀਂ ਉੱਪਰ ਵੇਖ ਕੇ ਆਏ ਹਾਂ ਕਿ ਦੋ ਵਸਤੂਆਂ ਦੇ ਸੰਬੰਧ ਵਿੱਚ ਉਪਭੋਗੀ ਦੇ ਸੰਤੁਲਨ ਨੂੰ ਅਸੀਂ ਭਾਰਿਤ* (weighted) *ਤੁਸ਼ਟੀਗੁਣ ਦੀ ਧਾਰਨਾ ਵਰਤ ਕੇ ਰੇਖਾ ਚਿੱਤਰ ਦੁਆਰਾ ਵਿਖਾ ਸਕਦੇ ਹਾਂ। ਰੇਖਾ ਚਿੱਤਰ ਨੰ: 3 ਵਿੱਚ ਵਸਤ* A *(ਸੇਬ) ਅਤੇ ਵਸਤੂ* B *(ਚੀਕੂ) ਦਾ ਸੀਮਾਂਤ ਤੁਸ਼ਟੀਗੁਣ ਕ੍ਰਮਵਾਰ ਵਕਰਾਂ* AA *ਅਤੇ* BB *ਦੁਆਰਾ ਦਰਸਾਇਆ ਗਿਆ ਹੈ। ਇਸ ਨੂੰ ਮੁਦਰਾ ਦੇ ਰੂਪ ਵਿੱਚ ਮਿਣਿਆ ਗਿਆ ਹੈ। ਜਿੱਥੇ ਉਪਭੋਗੀ ਦੇ ਮੁਦਰਿਕ ਖ਼ਰਚ ਦੀ ਇੱਕ ਇਕਾਈ ਦੋਵਾਂ ਵਸਤੂਆਂ ਤੋਂ ਅਲੱਗ ਅਲੱਗ ਪ੍ਰਾਪਤ ਭਾਰਿਤ ਸੀਮਾਂਤ ਤੁਸ਼ਟੀਗੁਣ ਦੇ ਬਰਾਬਰ ਹੋਵੇ ਉੱਥੇ ਹੀ ਉਪਭੋਗੀ ਸੰਤੁਲਨ ਵਿੱਚ ਹੋਵੇਗਾ। ਜਿਸ ਤਰ੍ਹਾਂ ਪਹਿਲਾਂ ਵੀ*




***ਰੇਖਾ ਚਿੱਤਰ ਨੰ: 4***

*ਸਮੀਕਰਣ ਦੇ ਰੂਪ ਵਿੱਚ ਦਰਸਾਇਆ ਗਿਆ ਹੈ :*

$$\frac{MUx}{Px} = \frac{MUy}{Py} = MUm$$


*ਕਿਉਂਕਿ ਮੁਦਰਾ ਦਾ ਤੁਸ਼ਟੀਗੁਣ ਸਥਿਰ ਮੰਨਿਆ ਗਿਆ ਹੈ ਇਸ ਲਈ ਇਸ ਸਮੀਕਰਣ ਨੂੰ ਹੇਠ ਲਿਖੇ ਅਨੁਸਾਰ ਲਿਖਿਆ ਜਾ ਸਕਦਾ ਹੈ :*

$$\frac{MUx}{Px} = \frac{MUy}{Py}$$

*ਫ਼ਰਜ ਕਰੋ ਉਪਭੋਗੀ ਨੇ ਆਪਣੀ ਦਿੱਤੀ ਹੋਈ ਆਮਦਨ ਕੇਵਲ ਦੋ ਵਸਤੂਆਂ* A *(ਸੇਬ) ਅਤੇ* B *(ਚੀਕੂ) ਉੱਪਰ ਖ਼ਰਚਣੀ ਹੈ। ਰੇਖਾ ਚਿੱਤਰ ਵਕਰ* AA *ਸੇਬਾਂ ਦੇ ਸੀਮਾਂਤ ਤੁਸ਼ਟੀਗੁਣ ਦਰਸਾਉਂਦੀ ਹੈ ਅਤੇ ਵਕਰ* BB *ਚੀਕੂਆਂ ਦੇ ਤੁਸ਼ਟੀਗੁਣ ਨੂੰ ਦਰਸਾਉਂਦੀ ਹੈ। ਉਪਭੋਗੀ ਸੇਬਾਂ ਉੱਪਰ* Oq *ਮੁਦਰਾ ਖ਼ਰਚਦਾ ਹੈ ਅਤੇ ਚੀਕੂਆਂ ਉੱਪਰ* Ot *ਮੁਦਰਾ ਦੀਆਂ ਇਕਾਈਆਂ ਖ਼ਰਚਦਾ ਹੈ ਇਨ੍ਹਾਂ ਉੱਪਰ ਖ਼ਰਚੀ ਗਈ ਮੁਦਰਾ ਦੀਆਂ ਇਕਾਈਆਂ ਦਾ ਸੀਮਾਂਤ ਤੁਸ਼ਟੀਗੁਣ ਕ੍ਰਮਵਾਰ* qL *ਅਤੇ* tR *ਦੇ ਬਰਾਬਰ ਹੈ। ਸੇਬਾਂ ਅਤੇ ਚੀਕੂਆਂ ਲਈ ਮੁਦਰਾ ਦੀ ਇਸ ਤਰ੍ਹਾਂ ਕੀਤੀ ਵੰਡ ਉਪਭੋਗੀ ਨੂੰ ਵੱਧ ਤੋਂ ਵੱਧ* (Maximum) *ਸੰਤੁਸ਼ਟੀ ਪ੍ਰਦਾਨ ਕਰੇਗੀ ਕਿਉਂਕਿ ਇਸ ਹਾਲਤ ਵਿੱਚ ਉਪਭੋਗੀ ਵੱਧ ਤੋਂ ਵੱਧ ਕੁੱਲ ਤੁਸ਼ਟੀਗੁਣ* (Total Utility) *ਪ੍ਰਾਪਤ ਕਰਦਾ ਹੈ। ਰੇਖਾ-ਚਿੱਤਰ ਤੋਂ ਪਤਾ ਚੱਲਦਾ ਹੈ ਕਿ ਉਪਭੋਗੀ ਚੀਕੂਆਂ ਤੋਂ ਕੁੱਲ ਤੁਸ਼ਟੀਗੁਣ* OtRP *ਅਤੇ ਸੇਬਾਂ ਤੋਂ* OqLP *ਪ੍ਰਾਪਤ ਕਰਦਾ ਹੈ। ਇਸ ਢੰਗ ਤੋਂ ਇਲਾਵਾ ਕਿਸੇ ਹੋਰ ਢੰਗ ਰਾਹੀਂ ਵੱਖ ਵੱਖ ਵਸਤੂਆਂ ਉੱਪਰ ਖ਼ਰਚ ਦੀ ਕੀਤੀ ਵੰਡ ਉਪਭੋਗੀ ਨੂੰ ਵੱਧ ਤੋਂ ਵੱਧ ਕੁੱਲ ਤੁਸ਼ਟੀਗੁਣ ਪ੍ਰਾਪਤ ਨਹੀਂ ਕਰਵਾ ਸਕੇ ਗੀ। ਮੰਨ ਲਵੋ ਪਹਿਲਾਂ ਤੋਂ ਉਲਟ ਉਪਭੋਗੀ ਜ਼ਿਆਦਾ ਪੈਸਾ ਸੇਬਾਂ ਉੱਪਰ ਖ਼ਰਚ ਕਰਦਾ ਹੈ ਅਤੇ ਚੀਕੂਆਂ ਉੱਪਰ ਘੱਟ। ਉਹ ਸੇਬਾਂ ਉੱਪਰ ਹੁਣ* Or *ਮੁਦਰਾ ਖ਼ਰਚਦਾ ਹੈ ਅਤੇ ਚੀਕੂਆਂ ਉੱਪਰ* Os *ਮੁਦਰਾ ਖ਼ਰਚਦਾ ਹੈ। ਸੇਬਾਂ ਉੱਪਰ ਪਹਿਲਾਂ ਨਾਲੋਂ ਜ਼ਿਆਦਾ ਮੁਦਰਾ ਖ਼ਰਚਣ ਕਰਕੇ ਉਪਭੋਗੀ ਕੋਲ ਸੇਬਾਂ ਦੀ ਮਾਤਰਾ ਵੱਧ ਜਾਂਦੀ ਹੈ ਅਤੇ ਇਸ ਕਾਰਨ ਸੇਬਾਂ ਦੀ ਸੀਮਾਂਤ ਤੁਸ਼ਟੀਗੁਣ* qL *ਤੋਂ ਘਟ ਕੇ* rK *ਹੋ ਜਾਂਦਾ ਹੈ। ਦੂਸਰੇ ਪਾਸੇ ਚੀਕੂਆਂ ਉੱਪਰ ਉਪਭੋਗੀ ਪਹਿਲਾਂ ਨਾਲੋਂ ਮੁਦਰਿਕ ਖ਼ਰਚ ਘਟਾ ਦਿੰਦਾ ਹੈ ਜਿਸ ਕਾਰਨ ਉਪਭੋਗੀ ਕੋਲ ਚੀਕੂਆਂ ਦੀ ਮਾਤਰਾ ਘਟ ਜਾਂਦੀ ਹੈ ਅਤੇ ਸਿੱਟੇ ਵੱਜੋਂ ਉਪਭੋਗੀ ਲਈ ਚੀਕੂਆਂ ਦਾ ਸੀਮਾਂਤ ਤੁਸ਼ਟੀਗੁਣ* tr *ਤੋਂ ਵਧ ਕੇ* SN *ਹੋ ਜਾਂਦਾ ਹੈ। ਰੇਖਾ ਚਿੱਤਰ ਤੋਂ ਸਪੱਸ਼ਟ ਹੈ ਕਿ ਉਪਭੋਗੀ ਨੂੰ ਦੋਵਾਂ ਵਸਤੂਆਂ ਉੱਪਰ ਕੀਤੇ ਖ਼ਰਚ ਵਿੱਚ ਤਬਦੀਲੀ ਕਰਨ ਨਾਲ ਕੁੱਲ ਤੁਸ਼ਟੀਗੁਣ ਵਿੱਚ ਘਾਟਾ ਹੀ ਪਿਆ ਹੈ। ਕਿਉਂਕਿ ਕੁੱਲ ਤੁਸ਼ਟੀਗੁਣ ਵਿੱਚ ਵਾਧਾ* qLKr *ਕੁੱਲ ਤੁਸ਼ਟੀਗੁਣ ਵਿੱਚ ਹੋਏ ਘਾਟੇ* sNRt *ਨਾਲੋਂ ਘੱਟ ਹੈ ਜਿਵੇਂ ਕਿ ਰੇ ਖਾ ਚਿੱਤਰ ਨੰ: 3 ਤੋਂ ਸਾਫ਼ ਨਜ਼ਰ ਆਉਂਦਾ ਹੈ। ਸੋ ਸਮ-ਸੀਮਾਂਤ ਤੁਸ਼ਟੀਗੁਣ ਦੀ ਸਹਾਇਤਾ ਨਾਲ ਉਪਭੋਗੀ ਵੱਖ ਵੱਖ ਵਸਤੂਆਂ ਦੀ ਕਿਤਨੀ ਕਿਤਨੀ ਮੰਗ ਕਰਦਾ ਹੈ, ਨੂੰ ਵਿਖਾਇਆ ਜਾ ਚੁੱਕਾ ਹੈ। ਕਿਉਂਕਿ ਉਪਭੋਗੀ ਕਿਸੇ ਵਸਤੂ ਦੀ ਮੰਗ ਲਈ ਆਪਣੇ ਵੱਲੋਂ ਕੀਤੇ ਖ਼ਰਚ ਦੇ ਸੀਮਾਂਤ ਤੁਸ਼ਟੀਗੁਣ ਨੂੰ ਵਸਤੂ ਤੋਂ ਮਿਲਣ ਵਾਲੇ ਸੀਮਾਂਤ ਤੁਸ਼ਟੀਗੁਣ ਦੇ ਬਰਾਬਰ ਕਰਦਾ ਹੈ ਅਤੇ ਦੋਹਾਂ ਵਸਤੂਆਂ ਦੇ ਸੰਬੰਧ ਵਿੱਚ ਵੀ ਉਪਭੋਗੀ ਇਹ ਸਮਾਨਤਾ ਦੇ ਨਿਯਮ ਪੂਰਾ ਕਰਦਾ ਹੈ। ਇਸ ਸਮਾਨਤਾ ਦੇ ਆਧਾਰ ਤੇ ਅਸੀਂ ਕਹਿੰਦੇ ਹਾਂ ਕਿ ਉਪਭੋਗੀ ਦੀ ਸੇਬਾਂ ਲਈ ਮੰਗ ਵਕਰ* AA *ਹੈ ਅਤੇ ਚੀਕੂਆਂ ਲਈ* BB *ਹੈ।*

### *6***(iii)** *ਸਮ-ਸੀਮਾਂਤ ਤੁਸ਼ਟੀਗੁਣ ਦੇ ਨਿਯਮ ਦੀ ਸਹਾਇਤਾ ਨਾਲ ਮੰਗ ਵਕਰ ਬਣਾਉਣਾ* **(Derivation of Demand Curve with the Help of Law of Equi-Marginal Utility)**

*ਫ਼ਰਜ ਕਰੋ ਇੱਕ ਉਪਭੋਗੀ ਕੋਲ ਮੁਦਰਾ ਦੀ ਇੱਕ ਦਿੱਤੀ ਹੋਈ ਮਾਤਰਾ ਹੈ ਜਿਸ ਨੂੰ ਉਸ ਨੇ ਕੁਝ ਵਸਤੂਆਂ ਖ਼ਰੀਦਣ ਲਈ ਖ਼ਰਚਣਾ ਹੈ। ਅਸੀਂ ਮੰਨ ਲੈਂਦੇ ਹਾਂ ਕਿ ਉਪਭੋਗੀ ਨੇ ਦੋ ਵਸਤੂਆਂ ਹੀ ਖ਼ਰੀਦਣੀਆਂ ਹਨ। ਸਾਨੂੰ ਪਤਾ ਹੈ ਕਿ*




***ਚਿੱਤਰ ਨੰ. 5 ਪਾਠ ਨੰ : 3***

*ਸਮ-ਸੀਮਾਂਤ ਤੁਸ਼ਟੀਗੁਣ ਦੁਆਰਾ ਉਪਭੋਗੀ ਦਾ ਸੰਤੁਲਨ* (Equilibrium) *ਉਸ ਸਮੇਂ ਹੁੰਦਾ ਹੈ ਜਦੋਂ ਉਪਭੋਗੀ ਦੁਆਰਾ ਖ਼ਰੀਦੀਆਂ ਵਸਤੂਆਂ ਦੇ ਸੀਮਾਂਤ ਤੁਸ਼ਟੀਗੁਣ ਆਪਣੀਆਂ ਆਪਣੀਆਂ ਕੀਮਤਾਂ ਦੇ ਅਨੁਪਾਤਕ* (Proportional) *ਹੁੰਦੇ ਹਨ। ਇਸ ਲਈ ਉਪਭੋਗੀ ਉਸ ਵਕਤ ਸੰਤੁਲਨ ਵਿੱਚ ਹੁੰਦਾ ਹੈ ਜਦੋਂ ਉਹ ਵਸਤੂਆਂ ਨੂੰ ਹੇਠਾਂ ਦਿੱਤੇ ਅਨੁਪਾਤਕ ਨਿਯਮ* (Proportionality Rule) *ਦੇ ਅਨੁਸਾਰ ਖ਼ਰੀਦਦਾ ਹੈ।*

$$\frac{MUx}{Px} = \frac{MUy}{Py} = MUm$$

*ਭਾਵ*

$$\text{ਮੁਦਰਾ ਦਾ ਸੀਮਾਂਤ ਤੁਸ਼ਟੀਗੁਣ} = \frac{\text{ਵਸਤੂ X ਦਾ ਸੀਮਾਂਤ ਤੁਸ਼ਟੀਗੁਣ}}{\text{ਵਸਤੂ X ਦੀ ਕੀਮਤ}} = \frac{\text{ਵਸਤੂ Y ਦਾ ਸੀਮਾਂਤ ਤੁਸ਼ਟੀਗੁਣ}}{\text{ਵਸਤੂ Y ਦੀ ਕੀਮਤ}}$$

*ਸੰਤੁਲਨ ਦੀ ਹਾਲਤ ਨੂੰ ਪ੍ਰਾਪਤ ਕਰਨ ਲਈ ਉਪਭੋਗੀ ਮੁਦਰਾ (ਖ਼ਰਚ) ਦੇ ਸੀਮਾਂਤ ਤੁਸ਼ਟੀਗੁਣ ਨੂੰ ਖ਼ਰੀਦੀ ਜਾਣ*

ਵਾਲੀ ਹਰ ਇੱਕ ਵਸਤੂ ਖ਼ਰੀਦੀ ਜਾਣ ਵਾਲੀ ਹਰ ਇੱਕ ਵਸਤੂ ਦੇ ਅਨੁਪਾਤਕ ਤੁਸ਼ਟੀਗੁਣ ਦੇ ਬਰਾਬਰ ਕਰੇਗਾ। ਇਸ ਦ ਮਤਲਬ ਹੈ ਕਿ ਇੱਕ ਵਿਵੇਕਸ਼ੀਲ ਉਪਭੋਗੀ ਆਪਣੇ ਵੱਲੋਂ ਖ਼ਰਚੀ ਗਈ ਮੁਦਰਾ ਦੇ ਸੀਮਾਂਤ ਤੁਸ਼ਟੀਗੁਣ ਨੂੰ ਵਸਤੂ X ਦੇ ਅਨੁਪਾਤਿਕ ਤੁਸ਼ਟੀਗੁਣ (MUx) ਅਤੇ ਵਸਤੂ Y ਦੇ ਅਨੁਪਾਤਿਕ ਸੀਮਾਂਤ ਤੁਸ਼ਟੀਗੁਣ $\frac{MUy}{Py}$ ਦੇ ਬਰਾਬਰ ਕਰੇਗਾ। 'ਹੋਰ ਗੱਲਾਂ ਸਮਾਨ ਰਹਿਣ' ਦੀ ਮਨੌਤ ਨੂੰ ਲੈਂਦੇ ਹੋਏ ਫ਼ਰਜ਼ ਕਰੋ ਕਿ ਵਸਤੂ X ਦੀ ਕੀਮਤ ਘਟ ਜਾਂਦੀ ਹੈ। ਵਸਤੂ X ਦੀ ਕੀਮਤ ਘਟਣ ਨਾਲ (ਅਸੀਂ ਉੱਪਰ ਮੰਨ ਲਿਆ ਹੈ (ਵਸਤੂ Y ਦੀ ਕੀਮਤ, ਉਪਭੋਗੀ ਦੀਆਂ ਰੁਚੀਆਂ, ਸਵਾਦ ਆਦਿ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ। ਪਰੰਤੂ ਵਸਤੂ X ਦੀ ਕੀਮਤ ਵਿੱਚ ਤਬਦੀਲੀ ਆਉਣ ਨਾਲ ਸਮੀਕਰਣ $\frac{MUx}{Px}=\frac{MUy}{Py}=MUm$ ਵਿੱਚ ਵੀ ਤਬਦੀਲੀ ਆ ਜਾਂਦੀ ਹੈ। ਕਿਉਂਕਿ ਵਸਤੂ X ਦੀ ਕੀਮਤ ਘਟ ਗਈ ਹੈ ਇਸ ਕਾਰਨ ਵਸਤੂ X ਦਾ ਅਨੁਪਾਤਿਕ ਸੀਮਾਂਤ ਤੁਸ਼ਟੀਗੁਣ (MUx) ਵਸਤੂ Y ਦੇ ਅਨੁਪਾਤਿਕ ਤੁਸ਼ਟੀਗੁਣ ਜਾਂ ਮੁਦਰਾ ਦੇ ਤੁਸ਼ਟੀਗੁਣ ਨਾਲੋਂ ਵਧ ਗਿਆ ਹੈ। ਉਪਭੋਗੀ Px ਨੂੰ ਸੰਤੁਲਨ ਦੀ ਹਾਲਤ ਪ੍ਰਾਪਤ ਕਰਨ ਲਈ ਵਸਤੂ X ਦੇ ਅਨੁਪਾਤਿਕ ਸੀਮਾਂਤ ਤੁਸ਼ਟੀਗੁਣ ਨੂੰ ਘਟਾਉਣਾ ਪਵੇਗਾ ਤਾਂ ਕਿ ਇਹ ਵਸਤੂ Y ਦੇ ਅਨੁਪਾਤਿਕ ਸੀਮਾਂਤ ਤੁਸ਼ਟੀਗੁਣ ਦੇ ਬਰਾਬਰ ਹੋ ਜਾਵੇ। ਵਸਤੂ X ਦੇ ਸੀਮਾਂਤ ਤੁਸ਼ਟੀਗੁਣ ਨੂੰ ਵਸਤੂ X ਦੀ ਹੋਰ ਵਧੇਰੇ ਮਾਤਰਾ ਖ਼ਰੀਦ ਕੇ ਹੀ ਘਟਾਇਆ ਜਾ ਸਕਦਾ ਹੈ। ਅਨੁਪਾਤਿਕ ਨਿਯਮ ਤੋਂ ਸਾਫ਼ ਜ਼ਾਹਿਰ ਹੈ ਕਿ ਜਦੋਂ ਕਿਸੇ ਵਸਤੂ ਦੀ ਕੀਮਤ ਘਟਦੀ ਹੈ ਤਾਂ ਉਸ ਦੀ ਮੰਗੀ ਗਈ ਮਾਤਰਾ ਵਿੱਚ ਵਾਧਾ ਹੁੰਦਾ ਹੈ। ਇਸੇ ਕਾਰਨ ਜਿਸ ਵਸਤੂ ਦੀ ਕੀਮਤ ਘੱਟਦੀ ਹੈ ਉਸ ਵਸਤੂ ਦੀ ਮੰਗ ਵਕਰ ਦੀ ਢਲਾਣ ਖੱਬੇ ਉੱਪਰ ਤੋਂ ਸੱਜੇ ਹੇਠਾਂ ਵੱਲ ਨੂੰ ਹੁੰਦੀ ਹੈ।

ਰੇਖਾ ਚਿੱਤਰ ਨੰ: 5 (A) ਵਿੱਚ OY ਧੁਰੇ ਉੱਤੇ ਵਸਤੂ X ਦੇ ਅਨੁਪਾਤਿਕ ਤੁਸ਼ਟੀਗੁਣ ਨੂੰ $\frac{(MUx)}{Px}$ ਨੂੰ ਲਿਆ ਗਿਆ ਹੈ ਅਤੇ OX ਧੁਰੇ ਉੱਪਰ X ਦੀ ਮੰਗੀ ਗਈ ਮਾਤਰਾ ਨੂੰ ਦਿਖਾਇਆ ਗਿਆ ਹੈ। ਉਪਭੋਗੀ ਦੀ ਦਿੱਤੀ ਹੋਈ ਆਮਦਨ ਦੀ ਮਨੌਤ ਨਾਲ ਮੁਦਰਾ ਦਾ ਸੀਮਾਂਤ ਤੁਸ਼ਟੀਗੁਣ OK ਦੇ ਬਰਾਬਰ ਹੈ। ਰੇਖਾ ਚਿੱਤਰ 4(B) ਤੋਂ ਪਤਾ ਚੱਲਦਾ ਹੈ ਕਿ ਵਸਤੂ ਦੀ ਕੀਮਤ Px ਹੁੰਦੀ ਹੈ ਤਾਂ ਉਪਭੋਗੀ ਵਸਤੂ X ਦੀ OM ਮਾਤਰਾ ਖ਼ਰੀਦਦਾ ਹੈ। ਉਪਭੋਗੀ ਦਾ ਸੰਤੁਲਨ ਬਿੰਦੂ a ਬਣਦਾ ਹੈ। ਹੁਣ ਜਦੋਂ ਵਸਤੂ X ਦੀ ਕੀਮਤ ਘਟ ਜਾਂਦੀ ਹੈ ਤਾਂ ਵਸਤੂ X ਦਾ ਅਨੁਪਾਤਿਕ ਤੁਸ਼ਟੀਗੁਣ ਵਕਰ $\frac{MUx}{Px_1}$ ਉੱਪਰ ਵੱਲ ਨੂੰ ਬਦਲਕੇ $\frac{MUx}{Px}$ ਹੋ ਜਾਂਦਾ ਹੈ ਅਤੇ ਇਸ ਨਵੀਂ ਵਕਰ ਦੀ ਮੁਦਰਾ ਦੇ ਤੁਸ਼ਟੀਗੁਣ ਨਾਲ ਸਮਾਨਤਾ ਕਰਨ ਲਈ ਉਪਭੋਗੀ ਵਸਤੂ X ਦੀ ਖ਼ਰੀਦੀ ਗਈ ਮਾਤਰਾ OM ਤੋਂ ਵਧ ਕੇ OM1 ਕਰ ਦਿੰਦਾ ਹੈ। ਇਸ ਤਰ੍ਹਾਂ ਵਸਤੂ X ਦੀ ਕੀਮਤ ਘੱਟਣ ਨਾਲ ਉਪਭੋਗੀ ਉਸ ਦੀ ਵੱਧ ਮਾਤਰਾ ਖ਼ਰੀਦਦਾ ਹੈ। ਇਥੇ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਵਸਤੂ X ਦੀ ਕੀਮਤ ਘਟਣ ਨਾਲ ਉਪਭੋਗੀ ਦੀ ਅਸਲ ਆਮਦਨ ਵਿੱਚ ਹੋਣ ਵਾਲੇ ਵਾਧੇ ਨੂੰ ਨਹੀਂ ਵਿਚਾਰਿਆ ਗਿਆ।

ਰੇਖਾ ਚਿੱਤਰ ਨੰ: 5 ਦੇ ਭਾਗ 5 (B) ਵਿੱਚ ਵਸਤੂ X ਦੀ ਮੰਗ ਵਕਰ ਨੂੰ ਬਣਾਇਆ ਗਿਆ ਹੈ। ਜਦੋਂ ਵਸਤੂ X ਦੀ ਕੀਮਤ OPx ਦੇ ਬਰਾਬਰ ਹੈ ਉਸ ਦੀ ਮੰਗੀ ਗਈ ਮਾਤਰਾ OM ਦੇ ਬਰਾਬਰ ਹੈ। ਪਰੰਤੂ ਜਦੋਂ ਦੀ ਕੀਮਤ $OP_{X1}$ ਹੋ ਜਾਂਦੀ ਹੈ ਤਾਂ ਵਸਤੂ X ਦੀ ਮੰਗੀ ਗਈ ਮਾਤਰਾ ਵਧ ਕੇ $OM_1$ ਹੋ ਜਾਂਦੀ ਹੈ। ਇਸੇ ਤਰ੍ਹਾਂ ਵਸਤੂ X ਦੀ ਕੀਮਤ $OPx_1$ ਤੋਂ ਘਟ ਕੇ $OPx_2$ ਹੋ ਜਾਂਦੀ ਹੈ ਤਾਂ ਸਿੱਟੇ ਵੱਜੋਂ ਵਸਤੂ X ਦੀ ਮੰਗ ਵਧ ਕੇ $OM_2$ ਹੋ ਜਾਂਦੀ ਹੈ। ਦੂਸਰੇ ਪਾਸੇ ਜੇ ਵਸਤੂ X ਦੀ ਕੀਮਤ $OPx_2$ ਤੋਂ ਵਧ ਕੇ $OPx_1$ ਹੋ ਜਾਂਦੀ ਤਾਂ ਵਸਤੂ X ਦੀ ਮੰਗੀ ਗਈ ਮਾਤਰਾ $OM_2$ ਤੋਂ ਘਟ ਕੇ $OM_1$ ਦੇ ਬਰਾਬਰ ਹੋ ਜਾਂਦੀ ਹੈ ਅਤੇ ਜਦੋਂ ਕੀਮਤ $OPx_1$ ਤੋਂ ਵਧ ਕੇ $OPx_2$ ਹੋ ਜਾਂਦੀ ਤਾਂ ਵਸਤੂ ਦੀ ਮੰਗੀ ਗਈ ਮਾਤਰਾ $OM_1$ ਤੋਂ ਘਟ ਕੇ OM ਹੋ ਜਾਂਦੀ ਹੈ ਜਿਵੇਂ ਕਿ ਰੇਖਾ ਚਿੱਤਰ ਤੋਂ ਸਪੱਸ਼ਟ ਹੈ। ਇਸ ਤਰ੍ਹਾਂ ਰੇਖਾ ਚਿੱਤਰ ਨੰ: 4 ਦੇ ਭਾਗ 4(B) ਵਿੱਚ R,S,T ਬਿੰਦੂਆਂ ਨੂੰ ਆਪਸ ਵਿੱਚ ਇੱਕ ਰੇਖਾ ਦੁਆਰਾ ਮਿਲਾਉਣ ਨਾਲ ਵਸਤੂ X ਦੀਆਂ ਵੱਖ ਵੱਖ ਕੀਮਤਾਂ ਉੱਪਰ ਵਸਤੂ X ਲਈ ਮੰਗ ਵਕਰ ਣਣ ਬਣਦੀ ਹੈ ਜੋ ਕਿ ਖੱਬੇ ਉੱਪਰ ਤੋਂ ਸੱਜੇ ਹੇਠਾਂ ਵੱਲ ਢਲਾਣ ਵਾਲੀ ਹੈ।

**7. ਸਵੈ-ਮੁਲਾਂਕਣ ਪ੍ਰਸ਼ਨ**

**(Self-check Questions)**

(i) ਸਮ-ਸੀਮਾਂਤ ਤੁਸ਼ਟੀਗੁਣ ਦੇ ਨਿਯਮ ਨੂੰ................ਨਿਯਮ ਵੀ ਕਹਿੰਦੇ ਹਨ।

(ii) ਦੋ ਵਸਤੂਆਂ ਦੇ ਸੰਬੰਧ ਵਿੱਚ ਉਪਭੋਗੀ ਦੇ ਸੰਤੁਲਨ ਲਈ ਦੋਹਾਂ ਵਸਤੂਆਂ ਵਿਚਕਾਰ ਭਾਰਿਤ (Weighted) ਸੀਮਾਂਤ ਤੁਸ਼ਟੀਗੁਣਾਂ ਦੀ ਸਮਾਨਤਾ ਦੇ ਨਾਲ ਨਾਲ.......... ਦੇ ਸੀਮਾਂਤ ਤੁਸ਼ਟੀਗੁਣ ਨਾਲ ਵੀ ਸਮਾਨਤਾ ਜ਼ਰੂਰ ਹੁੰਦੀ ਹੈ।

(iii) ਤੁਸ਼ਟੀਗੁਣ ਨੂੰ ਕਲਪਿਤ ਇਕਾਈ...........ਨਾਲ ਮਾਪਿਆ ਜਾਂਦਾ ਹੈ।

(iv) ਸੀਮਾਂਤ ਤੁਸ਼ਟੀਗੁਣ ਦੇ ਨਿਯਮ ਅਨੁਸਾਰ ਉਪਭੋਗੀ ਦੁਆਰਾ ਖ਼ਰੀਦੀਆਂ ਵਸਤੂਆਂ ਆਪਸ ਵਿੱਚ ਸੰਬੰਧਿਤ...............ਹਨ।

(v) ਜਦੋਂ ਇੱਕ ਵਸਤੂ ਤੋਂ ਮਿਲਣ ਵਾਲੇ ਸੀਮਾਂਤ ਤੁਸ਼ਟੀਗੁਣ ਨੂੰ ਉਸਦੀ ਕੀਮਤ ਨਾਲ ਵੰਡ ਦਿੱਤਾ ਜਾਵੇ ਤਾਂ ਉਸ ਨੂੰ ...........ਸੀਮਾਂਤ ਤੁਸ਼ਟੀਗੁਣ ਕਿਹਾ ਜਾਂਦਾ ਹੈ।

### 7.1 ਸਵੈ-ਮੁਲਾਂਕਣ ਪ੍ਰਸ਼ਨਾਂ ਦੇ ਉੱਤਰ

(i) ਅਨੁਪਾਤਿਕ (ii) ਮੁਦਰਿਕ ਖ਼ਰਚ (iii) ਯੂਟਿਲ (Util) (iv) ਨਹੀਂ (v) ਕੀਮਤ ਅਨੁਪਾਤੀ ਜਾਂ ਭਾਰਿਤ

### 8. ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਦੀ ਆਲੋਚਨਾ :

**(Criticism of Marginal Utility Analysis)**

ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਮੰਡੀ ਵਿੱਚ ਮੰਗ ਦੀ ਮਾਤਰਾ ਨੂੰ ਮਾਪਣ ਦਾ ਸਭ ਤੋਂ ਪਹਿਲਾ ਤਰਤੀਬ ਬੱਧ ਯਤਨ ਹੈ। ਇਸ ਨਿਯਮ ਵਿਚਲੀ ਸਰਲਤਾ ਕਾਰਨ ਇਸ ਨੂੰ ਵਿਵਹਾਰਿਕ ਜੀਵਨ ਵਿੱਚ ਵਰਤਣਾ ਸੌਖਾ ਹੈ। ਪਰੰਤੂ ਫ਼ਿਰ ਵੀ ਇਸ ਨਿਯਮ ਦੀਆਂ ਕੁਝ ਊਣਤਾਈਆਂ ਹਨ ਜਿਨ੍ਹਾਂ ਵਿਚੋਂ ਅਸੀਂ ਕੁਝ ਕੁ ਮਹੱਤਵਪੂਰਣ ਊਣਤਾਈਆਂ ਦਾ ਹੇਠਾਂ ਵਰਣਨ ਕਰਦੇ ਹਾਂ।

1. ਤੁਸ਼ਟੀਗੁਣ ਨੂੰ ਮਾਪਣ ਦਾ ਸੰਖਿਆਤਮਕ (Cardinal) ਢੰਗ ਠੀਕ ਨਹੀਂ। ਤੁਸ਼ਟੀਗੁਣ ਇੱਕ ਮਾਨਸਿਕ ਭਾਵਨਾ ਅਤੇ ਸਾਪੇਖਿਕ ਧਾਰਨਾ ਹੈ ਇਸ ਲਈ ਇਸ ਨੂੰ ਸੰਖਆਤਮਿਕ ਅੰਕਾਂ ਜਿਵੇਂ 1, 2, 3,............10 ਆਦਿ ਵਿੱਚ ਨਹੀਂ ਮਿਣਿਆ ਜਾ ਸਕਦਾ। ਇੱਕ ਵਿਅਕਤੀ ਨੂੰ ਇੱਕ ਸਮੋਸਾ ਖਾਣ ਨਾਲ ਬਹੁਤ ਸੰਤੁਸ਼ਟੀ ਮਿਲਦੀ ਹੈ ਪਰੰਤੂ ਉਸੇ ਵਿਅਕਤੀ ਨੂੰ ਦੂਜਾ ਸਮੋਸਾ ਖਾਣ ਨਾਲ ਪਹਿਲਾਂ ਨਾਲੋਂ ਬਹੁਤ ਹੀ ਘੱਟ ਤੁਸ਼ਟੀਗੁਣ ਪ੍ਰਾਪਤ ਹੁੰਦਾ ਹੈ। ਪਰੰਤੂ ਉਹ ਵਿਅਕਤੀ ਇਹ ਦੱਸ ਨਹੀਂ ਸਕਦਾ ਕਿ ਪਹਿਲੇ ਸਮੋਸੇ ਦੇ ਸੇਵਨ ਨਾਲੋਂ ਦੂਸਰੇ ਸਮੋਸੇ ਦੇ ਸੇਵਨ ਨਾਲ ਉਸਨੂੰ ਕਿਤਨਾ ਘੱਟ ਤੁਸ਼ਟੀਗੁਣ ਪ੍ਰਾਪਤ ਹੋਇਆ।

2. ਦੂਸਰੀ ਆਲੋਚਨਾ ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਦੀ ਮੁਦਰਾ ਦੇ ਸੀਮਾਂਤ ਤੁਸ਼ਟੀਗੁਣ ਨੂੰ ਸਥਿਰ (Constant) ਮੰਨ ਲੈਣ ਦੀ ਹੈ। ਪਰੰਤੂ ਵਿਵਹਾਰਿਕ ਜੀਵਨ ਵਿੱਚ ਅਜਿਹਾ ਨਹੀਂ ਹੁੰਦਾ। ਉਦਾਹਰਣ ਵੱਜੋਂ ਜੇ ਇੱਕ ਉਪਭੋਗੀ ਕਿਸੇ ਵਸਤੂ ਦੀ ਖ਼ਰੀਦ ਕਰਦਾ ਜਾਂਦਾ ਹੈ ਇਸ ਨਾਲ ਉਸ ਕੋਲ ਮੁਦਰਾ ਦੀ ਮਾਤਰਾ ਘਟਦੀ ਜਾਂਦੀ ਹੈ। ਉਪਭੋਗੀ ਕੋਲ ਮੁਦਰਾ ਦੀ ਮਾਤਰਾ ਘਟ ਜਾਣ ਨਾਲ ਉਸ ਦਾ ਮੁਦਰਾ ਲਈ ਸੀਮਾਂਤ ਤੁਸ਼ਟੀਗੁਣ ਵਧਣ ਲੱਗ ਜਾਂਦਾ ਹੈ ਨਾ ਕਿ ਸਥਿਰ ਰਹਿੰਦਾ ਹੈ। ਜਿਵੇਂ ਕਿ ਇੱਕ ਕਰੋੜਪਤੀ ਵਿਅਕਤੀ ਲਈ 10 ਰੁਪਏ ਦੇ ਨੋਟ ਪ੍ਰਤੀ ਸੀਮਾਂਤ ਤੁਸ਼ਟੀਗੁਣ ਕਿਸੇ ਗਰੀਬ ਵਿਅਕਤੀ ਦੇ ਮੁਕਾਬਲੇ ਬਹੁਤ ਘੱਟ ਹੋਵੇਗਾ।

3. ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਕੀਮਤ ਅਤੇ ਮੰਗ ਵਿਚਕਾਰ ਸੰਬੰਧ ਪੂਰੇ ਵਿਸਤ੍ਰਿਤ ਢੰਗ ਨਾਲ ਨਹੀਂ ਘੋਖਦਾ। ਇਹ ਕਹਿਣਾ ਕਿ ਕਿਸੇ ਵਸਤੂ ਦੀ ਕੀਮਤ ਘਟਣ ਨਾਲ ਉਸ ਵਸਤੂ ਦੀ ਮੰਗ ਵਧ ਜਾਂਦੀ ਹੈ ਤਾਂ ਸਹੀ ਹੈ ਪਰੰਤੂ ਜਿਸ ਪ੍ਰਕ੍ਰਿਆ ਦੁਆਰਾ ਕੀਮਤ ਦਾ ਮੰਗ ਉੱਤੇ ਪ੍ਰਭਾਵ ਪੈਂਦਾ ਹੈ, ਨੂੰ ਇਸ ਵਿਸ਼ਲੇਸ਼ਣ ਵਿੱਚ ਨਹੀਂ ਦੱਸਿਆ ਗਿਆ। ਅਸਲ ਵਿੱਚ ਜਦੋਂ ਕਿਸੇ ਵਸਤੂ ਦੀ ਕੀਮਤ ਘਟਦੀ ਹੈ ਤਾਂ ਉਪਭੋਗੀ ਦੀ ਅਸਲ ਆਮਦਨ ਵਿੱਚ ਵਾਧਾ ਹੋਣ ਕਰਕੇ ਅਤੇ

*ਸੀਮਾਂਤ ਵਸਤੂਆਂ ਵਿਚਕਾਰ ਪ੍ਰਤੀਸਥਾਪਨ ਹੋਣ ਕਰਕੇ ਮੰਗ ਵਿੱਚ ਵਾਧਾ ਹੁੰਦਾ ਹੈ ਜਿਹੜਾ ਕਿ ਕੀਮਤ ਘਟਣ ਦੇ ਸਿੱਟੇ ਵੱਜੋਂ ਲਾਗੂ ਹੁੰਦਾ ਹੈ।*

*4. ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਵਿੱਚ ਕਿਸੇ ਵਸਤੂ ਪ੍ਰਤੀ ਉਪਭੋਗੀ ਦੀ ਮੰਗ ਨੂੰ ਕੇਵਲ ਉਸੇ ਵਸਤੂ ਦੀ ਕੀਮਤ ਨਾਲ ਜੋੜਿਆ ਗਿਆ ਜਦ ਕਿ ਪੂਰਕ* (Complementary) *ਅਤੇ ਸਥਾਨਪਤੀ ਵਸਤੂਆਂ ਦੀਆਂ ਕੀਮਤਾਂ ਦਾ ਵੀ ਉਪਭੋਗੀ ਦੁਆਰਾ ਖ਼ਰੀਦੀ ਜਾਣ ਵਾਲੀ ਵਸਤੂ ਦੀ ਮੰਗ ਉੱਪਰ ਪ੍ਰਭਾਵ ਪੈਂਦਾ ਹੈ।*

*5. ਇਸ ਵਿਸ਼ਲੇਸ਼ਣ ਵਿੱਚ ਮਾਨਤਾਵਾਂ ਤਾਂ ਬਹੁਤ ਲਈਆਂ ਹਨ ਪਰੰਤੂ ਵਿਆਖਿਆ ਘੱਟ ਕੀਤੀ ਗਈ ਹੈ। ਇਹ ਸਿਧਾਂਤ ਵਿੱਚ ਉਪਭੋਗੀ ਦੇ ਵਿਵਹਾਰ, ਉਪਭੋਗੀ ਦੀ ਆਮਦਨ, ਸੰਬੰਧਿਤ ਵਸਤੂਆਂ ਦੀਆਂ ਕੀਮਤਾਂ ਲੋਕਾਂ ਦੀਆਂ ਰੁਚੀਆਂ, ਫੈਸ਼ਨ ਆਦਿ ਸੰਬੰਧੀ ਬਹੁਤ ਮਾਨਤਾਵਾਂ ਲਈਆਂ ਗਈਆਂ ਹਨ।*(It is usually said that utility analysis assumes too much and explains very little) *ਬਹੁਤ ਜ਼ਿਆਦਾ ਮਾਨਤਾਵਾਂ ਕਿਸੇ ਨਿਯਮ ਦੀ ਵਿਵਹਾਰਿਕਤਾ ਨੂੰ ਘੱਟ ਕਰ ਦਿੰਦੀਆਂ ਹਨ।*

*6. ਸਮਾਜ ਵਿੱਚ ਇਸ ਵਿਸ਼ਲੇਸ਼ਣ ਦੀ ਘੱਟ ਵਰਤੋਂ ਕੀਤੀ ਜਾਂਦੀ ਹੈ ਕਿਉਂਕਿ ਇਹ ਨਿਯਮ ਤੁਸ਼ਟੀਗੁਣ ਅਤੇ ਸੰਤੁਸ਼ਟੀ ਵਰਗੀਆਂ ਧਾਰਨਾਵਾਂ ਉੱਪਰ ਆਧਾਰਿਤ ਹੈ ਜਿਹੜੀਆਂ ਵੱਡੇ ਪੱਧਰ ਉੱਤੇ ਆਮ ਲੋਕਾਂ ਦੀ ਸਮਝ ਤੋਂ ਪਰ੍ਹੇ ਹਨ ਅਤੇ ਨਾ ਹੀ ਰੋਜ਼ ਮਰ੍ਹਾ ਦੀ ਜ਼ਿੰਦਗੀ ਵਿੱਚ ਕਿਸੇ ਵਿਅਕਤੀ ਕੋਲ ਛੋਟੀਆਂ ਛੋਟੀਆਂ ਖ਼ਰੀਦਾਰੀਆਂ ਜਿਵੇਂ ਸਬਜੀਆਂ, ਬਰੈਂਡ, ਦੁੱਧ, ਕਾਪੀਆਂ, ਪੈਨਸਲਾਂ ਆਦਿ ਖ਼ਰੀਦਣ ਵੇਲੇ ਇਤਨਾ ਸਮਾਂ ਹੁੰਦਾ ਹੈ ਕਿ ਉਹ ਹਰ ਚੀਜ਼ ਖ਼ਰੀਦਣ ਵੇਲੇ ਕੀਮਤਾਂ ਨਾਲ ਸੀਮਾਂਤ ਤੁਸ਼ਟੀਗੁਣ ਦੀ ਬਰਾਬਰਤਾ ਕਰੇ।*

*7. ਤੁਸ਼ਟੀਗੁਣ ਵਿਸ਼ਲੇਸ਼ਣ ਦੁਆਰਾ ਲਈ ਗਈ ਮਨੌਤ, ਕਿ ਉਪਭੋਗ ਕੀਤੀਆਂ ਜਾਣ ਵਾਲੀਆਂ ਵਸਤੂਆਂ ਪੂਰੀ ਤਰ੍ਹਾਂ ਵੰਡਣਯੋਗ* (Divisible) *ਹਨ, ਵੀ ਠੀਕ ਨਹੀਂ ਕਿਉਂਕਿ ਉਪਭੋਗੀ ਨੂੰ ਬਾਜ਼ਾਰ ਵਿਚੋਂ ਆਪਣੀ ਲੋੜ ਲਈ ਮਜਬੂਰਨ ਤੌਰ ਤੇ ਅਵੰਡਣਯੋਗ ਵਸਤੂਆਂ ਵੀ ਖ਼ਰੀਦਣੀਆਂ ਪੈਂਦੀਆਂ ਹਨ। ਜਿਵੇਂ ਕਿ ਕਈ ਵਾਰ ਕਿਸੇ ਵਿਅਕਤੀ ਨੂੰ ਮਾਮੂਲੀ ਜਿਹੀ ਖਾਂਸੀ ਹੈ ਅਤੇ ਉਸ ਨੂੰ ਇੱਕ ਜਾਂ ਦੋ ਵਾਰੀ ਹੀ ਕਿਸੇ ਦਵਾਈ ਦੀ ਮਿੱਥੀ ਗਈ ਮਾਤਰਾ ਲੈਣ ਦੀ ਜਰੂਰਤ ਹੈ ਪਰੰਤੂ ਉਹ ਦਵਾਈਆਂ ਦੀ ਦੁਕਾਨ ਤੇ ਜਾਂਦਾ ਹੈ ਤਾਂ ਉਸ ਨੂੰ ਦਵਾਈ ਦੀ ਪੂਰੀ ਸ਼ੀਸ਼ੀ ਹੀ ਖ਼ਰੀਦਣੀ ਪੈਂਦੀ ਹੈ।*

*8. ਇਹ ਸਿਧਾਂਤ ਮਨੁੱਖੀ ਮਾਨਸਿਕਤਾ ਉੱਪਰ ਆਧਾਰਿਤ ਹੈ ਜੋ ਕਿ ਅਵਾਸਤਵਿਕ* (Subjective) *ਹੁੰਦੀ ਹੈ ਅਤੇ ਇਸ ਰਾਹੀਂ ਜਿਸ ਮੰਗ ਨੂੰ ਜਾਣਨ ਦਾ ਪਤਾ ਲਗਾਉਣ ਦਾ ਯਤਨ ਕੀਤਾ ਜਾਂਦਾ ਹੈ ਉਹ ਇੱਕ ਬਾਹਰਮੁਖੀ* (Objective) *ਵਰਤਾਰਾ* (Phenomenon) *ਹੈ। ਸੋ ਤੁਸ਼ਟੀਗੁਣ ਦਾ ਨਿਯਮ ਉਪਭੋਗੀ ਦੀ ਮੰਗ ਨੂੰ ਉਚਿਤ ਢੰਗ ਨਾਲ ਮਾਪਣ ਤੋਂ ਅਸਮਰਥ ਲਗਦਾ ਹੈ।*

## IV. *ਸਾਰ ਅੰਸ਼* (Summary)

*ਇੱਕ ਅਰਥ ਵਿਵਸਥਾ ਸਹੀ ਢੰਗ ਨਾਲ ਤਾਂ ਹੀ ਕੰਮ ਕਰ ਸਕਦੀ ਹੈ ਜੇ ਉਤਪਾਦਕਾਂ ਦੁਆਰਾ ਪੈਦਾ ਕੀਤੀਆਂ ਵਸਤੂਆਂ ਜਾਂ ਉਪਲਬਧ ਕੀਤੀਆਂ ਸੇਵਾਵਾਂ ਦੀ ਮੰਡੀ ਵਿੱਚ ਇਤਨੀ ਮੰਗ ਹੋਵੇ ਲਗਭਗ ਸਾਰੀਆਂ ਵਸਤੂਆਂ ਵਿਕ ਜਾਣ। ਇਹ ਤਾਂ ਹੀ ਹੋ ਸਕਦਾ ਹੈ ਜੇ ਉਤਪਾਦਕ ਕੋਲ ਵਸਤੂ ਪੈਦਾ ਕਰਨ ਤੋਂ ਪਹਿਲਾਂ ਮੰਡੀ ਵਿੱਚ ਉਨ੍ਹਾਂ ਦੁਆਰਾ ਤਿਆਰ ਕੀਤੀ ਵਸਤੂ ਦੀ ਮੰਗ ਦਾ ਸਹੀ ਅੰਦਾਜ਼ਾ ਹੋਵੇ। ਕੁਝ ਅਰਥ ਸ਼ਾਸਤਰੀਆਂ ਨੇ ਖ਼ਾਸ ਤੌਰ ਤੇ ਮੰਡੀ ਵਿੱਚ ਮੰਗ ਦਾ ਅੰਦਾਜ਼ਾ ਲਗਾਉਣ ਲਈ ਸੀਮਾਂਤ ਤੁਸ਼ਟੀਗੁਣ ਦੀ ਧਾਰਨਾ ਨੂੰ ਵਰਤਿਆ। ਉਸ ਅਨੁਸਾਰ ਜਦੋਂ ਕਿਸੇ ਵਸਤੂ ਦੀ ਇੱਕ ਉਪਭੋਗੀ ਕੋਲ ਮਾਤਰਾ ਵਧਦੀ ਜਾਂਦੀ ਹੈ ਤਾਂ ਉਸ ਦਾ ਵਸਤੂ ਪ੍ਰਤੀ ਤੁਸ਼ਟੀਗੁਣ ਘਟਦਾ ਜਾਂਦਾ ਹੈ। ਉਸ ਅਨੁਸਾਰ ਇੱਕ ਉਪਭੋਗੀ ਕਿਸੇ ਵਸਤੂ ਮੰਗ ਉਤਨੀ ਕਰੇਗਾ ਜਿਥੇ ਵਸਤੂ ਦੀ ਕੀਮਤ ਅਤੇ ਉਪਭੋਗੀ ਨੂੰ ਵਸਤੂ ਦੇ ਉਪਭੋਗ ਕਰਨ ਤੋਂ ਮਿਲਣ ਵਾਲੀ ਸੰਤੁਸ਼ਟੀ ਇੱਕ ਦੂਜੇ ਦੇ ਬਰਾਬਰ ਹੋਣ। ਕਿਉਂਕਿ ਉਪਭੋਗੀ ਕੋਲ ਵਸਤੂ ਦੀ ਮਾਤਰਾ ਵਧਣ ਨਾਲ ਜਿਉਂ ਜਿਉਂ ਉਸ ਦਾ ਤੁਸ਼ਟੀਗੁਣ ਘਟਦਾ ਜਾਂਦਾ ਹੈ ਤਾਂ ਉਪਭੋਗੀ ਵੀ ਵਸਤੂ ਦੀ ਹਰ ਨਵੀਂ ਇਕਾਈ ਖ਼ਰੀਦਣ ਲਈ ਘੱਟ ਕੀਮਤ ਅਦਾ ਕਰੇਗਾ। ਘਟਦੇ ਸੀਮਾਂਤ ਤੁਸ਼ਟੀਗੁਣ ਦੇ ਆਧਾਰ ਤੇ ਮੰਗ ਦੇ ਨਿਯਮ ਦਾ ਨਿਰਮਾਣ ਅਤੇ ਵਰਣਨ ਕਰਨ ਲਈ ਮਾਰਸ਼ਲ ਨੇ ਕਈ ਮਨੌਤਾਂ ਜਿਵੇ ਂ ਕਿ ਮੁਦਰਾ ਦਾ ਸੀਮਾਂਤ ਤੁਸ਼ਟੀਗੁਣ ਸਥਿਰ ਰਹਿਣਾ, ਵਸਤੂਆਂ ਦਾ ਪੂਰਣ ਵੰਡਣਯੋਗ ਹੋਣਾ, ਤੁਸ਼ਟੀਗੁਣ ਨੂੰ ਸੰਖਿਆਤਮਕ*

ਤੌਰ ਤੇ ਮਿਣਿਆ ਜਾ ਸਕਣਾ, ਆਦਿ ਲਈਆਂ ਹਨ। ਅਰਥ-ਸ਼ਾਸਤਰੀਆਂ ਨੇ ਉਪਭੋਗੀ ਦੇ ਇੱਕ ਵਸਤੂ ਸੰਬੰਧੀ ਸੰਤੁਲਨ ਦੇ ਨਾਲ ਨਾਲ ਇੱਕ ਤੋਂ ਵੱਧ ਵਸਤੂਆਂ ਸੰਬੰਧੀ ਸੰਤੁਲਨ ਦੀ ਵੀ ਵਿਆਖਿਆ ਕੀਤੀ ਹੈ। ਪਰੰਤੂ ਕੁਝ ਵਿਦਵਾਨਾਂ ਖ਼ਾਸ ਤੌਰ ਤੇ ਜੇ. ਆਰ. ਰਿਕਸ ਨੇ ਇਸ ਵਿਸ਼ਲੇਸ਼ਣ ਦੁਆਰਾ ਲਈਆਂ ਗਈਆਂ ਮਨੌਤਾਂ ਨੂੰ ਅਵਾਸਤਵਿਕ ਕਹਿੰਦਿਆਂ ਇਸ ਦੀ ਆਲੋਚਨਾ ਕੀਤੀ ਹੈ। ਕੁਝ ਊਣਤਾਈਆਂ ਦੇ ਬਾਵਜੂਦ ਵੀ ਇਹ ਕਿਹਾ ਜਾ ਸਕਦਾ ਹੈ ਕਿ ਮੰਗ ਨੂੰ ਜਾਣਨ ਲਈ ਮਨੁੱਖੀ ਸਮਾਜ ਵਿੱਚ ਇਹ ਪਹਿਲਾ ਮਹੱਤਵਪੂਰਣ ਯਤਨ ਸੀ ਜਿਸ ਦੀ ਸਾਰਥਿਕਤਾ (Validity) ਨੂੰ ਅਜੋਕੇ ਸਮੇਂ ਵਿੱਚ ਵੀ ਅਣਗੌਲਿਆ ਨਹੀਂ ਕੀਤਾ ਜਾ ਸਕਦਾ।

**V. ਮਹੱਤਵਪੂਰਣ ਧਾਰਨਾਵਾਂ (Key Concepts)**

**ਉਪਭੋਗੀ ਦਾ ਸੰਤੁਲਨ**

ਕਿਸੇ ਸਮੇਂ ਉੱਤੇ ਦਿੱਤੀ ਹੋਈ ਮੁਦਰਿਕ ਆਮਦਨ ਅਤੇ ਕੀਮਤ ਨਾਲ, ਉਪਭੋਗੀ ਦਾ ਸੰਤੁਲਨ ਉਸ ਬਿੰਦੂ ਤੇ ਹੋਵੇਗਾ ਜਿੱਥੇ ਉਪਭੋਗੀ ਨੂੰ ਵੱਧ ਤੋਂ ਵੱਧ ਤੁਸ਼ਟੀਗੁਣ ਜਾਂ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ।

**ਉਪਭੋਗੀ ਦੀ ਮੰਗ ਵਕਰ**

ਇਹ ਉਪਭੋਗੀ ਦੁਆਰਾ ਵੱਖ ਵੱਖ ਕੀਮਤਾਂ ਉੱਪਰ ਵਸਤੂ ਦੀਆਂ ਖ਼ਰੀਦੀਆਂ ਜਾਣ ਵਾਲੀਆਂ ਇਕਾਈਆਂ ਨੂੰ ਦਰਸਾਉਂਦੀ ਹੈ ਬਸ਼ਰਤੇ 'ਹੋਰ ਗੱਲਾਂ ਸਮਾਨ ਰਹਿਣ'।

**ਤੁਸ਼ਟੀਗੁਣ**

ਕਿਸੇ ਵਸਤੂ ਵਿਚਲਾ ਉਹ ਗੁਣ ਜੋ ਉਪਭੋਗੀ ਦੀ ਕਿਸੇ ਲੋੜ ਨੂੰ ਪੂਰਾ ਕਰਦਾ ਹੈ, ਨੂੰ ਤੁਸ਼ਟੀਗੁਣ ਕਿਹਾ ਜਾਂਦਾ ਹੈ।

**ਸੀਮਾਂਤ ਤੁਸ਼ਟੀਗੁਣ**

ਦਿੱਤੇ ਹੋਏ ਸਮੇਂ ਦੌਰਾਨ ਉਪਭੋਗੀ ਦੁਆਰਾ ਕਿਸੇ ਵਸਤੂ ਦੀ ਇੱਕ ਹੋਰ ਇਕਾਈ ਦੇ ਉਪਭੋਗ ਕਰਨ ਨਾਲ ਉਸਦੇ ਕੁੱਲ ਤੁਸ਼ਟੀਗੁਣ ਵਿੱਚ ਜੋ ਤਬਦੀਲੀ ਆਉਂਦੀ ਹੈ ਉਸ ਨੂੰ ਸੀਮਾਂਤ ਤੁਸ਼ਟੀਗੁਣ ਕਿਹਾ ਜਾਂਦਾ ਹੈ।

**ਕੁੱਲ ਤੁਸ਼ਟੀਗੁਣ**

ਉਪਭੋਗੀ ਦੁਆਰਾ ਇੱਕ ਨਿਸ਼ਚਿਤ ਸਮੇਂ ਦੌਰਾਨ ਕਿਸੇ ਵਸਤੂ ਦੀ ਇੱਕ ਖ਼ਾਸ ਮਾਤਰਾ ਦੇ ਉਪਭੋਗ ਦੁਆਰਾ ਉਸ ਨੂੰ ਮਿਲਣ ਵਾਲੇ ਤੁਸ਼ਟੀਗੁਣ ਨੂੰ, ਕੁੱਲ ਤੁਸ਼ਟੀਗੁਣ ਕਿਹਾ ਜਾਂਦਾ ਹੈ।

**VI. ਪ੍ਰਸਤਾਵਿਤ ਪੁਸਤਕਾਂ (Suggested Books)**


| | | |
|---|---|---|
| 1. A.W. Stonier and D.C. Hague | : | *A Text Book of Economic Theory.* |
| 2. H.L. Ahuja | : | *Principles of Micro Economics.* |
| 3. ਐਚ. ਕੇ. ਮਨਮੋਹਨ ਸਿੰਘ | : | *ਮੰਗ ਸਿਧਾਂਤ ਅਤੇ ਮਿਸ਼ਰਤ ਅਰਥ-ਵਿਵਸਥਾ ਵਿੱਚ ਆਰਥਿਕ ਗਣਨਾ (ਅਨੁਵਾਦਕ: ਓਮ ਪ੍ਰਕਾਸ਼ ਵਿਸ਼ਿਸ਼ਟ)* |
| 4. B.K. Sharma and Gulshan Kumar | : | *Price Theory and Distribution. (Punjabi Medium)* |
| 5. Joginder Singh, P.N. Chopra and P.S. Grewal | : | *Price Theory and Distribution. (Punjabi Medium)* |
| 6. T.R. Jain & Others | : | *ਵਿਅਸ਼ਟੀ ਅਰਥ-ਸ਼ਾਸਤਰ* |

## VII. *ਵਿਆਪਕ ਉੱਤਰ ਪੱਤਰ*

*(ੳ) ਲੰਮੇ ਪ੍ਰਸ਼ਨ*

*(ਅ) ਸੰਖਿਪਤ ਪ੍ਰਸ਼ਨ*

### *(ੳ) ਲੰਮੇ ਪ੍ਰਸ਼ਨ*

1. *ਤੁਸ਼ਟੀਗੁਣ ਤੋਂ ਕੀ ਭਾਵ ਹੈ? ਘਟਦੇ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਦੀ ਵਿਆਖਿਆ ਕਰੋ।*
2. *ਉਪਭੋਗੀ ਦੀ ਮੰਗ ਸੰਬੰਧੀ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਦੀਆਂ ਮਨੌਤਾਂ ਦੀ ਵਿਸਥਾਰ ਸਹਿਤ ਵਿਆਖਿਆ ਕਰਦੇ ਹੋਏ ਇਨ੍ਹਾਂ ਦੀ ਅਸਲ ਜੀਵਨ ਵਿੱਚ ਵਿਵਹਾਰਿਕਤਾ ਬਾਰੇ ਲਿਖੋ।*
3. *ਮੰਗ ਦੇ ਸਮ-ਸੀਮਾਂਤ ਤੁਸ਼ਟੀਗੁਣ ਨਿਯਮ ਦੀ ਵਿਆਖਿਆ ਕਰੋ।*

### *(ਅ) ਛੋਟੇ ਉੱਤਰਾਂ ਵਾਲੇ ਪ੍ਰਸ਼ਨ*

1. *ਸੀਮਾਂਤ ਤੁਸ਼ਟੀਗੁਣ ਕੀ ਹੁੰਦਾ ਹੈ?*
2. *ਘਟਦੇ ਸੀਮਾਂਤ ਤੁਸ਼ਟੀਗੁਣ ਦੀਆਂ ਕੋਈ ਚਾਰ ਛੋਟਾਂ* (Exceptions) *ਲਿਖੋ।*
3. *ਤੁਸ਼ਟੀਗੁਣ ਦੀ ਮਿਣਤੀ ਲਈ ਮਾਰਸ਼ਲ ਦੁਆਰਾ ਦਿੱਤੇ ਢੰਗ ਬਾਰੇ ਸੰਖੇਪ ਵਿੱਚ ਲਿਖੋ।*
4. *ਉਪਭੋਗੀ ਦੀ ਕਿਸੇ ਵਸਤੂ ਲਈ ਮੰਗ ਵਕਰ ਖੱਬੇ ਤੋਂ ਸੱਜੇ ਹੇਠਾਂ ਵੱਲ ਕਿਉਂ ਜਾਂਦੀ ਹੈ।*
5. *ਇਹ ਮਨੌਤ ਕਿ ਉਪਭੋਗੀ ਵਿਵੇਕਸ਼ੀਲ* (Rational) *ਹੈ, ਇਸ ਦਾ ਕੀ ਭਾਵ ਹੁੰਦਾ ਹੈ।*

***ਨੋਟ*** *: ਇਹ ਪਾਠ ਡਿਸਟੈਂਸ ਐਜੂਕੇਸ਼ਨ ਕੌਂਸਲ ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।*

*ਪਾਠ ਨੰ. 1.4* *ਲੇਖਕ : ਡਾ. ਬਲਬੀਰ ਸਿੰਘ*

# ਉਦਾਸੀਨ ਵਕਰ ਵਿਸ਼ਲੇਸ਼ਣ
# (Indifference Curves Analysis)

**ਪਾਠ ਦੀ ਰੂਪ-ਰੇਖਾ**


I. *ਜਾਣ-ਪਛਾਣ* (Introduction)

II. *ਪਾਠ ਦੇ ਉਦੇਸ਼* (Objectives)

III. *ਪਾਠ ਦਾ ਵਿਸ਼ਾ* (Subject-Matter)

IV. *ਸਾਰ-ਅੰਸ਼* (Summary)

V. *ਮਹੱਤਵਪੂਰਣ ਧਾਰਨਾਵਾਂ* (Key-Concepts)

VI. *ਵਿਆਪਕ ਉੱਤਰ-ਪੱਤਰ*

  *(ੳ) ਲੰਮੇ ਪ੍ਰਸ਼ਨ* (Long Answer Questions)

  *(ਅ) ਸੰਖਿਪਤ ਪ੍ਰਸ਼ਨ* (Short Answer Questions)

VII. *ਪ੍ਰਸਤਾਵਿਤ ਪੁਸਤਕਾਂ* (Suggested Books)


**I. ਜਾਣ-ਪਛਾਣ**

*ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਵਿਚ ਪਾਈਆਂ ਗਈਆਂ ਊਣਤਾਈਆਂ ਜਿਵੇਂ ਕਿ ਤੁਸ਼ਟੀਗੁਣ ਦਾ ਮੁਦਰਿਕ ਮਾਪ, ਕੇਵਲ ਇਕ ਵਸਤੂ ਸੰਬੰਧੀ ਵਿਸ਼ਲੇਸ਼ਣ, ਸਥਾਨਪਤੀ ਅਤੇ ਸਹਾਇਕ ਵਸਤੂਆਂ ਦੇ ਸੰਬੰਧ ਵਿਚ ਸੰਕੁਚਿਤ ਵਿਆਖਿਆ, ਵੱਖ-ਵੱਖ ਵਸਤੂਆਂ ਦੇ ਸੀਮਾਂਤ ਤੁਸ਼ਟੀਗੁਣ ਦੇ ਆਪਸੀ ਸੰਬੰਧ ਦੀ ਅਣਹੋਂਦ ਆਦਿ ਤਰੁੱਟੀਆਂ ਨੂੰ ਦੇਖਦੇ ਹੋਏ ਅਰਥ ਸ਼ਾਸਤਰੀਆਂ ਨੇ ਕਿਸੇ ਵਸਤੂ ਦੀ ਮੰਗ ਨੂੰ ਜਾਣਨ ਸਬੰਧੀ ਇਕ ਨਵਾਂ ਵਿਸ਼ਲੇਸ਼ਣ ਦਿੱਤਾ, ਜਿਸ ਨੂੰ ਕਿ ਉਦਾਸੀਨ (ਸਮਭਾਵ) ਵਕਰ ਵਿਸ਼ਲੇਸ਼ਣ ਕਿਹਾ ਜਾਂਦਾ ਹੈ। ਸਮਭਾਵ ਵਕਰ ਦੀ ਤਕਨੀਕ ਸਭ ਤੋਂ ਪਹਿਲਾਂ ਐਫ.ਵਾਈ. ਐਜਵਰਥ* (F.Y. Edgeworth) *ਨੇ 1881 ਵਿਚ ਦਿੱਤੀ ਸੀ, ਪਰੰਤੂ ਉਸ ਨੇ ਇਸ ਤਕਨੀਕ ਨੂੰ ਦੋ ਵਿਅਕਤੀਆਂ ਵਿਚਕਾਰ ਤਬਾਦਲੇ ਦੀਆਂ ਸੰਭਾਵਨਾਵਾਂ ਨੂੰ ਵਿਖਾਉਣ ਲਈ ਵਰਤਿਆ ਸੀ, ਨਾ ਕਿ ਉਪਭੋਗੀ ਦੀ ਮੰਗ ਦੇ ਸੰਬੰਧ ਵਿਚ। ਸਮੇਂ ਦੇ ਬੀਤਣ ਨਾਲ ਹੋਰ ਵਿਦਵਾਨ ਜਿਵੇਂ ਕਿ ਪਰੈਟੋ* (Pareto), *ਜੌਹਨਸਨ* (Johnson), *ਸਲੱਟਸਕੀ* (Slutsky) *ਆਦਿ ਇਸ ਤਕਨੀਕ ਵਿਚ ਸੁਧਾਰ ਕਰਦੇ ਰਹੇ। ਅਸਲ ਵਿਚ ਜੇ.ਆਰ. ਹਿਕਸ* (J.R. Hicks) *ਅਤੇ ਆਰ.ਜੀ.ਡੀ. ਐਲਨ* (R.G.D. Allen) *ਨੇ ਸੰਖਿਆ ਵਾਚਕ* (cardinal) *ਤੁਸ਼ਟੀਗੁਣ ਦੇ ਸਿਧਾਂਤ ਦੀ ਆਲੋਚਨਾ ਕਰਦੇ ਹੋਏ ਸਮਭਾਵ ਵਕਰ ਵਿਸ਼ਲੇਸ਼ਣ ਨੂੰ ਕਰਮ ਸੂਚਕ* (ordinal) *ਤੁਸ਼ਟੀਗੁਣ ਦੇ ਰੂਪ ਵਿਚ ਪੇਸ਼ ਕੀਤਾ। ਜੇ.ਆਰ. ਹਿਕਸ ਨੇ 1939 ਵਿਚ ਛਪੀ ਆਪਣੀ ਪੁਸਤਕ,* **Value and Capital** *ਵਿਚ ਆਪਣੇ ਪੁਰਾਣੇ ਇਸ ਸਿਧਾਂਤ ਵਿਚ ਸੋਧ ਕਰਕੇ ਇਸ ਨੂੰ ਆਧੁਨਿਕ ਰੂਪ ਵਿਚ ਪੇਸ਼ ਕੀਤਾ। ਅਸੀਂ ਇਸ ਅਧਿਆਇ ਵਿਚ ਮੁੱਖ ਤੌਰ ਤੇ ਜੇ.ਆਰ. ਹਿਕਸ ਅਤੇ ਆਰ.ਜੀ.ਡੀ. ਐਲਨ ਦੁਆਰਾ ਦਿੱਤੇ ਸਿਧਾਂਤ ਦੀ ਵਿਆਖਿਆ ਕਰਾਂਗੇ।*

**II. ਪਾਠ ਦੇ ਉਦੇਸ਼**

*ਇਸ ਪਾਠ ਦੇ ਹੇਠ ਲਿਖੇ ਉਦੇਸ਼ ਹਨ :*

(i) *ਉਦਾਸੀਨ ਵਕਰ ਵਿਸ਼ਲੇਸ਼ਣ ਦੀ ਧਾਰਨਾ ਸਬੰਧੀ ਜਾਣਕਾਰੀ ਪ੍ਰਾਪਤ ਕਰਨਾ।*

(ii) *ਉਪਭੋਗੀ ਦੀ ਮੰਗ ਉਪਰ ਪੈਂਦੇ ਵੱਖ-ਵੱਖ ਪ੍ਰਭਾਵਾਂ ਦਾ ਉਦਾਸੀਨ ਵਕਰਾਂ ਦੀ ਸਹਾਇਤਾ ਨਾਲ ਅਧਿਐਨ ਕਰਨਾ।*

(iii) *ਉਦਾਸੀਨ ਵਕਰਾਂ ਦੀ ਸਹਾਇਤਾ ਨਾਲ ਉਪਭੋਗੀ ਦੀ ਮੰਗ ਵਕਰ ਬਣਾਉਣਾ।*

(iv) *ਉਦਾਸੀਨ ਵਕਰ ਵਿਸ਼ਲੇਸ਼ਣ ਦਾ ਮਹੱਤਵ।*

(v) *ਉਦਾਸੀਨ ਵਕਰ ਵਿਸ਼ਲੇਸ਼ਣ ਅਤੇ ਤੁਸ਼ਟੀਗੁਣ ਮੰਗ ਵਿਸ਼ਲੇਸ਼ਣ ਵਿਚਕਾਰ ਸਮਾਨਤਾ ਅਤੇ ਸ੍ਰੇਸ਼ਟਤਾ।*

(vi) *ਉਦਾਸੀਨ ਵਕਰ ਵਿਸ਼ਲੇਸ਼ਣ ਦੀ ਆਲੋਚਨਾ*

**III. ਪਾਠ ਦਾ ਵਿਸ਼ਾ (Subject-Matter)**

(i) *ਉਦਾਸੀਨ ਵਕਰ ਦੀ ਧਾਰਨਾ।*

(ii) *ਮੰਗ ਦੀ ਅਨੁਸੂਚੀ ਅਤੇ ਪ੍ਰਤੀਸਥਾਪਨ ਦੀ ਦਰ।*

(iii) *ਉਦਾਸੀਨ ਵਕਰ ਦੀਆਂ ਵਿਸ਼ੇਸ਼ਤਾਈਆਂ।*

(iv) *ਸਵੈ-ਮੁਲਾਂਕਣ ਪ੍ਰਸ਼ਨ।*

(v) *ਬੱਜਟ ਰੇਖਾ (ਜਾਂ ਕੀਮਤ ਰੇਖਾ)।*

(vi) *ਉਪਭੋਗੀ ਦਾ ਸੰਤੁਲਨ।*

(vii) *ਮੰਗ ਉਪਰ ਕੀਮਤ, ਆਮਦਨ ਅਤੇ ਪ੍ਰਤੀਸਥਾਪਨ ਦਾ ਪ੍ਰਭਾਵ।*

(viii) *ਉਦਾਸੀਨ ਵਕਰ ਦੁਆਰਾ ਉਪਭੋਗੀ ਦੀ ਮੰਗ ਵਕਰ ਬਨਾਉਣਾ।*

(ix) *ਸਵੈ-ਮੁਲਾਂਕਣ ਪ੍ਰਸ਼ਨ।*

(x) *ਉਦਾਸੀਨ ਵਕਰ ਵਿਸ਼ਲੇਸ਼ਣ ਦੀ ਮਹੱਤਤਾ।*

(xi) *ਤੁਸ਼ਟੀਗੁਣ ਵਿਸ਼ਲੇਸ਼ਣ ਅਤੇ ਉਦਾਸੀਨ ਵਕਰ ਵਿਚਕਾਰ ਸਮਾਨਤਾਵਾਂ।*

(xii) *ਉਦਾਸੀਨ ਵਕਰ ਵਿਸ਼ਲੇਸ਼ਣ ਦੀ ਤੁਸ਼ਟੀਗੁਣ ਵਿਸ਼ਲੇਸ਼ਣ ਦੇ ਮੁਕਾਬਲੇ ਉੱਤਮਤਾ।*

(xiii) *ਉਦਾਸੀਨ ਵਕਰ ਵਿਸ਼ਲੇਸ਼ਣ ਦੀ ਆਲੋਚਨਾ।*

**(i) ਉਦਾਸੀਨ ਵਕਰ ਵਿਸ਼ਲੇਸ਼ਣ ਦੀ ਧਾਰਨਾ ਦੀਆਂ ਮਨੌਤਾਂ (Assumption) :** *ਜਿਸ ਵਕਰ ਉੱਪਰ ਲਏ ਵਸਤੂਆਂ ਦੇ ਵੱਖ-ਵੱਖ ਜੋੜਿਆਂ ਵਿਚਕਾਰ ਉਪਭੋਗੀ ਉਦਾਸੀਨ ਹੁੰਦਾ ਹੈ ਕਿਉਂਕਿ ਉਸ ਨੂੰ ਹਰ ਇਕ ਜੋੜੇ ਤੋਂ ਇਕੋ ਜਿਹੀ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ, ਉਸ ਨੂੰ ਉਦਾਸੀਨ* (Indifference) *ਵਕਰ ਕਿਹਾ ਜਾਂਦਾ ਹੈ।*

*ਉਦਾਸੀਨ ਵਕਰ ਦੀ ਧਾਰਨਾ ਕੁਝ ਮਨੌਤਾਂ ਤੇ ਅਧਾਰਿਤ ਹੈ ਜਿਨ੍ਹਾਂ ਵਿਚੋਂ ਕਈ ਮਨੌਤਾਂ* (Assumptions) *ਸਮਾਨ ਤੁਸ਼ਟੀਗੁਣ ਵਿਸ਼ਲੇਸ਼ਣ ਵਾਲੀਆਂ ਹੀ ਹਨ। ਇਸ ਵਿਸ਼ਲੇਸ਼ਣ ਦੀਆਂ ਮਨੌਤਾਂ ਹੇਠ ਲਿਖੀਆਂ ਹਨ :*

**(ੳ) ਤੁਸ਼ਟੀਗੁਣ ਦਾ ਕਰਮ ਵਾਚਕ ਮਾਪ (Ordinal Measurement of Utility) :** *ਉਦਾਸੀਨ ਵਕਰ ਵਿਸ਼ਲੇਸ਼ਣ ਨੇ ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਵਿਚ ਤੁਸ਼ਟੀਗੁਣ ਨੂੰ ਸੰਖਿਆਤਮਕ ਰੂਪ ਵਿਚ ਮਾਪਣ ਦੀ ਥਾਂ ਕ੍ਰਮਵਾਚਕ* (ordinal) *ਢੰਗ ਰਾਹੀਂ ਮਾਪਣ ਨੂੰ ਤਰਜੀਹ ਦਿੱਤੀ। ਉਦਾਸੀਨ ਵਕਰ ਵਿਸ਼ਲੇਸ਼ਣ ਦੇ ਨਿਰਮਾਤਾਵਾਂ ਅਨੁਸਾਰ ਤੁਸ਼ਟੀਗੁਣ ਇਕ ਮਾਨਸਿਕ ਅਨੁਭਵ ਹੈ, ਇਸ ਲਈ ਇਸ ਨੂੰ ਸੰਖਿਆਤਮਕ ਰੂਪ ਵਿਚ ਨਹੀਂ ਮਾਪਿਆ ਜਾ ਸਕਦਾ। ਇਸ ਨਵੇਂ ਕਰਮ-ਵਾਚਕ ਤੁਸ਼ਟੀਗੁਣ* (ordinal utility) *ਅਨੁਸਾਰ ਇਕ ਉਪਭੋਗੀ ਵੱਖ-ਵੱਖ ਵਸਤੂਆਂ ਤੋਂ ਪ੍ਰਾਪਤ ਸੰਤੁਸ਼ਟੀ ਦਾ ਸਿਰਫ਼ ਇਕ ਦੂਸਰੇ ਨਾਲ ਮੁਕਾਬਲਾ ਕਰ ਸਕਦਾ ਹੈ, ਜਾਂ ਇਹ ਕਹਿ ਲਵੋ ਕਿ ਇਕ ਉਪਭੋਞ. ਸਿਰਫ਼ ਇਹ ਦੱਸ ਸਕਦਾ ਹੈ ਕਿ ਕਿਸੇ ਇਕ ਵਸਤੂ ਦੇ ਉਪਭੋਗੀ ਤੋਂ ਮਿਲਣ ਵਾਲਾ ਤੁਸ਼ਟੀਗੁਣ ਕਿਸੇ ਦੂਸਰੀ ਵਸਤੂ ਦੇ ਉਪਭੋਗ ਤੋਂ ਮਿਲਣ ਵਾਲੇ ਤੁਸ਼ਟੀਗੁਣ ਦੇ ਮੁਕਾਬਲੇ ਵੱਧ ਹੈ ਜਾਂ ਘੱਟ। ਪਰੰਤੂ ਉਹ ਇਹ ਨਹੀਂ ਦੱਸ ਸਕਦਾ ਕਿ ਇਹ ਤੁਸ਼ਟੀਗੁਣ ਸੰਖਿਆਤਮਕ ਰੂਪ ਵਿਚ ਕਿੰਨਾਂ ਵੱਧ ਜਾਂ ਘੱਟ ਹੈ।*

**(ਅ) ਤਰਜੀਹ ਦੀ ਪਰਿਕਲਪਨਾ (Preference Hypothesis) :** *ਇਸ ਦਾ ਭਾਵ ਹੈ ਕਿ ਜੇ ਇਕ ਉਪਭੋਗੀ ਨੂੰ ਵਸਤੂਆਂ ਦੇ ਵੱਖ-ਵੱਖ ਜੋੜੇ* (Combinations) *ਪੇਸ਼ ਕੀਤੇ ਜਾਣ ਤਾਂ ਉਹ ਇਨ੍ਹਾਂ ਜੋੜਿਆਂ ਨੂੰ ਤਰਜੀਹ ਦੇ ਪੈਮਾਨੇ* (Scale of Preference) *ਦੇ ਆਧਾਰ ਤੇ ਕ੍ਰਮਬੱਧ ਕਰ ਸਕਦਾ ਹੈ। ਫ਼ਰਜ਼ ਕਰੋ ਉਸ ਨੂੰ ਦੋ ਵਸਤੂਆਂ,* x *ਅਤੇ* y *ਦੇ ਦੋ ਜੋੜੇ* A *ਅਤੇ* B *ਪੇਸ਼ ਕੀਤੇ ਗਏ ਹਨ, ਤਾਂ ਉਪਭੋਗੀ ਇਹ ਦੱਸ ਸਕਦਾ ਹੈ ਕਿ ਕੀ ਉਹ* B *ਨਾਲੋਂ* A *ਜੋੜੇ ਨੂੰ ਤਰਜੀਹ ਦਿੰਦਾ ਹੈ, ਜਾਂ ਦੋਹਾਂ ਜੋੜਿਆਂ ਪ੍ਰਤੀ ਉਹ ਉਦਾਸੀਨ* (indifferent) *ਹੈ। ਕਰਮ-ਵਾਚਕ*

*ਤੁਸ਼ਟੀਗੁਣ ਦੀ ਧਾਰਨਾ ਦੇ ਆਧਾਰ ਤੇ ਉਪਭੋਗੀ ਵੱਖ-ਵੱਖ ਜੋੜਿਆਂ ਵਿਚਕਾਰ ਉਦਾਸੀਨਤਾ* (Indifference) *ਹੀ ਦਰਸਾ ਸਕਦਾ ਹੈ ਪਰੰਤੂ ਇਹ ਨਹੀਂ ਦੱਸ ਸਕਦਾ ਕਿ ਉਹ* A *ਜੋੜੇ ਨੂੰ* B *ਜੋੜੇ ਨਾਲੋਂ ਕਿਤਨੀ ਵੱਧ ਤਰਜੀਹ ਦਿੰਦਾ ਹੈ।*

(ੲ) **ਜੋੜਿਆਂ ਵਿਚਕਾਰ ਕਮਜ਼ੋਰ ਤਰਜੀਹ (Weak Ordering Preference) :** *ਇਸ ਵਿਸ਼ਲੇਸ਼ਣ ਵਿਚ ਇਹ ਮਨੌਤ ਲਈ ਗਈ ਹੈ ਕਿ ਉਪਭੋਗੀ ਦੁਆਰਾ ਵੱਖ-ਵੱਖ ਜੋੜਿਆਂ ਵਿਚਕਾਰ ਦਿੱਤੀ ਤਰਜੀਹ ਕਮਜ਼ੋਰ ਕਿਸਮ ਦੀ ਹੈ। ਇਸ ਦਾ ਭਾਵ ਇਹ ਹੈ ਕਿ ਇਕ ਵਾਰ ਪੁੱਛਣ ਤੇ ਉਪਭੋਗੀ* A *ਨਾਲੋਂ* B *ਜੋੜੇ ਨੂੰ ਤਰਜੀਹ ਦਿੰਦਾ ਹੈ ਪਰੰਤੂ ਦੂਸਰੀ ਵਾਰ ਪੁੱਛਣ ਤੇ ਉਹ* B *ਨਾਲੋਂ* A *ਜੋੜੇ ਨੂੰ ਤਰਜੀਹ ਦਿੰਦਾ ਹੈ। ਭਾਵ ਵਸਤੂਆਂ ਦੇ ਇਨ੍ਹਾਂ ਜੋੜਿਆਂ ਵਿਚਕਾਰ ਉਪਭੋਗੀ ਦੀ ਤਰਜੀਹ ਦੇ ਕ੍ਰਮਅੰਕ ਦਾ ਆਧਾਰ ਬਹੁਤ ਹੀ ਕਮਜ਼ੋਰ ਹੈ।*

(ਸ) **ਬਦਲਣਸ਼ੀਲ (Transitivity) :** *ਇਸ ਵਿਸ਼ਲੇਸ਼ਣ ਵਿਚ ਬਦਲਣਸ਼ੀਲ* (transitivity) *ਦੀ ਮਨੌਤ ਵੀ ਲਈ ਗਈ ਹੈ, ਜਿਸ ਦਾ ਅਰਥ ਹੈ ਕਿ ਇਕ ਉਪਭੋਗੀ ਵਸਤੂਆਂ ਦੇ ਜੋੜੇ,* A *ਨੂੰ* B *ਜੋੜੇ ਨਾਲੋਂ ਵੱਧ ਤਰਜੀਹ ਦਿੰਦਾ ਹੈ ਅਤੇ* B *ਜੋੜੇ ਨੂੰ* C *ਜੋੜੇ ਨਾਲੋਂ ਵੱਧ ਤਰਜੀਹ ਦਿੰਦਾ ਹੈ। ਇਸ ਦਾ ਮਤਲਬ ਹੈ ਕਿ ਉਪਭੋਗੀ* A *ਜੋੜੇ ਨੂੰ* C *ਜੋੜੇ ਨਾਲੋਂ ਵੀ ਵੱਧ ਤਰਜੀਹ ਦਿੰਦਾ ਹੈ। ਕਹਿਣ ਤੋਂ ਭਾਵ ਇਹ ਕਿ ਉਹ ਵੱਖ-ਵੱਖ ਜੋੜਿਆਂ ਵਿਚ ਪੂਰਣ ਤੌਰ ਤੇ ਕ੍ਰਮਬੱਧਤਾ* (Ranking) *ਕਰ ਸਕਦਾ ਹੈ। ਇਥੇ ਇਹ ਗੱਲ ਵੀ ਸਪੱਸ਼ਟ ਹੈ ਕਿ ਉਸ ਦੀਆਂ ਇਹ ਤਰਜੀਹਾਂ ਉਨ੍ਹਾਂ ਵਸਤੂਆਂ ਦੇ ਜੋੜਿਆਂ ਦੀ ਲਾਗਤ ਤੋਂ ਨਿਰਪੱਖ* (independent) *ਹਨ।*

(ਹ) **ਅਪੂਰਣ ਸੰਤੁਸ਼ਟੀ (Non-satiation) :** *ਇਸ ਮਨੌਤ ਤੋਂ ਭਾਵ ਹੈ ਕਿ ਉਪਭੋਗੀ ਸਦਾ ਹੀ ਕਿਸੇ ਇਕ ਵਸਤੂ ਦੀ ਥੋੜ੍ਹੀ ਮਾਤਰਾ ਨਾਲੋਂ ਜ਼ਿਆਦਾ ਮਾਤਰਾ ਨੂੰ ਤਰਜੀਹ ਦਿੰਦਾ ਹੈ। ਅਸੀਂ ਇਹ ਕਹਿ ਸਕਦੇ ਹਾਂ ਕਿ ਇਕ ਵਿਅਕਤੀ ਇਕ ਜੋੜਾ, ਜਿਸ ਵਿਚ ਤਿੰਨ ਸੇਬ ਅਤੇ ਤਿੰਨ ਸੰਤਰੇ ਹਨ, ਦੂਸਰੇ ਜੋੜੇ, ਜਿਸ ਵਿਚ ਦੋ ਸੇਬ ਅਤੇ ਦੋ ਸੰਤਰੇ ਹਨ, ਨਾਲੋਂ ਪਹਿਲੇ ਜੋੜੇ ਨੂੰ ਵੱਧ ਤਰਜੀਹ ਦਿੰਦਾ ਹੈ ਅਤੇ ਨਾਲ ਹੀ ਇਹ ਗੱਲ ਵੀ ਮੰਨੀ ਗਈ ਹੈ ਕਿ ਵਸਤੂਆਂ ਦੇ ਜੋੜੇ ਚੰਗੀਆਂ ਚੀਜ਼ਾਂ ਨਾਲ ਸੰਬੰਧਤ ਹਨ, ਨਾ ਕਿ ਗੰਦੀਆਂ ਵਸਤੂਆਂ ਨਾਲ ਸੰਬੰਧਤ ਹਨ।*

*(ਕ)* *ਇਸ ਵਿਸ਼ਲੇਸ਼ਣ ਵਿਚ ਉਪਭੋਗੀ ਨੂੰ ਵਿਵੇਕਸ਼ੀਲ* (Rational) *ਮੰਨਿਆ ਗਿਆ ਹੈ, ਜਿਸ ਦਾ ਭਾਵ ਹੈ ਕਿ ਉਪਭੋਗੀ ਆਪਣੇ ਦਿੱਤੇ ਹੋਏ ਪੈਸਿਆਂ ਨਾਲ ਵੱਧ ਤੋਂ ਵੱਧ ਸੰਤੁਸ਼ਟੀ ਪ੍ਰਾਪਤ ਕਰਨਾ ਚਾਹੁੰਦਾ ਹੈ।*

*(ਖ)* *ਉਪਭੋਗੀ ਨੂੰ ਇਸ ਗੱਲ ਦਾ ਵੀ ਗਿਆਨ ਹੈ ਕਿ ਕਿਸੇ ਸਥਿਤੀ ਵਿਚ ਉਹ ਵੱਖ-ਵੱਖ ਜੋੜਿਆਂ ਵਿਚਕਾਰ ਉਦਾਸੀਨ ਹੁੰਦਾ ਹੈ, ਜਦੋ ਉਸ ਨੂੰ ਵੱਖ-ਵੱਖ ਜੋੜਿਆਂ ਤੋਂ ਇਕੋ ਜਿਹੀ ਸੰਤੁਸ਼ਟੀ ਪ੍ਰਾਪਤ ਹੁੰਦੀ ਹੈ।*

*(ਗ)* *ਉਪਭੋਗੀ ਦੀਆਂ ਆਦਤਾਂ, ਰੁਚੀਆਂ ਅਤੇ ਆਮਦਨ ਵਿਚ ਕੋਈ ਤਬਦੀਲੀ ਨਹੀਂ ਹੁੰਦੀ।*

*(ਘ)* *ਵਸਤੂਆਂ ਵਿਚਕਾਰ ਪ੍ਰਤੀਸਥਾਪਨ ਦੀ ਦਰ ਘਟਦੀ ਮੰਨੀ ਗਈ ਹੈ, ਕਿਉਂਕਿ ਅਸਲ ਵਿਚ ਇਹ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਤੇ ਆਧਾਰਤ ਹੈ।*

**(ii) ਮੰਗ ਦੀ ਅਨੁਸੂਚੀ ਅਤੇ ਪ੍ਰਤੀਸਥਾਪਨ ਦੀ ਦਰ** : *ਉਦਾਸੀਨ ਵਕਰ ਨੂੰ ਸਮਝਣ ਲਈ ਹੇਠ ਲਿਖੀ ਅਨੁਸੂਚੀ ਸਹਾਇਕ ਸਿੱਧ ਹੋਵੇਗੀ। ਅਨੁਸੂਚੀ ਨੰ.1 ਤੋਂ ਸਾਨੂੰ ਪਤਾ ਲੱਗਦਾ ਹੈ ਕਿ ਇਕ ਉਪਭੋਗੀ ਦੇ ਸਾਹਮਣੇ ਦੋ ਵਸਤੂਆਂ (ਸੇਬ ਅਤੇ ਚੀਕੂ) ਦੇ ਪੰਜ ਜੋੜੇ ਹਨ।* A *ਜੋੜੇ ਵਿਚ ਇਕ ਸੇਬ ਅਤੇ 19 ਚੀਕੂ ਹਨ,* B *ਜੋੜੇ ਵਿਚ 2 ਸੇਬ ਅਤੇ 14 ਚੀਕੂ ਹਨ। ਇਸ ਤਰ੍ਹਾਂ ਉਪਭੋਗੀ ਸਾਹਮਣੇ* A, B, C, D *ਅਤੇ* E, *ਸੇਬਾਂ ਅਤੇ ਚੀਕੂਆਂ ਦੇ ਪੰਜ ਜੋੜੇ ਹਨ। ਇਨ੍ਹਾਂ ਪੰਜਾਂ ਜੋੜਿਆਂ ਵਿਚੋਂ ਹਰ ਇਕ ਜੋੜਾ ਉਪਭੋਗੀ ਨੂੰ ਇਕੋ ਜਿਹਾ ਤੁਸ਼ਟੀਗੁਣ ਪ੍ਰਦਾਨ ਕਰਦਾ ਹੈ। ਉਦਾਹਰਣ ਵਜੋਂ ਜੇ ਉਪਭੋਗੀ ਨੂੰ ਪੁੱਛਿਆ ਜਾਵੇ ਕਿ ਕੀ ਤੈਨੂੰ ਪਹਿਲੇ ਜੋੜੇ, ਜਿਸ ਵਿਚ ਇਕ ਸੇਬ ਅਤੇ 19 ਚੀਕੂ ਹਨ, ਦੀ ਥਾਂ ਦੋ ਸੇਬ ਅਤੇ 14 ਚੀਕੂਆਂ ਵਾਲੀ ਟੋਕਰੀ ਦਿੱਤੀ ਜਾਵੇ ? ਤਾਂ ਉਸ ਦਾ ਉੱਤਰ ਹੋਵੇਗਾ ਕਿ ਮੈਨੂੰ ਇਸ ਵਿਚ ਕੋਈ ਇਤਰਾਜ਼ ਨਹੀਂ, ਕਿਉਂਕਿ ਦੂਸਰਾ ਜੋੜਾ ਵੀ ਉਸ ਨੂੰ ਪਹਿਲੇ ਜੋੜੇ ਜਿੰਨਾ ਹੀ ਤੁਸ਼ਟੀਗੁਣ ਪ੍ਰਦਾਨ ਕਰਦਾ ਹੈ। ਇਸ ਤਰ੍ਹਾਂ ਅਸੀਂ ਅਨੁਸੂਚੀ ਵਿਚ ਦੇਖਦੇ ਹਾਂ ਕਿ ਜਿਉਂ-ਜਿਉਂ ਉਪਭੋਗੀ ਕੋਲ ਸੇਬ ਦੀ ਇਕ-ਇਕ ਇਕਾਈ ਹੋਰ ਵਧਦੀ ਜਾਂਦੀ ਹੈ, ਉਹ ਦੂਸਰੇ ਪਾਸੇ ਚੀਕੂਆਂ ਦੀਆਂ ਇਕਾਈਆਂ ਨੂੰ ਘਟਾਉਂਦਾ ਜਾਂਦਾ ਹੈ*

*ਪਰੰਤੂ ਉਸ ਦਾ ਕੁੱਲ ਤੁਸ਼ਟੀਗੁਣ ਸਮਾਨ ਰਹਿੰਦਾ ਹੈ। ਅਸੀਂ ਦੇਖਦੇ ਹਾਂ ਕਿ ਉਹ ਸੇਬ ਦੀ ਦੂਸਰੀ ਇਕਾਈ ਪ੍ਰਾਪਤ ਕਰਨ ਵੇਲੇ ਚੀਕੂ ਦੀਆਂ ਪੰਜ ਇਕਾਈਆਂ ਛੱਡਣ ਲਈ ਤਿਆਰ ਹੁੰਦਾ ਹੈ। ਜਦੋਂ ਸੇਬ ਦੀ ਤੀਜੀ ਇਕਾਈ ਦਿੱਤੀ ਜਾਂਦੀ ਹੈ ਤਾਂ ਉਹ ਚੀਕੂ ਦੀਆਂ ਚਾਰ ਇਕਾਈਆਂ ਛੱਡਣ ਲਈ ਤਿਆਰ ਹੋ ਜਾਂਦਾ ਹੈ। ਇਸ ਤਰ੍ਹਾਂ ਹੀ ਉਹ ਸੇਬ ਦੀ ਚੌਥੀ ਇਕਾਈ ਦੇਣ ਤੇ ਚੀਕੂ ਦੀਆਂ ਤਿੰਨ ਇਕਾਈਆਂ, ਅਤੇ ਪੰਜਵੀਂ ਇਕਾਈ ਦੇਣ ਤੇ ਚੀਕੂ ਦੀਆਂ ਦੋ ਇਕਾਈਆਂ ਛੱਡਣ ਲਈ ਤਿਆਰ ਹੈ।*

**ਅਨੁਸੂਚੀ ਨੰ.1**

| **ਜੋੜੇ (Combinations)** | **X (ਸੇਬ)** | **Y ਚੀਕੂ** | **ਪ੍ਰਤੀਸਥਾਪਨ ਦੀ ਦਰ (MRS)** |
|---|---|---|---|
| A | 1+ | 19 | - |
| B | 2+ | 14 | 5 |
| C | 3+ | 10 | 4 |
| D | 4+ | 7 | 3 |
| E | 5+ | 5 | 2 |

*ਇਸ ਨੂੰ ਇਕ ਰੇਖਾ ਚਿੱਤਰ ਦੁਆਰਾ ਵੀ ਵਿਖਾਇਆ ਜਾ ਸਕਦਾ ਹੈ :*






FIGURE-1,CHAPTER-4

**ਰੇਖਾ ਚਿੱਤਰ ਨੰ.1**

*ਰੇਖਾ-ਚਿੱਤਰ ਨੰ.1 ਤੋਂ ਸਪੱਸ਼ਟ ਹੈ ਕਿ ਜਦੋਂ ਉਪਭੋਗੀ ਸੇਬਾਂ ਦੀ ਇਕ-ਇਕ ਇਕਾਈ ਵਧਾਉਂਦਾ ਜਾਂਦਾ ਹੈ ਤਾਂ ਨਾਲ-ਨਾਲ ਚੀਕੂ ਦੀਆਂ ਇਕਾਈਆਂ ਵੀ, ਹਰ ਆਉਣ ਵਾਲੇ ਜੋੜੇ ਵਿਚ ਘਟਾਉਂਦਾ ਜਾਂਦਾ ਹੈ। ਪਰੰਤੂ ਸੇਬਾਂ ਦੀਆਂ ਇਕਾਈਆਂ ਦੀ ਵਾਧੇ ਦੀ ਦਰ ਸਮਾਨ ਰਹਿਣ ਤੇ ਵੀ ਉਪਭੋਗੀ ਚੀਕੂਆਂ ਦੀਆਂ ਇਕਾਈਆਂ ਨੂੰ ਘਟਦੀ ਦਰ ਨਾਲ ਘਟਾਉਂਦਾ ਹੈ। ਰੇਖਾ-ਚਿੱਤਰ ਤੋਂ ਸਪੱਸ਼ਟ ਹੈ ਕਿ ਉਪਭੋਗੀ ਸੇਬ ਦੀ ਦੂਜੀ ਇਕਾਈ ਲੈਣ ਵੇਲੇ ਚੀਕੂਆਂ ਦੀਆਂ 5 ਇਕਾਈਆਂ ਛੱਡਣ ਲਈ ਤਿਆਰ ਹੈ, ਤੀਜੀ ਇਕਾਈ ਲੈਣ ਵੇਲੇ ਚਾਰ ਇਕਾਈਆਂ, ਚੌਥੀ ਵੇਲੇ ਤਿੰਨ ਅਤੇ ਪੰਜਵੀਂ ਇਕਾਈ ਵੇਲੇ ਚੀਕੂ ਦੀਆਂ ਕੇਵਲ ਦੋ ਇਕਾਈਆਂ ਛੱਡਣ ਲਈ ਤਿਆਰ ਹੈ। ਇਸ ਦਾ ਕਾਰਨ ਇਹ ਹੈ ਕਿ ਜਿਉਂ-ਜਿਉਂ ਉਪਭੋਗੀ ਕੋਲ ਸੇਬਾਂ ਦੀ ਮਾਤਰਾ ਵਧਦੀ ਜਾਂਦੀ ਹੈ ਤਾਂ ਉਪਭੋਗੀ ਦਾ ਸੇਬਾਂ ਪ੍ਰਤੀ ਸੀਮਾਂਤ ਤੁਸ਼ਟੀਗੁਣ ਘਟਦਾ ਜਾਂਦਾ ਹੈ। ਇਸ ਦੇ ਉਲਟ ਜਿਉਂ-ਜਿਉਂ ਉਪਭੋਗੀ ਕੋਲ ਚੀਕੂਆਂ ਦੀ ਮਾਤਰਾ ਘਟਦੀ ਜਾਂਦੀ ਹੈ ਉਸ ਦਾ ਚੀਕੂਆਂ ਪ੍ਰਤੀ ਸੀਮਾਂਤ ਤੁਸ਼ਟੀਗੁਣ ਵਧਦਾ ਜਾਂਦਾ ਹੈ। ਇਸ ਕਾਰਨ ਹੀ ਵੱਖ-ਵੱਖ ਜੋੜਿਆਂ ਤੋਂ ਮਿਲਣ ਵਾਲਾ ਕੁੱਲ ਤੁਸ਼ਟੀਗੁਣ ਸਮਾਨ ਰਹਿੰਦਾ ਹੈ।*


***ਘਟਦਾ ਸੀਮਾਂਤ ਤੁਸ਼ਟੀਗੁਣ*** *: ਇਕ ਵਸਤੂ ਦੁਆਰਾ, ਜਿਸ ਨਾਲ ਦਰ ਨਾਲ ਦੂਸਰੀ ਵਸਤੂ ਦੀ ਸਥਾਨਪਤੀ ਕੀਤੀ ਜਾਂਦੀ ਹੈ ਤਾਂ ਉਸ ਨੂੰ ਸਥਾਨਪਤੀ ਦੀ ਸੀਮਾਂਤ ਦਰ ਕਿਹਾ ਜਾਂਦਾ ਹੈ।* (The rate at which one commodity is substituted for another, is known as the marginal rate of substitution (MRS). *ਅਸੀਂ ਅਨੁਸੂਚੀ ਵਿਚ ਦੇਖਦੇ ਹਾਂ ਕਿ ਚੀਕੂਆਂ ਦੀ ਸੇਬਾਂ ਪ੍ਰਤੀ ਪ੍ਰਤੀਸਥਾਪਨ ਦੀ ਦਰ ਘਟਦੀ ਜਾਂਦੀ ਹੈ। ਜਿਵੇਂ ਕਿ ਸਾਰਣੀ ਵਿਚ* B *ਜੋੜੇ ਤੇ ਸੀਮਾਂਤ ਪ੍ਰਤੀਸਥਾਪਨ ਦੀ ਦਰ 5 ਹੈ ਅਤੇ* C *ਜੋੜੇ ਤੇ ਇਹ ਦਰ ਘੱਟ ਕੇ 4 ਰਹਿ ਜਾਂਦੀ ਹੈ। ਇਸ ਨੂੰ ਹੀ ਚੀਕੂਆਂ ਦੀ ਸੇ ਬਾਂ ਪ੍ਰਤੀ ਘਟਦੀ ਸਥਾਨਪਤੀ ਦੀ ਦਰ* (Diminishing marginal rate of substitution) *ਕਿਹਾ ਜਾਂਦਾ ਹੈ। ਜਿਵੇਂ ਕਿ ਉਪਰ ਦੱਸਿਆ ਗਿਆ ਹੈ ਕਿ ਇਕ ਵਸਤੂ* (x) *ਦੀ ਮਾਤਰਾ ਵਧਣ ਨਾਲ, ਉਸ ਵਸਤੂ ਪ੍ਰਤੀ ਉਪਭੋਗੀ ਦਾ ਸੀਮਾਂਤ ਤੁਸ਼ਟੀਗਣ ਘਟਦਾ ਚਲਿਆ ਜਾਂਦਾ ਹੈ, ਅਤੇ ਦੂਸਰੀ ਵਸਤੂ* (y) *ਦੀ ਮਾਤਰਾ ਘੱਟਣ ਨਾਲ ਉਸ ਪ੍ਰਤੀ ਸੀਮਾਂਤ ਤੁਸ਼ਟੀਗੁਣ ਵਧਦਾ ਚਲਾ ਜਾਂਦਾ ਹੈ। ਪਰੰਤੂ ਦੂਸਰੀ ਵਸਤੂ ਦੀ ਮਾਤਰਾ ਵਿਚ ਘਾਟਾ, ਘਟਦੀ ਦਰ ਨਾਲ ਹੁੰਦਾ ਹੈ। ਇਸ ਨੂੰ ਹੀ ਘਟਦੇ ਸੀਮਤਾਂ ਪ੍ਰਤੀਸਥਾਪਨ ਦੀ ਦਰ ਕਿਹਾ ਜਾਂਦਾ ਹੈ।* (When this substitution of x for y takes place at diminishing rate, it is called diminshing marginal rate of substitution)




ਰੇਖਾ ਚਿੱਤਰ ਨੰ 2


(iii) *ਉਦਾਸੀਨ ਵਕਰ ਦੀਆਂ ਵਿਸ਼ੇਸ਼ਤਾਈਆਂ* (Properties of Indifference Curve) : *ਉਦਾਸੀਨ ਵਕਰ ਵਿਸ਼ਲੇਸ਼ਣ ਉਪਭੋਗੀ ਦੀ ਮੰਗ ਸਬੰਧੀ ਇਕ ਵਿਸਤਰਿਤ ਵਿਸ਼ਲੇਸ਼ਣ ਹੈ ਅਤੇ ਤੁਸ਼ਟੀਗੁਣ ਵਿਸ਼ਲੇਸ਼ਣ ਦੇ ਨਿਯਮ ਨਾਲੋਂ ਘੱਟ ਮਨੌਤਾਂ ਤੇ ਅਧਾਰਤ ਹੈ। ਉਦਾਸੀਨ ਵਕਰ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਈਆਂ* (Properties) *ਹਨ:*

1. **ਉਦਾਸੀਨ ਵਕਰ ਮੁੱਢ ਵੱਲ ਨੂੰ ਝੁਕੀ ਹੁੰਦੀ ਹੈ (Indifference Curves are Convex to the Origin) :** *ਉਦਾਸੀਨ ਵਕਰ ਦੀ ਇਹ ਵਿਸ਼ੇਸ਼ਤਾ ਹੈ ਕਿ ਇਹ ਆਮ ਤੌਰ ਤੇ ਆਪਣੇ ਮੂਲ ਬਿੰਦੂ ਵੱਲ ਨੂੰ ਝੁਕੀ ਹੁੰਦੀ ਹੈ। ਇਸ ਦਾ ਕਾਰਨ ਇਹ ਹੈ ਕਿ ਉਪਭੋਗੀ ਜਿਉਂ-ਜਿਉਂ ਇਕ ਵਸਤੂ ਦਾ ਉਪਭੋਗ ਵਧਾਉਂਦਾ ਹੈ, ਨਾਲ-ਨਾਲ ਹੀ ਦੂਸਰੀ ਵਸਤੂ ਦੇ ਉਪਭੋਗ ਨੂੰ ਘਟਾਉਂਦਾ ਜਾਂਦਾ ਹੈ, ਪਰੰਤੂ ਦੂਸਰੀ ਵਸਤੂ ਦਾ ਉਪਭੋਗ ਘਟਦੀ ਦਰ ਨਾਲ ਘਟਾਉਂਦਾ ਹੈ। ਇਸ ਦਾ ਭਾਵ ਹੈ ਕਿ ਦੂਸਰੀ ਵਸਤੂ ਦੀ ਪਹਿਲੀ ਵਸਤੂ ਲਈ ਪ੍ਰਤੀਸਥਾਪਨ ਦਰ* (MRS) *ਘਟਦੀ ਜਾਂਦੀ ਹੈ। ਜਿਵੇਂ ਕਿ ਰੇਖਾ ਚਿੱਤਰ ਨੰ. 3 ਵਿਚ ਦਰਸਾਇਆ ਗਿਆ ਹੈ।*





**ਰੇਖਾ-ਚਿੱਤਰ ਨੰ.3**

2. *ਉਦਾਸੀਨ ਵਕਰ* OX *ਧੁਰੇ ਨੂੰ ਸਮਾਂਨੰਤਰ ਨਹੀਂ ਹੋ ਸਕਦੀ, ਜਿਵੇਂ ਕਿ ਰੇਖਾ-ਚਿੱਤਰ ਨੰ.4 ਵਿਚ ਵਿਖਾਇਆ ਗਿਆ ਹੈ।*




ਰੇਖਾ ਚਿੱਤਰ ਨੰ 4





ਰੇਖਾ ਚਿੱਤਰ ਨੰ 5

*ਰੇਖਾ-ਚਿੱਤਰ ਨੰ.4 ਵਿਚ ਉਦਾਸੀਨ ਵਕਰ ਨੂੰ* OX *ਧੁਰੇ ਦੇ ਸਮਾਂਨੰਤਰ ਵਿਖਾਇਆ ਗਿਆ ਹੈ ਪਰੰਤੂ ਅਸੀਂ ਦੇਖਦੇ ਹਾਂ ਕਿ ਉਪਭੋਗੀ ਬਿੰਦੂ* A *ਵਾਲੇ ਜੋੜ ਨਾਲੋਂ ਬਿੰਦੂ* B *ਵਾਲੇ ਜੋੜੇ ਨੂੰ ਵੱਧ ਤਰਜੀਹ ਦੇਵੇਗਾ ਕਿਉਂਕਿ ਜੋੜੇ* A *ਤੋਂ ਜੋੜੇ* B *ਉਪਰ ਜਾਣ ਨਾਲ ਉਸ ਕੋਲ ਵਸਤੂ* x *ਦੀ ਮਾਤਰਾ ਵੱਧ ਜਾਂਦੀ ਹੈ ਅਤੇ ਵਸਤੂ* y *ਦੀ ਮਾਤਰਾ ਪਹਿਲਾਂ ਜਿੰਨੀ ਹੀ ਰਹਿੰਦੀ ਹੈ। ਜਿਸ ਦਾ ਅਰਥ ਹੈ ਕਿ ਉਪਭੋਗੀ ਜੋੜੇ* B *ਨੂੰ ਜੋੜੇ* A *ਨਾਲੋਂ ਵੱਧ ਤਰਜੀਹ ਦਿੰਦਾ ਹੈ ਅਤੇ ਉਹ ਦੋਵੇਂ ਜੋੜਿਆਂ,* A *ਅਤੇ* B *ਪ੍ਰਤੀ ਉਦਾਸੀਨ* (Indifferent) *ਨਹੀਂ ਹੈ। ਇਸ ਦਾ ਭਾਵ ਹੋਇਆ ਕਿ ਉਪਭੋਗੀ ਨੂੰ ਵੱਖ-ਵੱਖ ਜੋੜਿਆਂ ਤੋਂ ਇਕੋ ਜਿਹੀ ਸੰਤੁਸ਼ਟੀ ਨਹੀਂ ਮਿਲਦੀ, ਜਦਕਿ ਉਦਾਸੀਨ ਵਕਰ ਵਿਸ਼ਲੇਸ਼ਣ ਵਿਚ ਇਹ ਮੰਨਿਆ ਗਿਆ ਹੈ ਕਿ ਉਦਾਸੀਨ ਵਕਰ ਉਪਰ ਸਾਰੇ ਜੋੜਿਆਂ ਤੋਂ ਬਰਾਬਰ ਸੰਤੁਸ਼ਟੀ ਮਿਲਦੀ ਹੈ। ਇਸ ਲਈ ਉਦਾਸੀਨ ਵਕਰ*

*OX ਧੁਰੇ ਦੇ ਸਮਾਨੰਤਰ ਨਹੀਂ ਹੋ ਸਕਦੀ।*

3. *ਹੁਣ ਮੰਨ ਲਓ ਕਿ ਉਦਾਸੀਨ ਵਕਰ ਖੱਬਿਓਂ ਉਪਰ ਵੱਲ ਨੂੰ ਸਿੱਧੀ ਜਾਂਦੀ ਹੈ ਜਿਵੇਂ ਕਿ ਰੇਖਾ-ਚਿੱਤਰ ਨੰ.5 ਵਿਚ ਦਰਸਾਇਆ ਗਿਆ ਹੈ। ਪਰੰਤੂ ਇਥੇ ਵੀ ਅਸੀਂ ਦੇਖਦੇ ਹਾਂ ਕਿ ਜਦੋਂ ਉਪਭੋਗੀ ਉਦਾਸੀਨ ਵਕਰ ਤੇ ਜੋੜੇ A ਤੋਂ ਜੋੜੇ B ਉਪਰ ਜਾਂਦਾ ਹੈ ਤਾਂ ਉਸ ਕੋਲ ਵਸਤੂ y ਦੀ ਮਾਤਰਾ ਪਹਿਲਾਂ ਨਾਲੋਂ ਵੱਧ ਜਾਂਦੀ ਹੈ ਪਰੰਤੂ ਵਸਤੂ x ਦੀ ਮਾਤਰਾ ਪਹਿਲਾਂ ਜਿੰਨੀ ਹੀ ਰਹਿੰਦੀ ਹੈ। ਇਸ ਦਾ ਭਾਵ ਹੈ ਕਿ ਉਪਭੋਗੀ ਜੋੜੇ B ਨਾਲੋਂ ਜੋੜੇ A ਨੂੰ ਤਰਜੀਹ ਦੇਵੇਗਾ ਕਿਉਂਕਿ ਇਥੇ ਉਪਭੋਗੀ ਨੂੰ ਵਸਤੂ x ਦੀ ਮਾਤਰਾ ਸਮਾਨ ਰਹਿਣ ਅਤੇ ਵਸਤੂ y ਦੀ ਮਾਤਰਾ ਵੱਧ ਜਾਣ ਕਾਰਨ ਵੱਧ ਸੰਤੁਸ਼ਟੀ ਪ੍ਰਾਪਤੀ ਹੁੰਦੀ ਹੈ ਜੋ ਕਿ ਉਦਾਸੀਨ ਵਕਰ ਵਿਸ਼ਲੇਸ਼ਣ ਦੀ ਮਨੌਤ, ਕਿ ਉਪਭੋਗੀ ਪੇਸ਼ ਕੀਤੇ ਗਏ ਸਾਰੇ ਜੋੜਿਆਂ ਪ੍ਰਤੀ ਉਦਾਸੀਨ (indifferent) ਰਹਿੰਦਾ ਹੈ, ਦੀ ਪੂਰਤੀ ਨਹੀਂ ਹੁੰਦੀ, ਇਸ ਕਰਕੇ ਉਦਾਸੀਨ ਵਕਰ OY ਧੁਰੇ ਦੇ ਸਮਾਨੰਤਰ ਵੀ ਨਹੀਂ ਹੋ ਸਕਦੀ।*

4. *ਉਦਾਸੀਨ ਵਕਰ ਦੀ ਤੀਸਰੀ ਸੰਭਾਵਨਾ ਇਹ ਹੈ ਕਿ ਉਦਾਸੀਨ ਵਕਰ ਦੀ ਢਲਾਨ ਖੱਬੇ ਹੇਠਾਂ ਤੋਂ ਸੱਜੇ ਉਪਰ ਵੱਲ ਨੂੰ ਜਾਵੇ। ਜਿਵੇਂ ਕਿ ਰੇਖਾ-ਚਿੱਤਰ ਨੰ.6 ਵਿਚ ਦਰਸਾਇਆ ਗਿਆ ਹੈ।*





**ਰੇਖਾ ਚਿੱਤਰ ਨੰ 6**

*ਪਰੰਤੂ ਜਦੋਂ ਉਪਭੋਗੀ ਜੋੜੇ A ਤੋਂ ਜੋੜੇ B ਉਪਰ ਜਾਂਦਾ ਹੈ ਤਾਂ ਉਸ ਕੋਲ ਦੋਵੇਂ ਵਸਤੂਆਂ ਦੀ ਮਾਤਰਾ ਪਹਿਲਾਂ ਨਾਲੋਂ ਵੱਧ ਜਾਂਦੀ ਹੈ, ਜਿਸ ਦਾ ਭਾਵ ਹੈ ਕਿ ਬਿੰਦੂ B ਉਪਰ ਉਪਭੋਗੀ ਨੂੰ ਵੱਧ ਸੰਤੁਸ਼ਟੀ ਪ੍ਰਾਪਤੀ ਹੁੰਦੀ ਹੈ। ਇਸ ਲਈ ਉਪਭੋਗੀ ਜੋੜੇ B ਨੂੰ ਜੋੜੇ A ਨਾਲੋਂ ਵੱਧ ਤਰਜੀਹ ਦੇਵੇਗਾ ਜੋ ਕਿ ਉਦਾਸੀਨ ਵਕਰ ਵਿਸ਼ਲੇਸ਼ਣ ਦੀ ਮਨੌਤ, ਕਿ ਉਦਾਸੀਨ ਵਕਰ ਉਪਰ ਸਥਿਤ ਹਰ ਜੋੜਾ, ਉਪਭੋਗੀ ਨੂੰ ਇਕੋ ਜਿਹੀ ਸੰਤੁਸ਼ਟੀ ਦਿੰਦਾ ਹੈ, ਦੀ ਉਲੰਘਣਾ ਹੈ। ਇਸ ਲਈ ਉਦਾਸੀਨ ਵਕਰ ਖੱਬੇ ਹੇਠਾਂ ਤੋਂ ਸੱਜੇ ਉਪਰ ਵੱਲ ਨਹੀਂ ਜਾ ਸਕਦੀ।*

5. **ਉਦਾਸੀਨ ਵਕਰ ਆਪਣੇ ਮੁੱਢ ਵੱਲ ਨੂੰ ਅਵਤਲ(Concave) ਨਹੀਂ ਹੋ ਸਕਦੀ (Indifference curve can not be Concave to the Origin) :** *ਅਸੀਂ ਪਹਿਲਾਂ ਦੇਖਿਆ ਹੈ ਕਿ ਉਦਾਸੀਨ ਵਕਰ ਆਮ ਤੌਰ ਤੇ ਆਪਣੇ ਮੁੱਢ ਵੱਲ ਨੂੰ ਝੁਕੀ ਹੁੰਦੀ ਹੈ ਕਿਉਂਕਿ ਉਦਾਸੀਨ ਵਕਰ ਵਿਸ਼ਲੇਸ਼ਣ ਦਾ ਸਿਧਾਂਤ ਇਸ ਮਨੌਤ ਉਪਰ ਅਧਾਰਿਤ*


ਹੈ ਕਿ ਵਸਤੂ y ਦੀ x ਵਸਤੂ ਲਈ ਪ੍ਰਤੀਸਥਾਪਨ ਦਰ ਘਟਦੀ ਜਾਂਦੀ ਹੈ। ਹੁਣ ਜੇ ਅਸੀਂ ਇਹ ਮੰਨ ਲਈਏ ਕਿ ਉਦਾਸੀਨ ਵਕਰ ਆਪਣੇ ਮੁੱਢ ਵੱਲ ਨੂੰ ਅਵਤਲ (concave) ਹੁੰਦੀ ਹੈ, ਜਿਵੇਂ ਕਿ ਰੇਖਾ-ਚਿੱਤਰ ਨੰ.7 ਵਿਚ ਦਰਸਾਇਆ ਗਿਆ ਹੈ ਤਾਂ ਅਸੀਂ ਦੇਖਦੇ ਹਾਂ ਕਿ ਜਦੋਂ ਉਪਭੋਗੀ ਉਦਾਸੀਨ ਵਕਰ ਉੱਪਰ ਜੋੜੇ A ਤੋਂ B ਜੋੜੇ ਉਪਰ ਅਤੇ B ਜੋੜੇ ਤੋਂ C ਜੋੜੇ ਉਪਰ, C ਜੋੜੇ ਤੋਂ D ਜੋੜੇ ਆਦਿ ਉਪਰ ਜਾਂਦਾ ਹੈ ਤਾਂ ਉਹ ਵਸਤੂ x ਦੀ ਇਕ ਇਕ ਹੋਰ ਇਕਾਈ ਪ੍ਰਾਪਤ ਕਰਨ ਲਈ ਵਸਤੂ y ਦੀਆਂ ਮਾਤਰਾਵਾਂ ਪਹਿਲਾਂ ਨਾਲੋਂ ਵੱਧਦੀ ਦਰ ਤੇ ਛੱਡਦਾ ਜਾਂਦਾ ਹੈ। ਜਿਸ ਦਾ ਅਰਥ ਹੋਇਆ ਕਿ ਇਥੇ ਵਸਤੂ y ਦੀ ਵਸਤੂ x ਲਈ ਸਥਾਨਪਤੀ ਦਰ (MRS) ਵਧਦੀ ਜਾਂਦੀ ਹੈ। (Here marginal rate of substitution of x for y increases). ਜੋ ਕਿ ਉਦਾਸੀਨ ਵਕਰ ਵਿਸ਼ਲੇਸ਼ਣ ਦੀ ਮਨੌਤ, ਕਿ ਵਸਤੂ y ਦੀ ਵਸਤੂ x ਪ੍ਰਤੀ ਪ੍ਰਤੀਸਥਾਪਨ ਦੀ ਦਰ ਘਟਦੀ ਜਾਂਦੀ ਹੈ, ਦੇ ਵਿਰੁੱਧ ਹੈ।




ਰੇਖਾ ਚਿੱਤਰ ਨੰ 7


ਰੇਖਾ-ਚਿੱਤਰ ਨੰ. 7 ਵਿਚ ਸਪੱਸ਼ਟ ਹੈ ਕਿ ਜਦੋਂ ਅਸੀਂ ਜੋੜੇ A ਤੋਂ ਜੋੜੇ B ਵੱਲ, ਜਾਂ C ਜੋੜੇ ਵੱਲ ਜਾਂ D ਜੋੜੇ ਵੱਲ ਜਾਂਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ $\frac{\Delta Y}{\Delta X}$ ਵਧਦਾ ਚਲਿਆ ਜਾਂਦਾ ਹੈ ਜਿਸ ਦਾ ਭਾਵ ਹੈ ਕਿ ਵਸਤੂ y ਦੀ ਵਸਤੂ x ਪ੍ਰਤੀ ਪ੍ਰਤੀਸਥਾਪਨ ਦਰ ($MRS_{xy}$) ਵੱਧਦੀ ਜਾਂਦੀ ਹੈ ਜੋ ਕਿ ਉਦਾਸੀਨ ਵਕਰ ਵਿਸ਼ਲੇਸ਼ਣ ਦੀ ਘਟਦੇ ਪ੍ਰਤੀਸਥਾਪਨ ਦੀ ਦਰ ਦੀ ਮਨੌਤ ਦੇ ਉਲਟ ਹੈ। ਇਸ ਲਈ ਉਦਾਸੀਨ ਵਕਰ ਆਪਣੇ ਮੁੱਢ ਵੱਲ ਨੂੰ ਅਵਤਲ (Concave) ਨਹੀਂ ਹੋ ਸਕਦੀ।

6. ਉਦਾਸੀਨ ਵਕਰ ਖੱਬਿਓਂ ਸੱਜੇ, ਹੇਠਾਂ ਵੱਲ ਨੂੰ ਸਿੱਧੀ ਰੇਖਾ ਦੇ ਰੂਪ ਵਿਚ ਵੀ ਹੋ ਸਕਦੀ ਹੈ। ਇਸ ਦਾ ਕਾਰਨ ਹੈ ਕਿ ਜਦੋਂ ਦੋ ਵਸਤੂਆਂ ਇਕ ਦੂਜੇ ਪ੍ਰਤੀ ਪੂਰਨ ਪ੍ਰਤੀਸਥਾਪਨ (Perfect substitutes) ਹੋਣ, ਭਾਵ ਦੋਹਾਂ ਵਸਤੂਆਂ ਵਿਚਕਾਰ ਪ੍ਰਤੀਸਥਾਪਨ ਦੀ ਦਰ ਸਮਾਨ ਰਹਿੰਦੀ ਹੈ। ਜਿਵੇਂ ਕਿ ਰੇਖਾ-ਚਿੱਤਰ ਨੰ. 8 ਵਿਚ ਦਰਸਾਇਆ ਗਿਆ ਹੈ।





ਰੇਖਾ ਚਿੱਤਰ ਨੰ 8

7. *ਜੇ ਦੋ ਵਸਤੂਆਂ ਆਪਸ ਵਿਚ ਪੂਰਨ ਸਹਾਇਕ* (Perfect Complimentary) *ਹੋਣ, ਜਿਵੇਂ ਕਿ ਖੱਬੇ ਪੈਰ ਦੀ ਜੁੱਤੀ ਅਤੇ ਸੱਜੇ ਪੈਰ ਦੀ ਜੁੱਤੀ, ਜਾਂ ਪੈੱਨ ਅਤੇ ਸਿਆਹੀ ਆਦਿ। ਇਹ ਉਹ ਵਸਤੂਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਇਕ ਵਿਅਕਤੀ ਇਕ ਖਾਸ ਅਨੁਪਾਤ ਵਿਚ ਵਰਤਦਾ ਹੈ। ਭਾਵ ਇਨ੍ਹਾਂ ਵਸਤੂਆਂ ਵਿਚਕਾਰ ਪ੍ਰਤੀਸਥਾਪਨ ਦੀ ਸੀਮਾਂਤ ਦਰ ਸਿਫਰ ਹੁੰਦੀ ਹੈ। ਅਜਿਹੀਆਂ ਵਸਤੂਆਂ ਦੇ ਸੰਬੰਧ ਵਿਚ ਉਦਾਸੀਨ ਵਕਰ ਆਪਣੇ ਮੁੱਢ ਵੱਲ ਨੂੰ ਦੋ ਸਿੱਧੀਆਂ ਰੇਖਾਵਾਂ, ਜੋ ਸੱਜੇ ਕੋਨ ਦੇ ਝੁਕਾਅ* (right angle bent) *ਅਨੁਸਾਰ ਬਣੀਆਂ ਹੋਈਆਂ ਹਨ, ਦੇ ਰੂਪ ਵਿਚ ਹੁੰਦੀ ਹੈ। ਇਥੇ ਇਕ ਉਦਾਸੀਨ ਵਕਰ ਦਾ ਖੱਬਾ ਭਾਗ ਖੜ੍ਹੀ ਸਿੱਧੀ ਰੇਖਾ* (vertical) *ਦੇ ਰੂਪ ਵਿਚ ਹੈ, ਜਿਸ ਦਾ ਭਾਵ ਹੈ ਕਿ ਵਸਤੂ* x *ਦੀ ਇਕ ਇਕਾਈ ਦੀ ਸਥਾਨਪਤੀ ਲਈ ਵਸਤੂ* y *ਦੀ ਅਸੀਮ* (infinite) *ਮਾਤਰਾ ਚਾਹੀਦੀ ਹੈ। ਇਸ ਵਕਰ ਦਾ ਦੂਜਾ ਭਾਗ ਸਿੱਧੀ ਲੇਟਵੀਂ* (Horizontal) *ਰੇਖਾ ਦੇ ਰੂਪ ਵਿਚ ਹੁੰਦਾ ਹੈ। ਜਿਸ ਦਾ ਅਰਥ ਹੈ ਕਿ ਵਸਤੂ* y *ਦੀ ਇਕ ਇਕਾਈ ਦੀ ਸਥਾਨਪਤੀ ਲਈ ਵਸਤੂ* x *ਦੀਆਂ ਅਸੀਮ* (Infinite) *ਇਕਾਈਆਂ ਦੀ ਲੋੜ ਹੁੰਦੀ ਹੈ। ਅਜਿਹੀਆਂ ਵਕਰਾਂ ਨੂੰ ਸੱਜ ਕੋਨੀ* (Right angled) *ਉਦਾਸੀਨ ਵਕਰਾਂ ਕਿਹਾ ਜਾਂਦਾ ਹੈ।*




ਰੇਖਾ ਚਿੱਤਰ ਨੰ 9


8. *ਉੱਚੀ ਉਦਾਸੀਨ ਵਕਰ ਹੇਠਲੀ ਉਦਾਸੀਨ ਵਕਰ ਨਾਲੋਂ ਵੱਧ ਸੰਤੁਸ਼ਟੀ ਪ੍ਰਦਾਨ ਕਰਦੀ ਹੈ* (A Higher Indifference Curve Provides Higher Satisfaction than the Lower Indifference Curve) : *ਜਦੋਂ ਅਸੀਂ ਇਕ ਉਦਾਸੀਨ ਵਕਰ ਦੇ ਕਿਸੇ ਬਿੰਦੂ ਤੋਂ ਉਪਰ ਵੱਲ ਜਾਂਦੇ ਹਾਂ ਤਾਂ ਅਸੀਂ ਇਕ ਹੋਰ ਉੱਚੀ ਉਦਾਸੀਨ ਵਕਰ ਨੂੰ ਪ੍ਰਾਪਤ ਕਰ ਲੈਂਦੇ ਹਾਂ, ਜਿਵੇਂ ਕਿ ਰੇਖਾ-ਚਿੱਤਰ ਨੰ.10 ਵਿਚ ਦਿਖਾਇਆ ਗਿਆ ਹੈ। ਜਦੋਂ ਅਸੀਂ ਉਦਾਸੀਨ ਵਕਰ ਇਕ ਦੇ ਬਿੰਦੂ* E *ਤੋਂ ਉਦਾਸੀਨ ਵਕਰ 2 ਦੇ ਬਿੰਦੂ* R *ਉਪਰ ਪਹੁੰਚ ਜਾਂਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਉਪਭੋਗੀ ਕੋਲ* x *ਵਸਤੂ ਦੀ ਮਾਤਰਾ ਤਾਂ ਪਹਿਲਾਂ ਜਿੰਨੀ ਹੀ ਰਹਿੰਦੀ ਹੈ ਪਰੰਤੂ ਵਸਤੂ* y *ਦੀ ਮਾਤਰਾ ਬਿੰਦੂ* E *ਤੋਂ* R *ਤੱਕ ਵੱਧ ਜਾਂਦੀ ਹੈ। ਇਸ ਕਰਕੇ ਉਪਭੋਗੀ ਨੂੰ ਬਿੰਦੂ* R *ਉਪਰ, ਜੋ ਕਿ ਉਪਰਲੀ ਉਦਾਸੀਨ ਵਕਰ ਉਪਰ ਹੈ, ਬਿੰਦੂ* E *ਨਾਲੋਂ, ਵੱਧ ਸੰਤੁਸ਼ਟੀ ਮਿਲਦੀ ਹੈ। ਇਸ ਕਰਕੇ ਉਪਭੋਗੀ ਨੂੰ ਉੱਚੀ ਉਦਾਸੀਨ ਵਕਰ, ਨੀਵੀਂ ਉਦਾਸੀਨ ਵਕਰ ਨਾਲੋਂ ਵੱਧ ਸੰਤੁਸ਼ਟੀ ਪ੍ਰਦਾਨ ਕਰਦੀ ਹੈ। ਇਸੇ ਤਰ੍ਹਾਂ ਹੀ ਜੇ ਅਸੀਂ ਬਿੰਦੂ* E *ਤੋਂ ਬਿੰਦੂ* S *ਉਪਰ ਜਾਈਏ, ਤਾਂ ਵੀ ਉਪਭੋਗੀ ਕੋਲ ਵਸਤੂ* y *ਦੀ ਮਾਤਰਾ ਸਮਾਨ ਰਹਿਣ ਤੇ ਵਸਤੂ* x *ਦੀ ਮਾਤਰਾ ਪਹਿਲਾਂ ਨਾਲੋਂ ਵੱਧ ਜਾਂਦੀ ਹੈ। ਇਸ ਕਰਕੇ ਉਪਭੋਗੀ ਬਿੰਦੂ* E *ਨਾਲੋਂ ਉੱਚੀ ਉਦਾਸੀਨ ਵਕਰ* $IC_2$ *ਉਪਰ ਸਥਿਤ ਬਿੰਦੂ* S *ਨੂੰ ਤਰਜੀਹ ਦੇਵੇਗਾ। ਸੋ ਅਸੀਂ ਕਹਿ ਸਕਦੇ ਹਾਂ ਕਿ ਉਪਭੋਗੀ ਨੂੰ ਇਕ ਉੱਚੀ ਉਦਾਸੀਨ ਵਕਰ, ਨੀਵੀਂ ਉਦਾਸੀਨ ਵਕਰ ਨਾਲੋਂ ਵਧੇਰੇ ਸੰਤੁਸ਼ਟੀ ਦਿੰਦੀ ਹੈ।*




**ਰੇਖਾ ਚਿੱਤਰ ਨੰ. 10**


9. **ਦੋ ਉਦਾਸੀਨ ਵਕਰਾਂ ਆਪਸ ਵਿਚ ਨਹੀਂ ਕੱਟ ਸਕਦੀਆਂ (Two indifference Curves can not Intersect Each Other) :** *ਦੋ ਉਦਾਸੀਨ ਵਕਰਾਂ ਆਪਸ ਵਿਚ ਨਹੀਂ ਕੱਟ ਸਕਦੀਆਂ ਕਿਉਂਕਿ ਅਸੀਂ ਇਹ ਮਨੌਤ ਲਈ ਹੈ ਕਿ ਹਰ ਉਦਾਸੀਨ ਵਕਰ ਉਪਭੋਗੀ ਨੂੰ ਇਕ ਖਾਸ ਪੱਧਰ ਦੀ ਸੰਤੁਸ਼ਟੀ ਪ੍ਰਦਾਨ ਕਰਦੀ ਹੈ। ਇਸ ਕਰਕੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਵੱਖ-ਵੱਖ ਉਦਾਸੀਨ ਵਕਰਾਂ ਉਪਭੋਗੀ ਦੀ ਤੁਸ਼ਟੀਗੁਣ ਦੇ ਵੱਖ-ਵੱਖ ਪੱਧਰਾਂ ਨੂੰ ਪ੍ਰਗਟ ਕਰਨ। ਜੇ ਦੋ ਉਦਾਸੀਨ ਵਕਰਾਂ ਆਪਸ ਵਿਚ ਕੱਟਦੀਆਂ ਹੋਣ ਤਾਂ ਇਸ ਦਾ*

*ਭਾਵ ਹੈ ਕਿ ਇਕ ਬਿੰਦੂ ਤੇ ਸੰਤੁਸ਼ਟੀ, ਦੂਸਰੇ ਬਿੰਦੂ ਤੇ ਸੰਤੁਸ਼ਟੀ ਦੇ ਬਰਾਬਰ ਹੋਵੇਗੀ। ਪਰ ਅਜਿਹਾ ਠੀਕ ਨਹੀਂ ਹੈ। ਰੇਖਾ-ਚਿੱਤਰ ਨੰ.11 ਵਿਚ ਦਰਸਾਇਆ ਗਿਆ ਹੈ ਕਿ ਦੋ ਉਦਾਸੀਨ ਵਕਰਾਂ* $IC_1$ *ਅਤੇ* $IC_2$ *ਇਕ ਦੂਜੇ ਨੂੰ ਬਿੰਦੂ* $T_1$ *ਤੇ ਕੱਟਦੀਆਂ ਹਨ ਜਿਸ ਨਾਲ ਉਪਭੋਗੀ ਨੂੰ ਚਾਹ ਦੀ* $OX_1$ *ਮਾਤਰਾ ਅਤੇ ਕੌਫ਼ੀ ਦੀ* $OY_1$ *ਮਾਤਰਾ ਪ੍ਰਾਪਤ ਹੁੰਦੀ ਹੈ। ਜੇ ਅਸੀਂ ਉਦਾਸੀਨ ਵਕਰ* $1C_1$ *ਤੇ ਬਿੰਦੂ* $T_2$ *ਲੈਂਦੇ ਹਾਂ ਤਾਂ ਅਸੀਂ ਦੇਖਦੇ ਹਾਂ ਕਿ ਉਪਭੋਗੀ ਨੂੰ ਚਾਹ ਦੀ* $OX_2$ *ਅਤੇ ਕੌਫ਼ੀ ਦੀ* $OY_2$ *ਮਾਤਰਾ ਪ੍ਰਾਪਤ ਹੁੰਦੀ ਹੈ। ਅਸੀਂ ਜਾਣਦੇ ਹਾਂ ਕਿ ਉਦਾਸੀਨ ਵਕਰ ਦੇ ਵੱਖ-ਵੱਖ ਬਿੰਦੂ ਉਪਭੋਗੀ ਨੂੰ ਇਕੋ ਜਿਹੀ ਸੰਤੁਸ਼ਟੀ ਪ੍ਰਦਾਨ ਕਰਦੇ ਹਨ, ਇਸ ਲਈ ਉਪਭੋਗੀ ਨੂੰ ਬਿੰਦੂ* $T_1$ *ਅਤੇ* $T_2$ *ਇਕੋ ਜਿਹੀ ਸੰਤੁਸ਼ਟੀ ਪ੍ਰਦਾਨ ਕਰਨਗੇ। ਇਸੇ ਤਰ੍ਹਾਂ ਹੀ ਉਦਾਸੀਨ ਵਕਰ* $IC_2$ *ਉਪਰ ਉਪਭੋਗੀ ਨੂੰ ਬਿੰਦੂ* $T_1$ *ਅਤੇ* $T_3$ *ਇਕੋ ਜਿਹੀ ਸੰਤੁਸ਼ਟੀ ਪ੍ਰਦਾਨ ਕਰਦੇ ਹਨ। ਪਰੰਤੂ ਅਸੀਂ ਦੇਖਦੇ ਹਾਂ ਕਿ ਰੇਖਾ-ਚਿੱਤਰ ਨੰ.11 ਵਿਚ ਉਪਭੋਗੀ ਨੂੰ ਉਦਾਸੀਨ ਵਕਰ* $IC_1$ *ਉਪਰ ਬਿੰਦੂ* $T_2$ *ਅਤੇ ਉਦਾਸੀਨ ਵਕਰ* $IC_2$ *ਉਪਰ ਬਿੰਦੂ* $T_3$ *ਤੇ ਇਕੋ ਜਿਹੀ ਸੰਤੁਸ਼ਟੀ ਪ੍ਰਾਪਤ ਹੋਣੀ ਚਾਹੀਦੀ ਹੈ। ਪਰ ਅਜਿਹਾ ਨਹੀਂ ਹੋ ਸਕਦਾ ਕਿਉਂਕਿ ਉਪਭੋਗੀ ਨੂੰ ਬਿੰਦੂ* $T_2$ *ਉਪਰ ਚਾਹ ਦੀ ਮਾਤਰਾ* $OX_2$ *ਅਤੇ ਕੌਫ਼ੀ ਦੀ* $OY_2$ *ਮਾਤਰਾ ਪ੍ਰਾਪਤ ਹੁੰਦੀ ਹੈ, ਜਦਕਿ ਬਿੰਦੂ* $T_3$ *ਉਪਰ ਉਪਭੋਗੀ ਨੂੰ ਚਾਹ ਦੀ* $OX_2$ *ਮਾਤਰਾ ਅਤੇ ਕੌਫ਼ੀ ਦੀ* $OY_3$ *ਮਾਤਰਾ ਪ੍ਰਾਪਤ ਹੁੰਦੀ ਹੈ। ਜਿਸ ਦਾ ਭਾਵ ਹੈ ਕਿ ਦੋਹਾਂ ਹਾਲਤਾਂ ਵਿਚ ਉਪਭੋਗੀ ਨੂੰ ਚਾਹ ਦੀ ਮਾਤਰਾ ਤਾਂ ਬਰਾਬਰ ਪ੍ਰਾਪਤ ਹੁੰਦੀ ਹੈ ਪਰੰਤੂ ਕੌਫ਼ੀ ਦੀ ਮਾਤਰਾ ਬਿੰਦੂ* $T_3$ *ਤੇ ਬਿੰਦੂ* $T_2$ *ਨਾਲੋਂ ਵਧੇਰੇ ਪ੍ਰਾਪਤ ਹੁੰਦੀ ਹੈ। ਇਸ ਦਾ ਭਾਵ ਹੈ ਕਿ ਉਪਭੋਗੀ ਬਿੰਦੂ* $T_2$ *ਨਾਲੋਂ ਬਿੰਦੂ* $T_3$ *ਨੂੰ ਤਰਜੀਹ ਦੇਵੇਗਾ। ਪਰੰਤੂ ਇਹ ਗੱਲ ਉਦਾਸੀਨ ਵਕਰ ਵਿਸ਼ਲੇਸ਼ਣ ਦੀ ਮਨੌਤ, ਜਿਸ ਅਨੁਸਾਰ ਇਕ ਉਦਾਸੀਨ ਵਕਰ ਉਪਰ ਉਪਭੋਗੀ ਨੂੰ ਹਰ ਬਿੰਦੂ ਇਕੋ ਜਿਹੀ ਸੰਤੁਸ਼ਟੀ ਪ੍ਰਦਾਨ ਕਰਦਾ, ਹੈ ਦੀ ਉਲੰਘਣਾ ਕਰਦੀ ਹੈ। ਇਸ ਲਈ ਦੋ ਉਦਾਸੀਨ ਵਕਰਾਂ ਇਕ ਦੂਜੇ ਨੂੰ ਕੱਟ ਨਹੀਂ ਸਕਦੀਆਂ।*




***ਰੇਖਾ ਚਿੱਤਰ ਨੰ. : 11***

10. **ਉਦਾਸੀਨ ਵਕਰਾਂ ਦਾ ਇਕ ਦੂਜੀ ਦੇ ਸਮਾਨੰਤਰ ਹੋਣਾ ਜ਼ਰੂਰੀ ਨਹੀਂ ਹੈ(Indifference Curves may not be Parallel) :** *ਅਸੀਂ ਵੇਖਦੇ ਹਾਂ ਕਿ ਆਮ ਤੌਰ ਤੇ ਉਦਾਸੀਨ ਵਕਰਾਂ ਇਕ ਦੂਜੀ ਦੇ ਸਮਾਨੰਤਰ ਚਲਦੀਆਂ ਹਨ ਪਰੰਤੂ ਇਹ ਹਮੇਸ਼ਾ ਜ਼ਰੂਰੀ ਨਹੀਂ ਹੁੰਦਾ। ਇਹ ਵਕਰਾਂ ਕਈ ਵਾਰੀ ਇਕ ਦੂਜੀ ਦੇ ਸਮਾਨੰਤਰ ਨਹੀਂ ਹੁੰਦੀਆਂ, ਕਿਉਂਕਿ ਦੋਹਾਂ ਵਸਤੂਆਂ ਵਿਚਕਾਰ ਘਟਦੇ ਸੀਮਾਂਤ ਪ੍ਰਤੀਸਥਾਪਨ ਦੀ ਦਰ ਜ਼ਰੂਰੀ ਨਹੀਂ ਕਿ ਉਦਾਸੀਨ ਅਨੁਸੂਚੀ ਵਿਚ ਹਮੇਸ਼ਾ ਇਕੋ ਜਿਹੀ ਹੀ ਰਹੇ।*




**ਰੇਖਾ-ਚਿੱਤਰ ਨੰ. 12**

*ਰੇਖਾ-ਚਿੱਤਰ ਨੰ.12 ਵਿਚ ਦੋ ਉਦਾਸੀਨ ਵਕਰਾਂ* $IC_1$ *ਅਤੇ* $IC_2$ *ਵਿਖਾਈਆਂ ਗਈਆਂ ਹਨ; ਜੋ ਕਿ ਇਕ ਦੂਜੇ ਦੇ ਸਮਾਨੰਤਰ ਨਹੀਂ ਹਨ।*


**(iv) ਸਵੈ-ਮੁਲਾਂਕਣ ਪ੍ਰਸ਼ਨ (Self-Check Questions) :**

1. *ਉਦਾਸੀਨ ਵਕਰ ਉਪਰ ਸਥਿਤ ਹਰ ਬਿੰਦੂ ਉਪਭੋਗੀ ਨੂੰ ................ ਸੰਤੁਸ਼ਟੀ ਦਿੰਦਾ ਹੈ।*
2. *ਉਦਾਸੀਨ ਵਕਰ ਆਮ ਤੌਰ ਤੇ ਮੁੱਢ ਵੱਲ ਨੂੰ ਝੁਕੀ ਹੁੰਦੀ ਹੈ ਕਿਉਂਕਿ ਦੋ ਵਸਤੂਆਂ ਦੇ ਸੰਬੰਧ ਵਿਚ ਵਸਤੂ x ਲਈ ਵਸਤੂ y ਦੀ ਸੀਮਾਂਤ ਪ੍ਰਤੀਸਥਾਪਨ ਦਰ ............. ਜਾਂਦੀ ਹੈ।*
3. *ਦੋ ਉਦਾਸੀਨ ਵਕਰਾਂ ਇਕ ਦੂਜੇ ਨੂੰ ..................... ਸਕਦੀਆਂ।*
4. *ਇਕ ਉੱਚੀ ਉਦਾਸੀਨ ਵਕਰ ਉਪਭੋਗੀ ਨੂੰ ਇਕ ਹੇਠਲੀ ਉਦਾਸੀਨ ਵਕਰ ਨਾਲੋਂ ...................... ਸੰਤੁਸ਼ਟੀ ਪ੍ਰਦਾਨ ਕਰਦੀ ਹੈ।*
5. *ਜਿੱਥੇ ਉਪਭੋਗੀ ਦੇ ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਵਿਚ ਤੁਸ਼ਟੀਗੁਣ ਨੂੰ ............. ਤਰੀਕੇ ਨਾਲ ਮਿਣਿਆ ਜਾ ਸਕਦਾ ਮੰਨਿਆ ਗਿਆ ਹੈ, ਉਥੇ ਉਦਾਸੀਨ ਵਕਰ ਵਿਸ਼ਲੇਸ਼ਣ ਅਧੀਨ ਦੋ ਵਸਤੂਆਂ ਵਿਚਕਾਰ ਤੁਸ਼ਟੀਗੁਣ ਨੂੰ ...................... ਰਾਹੀਂ ਜਾਣਨ ਦਾ ਯਤਨ ਕੀਤਾ ਗਿਆ ਹੈ।*

**(iv).a ਸਵੈ ਮੁਲਾਂਕਣ ਦੇ ਪ੍ਰਸ਼ਨਾਂ ਦੇ ਉੱਤਰ**

*1. ਇਕੋ ਜਿਹੀ (ਸਮਾਨ), 2. ਘਟਦੀ, 3. ਕੱਟ ਨਹੀਂ, 4. ਵੱਧ, 5. ਕ੍ਰਮਅੰਕ, ਕ੍ਰਮਵਾਚਕ।*

**(v) ਕੀਮਤ ਰੇਖਾ (Price Line) :** *ਇਸ ਕੀਮਤ ਰੇਖਾ ਨੂੰ ਆਮ ਤੌਰ ਤੇ ਬੱਜਟ ਰੇਖਾ* (Budget line) *ਵੀ ਕਿਹਾ ਜਾਂਦਾ ਹੈ। ਜਿਵੇਂ ਕਿ ਅਸੀਂ ਪਹਿਲਾਂ ਪੜ੍ਹ ਚੁੱਕੇ ਹਾਂ ਕਿ ਇਕ ਉੱਚੀ ਉਦਾਸੀਨ ਵਕਰ, ਨੀਵੀਂ ਪੱਧਰ ਦੀ ਉਦਾਸੀਨ ਵਕਰ ਨਾਲੋਂ ਵੱਧ ਸੰਤੁਸ਼ਟੀ ਪ੍ਰਦਾਨ ਕਰਦੀ ਹੈ, ਇਸ ਲਈ ਉਪਭੋਗੀ ਉੱਚੀ ਪੱਧਰ ਦੀ ਉਦਾਸੀਨ ਵਕਰ ਤੇ ਜਾਣਾ ਪਸੰਦ ਕਰੇ ਗਾ। ਪਰੰਤੂ ਉੱਚੀ ਪੱਧਰ ਤੇ ਜਾਣ ਲਈ ਉਸ ਨੂੰ ਦੋ ਔਕੜਾਂ* (constraints) *ਦਾ ਸਾਹਮਣਾ ਕਰਨਾ ਪਵੇਗਾ। ਪਹਿਲੀ, ਵਸਤੂਆਂ ਖਰੀਦਣ ਬਦਲੇ ਉਸ ਨੂੰ ਕੀਮਤ ਚੁਕਾਉਣੀ ਪਵੇਗੀ ਅਤੇ ਦੂਸਰੀ, ਵਸਤੂਆਂ ਖਰੀਦਣ ਲਈ ਉਸ ਕੋਲ ਮੁਦਰਾ ਦੀ ਸੀਮਤ* (limited) *ਮਾਤਰਾ ਹੁੰਦੀ ਹੈ। ਹੁਣ ਉਹ (ਉਪਭੋਗੀ) ਕਿੰਨੀਆਂ ਵਸਤੂਆਂ ਖਰੀਦ ਸਕਦਾ ਹੈ, ਇਹ ਦੋ ਗੱਲਾਂ ਤੇ ਨਿਰਭਰ ਕਰੇਗਾ। ਇਕ ਵਸਤੂ ਦੀ ਕੀਮਤ ਅਤੇ ਦੂਸਰੀ ਉਸ ਕੋਲ ਉਪਲੱਬਧ ਮੁਦਰਿਕ ਆਮਦਨ, ਜਿਹੜੀ ਕਿ ਉਸ ਨੇ ਵਸਤੂਆਂ ਨੂੰ ਖਰੀਦਣ ਲਈ ਵਰਤਣੀ ਹੈ। ਬੱਜਟ ਰੇਖਾ ਵਸਤੂਆਂ ਦੀਆਂ ਕੀਮਤਾਂ ਅਤੇ ਉਪਭੋਗੀ ਦੀ ਮੁਦਰਿਕ ਆਮਦਨ ਨੂੰ ਦਰਸਾਉਂਦੀ ਹੈ। ਫਰਜ਼ ਕਰੋ ਕਿ ਇਕ ਉਪਭੋਗੀ ਕੋਲ ਖਰਚਣ ਲਈ (100) ਰੁਪਏ ਹਨ ਜਿਨ੍ਹਾਂ ਨੂੰ ਉਸ ਨੇ ਵਸਤੂਆਂ* x *ਅਤੇ* y *ਉਪਰ ਖਰਚਣਾ ਹੈ। ਅਸੀਂ ਮੰਨ ਲੈਂਦੇ ਹਾਂ ਕਿ ਵਸਤੂ* x *ਦੀ ਬਜ਼ਾਰ ਵਿਚ ਕੀਮਤ ਪ੍ਰਤੀ ਇਕਾਈ 20 ਰੁਪਏ ਹੈ ਅਤੇ ਵਸਤੂ* y *ਦੀ ਪ੍ਰਤੀ ਇਕਾਈ ਕੀਮਤ 10 ਰੁਪਏ ਹੈ। ਜੇ ਉਪਭੋਗੀ ਆਪਣੀ ਸਾਰੀ ਆਮਦਨ 100 ਰੁਪਏ ਨੂੰ ਸਿਰਫ ਵਸਤੂ* x *ਉਪਰ ਹੀ ਖਰਚਦਾ ਹੈ ਤਾਂ ਉਸ ਨੂੰ ਵਸਤੂ* x *ਦੀਆਂ ਪੰਜ ਇਕਾਈਆਂ ਮਿਲ ਸਕਦੀਆਂ ਹਨ ਅਤੇ ਜੇ ਉਹ ਇਹ 100 ਰੁਪਏ ਵਸਤੂ* y *ਉਪਰ ਖਰਚਦਾ ਹੈ ਤਾਂ ਉਸ ਨੂੰ ਵਸਤੂ* y *ਦੀਆਂ 10 ਇਕਾਈਆਂ ਪ੍ਰਾਪਤ ਹੋਣਗੀਆਂ। ਰੇਖਾ ਚਿੱਤਰ ਨੰ. 13 ਵਿਚ ਜੇ ਅਸੀਂ ਇਕ ਸਿੱਧੀ ਰੇਖਾ ਵਸਤੂ* x *ਦੀਆਂ ਪੰਜ ਇਕਾਈਆਂ ਤੋਂ ਵਸਤੂ* y *ਦੀਆਂ 10 ਇਕਾਈਆਂ ਤੱਕ ਖਿੱਚੀਏ ਤਾਂ ਇਸੇ ਰੇਖਾ ਨੂੰ ਕੀਮਤ ਰੇਖਾ ਜਾਂ ਬੱਜਟ ਰੇਖਾ ਕਿਹਾ ਜਾਂਦਾ ਹੈ। ਇਹ ਕੀਮਤ ਰੇਖਾ ਦੋ ਵਸਤੂਆਂ ਦੇ ਉਨ੍ਹਾਂ ਸਾਰੇ ਜੋੜਿਆਂ ਨੂੰ ਦਰਸਾਉਂਦੀ ਹੈ ਜਿਨ੍ਹਾਂ ਨੂੰ ਕਿ ਇਕ ਉਪਭੋਗੀ ਆਪਣੀ ਦਿੱਤੀ ਹੋਈ ਆਮਦਨ ਨੂੰ ਖਰਚਣ ਨਾਲ, ਉਨ੍ਹਾਂ ਵਸਤੂਆਂ ਦੀਆਂ ਦਿੱਤੀਆਂ ਹੋਈਆਂ ਕੀਮਤਾਂ ਅਨੁਸਾਰ ਖਰੀਦ ਸਕਦਾ ਹੈ। ਇਸ ਕੀਮਤ ਰੇਖਾ ਨੂੰ ਰੇਖਾ-ਚਿੱਤਰ ਨੰ.13 ਵਿਚ ਦਰਸਾਇਆ ਗਿਆ ਹੈ।*




**ਰੇਖਾ ਚਿੱਤਰ ਨੰ** 13

*ਰੇਖਾ-ਚਿੱਤਰ ਤੋਂ ਪਤਾ ਚਲਦਾ ਹੈ ਕਿ ਇਕ ਉਪਭੋਗੀ 100 ਰੁਪਏ ਨਾਲ ਜਾਂ ਤਾਂ ਵਸਤੂ* x *ਦੀਆਂ ਪੰਜ*

*ਇਕਾਈਆਂ ਖਰੀਦ ਸਕਦਾ ਹੈ ਅਤੇ ਜਾਂ ਵਸਤੂ* y *ਦੀਆਂ 10 ਇਕਾਈਆਂ ਖਰੀਦ ਸਕਦਾ ਹੈ ਅਤੇ ਜਾਂ ਫਿਰ ਵਸਤੂ* x *ਦੀ ਇਕ ਇਕਾਈ ਦੇ ਨਾਲ ਵਸਤੂ* y *ਦੀਆਂ 8 ਇਕਾਈਆਂ ਖਰੀਦ ਸਕਦਾ ਹੈ। ਇਸੇ ਤਰ੍ਹਾਂ ਹੀ ਉਹ ਵਿਅਕਤੀ ਵਸਤੂ* x *ਦੀਆਂ 2 ਇਕਾਈਆਂ ਨਾਲ ਵਸਤੂ* y *ਦੀਆਂ 6 ਇਕਾਈਆਂ ਖਰੀਦ ਸਕਦਾ ਹੈ, ਜਾਂ ਫਿਰ ਵਸਤੂ* x *ਦੀਆਂ ਤਿੰਨ ਇਕਾਈਆਂ ਅਤੇ ਵਸਤੂ* y *ਦੀਆਂ ਚਾਰ ਇਕਾਈਆਂ ਵਾਲੇ ਜੋੜੇ ਨੂੰ ਖਰੀਦ ਸਕਦਾ ਹੈ। ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਇਕ ਉਪਭੋਗੀ ਕੀਮਤ ਰੇਖਾ ਉਪਰ ਸਥਿਤ ਵਸਤੂਆਂ ਦੇ ਕਿਸੇ ਵੀ ਜੋੜੇ ਨੂੰ, ਆਪਣੀ ਦਿੱਤੀ ਹੋਈ ਮੁਦਰਿਕ ਆਮਦਨ ਅਤੇ ਵਸਤੂਆਂ ਦੀਆਂ ਦਿੱਤੀਆਂ ਹੋਈਆਂ ਕੀਮਤਾਂ ਅਨੁਸਾਰ ਖਰੀਦ ਸਕਦਾ ਹੈ। ਪਰੰਤੂ ਉਹ ਕਿਸੇ ਵੀ ਜੋੜੇ ਨੂੰ ਜਿਹੜਾ ਕਿ ਕੀਮਤ ਰੇਖਾ ਤੋਂ ਉਪਰ, ਜਿਵੇਂ ਕਿ* T *ਜੋੜੇ (ਜਿਸ ਵਿਚ ਵਸਤੂ* X *ਦੀਆਂ 4 ਇਕਾਈਆਂ ਅਤੇ ਵਸਤੂ* y *ਦੀਆਂ 5 ਇਕਾਈਆਂ ਹਨ) ਨੂੰ ਨਹੀਂ ਖਰੀਦ ਸਕਦਾ, ਕਿਉਂਕਿ ਉਸ ਨੂੰ ਖਰੀਦਣ ਲਈ ਉਸ ਕੋਲ ਲੋੜੀਂਦੀ ਮੁਦਰਾ ਦੀ ਮਾਤਰਾ ਨਹੀਂ ਹੈ। ਇਸੇ ਤਰ੍ਹਾਂ ਹੀ ਉਹ ਕੀਮਤ ਰੇਖਾ ਤੋਂ ਥੱਲੇ ਪਏ ਕਿਸੇ ਜੋੜੇ* N *ਨੂੰ ਵੀ ਨਹੀਂ ਖਰੀਦੇਗਾ, ਕਿਉਂਕਿ ਇਸ ਤੋਂ ਮਿਲਣ ਵਾਲੀ ਸੰਤੁਸ਼ਟੀ ਇਸ ਕੀਮਤ ਰੇਖਾ ਉਪਰ ਸਥਿਤ ਕਿਸੇ ਵੀ ਜੋੜੇ ਨੂੰ ਖਰੀਦਣ ਤੋਂ ਮਿਲਣ ਵਾਲੀ ਸੰਤੁਸ਼ਟੀ ਤੋਂ ਘੱਟ ਹੋਵੇਗੀ। ਜਾਂ ਇਹ ਕਹਿ ਲਵੋ ਕਿ ਭਾਵੇਂ ਉਹ ਆਪਣੀ ਆਮਦਨ ਵਿਚੋਂ ਕੁਝ ਖਰਚ ਕਰਕੇ* N *ਜੋੜੇ ਨੂੰ ਖਰੀਦ ਸਕਦਾ ਹੈ ਅਤੇ ਉਸ ਕੋਲ ਕੁਝ ਮੁਦਰਾ ਬਚ ਵੀ ਜਾਵੇਗੀ, ਜਦ ਕਿ ਉਦਾਸੀਨ ਵਕਰ ਵਿਸ਼ਲੇਸ਼ਣ ਦੀ ਮਨੌਤ ਇਹ ਹੈ ਕਿ ਉਪਭੋਗੀ ਨੂੰ ਇਨ੍ਹਾਂ ਜੋੜਿਆਂ ਨੂੰ ਖਰੀਦਣ ਲਈ ਆਪਣੇ ਸਾਰੇ ਰੁਪਏ ਖਰਚਣੇ ਪੈਣੇ ਹਨ। ਇਸ ਕਰਕੇ ਉਪਭੋਗੀ* N *ਜੋੜੇ ਨੂੰ ਵੀ ਨਹੀਂ ਖਰੀਦੇਗਾ। ਜਿਸ ਵਿਚ ਉਸ ਨੂੰ ਵਸਤੂ* x *ਦੀਆਂ ਸਿਰਫ 3 ਇਕਾਈਆਂ ਅਤੇ ਵਸਤੂ* y *ਦੀਆਂ 3 ਇਕਾਈਆਂ ਮਿਲ ਸਕਦੀਆਂ ਹਨ। ਇਸ ਤਰ੍ਹਾਂ ਉਪਭੋਗੀ ਨੂੰ ਵਸਤੂਆਂ ਦੇ ਕਿਸੇ ਅਜਿਹੇ ਜੋੜੇ ਨੂੰ ਹੀ ਚੁਣਨਾ ਪਵੇਗਾ, ਜੋ ਕੀਮਤ ਰੇਖਾ ਉਪਰ ਸਥਿਤ ਹੋਵੇ।*

**(vi) ਉਪਭੋਗੀ ਦਾ ਸੰਤੁਲਨ (Consumer's Equilibrium) :** *ਇਸ ਭਾਗ ਵਿਚ ਅਸੀਂ ਵੇਖਣਾ ਹੈ ਕਿ ਉਦਾਸੀਨ ਵਕਰਾਂ ਦੀ ਸਹਾਇਤਾ ਨਾਲ ਉਪਭੋਗੀ ਸੰਤੁਲਨ ਦੀ ਸਥਿਤੀ ਕਿਵੇਂ ਪ੍ਰਾਪਤ ਕਰਦਾ ਹੈ। ਇਕ ਉਪਭੋਗੀ ਉਸ ਵਕਤ ਸੰਤੁਲਨ ਦੀ ਸਥਿਤੀ ਵਿਚ ਹੁੰਦਾ ਹੈ ਜਦੋਂ ਉਹ ਦੋ ਵਸਤੂਆਂ ਦੇ ਅਜਿਹੇ ਜੋੜੇ ਖਰੀਦ ਰਿਹਾ ਹੁੰਦਾ ਹੈ ਜਿਥੇ ਉਹ ਆਪਣੇ ਵਸਤੂਆਂ ਦੇ ਜੋੜਿਆਂ ਵਿਚ ਕਿਸੇ ਕਿਸਮ ਦੀ ਤਬਦੀਲੀ ਨਹੀਂ ਕਰਨਾ ਚਾਹੁੰਦਾ। ਕਹਿਣ ਤੋਂ ਭਾਵ ਇਹ ਕਿ ਉਹ ਵੱਖ-ਵੱਖ ਵਸਤੂਆਂ ਖਰੀਦਣ ਲਈ ਆਪਣੀ ਮੁਦਰਾ ਦੀ ਵੰਡ ਸਬੰਧੀ ਪੂਰੀ ਤਰ੍ਹਾਂ ਸੰਤੁਲਨ ਵਿਚ ਹੁੰਦਾ ਹੈ ਅਤੇ ਆਪਣੀ ਮੁਦਰਾ ਦੀ ਵੰਡ ਵਿਚ ਕੋਈ ਤਬਦੀਲੀ ਨਹੀਂ ਕਰਨਾ ਚਾਹੁੰਦਾ। ਇਸ ਵਿਸ਼ਲੇਸ਼ਣ ਵਿਚ ਉਪਭੋਗੀ ਨੂੰ ਵਿਵੇਕਸ਼ੀਲ* (Rational) *ਮੰਨਿਆ ਗਿਆ ਹੈ, ਜਿਸ ਦਾ ਇਕ ਅਰਥ ਇਹ ਵੀ ਹੈ ਕਿ ਉਹ ਆਪਣੀ ਸੰਤੁਸ਼ਟੀ ਨੂੰ ਵੱਧ ਤੋਂ ਵੱਧ ਪ੍ਰਾਪਤ ਕਰਨਾ ਚਾਹੁੰਦਾ ਹੈ। ਉਪਭੋਗੀ ਦੀ ਸੰਤੁਲਨ ਦੀ ਸਥਿਤੀ ਦਾ ਵਰਨਣ ਕਰਨ ਲਈ ਹੇਠ ਲਿਖੀਆਂ ਕੁਝ ਮਨੌਤਾਂ ਲਈਆਂ ਗਈਆਂ ਹਨ :*


*(ੳ) ਦੋਹਾਂ ਵਸਤੂਆਂ ਦੀਆਂ ਕੀਮਤਾਂ ਵਿਚ ਕੋਈ ਤਬਦੀਲੀ ਨਹੀਂ ਆਉਂਦੀ।*

*(ਅ) ਵਸਤੂਆਂ ਸਮਰੂਪ* (Homogeneous) *ਅਤੇ ਵੰਡਣਯੋਗ ਹਨ।*

*(ੲ) ਉਪਭੋਗੀ ਕੋਲ ਮੁਦਰਾ ਦੀ ਮਾਤਰਾ ਨਿਸ਼ਚਿਤ ਹੈ ਅਤੇ ਉਸ ਨੇ ਇਹ ਮੁਦਰਾ ਆਮਦਨ ਉਨ੍ਹਾਂ ਦੋਹਾਂ ਵਸਤੂਆਂ ਉਪਰ ਹੀ ਜ਼ਰੂਰ ਖਰਚ ਕਰਨੀ ਹੈ।*

*(ਸ) ਉਪਭੋਗੀ ਕੋਲ ਵਸਤਾਂ* x *ਅਤੇ* y *ਦੇ ਵੱਖ-ਵੱਖ ਜੋੜਿਆਂ ਸੰਬੰਧੀ ਤਰਜੀਹ ਦਾ ਪੈਮਾਨਾ* (Scale of Preference) *ਹੈ।*

*ਉਪਭੋਗੀ ਦੇ ਸੰਤੁਲਨ ਨੂੰ ਹੇਠਾਂ ਇਕ ਰੇਖਾ-ਚਿੱਤਰ ਦੁਆਰਾ ਦਰਸਾਇਆ ਗਿਆ ਹੈ। ਰੇਖਾ-ਚਿੱਤਰ ਨੰ. 14 ਵਿਚ ਕੀਮਤ ਰੇਖਾ ਦੇ ਨਾਲ-ਨਾਲ ਉਪਭੋਗੀ ਦੀਆਂ ਉਦਾਸੀਨ ਵਕਰਾਂ ਦਾ ਇਕ ਮਾਨ-ਚਿੱਤਰ* (Map) *ਦਿੱਤਾ ਗਿਆ ਹੈ। ਦਿੱਤੀ ਹੋਈ ਆਮਦਨ ਨਾਲ ਉਪਭੋਗੀ ਦੋਹਾਂ ਵਸਤੂਆਂ* x *ਅਤੇ* y *ਦੇ ਕਿਸੇ ਵੀ ਜੋੜੇ ਨੂੰ ਖਰੀਦ ਸਕਦਾ ਹੈ ਜੋ ਕਿ ਕੀਮਤ ਰੇਖਾ ਦੇ ਉਪਰ ਸਥਿਤ ਹੋਣ। ਇਨ੍ਹਾਂ ਵਿਚੋਂ ਹਰ ਇਕ ਜੋੜੇ ਦੀ ਉਸ ਲਈ ਇਕੋ ਜਿਹੀ ਲਾਗਤ ਹੈ। ਉਪਭੋਗੀ ਆਪਣੀ ਸੰਤੁਸ਼ਟੀ ਨੂੰ ਵੱਧ ਤੋਂ ਵੱਧ ਕਰਨ ਲਈ ਆਪਣੇ ਮੁਦਰਿਕ ਖਰਚ ਅਤੇ ਕੀਮਤਾਂ ਨੂੰ ਧਿਆਨ ਵਿਚ ਰੱਖਦੇ ਹੋਏ, ਉੱਚੀ ਤੋਂ ਉੱਚੀ ਉਦਾਸੀਨ ਵਕਰ ਉਪਰ ਪਹੁੰਚਣ ਦਾ ਯਤਨ ਕਰੇਗਾ। ਪਰੰਤੂ ਉਸ ਕੋਲ ਮੁਦਰਾ ਦੀ ਇਕ ਦਿੱਤੀ ਹੋਈ ਮਾਤਰਾ ਉਸ ਨੂੰ ਕੀਮਤ ਰੇਖਾ ਉਪਰ ਹੀ ਕਿਸੇ ਜੋੜੇ ਨੂੰ ਚੁਣਨ ਲਈ ਮਜ਼ਬੂਰ ਕਰੇਗੀ।*




**ਰੇਖਾ ਚਿੱਤਰ ਨੰ 14**

*ਰੇਖਾ-ਚਿੱਤਰ ਵਿਚ ਕੀਮਤ ਰੇਖਾ* SR *ਉਪਰ ਦੋ ਵਸਤੂਆਂ ਦੇ ਵੱਖ-ਵੱਖ ਜੋੜੇ ਸਥਿਤ ਹਨ, ਜਿਨ੍ਹਾਂ ਨੂੰ ਉਪਭੋਗੀ ਖਰੀਦ ਸਕਦਾ ਹੈ। ਉਪਭੋਗੀ ਇਨ੍ਹਾਂ ਵਿਚੋਂ ਉਸ ਜੋੜੇ ਨੂੰ ਚੁਣੇਗਾ ਜਿਥੇ ਸਭ ਤੋਂ ਉਪਰਲੀ ਉਦਾਸੀਨ ਵਕਰ ਕੀਮਤ ਰੇ ਖਾ ਨਾਲ ਸਪਰਸ਼* (Tangent) *ਕਰਦੀ ਹੈ। ਰੇਖਾ ਚਿੱਤਰ ਨੰ.14 ਵਿਚ ਇਹ ਜੋੜਾ ਬਿੰਦੂ* E *ਤੇ ਸਥਿਤ ਹੈ, ਜਿਸ ਵਿਚ ਉਪਭੋਗੀ* x *ਵਸਤੂ ਦੀ* OQ *ਮਾਤਰਾ ਅਤੇ* y *ਵਸਤੂ ਦੀ* OK *ਮਾਤਰਾ ਖਰੀਦਦਾ ਹੈ। ਕੀਮਤ ਲਾਈਨ* SR *ਉਪਰ ਹੋਰ ਵੀ ਅਜਿਹੇ ਬਿੰਦੂ ਹਨ ਜਿਥੇ ਉਦਾਸੀਨ ਵਕਰਾਂ ਕੀਮਤ ਰੇਖਾ ਨਾਲ ਸਪਰਸ਼ ਕਰਦੀਆਂ ਹਨ, ਜਿਵੇਂ ਕਿ ਬਿੰਦੂ* A, B, C *ਅਤੇ* D, *ਪਰੰਤੂ ਅਸੀਂ ਦੇਖਦੇ ਹਾਂ ਕਿ ਬਿੰਦੂ* A, *ਜਿਹੜਾ ਕਿ ਕੀਮਤ ਲਾਈਨ ਉਪਰ ਸਥਿਤ ਹੈ ਅਤੇ ਉਸ ਨੂੰ ਖਰੀਦਣ ਲਈ ਉਪਭੋਗੀ ਨੂੰ ਉਤਨਾ ਹੀ ਖਰਚ ਕਰਨਾ ਪੈਂਦਾ ਹੈ ਜਿਤਨਾ ਕਿ ਜੋੜੇ* E *ਨੂੰ ਖਰੀਦਣ ਲਈ ਕਰਨਾ ਪੈਂਦਾ ਹੈ। ਪਰੰਤੂ ਰੇ ਖਾ-ਚਿੱਤਰ ਤੋਂ ਇਹ ਸਪੱਸ਼ਟ ਹੈ ਕਿ ਬਿੰਦੂ* A *ਨੀਵੀਂ ਉਦਾਸੀਨ ਵਕਰ* $IC_1$ *ਉਪਰ ਸਥਿਤ ਹੈ ਅਤੇ ਇਸ ਕਰਕੇ ਇਹ ਉਪਭੋਗੀ ਨੂੰ ਬਿੰਦੂ* E *ਤੋਂ ਮਿਲਣ ਵਾਲੀ ਸੰਤੁਸ਼ਟੀ ਤੋਂ ਘੱਟ ਸੰਤੁਸ਼ਟੀ ਪ੍ਰਦਾਨ ਕਰਦਾ ਹੈ। ਕਿਉਂਕਿ ਬਿੰਦੂ* E *ਦੀ ਸਥਿਤੀ ਉੱਚੀ ਪੱਧਰ ਦੀ ਉਦਾਸੀਨ ਵਕਰ* $IC_3$ *ਦੇ ਉਸ ਸਥਾਨ ਤੇ ਹੈ ਜਿਥੇ ਇਹ ਵਕਰ ਕੀਮਤ-ਰੇਖਾ ਨੂੰ ਸਪਰਸ਼ ਕਰਦੀ ਹੈ। ਇਹ ਹੀ ਕਾਰਨ ਬਿੰਦੂ* B, C *ਅਤੇ* D *ਉਪਰ ਲਾਗੂ ਹੁੰਦਾ ਹੈ। ਕਹਿਣ ਤੋਂ ਭਾਵ ਹੈ ਕਿ ਰੇਖਾ-ਚਿੱਤਰ ਵਿਚ ਸਥਿਤ ਇਨ੍ਹਾਂ ਸਾਰੇ ਬਿੰਦੂਆਂ,* A, B, C *ਅਤੇ* D *ਦੇ ਮੁਕਾਬਲੇ, ਉਪਭੋਗੀ ਬਿੰਦੂ* E *ਨੂੰ ਤਰਜੀਹ ਦੇਵੇਗਾ, ਜਿਹੜਾ ਕਿ ਇਨ੍ਹਾਂ ਉਦਾਸੀਨ ਵਕਰਾਂ ਵਿਚ ਸਭ ਤੋਂ ਉੱਚੀ ਉਦਾਸੀਨ ਵਕਰ* $IC_3$ *ਉਪਰ ਕੀਮਤ ਰੇਖਾ ਨਾਲ ਸਪਰਸ਼ ਕਰਨ ਵਾਲੀ ਥਾਂ ਤੇ ਸਥਿਤ ਹੈ। ਉਪਭੋਗੀ ਇਸ ਤੋਂ ਉਪਰ ਵਾਲੀਆਂ ਉਦਾਸੀਨ ਵਕਰਾਂ* $IC_4$ *ਅਤੇ* $IC_5$*, ਜਿਹੜੀਆਂ ਭਾਵੇਂ ਉਸ ਨੂੰ ਵਕਰ* $IC_3$ *ਨਾਲੋਂ ਵੀ ਵੱਧ ਸੰਤੁਸ਼ਟੀ ਪ੍ਰਾਪਤ ਕਰਵਾ ਸਕਦੀਆਂ ਹਨ, ਕਿਉਂਕਿ ਇਨ੍ਹਾਂ ਉਪਰ ਪਹੁੰਚਣ ਲਈ ਉਸ ਕੋਲ ਲੋੜੀਂਦੀ ਮੁਦਰਾ ਨਹੀਂ ਹੈ, ਜਿਸ ਕਰਕੇ ਕੀਮਤ ਰੇਖਾ* (SR) *ਉਨ੍ਹਾਂ ਨੂੰ ਸਪਰਸ਼ ਨਹੀਂ ਕਰ ਸਕਦੀ। ਸੋ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਉਪਭੋਗੀ ਕੇਵਲ* E *ਜੋੜੇ ਉਪਰ ਹੀ ਸੰਤੁਲਨ ਦੀ ਹਾਲਤ ਵਿਚ ਹੁੰਦਾ ਹੈ ਕਿਉਂਕਿ ਇਹ ਜੋੜਾ ਹੀ ਉਸ ਨੂੰ ਵੱਧ ਤੋਂ ਵੱਧ ਸੰਤੁਸ਼ਟੀ ਪ੍ਰਦਾਨ ਕਰਦਾ ਹੈ।*

*ਸਪਰਸ਼ਤਾ ਦੇ ਬਿੰਦੂ* E *ਉਪਰ ਕੀਮਤ ਰੇਖਾ* SR *ਦੀ ਢਲਾਣ ਅਤੇ ਉਦਾਸੀਨ ਵਕਰ* $IC_3$ *ਦੀ ਢਲਾਣ ਵਿਚ ਸਮਾਨਤਾ*

ਹੈ। ਉਦਾਸੀਨ ਵਕਰ ਦੀ ਢਲਾਣ ਵਸਤੂਆਂ x ਅਤੇ y ਵਿਚਕਾਰ ਸੀਮਾਂਤ ਪ੍ਰਤੀਸਥਾਪਨ ਦੀ ਦਰ ($MRS_{xy}$) ਨੂੰ ਦਰਸਾਉਂਦੀ ਹੈ। ਜਦੋਂ ਕਿ ਕੀਮਤ ਰੇਖਾ ਦੀ ਢਲਾਣ ਦੋ ਵਸਤੂਆਂ ਵਿਚਕਾਰ ਅਨੁਪਾਤ $\left(\frac{P_x}{P_y}\right)$ ਨੂੰ ਦਰਸਾਉਂਦੀ ਹੈ। ਇਸ ਤਰ੍ਹਾਂ ਸੰਤੁਲਨ ਬਿੰਦੂ E ਉਪਰ ਵਸਤੂ x ਅਤੇ y ਵਿਚਕਾਰ ਪ੍ਰਤੀਸਥਾਪਨ ਦੀ ਦਰ ਨੂੰ ਹੇਠ ਲਿਖੇ ਅਨੁਸਾਰ ਲਿਖਿਆ ਜਾ ਸਕਦਾ ਹੈ :

ਵਸਤੂ x ਦੀ ਵਸਤੂ y ਵਿਚਕਾਰ ਪ੍ਰਤੀਸਥਾਪਨ ਦੀ ਦਰ ($MRS_{xy}$) =


$$\frac{\text{ਵਸਤੂ X ਦੀ ਕੀਮਤ}}{\text{ਵਸਤੂ y ਦੀ ਕੀਮਤ}} = \frac{P_x}{P_y}$$

**(vii) ਮੰਗ ਉਪਰ ਆਮਦਨ, ਪ੍ਰਤੀਸਥਾਪਨ ਅਤੇ ਕੀਮਤ ਪ੍ਰਭਾਵ (Income, Substitution and Price Effect on Demand) :** ਅਸੀਂ ਹੁਣ ਤੱਕ ਉਪਭੋਗੀ ਦੇ ਵਿਵਹਾਰ ਦਾ ਇਸ ਮਨੌਤ ਨੂੰ ਮੁੱਖ ਰੱਖਦੇ ਹੋਏ ਵਿਸ਼ਲੇਸ਼ਣ ਕੀਤਾ ਹੈ ਕਿ ਉਪਭੋਗੀ ਦੀ ਆਮਦਨ ਅਤੇ ਦੋਨੋਂ ਵਸਤੂਆਂ ਦੀਆਂ ਕੀਮਤਾਂ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਪਹਿਲੀ ਸੰਭਾਵਨਾ ਇਹ ਹੈ ਕਿ ਉਪਭੋਗੀ ਦੀ ਆਮਦਨ ਵਿਚ ਤਬਦੀਲੀ ਆ ਜਾਵੇ, ਪਰੰਤੂ ਵਸਤੂਆਂ ਦੀਆਂ ਕੀਮਤਾਂ ਸਥਿਰ ਰਹਿਣ। ਇਸ ਸਥਿਤੀ ਵਿਚ ਉਪਭੋਗੀ ਦੀ ਸੰਤੁਸ਼ਟੀ ਦਾ ਪੱਧਰ ਵੱਧ ਜਾਵੇਗਾ। ਜੇ ਉਸ ਦੀ ਆਮਦਨ ਵਿਚ ਵਾਧਾ ਹੁੰਦਾ ਹੈ; ਅਤੇ ਪੱਧਰ ਘੱਟ ਜਾਵੇਗਾ, ਜੇ ਉਸ ਦੀ ਆਮਦਨ ਪਹਿਲਾਂ ਨਾਲੋਂ ਘੱਟ ਜਾਂਦੀ ਹੈ। ਉਪਭੋਗੀ ਦੀ ਸੰਤੁਸ਼ਟੀ ਵਿਚ ਇਸ ਤਰ੍ਹਾਂ ਆਈ ਤਬਦੀਲੀ ਨੂੰ ਆਮਦਨ ਪ੍ਰਭਾਵ ਕਹਿੰਦੇ ਹਨ।

ਦੂਸਰੀ ਸਥਿਤੀ ਇਹ ਹੋ ਸਕਦੀ ਹੈ ਕਿ ਵਸਤੂ ਦੀ ਕੀਮਤ ਵਿਚ ਤਬਦੀਲੀ ਆ ਜਾਵੇ ਅਤੇ ਉਪਭੋਗੀ ਦੀ ਆਮਦਨ ਸਥਿਰ ਰਹੇ। ਅਜਿਹੀ ਹਾਲਤ ਵਿਚ ਉਪਭੋਗੀ ਪਹਿਲਾਂ ਨਾਲੋਂ ਜਾਂ ਤਾਂ ਵਧੀਆ ਸਥਿਤੀ (Better off) ਵਿਚ ਹੋਵੇਗਾ ਤੇ ਜਾਂ ਫਿਰ ਪਹਿਲਾਂ ਨਾਲੋਂ ਘਟੀਆ ਸਥਿਤੀ (Worse off) ਵਿਚ ਹੋਵੇਗਾ। ਇਹ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਕੀ ਵਸਤੂਆਂ ਦੀਆਂ ਕੀਮਤਾਂ ਘਟੀਆ ਹਨ ਜਾਂ ਵੱਧ ਗਈਆਂ ਹਨ। ਇਸ ਤਰ੍ਹਾਂ ਦੀ ਤਬਦੀਲੀ ਨੂੰ ਕੀਮਤ ਪ੍ਰਭਾਵ ਕਿਹਾ ਜਾਂਦਾ ਹੈ।

ਤੀਸਰੀ ਸਥਿਤੀ ਇਹ ਵੀ ਹੋ ਸਕਦੀ ਹੈ ਕਿ ਕੀਮਤ ਵਿਚ ਤਬਦੀਲੀਆਂ ਦੇ ਨਾਲ-ਨਾਲ ਉਪਭੋਗੀ ਦੀ ਮੁਦਰਿਕ ਆਮਦਨ ਵਿਚ ਵੀ ਤਬਦੀਲੀ ਆ ਜਾਵੇ। ਅਜਿਹੀ ਹਾਲਤ ਵਿਚ ਉਪਭੋਗੀ ਪਹਿਲਾਂ ਨਾਲੋਂ ਨਾ ਤਾਂ ਵਧੀਆ ਸਥਿਤੀ (Better off) ਵਿਚ ਹੋਵੇਗਾ ਅਤੇ ਨਾ ਹੀ ਮਾੜੀ ਸਥਿਤੀ (Worse off) ਵਿਚ ਹੋਵੇਗਾ। ਪਰੰਤੂ ਹੁਣ ਉਹ ਉਨ੍ਹਾਂ ਵਸਤੂਆਂ ਦੀ ਵਧੇਰੇ ਮਾਤਰਾ ਖਰੀਦ ਸਕੇਗਾ ਜਿਨ੍ਹਾਂ ਦੀ ਸਾਪੇਖਿਕ ਕੀਮਤ (Relative price) ਵਿਚ ਕਮੀ ਆਈ ਹੈ। ਇਸ ਤਰ੍ਹਾਂ ਉਹ ਸਾਪੇਖਿਕ ਤੌਰ ਤੇ ਮਹਿੰਗੀ ਵਸਤੂ ਦੀ ਥਾਂ ਸਸਤੀ ਵਸਤੂ ਦਾ ਪ੍ਰਤੀਸਥਾਪਨ ਕਰਦਾ ਹੈ। ਇਸ ਤਰ੍ਹਾਂ ਦੀ ਤਬਦੀਲੀ ਨੂੰ ਪ੍ਰਤੀਸਥਾਪਨ ਪ੍ਰਭਾਵ (Substitution Effect) ਕਿਹਾ ਜਾਂਦਾ ਹੈ।


**(vii).1 ਆਮਦਨ ਪ੍ਰਭਾਵ (Income Effect) :** ਹੁਣ ਅਸੀਂ ਉਪਭੋਗੀ ਦੇ ਸੰਤੁਲਨ ਉਪਰ ਉਪਭੋਗੀ ਦੀ ਆਮਦਨ ਵਿਚ ਕੋਈ ਤਬਦੀਲੀ ਨਾ ਆਉਣ ਤੇ ਕੀ ਪ੍ਰਭਾਵ ਪੈਂਦਾ ਹੈ, ਨੂੰ ਵਿਚਾਰਾਂਗੇ। ਆਮ ਤੌਰ ਤੇ ਜਦੋਂ ਇਕ ਉਪਭੋਗੀ ਕੋਲ ਪਹਿਲਾਂ ਨਾਲੋਂ ਵਧੇਰੇ ਆਮਦਨ ਆ ਜਾਂਦੀ ਹੈ ਤਾਂ ਉਹ ਵਸਤੂਆਂ ਦੀ ਵਧੇਰੇ ਮਾਤਰਾ ਖਰੀਦਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਉਪਭੋਗੀ ਨੀਵੀਂ ਉਦਾਸੀਨ ਵਕਰ ਤੋਂ ਉਪਰਲੀ ਉਦਾਸੀਨ ਵਕਰ ਤੇ ਚਲਾ ਜਾਂਦਾ ਹੈ। ਦੂਸਰੇ ਪਾਸੇ ਜੇਕਰ ਉਪਭੋਗੀ ਦੀ ਆਮਦਨ ਘੱਟ ਜਾਵੇ ਤਾਂ ਉਹ ਵਸਤੂਆਂ ਦੀ ਘੱਟ ਮਾਤਰਾ ਖਰੀਦੇਗਾ ਅਤੇ ਉਹ ਉਪਰਲੀ ਉਦਾਸੀਨ ਵਕਰ ਤੋਂ ਹੇਠਲੀ ਉਦਾਸੀਨ ਵਕਰ ਉਪਰ ਆ ਜਾਂਦਾ ਹੈ। ਅਜਿਹੀ ਤਬਦੀਲੀਨੂੰ ਰੇਖਾ-ਚਿੱਤਰ ਨੰ.15 ਵਿਚ ਵਿਖਾਇਆ ਗਿਆ ਹੈ।




*ਉਪਭੋਗੀ ਆਪਣੀ ਮੁ* **ਰੇਖਾ ਚਿੱਤਰ ਨੰ. 15** *ਬਿੰਦੂ*

E *ਉਪਰ ਸੰਤੁਲਨ ਦੀ ਸਥਿਤੀ ਵਿਚ ਹੁੰਦਾ ਹੈ। ਇਥੇ ਉਹ ਵਸਤੂ* x *ਦੀ* OM *ਮਾਤਰਾ ਅਤੇ ਵਸਤੂ* y *ਦੀ* OJ *ਮਾਤਰਾ ਖਰੀਦਦਾ ਹੈ। ਫਰਜ਼ ਕਰੋ ਕਿ ਉਸ ਦੀ ਆਮਦਨ ਵੱਧ ਕੇ* $OS_1$ *ਹੋ ਜਾਂਦੀਹੈ, ਤਾਂ ਉਪਭੋਗੀ ਦਾ ਸੰਤੁਲਨ ਬਿੰਦੂ* E *ਤੋਂ ਬਦਲ ਕੇ* $E_1$ *ਹੋ ਜਾਵੇਗਾ। ਇਥੇ ਉਹ ਪਹਿਲਾਂ ਨਾਲੋਂ ਚੰਗੀ ਹਾਲਤ ਵਿਚ ਹੈ ਕਿਉਂਕਿ ਹੁਣ ਉਹ ਉਦਾਸੀਨ ਵਕਰ* $IC_2$ *ਉਪਰ ਚਲਾ ਗਿਆ ਹੈ ਅਤੇ ਇਥੇ ਉਹ* x *ਵਸਤੂ ਦੀ* ON *ਮਾਤਰਾ ਖਰੀਦਦਾ ਹੈ ਅਤੇ* y *ਵਸਤੂ ਦੀ* OK *ਮਾਤਰਾ ਖਰੀਦਦਾ ਹੈ। ਜੇ ਉਪਭੋਗੀ ਦੀ ਆਮਦਨ ਹੋਰ ਵੀ ਵੱਧ ਕੇ* $OS_2$ *ਹੋ ਜਾਂਦੀ ਹੈ ਅਤੇ ਫਿਰ* $OS_3$ *ਹੋ ਜਾਂਦੀ ਹੈ ਤਾਂ ਉਸ ਦੇ ਸੰਤੁਲਨ ਦੀ ਸਥਿਤੀ ਕ੍ਰਮਵਾਰ* $E_2$ *ਅਤੇ* $E_3$ *ਹੋਵੇਗੀ। ਇਸ ਕਰਕੇ ਇਹ ਸਪੱਸ਼ਟ ਹੈ ਕਿ ਆਮਦਨ ਵਿਚ ਤਬਦੀਲੀ ਨਾਲ ਉਪਭੋਗੀ ਦੇ ਸੰਤੁਲਨ ਬਿੰਦੂ ਵਿਚ ਵੀ ਤਬਦੀਲੀ ਆਉਂਦੀ ਹੈ, ਬਸ਼ਰਤੇ ਵਸਤੂਆਂ ਦੀਆਂ ਕੀਮਤਾਂ ਵਿਚ ਕੋਈ ਤਬਦੀਲੀ ਨਾ ਹੋਵੇ। ਜੇ ਸੰਤੁਲਨ* ($E, E_1, E_2, E_3$) *ਵੱਖ-ਵੱਖ ਬਿੰਦੂਆਂ ਨੂੰ ਆਪਸ ਵਿਚ ਮਿਲਾ ਦਿੱਤਾ ਜਾਵੇ ਤਾਂ ਰੇਖਾ-ਚਿੱਤਰ ਵਿਚ ਇਕ ਅਜਿਹੀ ਵਕਰ ਬਣ ਜਾਂਦੀ ਹੈ ਜਿਸ ਨੂੰ ਕਿ ਆਮਦਨ ਉਪਭੋਗ* (ICC) *ਵਕਰ ਕਿਹਾ ਜਾਂਦਾ ਹੈ। ਇਹ ਆਮਦਨ ਉਪਭੋਗ ਵਕਰ ਦਰਸਾਉਂਦੀ ਹੈ ਕਿ ਉਪਭੋਗੀ ਦੀ ਆਮਦਨ ਵਿਚ ਤਬਦੀਲੀ ਹੋਣ ਨਾਲ ਉਹ ਵੱਖ-ਵੱਖ ਵਸਤੂਆਂ ਦੀ ਖਰੀਦ ਸੰਬੰਧੀ ਕਿਸ ਤਰ੍ਹਾਂ ਦੀ ਪ੍ਰਤੀਕਿਰਿਆ ਕਰਦਾ ਹੈ, ਬਸ਼ਰਤੇ ਦੋਹਾਂ ਵਸਤੂਆਂ ਦੀਆਂ ਕੀਮਤਾਂ ਸਥਿਰ ਰਹਿੰਦੀਆਂ ਹਨ। ਇਸ ਤਰ੍ਹਾਂ ਆਮਦਨ ਉਪਭੋਗ ਵਕਰ ਉਪਭੋਗੀ ਦੇ ਵੱਖ-ਵੱਖ ਆਮਦਨ ਪੱਧਰਾਂ ਉਪਰ ਸੰਤੁਲਨ ਦੇ ਵੱਖ-ਵੱਖ ਬਿੰਦੂਆਂ ਨੂੰ ਦਰਸਾਉਂਦੀ ਹੈ।*

*ਪਰੰਤੂ ਸਾਧਾਰਨ ਵਸਤਾਂ* (Normal Commodities) *ਦੇ ਸੰਬੰਧ ਵਿਚ ਤਾਂ ਆਮਦਨ ਉਪਭੋਗ ਵਕਰ* (ICC) *ਦੀ ਢਲਾਣ ਸਦਾ ਹੀ ਹੇਠਾਂ ਤੋਂ ਉਪਰ, ਸੱਜੇ ਪਾਸੇ ਵੱਲ ਹੁੰਦੀ ਹੈ, ਜਿਵੇਂ ਕਿ ਅਸੀਂ ਰੇਖਾ-ਚਿੱਤਰ ਨੰ.15 ਵਿਚ ਵੇਖਿਆ ਹੈ। ਪਰੰਤੂ ਕੁਝ ਵਸਤੂਆਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਕਿ ਘਟੀਆ ਵਸਤਾਂ* (Inferior Commodities) *ਕਿਹਾ ਜਾਂਦਾ ਹੈ, ਜਿਵੇਂ ਕਿ ਉਪਭੋਗ ਲਈ ਕਣਕ ਦੇ ਮੁਕਾਬਲੇ ਬਾਜਰੇ ਨੂੰ ਘਟੀਆ ਵਸਤੂ ਸਮਝਿਆ ਜਾਂਦਾ ਹੈ। ਰੇਖਾ-ਚਿੱਤਰ ਨੰ.16 ਵਿਚ* OX *ਧੁਰੇ ਉਪਰ ਘਟੀਆ ਵਸਤੂ ਲਈ ਗਈ ਹੈ ਅਤੇ* OY *ਧੁਰੇ ਉਪਰ ਸਾਧਾਰਨ ਵਸਤੂ ਨੂੰ ਲਿਆ ਗਿਆ ਹੈ।*





*ਘਟੀਆ ਵਸਤੂਆਂ ਸੰਬੰਧੀ ਆਮਦਨ ਪ੍ਰਭਾਵ ਰਿਣਾਤਮਕ* (Negative) *ਹੁੰਦਾ ਹੈ। ਅਜਿਹੀਆਂ ਵਸਤੂਆਂ ਜਿਨ੍ਹਾਂ ਉਪਰ ਆਮਦਨ ਪ੍ਰਭਾਵ ਰਿਣਾਤਮਕ ਹੁੰਦਾ ਹੈ ਉਨ੍ਹਾਂ ਵਸਤੂਆਂ ਨੂੰ ਘਟੀਆ ਵਸਤੂਆਂ ਕਿਹਾ ਜਾਂਦਾ ਹੈ। ਇਸ ਦਾ ਕਾਰਨ ਇਹ ਹੈ ਕਿ ਜਦੋਂ ਉਪਭੋਗੀ ਦੀ ਆਮਦਨ ਪਹਿਲਾਂ ਨਾਲੋਂ ਵੱਧ ਜਾਂਦੀ ਹੈ ਤਾਂ ਉਹ ਕੁਝ ਵਸਤੂਆਂ, ਜਿਹੜੀਆਂ ਨੂੰ ਕਿ ਉਹ ਘਟੀਆ ਸਮਝਦਾ ਹੈ, ਦੇ ਉਪਭੋਗ ਨੂੰ ਘਟਾ ਦਿੰਦਾ ਹੈ ਅਤੇ ਹੁਣ ਉਹ ਘਟੀਆ ਵਸਤੂ ਦੀ ਥਾਂ ਸਾਧਾਰਨ ਵਸਤੂ ਦਾ ਉਪਭੋਗ ਵਧਾ ਦਿੰਦਾ ਹੈ। ਉਦਾਹਰਣ ਵਜੋਂ ਉਪਭੋਗੀ ਆਮਦਨ ਵਧਣ ਨਾਲ ਬਾਜਰੇ (ਘਟੀਆ ਵਸਤੂ) ਦੇ ਉਪਭੋਗ ਨੂੰ ਘਟਾ ਕੇ ਉਸ ਦੀ ਥਾਂ ਕਣਕ (ਵਧੀਆ ਵਸਤੂ) ਦੇ ਉਪਭੋਗ ਨੂੰ ਵਧਾ ਦਿੰਦਾ ਹੈ। ਘਟੀਆ ਵਸਤੂ ਦੇ ਸੰਬੰਧ ਵਿਚ ਆਮਦਨ ਉਪਭੋਗ ਵਕਰ ਢਲਾਣ ਖੱਬੇ ਵੱਲ ਉਪਰ ਨੂੰ ਜਾਂਦੀ ਹੈ। ਰੇਖਾ-ਚਿੱਤਰ ਤੋਂ ਸਪੱਸ਼ਟ ਹੈ ਕਿ ਇਹ ਵਕਰ ਪਹਿਲਾਂ ਇਕ ਹੱਦ ਤੋਂ ਬਾਅਦ (ਉੱਚੀ ਆਮਦਨ ਤੇ) ਰਿਣਾਤਮਕ* (Negative) *ਹੋ ਜਾਂਦੀ ਹੈ ਭਾਵ ਖੱਬੇ ਪਾਸੇ* OY *ਧੁਰੇ ਵੱਲ ਨੂੰ ਮੁੜ ਜਾਂਦੀ ਹੈ। ਰੇਖਾ-ਚਿੱਤਰ ਵਿਚ ਇਹ ਸਥਿਤੀ* $E_2$ *ਬਿੰਦੂ ਤੋਂ ਬਾਅਦ ਸ਼ੁਰੂ ਹੁੰਦੀ ਹੈ।*

*ਇਸ ਤਰ੍ਹਾਂ ਜਿਉਂ-ਜਿਉਂ ਉਪਭੋਗੀ ਦੀ ਆਮਦਨ ਵਿਚ ਵਾਧਾ ਹੁੰਦਾ ਜਾਂਦਾ ਹੈ, ਉਸ ਦੀ ਆਮਦਨ ਉਪਭੋਗ ਵਕਰ* (ICC) *ਸੰਤੁਲਨ ਦੇ ਬਿੰਦੂਆਂ* $E_3$, $E_4$ *ਅਤੇ* $E_5$ *ਵਿਚੋਂ ਲੰਘਦੀ ਹੋਈ ਉਪਰ ਖੱਬੇ,* OY *ਧੁਰੇ ਵੱਲ ਨੂੰ ਜਾਂਦੀ ਹੈ।*

*ਸਪੱਸ਼ਟ ਹੈ ਕਿ ਉਪਭੋਗੀ ਦੀ ਆਮਦਨ ਵਧਣ ਨਾਲ ਉਹ ਇਕ ਬਿੰਦੂ* ($E_2$) *ਤੋਂ ਬਾਅਦ ਘਟੀਆ ਵਸਤੂ ਦੀ ਮੰਗ ਨੂੰ ਘਟਾਉਂਦਾ ਜਾਂਦਾ ਹੈ ਅਤੇ ਸਾਧਾਰਨ ਵਸਤੂ ਦੀ ਮੰਗ ਨੂੰ ਵਧਾਉਂਦਾ ਜਾਂਦਾ ਹੈ।*


*ਇਸੇ ਤਰ੍ਹਾਂ ਹੀ ਜੇ ਵਸਤੂ* y *ਘਟੀਆ ਵਸਤੂ ਹੈ ਅਤੇ ਵਸਤੂ* x *ਸਾਧਾਰਨ* (Normal) *ਵਸਤੂ ਹੈ ਤਾਂ ਉਪਭੋਗੀ ਦੀ ਆਮਦਨ ਉਪਭੋਗ ਵਕਰ ਬਿੰਦੂ* $E_2$ *ਤੋਂ ਬਾਅਦ ਉਪਰ ਖੱਬੇ ਤੋਂ ਸੱਜੇ, ਹੇਠਾਂ ਵੱਲ ਨੂੰ ਜਾਵੇਗੀ। ਜਿਵੇਂ ਕਿ ਰੇਖਾ-ਚਿੱਤਰ ਨੰ.17 ਵਿਚ ਵਿਖਾਇਆ ਗਿਆ ਹੈ, ਕਿਉਂਕਿ ਇਥੇ ਘਟੀਆ ਵਸਤੂ* x *ਦੀ ਮੰਗ ਉੱਪਰ ਆਮਦਨ ਪ੍ਰਭਾਵ ਰਿਣਾਤਮਕ ਹੁੰਦਾ ਹੈ।*




ਰੇਖਾ ਚਿੱਤਰ ਨੰ. 17

**(vii). 2 ਪ੍ਰਤੀਸਥਾਪਨ ਪ੍ਰਭਾਵ (Substitution Effect) :** *ਜਦੋਂ ਇਕ ਉਪਭੋਗੀ ਦਿੱਤੀ ਹੋਈ ਆਮਦਨ ਨਾਲ ਦੋਵਾਂ ਵਸਤੂਆਂ ਦੀ ਖਰੀਦ ਕਰ ਰਿਹਾ ਹੁੰਦਾ ਹੈ ਤਾਂ ਜੇ ਇਕ ਵਸਤੂ ਦੀ ਕੀਮਤ ਵਿਚ ਤਬਦੀਲੀ ਆ ਜਾਵੇ ਤਾਂ ਇਸ ਨਾਲ ਉਪਭੋਗੀ ਦੀ ਅਸਲ ਆਮਦਨ ਵਿਚ ਵੀ ਤਬਦੀਲੀ ਆ ਜਾਂਦੀ ਹੈ। ਉਦਾਹਰਣ ਵਜੋਂ ਜੇ ਇਕ ਉਪਭੋਗੀ ਕੋਲ ਖਰਚਣ ਲਈ ਕੇਵਲ 100 ਰੁਪਏ ਹਨ, ਜੋ ਕਿ ਉਸ ਨੇ ਦੋਹਾਂ ਵਸਤੂਆਂ, ਭਾਵ ਸੇਬਾਂ ਅਤੇ ਚੀਕੂਆਂ ਉਪਰ ਖਰਚ ਕਰਨੇ ਹਨ। ਬਜ਼ਾਰ ਵਿਚ ਸੇਬਾਂ ਦੀ ਕੀਮਤ 20 ਰੁਪਏ ਪ੍ਰਤੀ ਕਿੱਲੋ ਹੈ ਅਤੇ ਚੀਕੂਆਂ ਦੀ ਕੀਮਤ 15 ਰੁਪਏ ਪ੍ਰਤੀ ਕਿੱਲੋ ਹੈ। ਉਪਭੋਗੀ ਦੋ ਕਿੱਲੋ ਸੇਬ ਖਰੀਦਦਾ ਹੈ, ਉਨ੍ਹਾਂ ਉਪਰ ਉਸ ਦੇ 40 ਰੁਪਏ ਖਰਚ ਹੋ ਜਾਂਦੇ ਹਨ। ਦੂਸਰੇ ਪਾਸੇ ਉਪਭੋਗੀ 4 ਕਿੱਲੋ ਚੀਕੂ ਖਰੀਦਦਾ ਹੈ ਜਿਸ ਉਪਰ ਉਸ ਦੇ 60 ਰੁਪਏ ਖਰਚ ਹੋ ਜਾਂਦੇ ਹਨ। ਹੁਣ ਫਰਜ਼ ਕਰੋ ਕਿ ਸੇਬਾਂ ਦੀ ਕੀਮਤ 20 ਰੁਪਏ ਤੋਂ ਘੱਟ ਕੇ 10 ਰੁਪਏ ਪ੍ਰਤੀ ਕਿੱਲੋ ਹੋ ਜਾਂਦੀ ਹੈ ਅਤੇ ਚੀਕੂਆਂ ਦੀ ਕੀਮਤ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਹੁਣ ਸੇਬਾਂ ਦੀ ਕੀਮਤ ਘਟਣ ਨਾਲ ਪਹਿਲਾਂ ਜਿੰਨੇ ਦੋ ਕਿੱਲੇ ਸੇਬ ਸਿਰਫ (2×10) 20 ਰੁਪਏ ਵਿਚ ਮਿਲ ਜਾਂਦੇ ਹਨ। ਇਸ ਤਰ੍ਹਾਂ ਉਪਭੋਗੀ ਕੋਲ ਪਹਿਲਾਂ ਜਿੰਨੇ ਸੇਬ ਅਤੇ ਪਹਿਲਾਂ ਜਿੰਨੇ ਹੀ ਚੀਕੂ ਖਰੀਦਣ ਤੋਂ ਬਾਅਦ 20 ਰੁਪਏ ਬਚ ਜਾਂਦੇ ਹਨ। ਇਸ ਨੂੰ ਹੀ ਉਪਭੋਗੀ ਦੀ ਅਸਲ ਆਮਦਨ* (Real income) *ਵਿਚ ਵਾਧਾ ਕਿਹਾ ਜਾਂਦਾ ਹੈ। ਸੇਬਾਂ ਦੀ ਕੀਮਤ ਘਟਣ ਕਰਕੇ ਇਨ੍ਹਾਂ ਬਚੇ ਹੋਏ 20 ਰੁਪਿਆਂ ਨਾਲ ਉਪਭੋਗੀ ਦੋ ਕਿੱਲੋ ਸੇਬ ਹੋਰ ਖਰੀਦ ਲੈਂਦਾ ਹੈ। ਇਨ੍ਹਾਂ ਬਚਦੇ 20 ਰੁਪਿਆਂ ਨਾਲ ਖਰੀਦੇ ਗਏ ਹੋਰ ਸੇਬਾਂ ਕਾਰਨ, ਸੇਬਾਂ ਦੀ ਕੁੱਲ ਮਾਤਰਾ ਦੋ ਕਿੱਲੋ ਤੋਂ ਵੱਧ ਕੇ ਚਾਰ ਕਿੱਲੋ ਹੋ ਜਾਂਦੀ ਹੈ। ਸੇਬਾਂ ਦੀ ਕੀਮਤ ਘਟਣ ਨਾਲ ਉਪਭੋਗੀ ਨੂੰ ਜਿਹੜੇ 20 ਰੁਪਏ ਬਚੇ ਹਨ ਉਨ੍ਹਾਂ ਨਾਲ ਖਰੀਦੇ ਗਏ ਵਾਧੂ ਦੋ ਕਿੱਲੋ ਸੇਬਾਂ ਦੀ ਮਾਤਰਾ ਨੂੰ, ਉਪਭੋਗੀ ਦੀ ਮੰਗ ਉਪਰ ਆਮਦਨ ਪ੍ਰਭਾਵ* (Income Effect) *ਕਿਹਾ ਜਾਂਦਾ ਹੈ। ਹੁਣ ਉਪਭੋਗੀ ਨੂੰ ਚੀਕੂਆਂ ਦੇ ਮੁਕਾਬਲੇ ਸੇਬ ਬਹੁਤ ਸਸਤੇ ਲੱਗਦੇ ਹਨ ਇਸ ਕਰਕੇ ਉਹ ਚੀਕੂਆਂ ਦੀ ਮੰਗ (ਖਰੀਦ) ਨੂੰ ਘੱਟ ਕਰਕੇ ਸੇਬਾਂ ਦੀ ਹੋਰ ਮਾਤਰਾ ਖਰੀਦੇਗਾ। ਫਰਜ਼ ਕਰੋ ਉਪਭੋਗੀ ਚਾਰ ਕਿੱਲੋ ਚੀਕੂਆਂ ਦੀ ਥਾਂ ਹੁਣ ਕੇਵਲ ਦੋ ਕਿੱਲੋ ਚੀਕੂ ਹੀ ਖਰੀਦਦਾ ਹੈ, ਜਿਸ ਉਪਰ ਉਸ ਦੇ ਕੁੱਲ 30 ਰੁਪਏ ਹੀ ਖਰਚ ਹੁੰਦੇ ਹਨ। ਇਸ ਤਰ੍ਹਾਂ ਉਪਭੋਗੀ ਦਾ ਜਿਥੇ ਪਹਿਲਾਂ ਚਾਰ ਕਿੱਲੋ ਚੀਕੂ ਖਰੀਦਣ ਤੇ ਕੁੱਲ ਖਰਚ 60 ਰੁਪਏ ਹੁੰਦਾ ਸੀ ਹੁਣ ਜਦੋਂ ਉਹ ਚਾਰ ਕਿੱਲੋ ਦੀ ਥਾਂ ਸਿਰਫ ਦੋ ਕਿੱਲੋ ਚੀਕੂ ਹੀ ਖਰੀਦਦਾ ਹੈ ਤਾਂ ਉਸ ਦਾ ਚੀਕੂਆਂ ਉਪਰ ਖਰਚ ਘੱਟ ਕੇ 30 ਰੁਪਏ ਰਹਿ*

*ਗਿਆ ਹੈ ਅਤੇ ਉਸ ਕੋਲ ਬਾਕੀ 30 ਰੁਪਏ ਬਚ ਜਾਂਦੇ ਹਨ। ਉਪਭੋਗੀ ਇਨ੍ਹਾਂ ਬਚਦੇ 30 ਰੁਪਏ ਨੂੰ ਸੇਬਾਂ ਦੀ ਹੋਰ ਮਾਤਰਾ ਖਰੀਦਣ ਤੇ ਖਰਚ ਕਰ ਦਿੰਦਾ ਹੈ। ਇਨ੍ਹਾਂ 30 ਰੁਪਏ ਨਾਲ ਹੁਣ ਉਹ ਤਿੰਨ ਕਿੱਲੋ ਸੇਬ ਹੋਰ ਖਰੀਦ ਲੈਂਦਾ ਹੈ। ਜਦੋਂ ਉਪਭੋਗੀ ਚੀਕੂਆਂ ਦੀ ਮੰਗ ਨੂੰ ਘੱਟ ਕਰਕੇ ਉਸ ਦੀ ਥਾਂ ਸੇਬਾਂ ਦੀ ਵਧੇਰੇ ਮਾਤਰਾ ਨੂੰ ਖਰੀਦਦਾ ਹੈ ਤਾਂ ਇਸ ਨੂੰ ਸਥਾਨਪਤੀ ਪ੍ਰਭਾਵ ਕਿਹਾ ਜਾਂਦਾ ਹੈ। ਦੂਸਰੇ ਸ਼ਬਦਾਂ ਵਿਚ ਚੀਕੂਆਂ ਦੀ ਮੰਗ ਘਟਾ ਕੇ ਉਪਭੋਗੀ ਸੇਬਾਂ ਦੀ ਮੰਗ ਵਿਚ ਜੋ ਵਾਧਾ ਕਰਦਾ ਹੈ ਉਸ ਨੂੰ ਹੀ ਵਸਤੂ (ਸੇਬਾਂ) ਦੀ ਮੰਗ ਉਪਰ ਸਥਾਨਪਤੀ ਪ੍ਰਭਾਵ ਕਿਹਾ ਜਾਂਦਾ ਹੈ। ਹਿਕਸ* (Hicks) *ਅਤੇ ਐਲਨ* (Allen) *ਦੁਆਰਾ ਦਿੱਤੇ ਗਏ ਸਥਾਨਪਤੀ ਪ੍ਰਭਾਵ ਨੂੰ ਹੇਠ ਲਿਖੇ ਰੇਖਾ-ਚਿੱਤਰ ਨੰ.18 ਦੁਆਰਾ ਵੀ ਦਰਸਾਇਆ ਗਿਆ ਹੈ।*





**ਰੇਖਾ-ਚਿੱਤਰ ਨੰ. 18**

*ਰੇਖਾ-ਚਿੱਤਰ ਵਿਚ ਦਿਖਾਇਆ ਗਿਆ ਹੈ ਕਿ ਉਦਾਸੀਨ ਵਕਰ* ($IC_1$) *ਕੀਮਤ ਰੇਖਾ* (PL) *ਨੂੰ* E *ਬਿੰਦੂ ਤੇ ਸਪਰਸ਼ ਕਰਦੀ ਹੈ, ਜੋ ਉਪਭੋਗੀ ਦੇ ਸੰਤੁਲਨ ਦੀ ਸਥਿਤੀ ਹੈ। ਇਥੇ ਉਪਭੋਗੀ* x *ਵਸਤੂ ਦੀ* OQ *ਮਾਤਰਾ ਖਰੀਦ ਰਿਹਾ ਹੈ ਅਤੇ* y *ਵਸਤੂ ਦੀ* OK *ਮਾਤਰਾ ਖਰੀਦ ਰਿਹਾ ਹੈ। ਜਦੋਂ ਬਾਜ਼ਾਰ ਵਿਚ ਵਸਤੂ* x *ਦੀ ਕੀਮਤ ਘੱਟ ਜਾਂਦੀ ਹੈ ਤਾਂ ਕੀਮਤ ਰੇਖਾ* PL *ਤੋਂ ਬਦਲ ਕੇ* $PL_1$ *ਹੋ ਜਾਂਦੀ ਹੈ। ਜਿਸ ਦਾ ਭਾਵ ਹੈ ਕਿ ਪਹਿਲਾਂ ਜਿੰਨੀ ਮੁਦਰਾ ਨਾਲ ਹੀ ਉਪਭੋਗੀ ਹੁਣ ਪਹਿਲਾਂ ਤੋਂ ਜ਼ਿਆਦਾ ਵਸਤੂ* x *ਨੂੰ ਖਰੀਦ ਸਕਦਾ ਹੈ। ਸਥਾਨਪਤੀ ਪ੍ਰਭਾਵ ਨੂੰ ਦੇਖਣ ਲਈ* x *ਵਸਤੂ ਦੀ ਕੀਮਤ ਘਟਣ ਕਰਕੇ ਉਪਭੋਗੀ ਦੀ ਵਧੀ ਹੋਈ ਆਮਦਨ ਨੂੰ ਇਸ ਤਰ੍ਹਾਂ ਵਾਪਸ ਲਿਆ ਜਾਂਦਾ ਹੈ ਕਿ ਉਸ ਦੀ ਅਸਲ ਆਮਦਨ ਵਿਚ ਹੋਏ ਵਾਧੇ ਨੂੰ ਖਤਮ ਕੀਤਾ ਜਾਵੇ। ਇਸ ਤਰ੍ਹਾਂ ਉਪਭੋਗੀ ਨਾ ਹੀ ਪਹਿਲਾਂ ਨਾਲੋਂ ਚੰਗੀ ਸਥਿਤੀ* (Better off) *ਅਤੇ ਨਾ ਹੀ ਮਾੜੀ ਸਥਿਤੀ* (Worse off) *ਵਿਚ ਹੁੰਦਾ ਹੈ। ਕਹਿਣ ਤੋਂ ਭਾਵ ਇਹ ਕਿ ਉਪਭੋਗੀ ਦੀ ਆਮਦਨ ਨੂੰ ਇਸ ਹਿਸਾਬ ਨਾਲ ਘਟਾਇਆ ਜਾਂਦਾ ਹੈ ਕਿ ਉਹ ਪਹਿਲਾਂ ਵਾਲੀ ਉਦਾਸੀਨ ਵਕਰ* (IC) *ਉਪਰ ਹੀ ਆ ਜਾਂਦਾ ਹੈ। ਇਸ ਤਰ੍ਹਾਂ ਉਪਭੋਗੀ ਦੀ ਵਧੀ ਹੋਈ ਆਮਦਨ ਵਾਪਸ ਲੈਣ ਨੂੰ ਆਮਦਨ ਵਿਚ ਹਾਨੀ-ਪੂਰਤੀ* (Compensating Variation) *ਕਿਹਾ ਜਾਂਦਾ ਹੈ। ਜਦੋਂ ਉਪਭੋਗੀ ਤੋਂ ਵਸਤੂ* x *ਦੀ ਕੀਮਤ ਘਟਣ ਕਾਰਨ ਵਧੀ ਹੋਈ ਅਸਲ ਆਮਦਨ ਦੇ ਪ੍ਰਭਾਵ ਨੂੰ ਹਾਨੀ-ਪੂਰਤੀ ਰਾਹੀਂ ਨਿਸਕ੍ਰਿਆ* (Neutral) *ਕਰ ਦਿੱਤਾ ਜਾਂਦਾ ਹੈ ਤਾਂ ਨਵੀਂ ਕੀਮਤ ਰੇਖਾ* RS *ਬਣ ਜਾਂਦੀ ਹੈ, ਜੋ ਕਿ ਪੁਰਾਣੀ ਕੀਮਤ ਰੇਖਾ ਦੇ ਸਮਾਨੰਤਰ ਹੁੰਦੀ ਹੈ ਅਤੇ ਉਦਾਸੀਨ ਵਕਰ* IC

*ਨਾਲ ਬਿੰਦੂ $E_1$ ਤੇ ਸਪਰਸ਼ ਕਰਦੀ ਹੈ। ਹੁਣ ਰੇਖਾ-ਚਿੱਤਰ ਵਿਚ ਉਪਭੋਗੀ ਦਾ ਸੰਤੁਲਨ ਬਿੰਦੂ E ਤੋਂ ਬਦਲ ਕੇ $E_1$ ਉਤੇ ਸਥਾਪਤ ਹੋ ਜਾਂਦਾ ਹੈ। $E_1$ ਉਪਰ ਉਪਭੋਗੀ ਵਸਤੂ x ਦੀ ਮੰਗ OQ ਤੋਂ ਵਧਾ ਕੇ $OQ_1$ ਕਰ ਦਿੰਦਾ ਹੈ ਅਤੇ ਵਸਤੂ y ਦੀ ਮੰਗ ok ਤੋਂ ਘਟਾ ਕੇ $ok_1$ ਕਰ ਦਿੰਦਾ ਹੈ। ਵਸਤੂ x ਦੀ ਮੰਗ ਵਿਚ ਹੋਏ ਵਾਧੇ ($QQ_1$) ਨੂੰ ਸਥਾਨਪਤੀ ਪ੍ਰਭਾਵ ਕਿਹਾ ਜਾਂਦਾ ਹੈ।*

**(vii). 3 ਕੀਮਤ ਪ੍ਰਭਾਵ (Price Effect) :** *ਜਦੋਂ ਉਪਭੋਗੀ ਦੋ ਵਸਤੂਆਂ x ਅਤੇ y ਦਾ ਉਪਭੋਗ ਕਰ ਰਿਹਾ ਹੁੰਦਾ ਹੈ ਤਾਂ ਉਨ੍ਹਾਂ ਵਿਚੋਂ ਜੇ ਕਿਸੇ ਇਕ ਵਸਤੂ ਦੀ ਕੀਮਤ ਵਿਚ ਤਬਦੀਲੀ ਆ ਜਾਂਦੀ ਹੈ ਤਾਂ ਇਸ ਕੀਮਤ ਤਬਦੀਲੀ ਦੇ ਕਾਰਨ ਵਸਤੂ ਦੀ ਮੰਗ ਉਪਰ ਪਏ ਪ੍ਰਭਾਵ ਨੂੰ ਕੀਮਤ ਪ੍ਰਭਾਵ ਕਿਹਾ ਜਾਂਦਾ ਹੈ। ਕੀਮਤ ਪ੍ਰਭਾਵ ਨੂੰ ਵੇਖਣ ਸਮੇਂ ਉਪਭੋਗੀ ਦੀ ਆਮਦਨ ਅਤੇ ਦੂਸਰੀ ਵਸਤੂ ਦੀ ਕੀਮਤ ਨੂੰ ਸਥਿਰ ਮੰਨਿਆ ਗਿਆ ਹੈ। ਫਰਜ਼ ਕਰੋ ਉਪਭੋਗੀ ਦੁਆਰਾ ਖਰੀਦੀਆਂ ਜਾਣ ਵਾਲੀਆਂ ਦੋ ਵਸਤੂਆਂ x ਅਤੇ y ਵਿਚੋਂ ਵਸਤੂ x ਦੀ ਕੀਮਤ ਘੱਟ ਜਾਂਦੀ ਹੈ ਤਾਂ ਇਸ ਨਾਲ ਵਸਤੂ x ਦੀ ਮੰਗ ਵਿਚ ਹੋਏ ਵਾਧੇ ਨੂੰ ਕੀਮਤ ਪ੍ਰਭਾਵ ਕਿਹਾ ਜਾਂਦਾ ਹੈ। ਕੀਮਤ ਪ੍ਰਭਾਵ ਨੂੰ ਹੇਠਾਂ ਦਿੱਤੇ ਰੇਖਾ-ਚਿੱਤਰ ਨੰ.19 ਦੁਆਰਾ ਵੀ ਦਰਸਾਇਆ ਜਾ ਸਕਦਾ ਹੈ।*





ਰੇਖਾ ਚਿੱਤਰ ਨੰ. 19

*ਇਸ ਚਿੱਤਰ ਵਿਚ ਉਪਭੋਗੀ ਦਾ ਆਰੰਭਿਕ ਸੰਤੁਲਨ ਬਿੰਦੂ $E_1$ ਤੇ ਹੈ ਕਿਉਂਕਿ ਇਥੇ ਉਦਾਸੀਨ ਵਕਰ IC, ਕੀਮਤ ਰੇਖਾ $RL_1$ ਨਾਲ ਸਪਰਸ਼ ਕਰਦੀ ਹੈ। ਹੁਣ ਜਦੋਂ ਵਸਤੂ x ਦੀ ਕੀਮਤ ਘੱਟ ਜਾਂਦੀ ਹੈ ਤਾਂ ਕੀਮਤ ਰੇਖਾ $RL_1$ਤੋਂ ਸੱਜੇ ਵੱਲ ਨੂੰ ਬਦਲ ਕੇ $RL_2$ਹੋ ਜਾਂਦੀ ਹੈ। ਇਸ ਨਵੀਂ ਕੀਮਤ ਰੇਖਾ ਨੂੰ ਉਦਾਸੀਨ ਵਕਰ $IC_2$, $E_2$ਬਿੰਦੂ ਤੇ ਸਪਰਸ਼ ਕਰਦੀ ਹੈ, ਜੋ ਕਿ ਉਪਭੋਗੀ ਦੇ ਸੰਤੁਲਨ ਦਾ ਨਵਾਂ ਬਿੰਦੂ ਬਣ ਜਾਂਦਾ ਹੈ, ਜਿਥੇ ਉਪਭੋਗੀ ਦੀ ਵਸਤੂ x ਲਈ ਮੰਗ OM ਤੋਂ ਵੱਧ ਕੇ $OM_1$ ਹੋ ਜਾਂਦੀ ਹੈ। ਇਸੇ ਤਰ੍ਹਾਂ ਹੀ ਜੇਕਰ ਵਸਤੂ x ਦੀ ਕੀਮਤ ਹੋਰ ਘਟ ਜਾਂਦੀ ਹੈ ਤਾਂ ਨਵੀਂ ਕੀਮਤ ਰੇਖਾ $RL_3$ ਬਣ ਜਾਂਦੀ ਹੈ। ਉਦਾਸੀਨ ਵਕਰ $IC_3$ ਇਸ ਨਵੀਂ ਕੀਮਤ ਰੇਖਾ $RL_3$ਨੂੰ $E_3$ ਬਿੰਦੂ ਤੇ ਸਪਰਸ਼ ਕਰਦੀ ਹੈ, ਜਿਹੜਾ ਕਿ ਉਪਭੋਗੀ ਦਾ ਸੰਤੁਲਨ ਦਾ ਨਵਾਂ ਬਿੰਦੂ ਹੈ। ਇਸ ਭਾਵ ਇਹ ਹੋਇਆ ਕਿ ਵਸਤੂ x ਦੀ ਕੀਮਤ ਘਟਣ ਨਾਲ ਵਸਤੂ x ਦੀ ਮੰਗ $OM_1$ ਤੋਂ ਵੱਧ ਕੇ $OM_2$ ਹੋ ਜਾਂਦੀ ਹੈ।ਇਸ ਤਰ੍ਹਾਂ ਹੀ ਜੇ x ਵਸਤੂ ਦੀ ਕੀਮਤ ਹੋਰ ਘਟ ਜਾਵੇ ਤਾਂ ਸਤੁੰਲਨ ਬਿੰਦੂ $E_4$ ਬਣ ਜਾਂਦਾ ਹੈ।ਜੇਕਰ ਰੇਖਾ-ਚਿੱਤਰ ਵਿਚ ਉਪਭੋਗੀ ਦੇ ਸੰਤੁਲਨ ਦੇ ਚਾਰੇ ਬਿੰਦੂਆਂ $E_1$, $E_2$, $E_3$ਅਤੇ $E_4$ ਨੂੰ ਇਕ ਰੇਖਾ ਰਾਹੀਂ ਮਿਲਾ ਦਿੱਤਾ ਜਾਵੇ ਤਾਂ ਇਸ ਰੇਖਾ ਨੂੰ ਕੀਮਤ ਉਪਭੋਗੀ ਵਕਰ* (Price Consumption Curve) *ਕਿਹਾ ਜਾਂਦਾ ਹੈ।*

**(viii) ਉਦਾਸੀਨ ਵਕਰ ਵਿਸ਼ਲੇਸ਼ਣ ਦੁਆਰਾ ਮੰਗ ਵਕਰ ਬਨਾਉਣਾ (Derivation of Demand Curve from Indifference Curve Analysis) :** *ਪਿਛਲੇ ਪਾਠ ਵਿਚ ਤੁਸ਼ਟੀਗੁਣ ਵਿਸ਼ਲੇਸ਼ਣ ਅਧੀਨ ਮੰਗ ਵਕਰ ਨੂੰ ਬਣਾਉਣ ਲਈ ਦੋ ਮੁੱਖ ਮਨੌਤਾਂ ਲਈਆਂ ਗਈਆਂ ਸਨ, ਜਿਨ੍ਹਾਂ ਵਿਚੋਂ ਇਕ ਸੀ ਕਿ ਤੁਸ਼ਟੀਗੁਣ ਨੂੰ ਮਾਤਰਾਤਮਕ* (Quantitative) *ਰੂਪ ਵਿਚ ਮਿਣਿਆ ਜਾ ਸਕਦਾ ਹੈ ਅਤੇ ਦੂਸਰੀ ਸੀ ਕਿ ਮੁਦਰਾ ਦਾ ਸੀਮਾਂਤ ਤੁਸ਼ਟੀਗੁਣ ਸਥਿਰ ਰਹਿੰਦਾ ਹੈ, ਭਾਵੇਂ ਵਸਤੂ ਦੀ ਕੀਮਤ ਵਿਚ ਤਬਦੀਲੀ ਆ ਵੀ ਜਾਵੇ। ਪਰੰਤੂ ਉਦਾਸੀਨ ਵਕਰ ਨੂੰ ਇਹ ਦੋਵੇਂ ਮਨੌਤਾਂ ਲੈਣ ਤੋਂ ਬਿਨਾਂ ਹੀ ਬਣਾਇਆ ਗਿਆ ਹੈ।*

(viii).1 *ਉਦਾਸੀਨ ਵਕਰਾ ਦੀ ਸਹਾਇਤਾ ਨਾਲ ਉਪਭੋਗੀ ਦੀ ਮੰਗ ਵਕਰ ਨੂੰ ਸਾਧਾਰਨ* (Normal) *ਵਸਤੂਆਂ ਅਤੇ ਘਟੀਆਂ* (Inferior) *ਦੇ ਸੰਬੰਧ ਵਿਚ ਬਣਾਉਣ ਦੀ ਪ੍ਰਕਿਰਿਆ ਨੂੰ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਰੇਖਾ-ਚਿੱਤਰ ਨੰ.20 ਦੀ ਸਹਾਇਤਾ ਨਾਲ ਪਹਿਲਾਂ ਸਾਧਾਰਨ ਵਸਤੂਆਂ ਦੀ ਮੰਗ ਵਕਰ ਬਣਾਈ ਜਾਵੇਗੀ।*




ਰੇਖਾ-ਚਿੱਤਰ-20

*ਮੰਨ ਲਵੋ ਕਿ ਉਪਭੋਗੀ ਦੀ ਆਮਦਨ 150 ਰੁਪਏ ਹੈ, ਜੋ ਕਿ ਉਸ ਨੇ ਦਿੱਤੀਆਂ ਹੋਈਆਂ ਦੋਵੇਂ ਵਸਤੂਆਂ ਤੇ ਖਰਚਣੀ ਹੈ। ਰੇਖਾ-ਚਿੱਤਰ ਨੰ.20 ਵਿਚ* OY *ਧੁਰੇ ਉਪਰ ਮੁਦਰਾ ਨੂੰ ਲਿਆ ਗਿਆ ਹੈ ਅਤੇ* OX *ਧੁਰੇ ਉਪਰ ਵਸਤੂ* x *ਨੂੰ ਲਿਆ ਗਿਆ ਹੈ, ਜਿਸ ਸੰਬੰਧੀ ਮੰਗ ਵਕਰ ਤਿਆਰ ਕਰਨੀ ਹੈ। ਕੀਮਤ ਰੇਖਾ* $PL_1$ *ਵਸਤੂ* x *ਦੀ ਕੀਮਤ ਨੂੰ ਦਰਸਾਉਂਦੀ ਹੈ, ਜੋ ਕਿ ਪ੍ਰਤੀ ਇਕਾਈ* $OP_1$ *ਦੇ ਬਰਾਬਰ ਹੈ। ਜਦੋਂ ਵਸਤੂ* x *ਦੀ ਕੀਮਤ ਘੱਟ ਕੇ* $OP_1$ *ਤੋਂ* $OP_2$ *ਰਹਿ ਜਾਂਦੀ ਹੈ ਅਤੇ ਕੀਮਤ ਰੇਖਾ* $PL_1$ *ਤੋਂ ਬਦਲ ਕੇ* $PL_2$ *ਤੇ ਚਲੀ ਜਾਂਦੀ ਹੈ। ਕੀਮਤ ਰੇਖਾ* $PL_2$, *ਵਸਤੂ* x *ਦੀ ਪ੍ਰਤੀ ਇਕਾਈ* $OP_2$ *ਦੇ ਬਰਾਬਰ ਹੈ। ਵਸਤੂ* x *ਦੀ ਕੀਮਤ* $OP_2$ *ਤੋਂ ਘੱਟ ਕੇ* $OP_3$ *ਹੋਣ ਨਾਲ ਕੀਮਤ ਰੇਖਾ* $PL_3$ *ਹੋ ਜਾਂਦੀ ਹੈ। ਵੱਖ-ਵੱਖ ਕੀਮਤ ਰੇਖਾਵਾਂ ਦੇ ਉਦਾਸੀਨ ਵਕਰਾਂ ਨਾਲ ਸਪਰਸ਼ ਬਿੰਦੂਆਂ ਨੂੰ ਜਦੋਂ ਇਕ ਰੇਖਾ ਦੁਆਰਾ ਜੋੜਿਆ ਜਾਂਦਾ ਹੈ ਤਾਂ ਇਹ ਇਕ ਕੀਮਤ ਉਪਭੋਗ ਰੇਖਾ ਬਣ ਜਾਂਦੀ ਹੈ, ਜਿਹੜੀ ਕਿ ਵੱਖ-ਵੱਖ ਸੰਬੰਧਤ ਕੀਮਤਾਂ ਉਪਰ ਵਸਤੂ* x *ਦੀਆਂ ਵੱਖ-ਵੱਖ ਮਾਤਰਾਵਾਂ ਦੀ ਮੰਗ ਨੂੰ ਦਰਸਾਉਂਦੀ ਹੈ। ਕੀਮਤ ਰੇਖਾ* $PL_1$ *ਉਪਰ ਉਪਭੋਗੀ* $E_1$ *ਬਿੰਦੂ ਤੇ ਸੰਤੁਲਨ ਦੀ ਹਾਲਤ ਵਿਚ ਹੈ ਕਿਉਂਕਿ ਇਥੇ ਕੀਮਤ ਰੇਖਾ* $PL_1$ *ਉਦਾਸੀਨ ਵਕਰ* $IC_1$ *ਨਾਲ ਸਪਰਸ਼ ਕਰਦੀ ਹੈ। ਇਸ ਸੰਤੁਲਨ ਦੀ ਹਾਲਤ ਵਿਚ ਉਪਭੋਗੀ* x *ਵਸਤੂ*

*ਦੀਆਂ* $OM_1$ *ਇਕਾਈਆਂ* $OP_1$ *ਕੀਮਤ ਤੇ ਖਰੀਦਦਾ ਹੈ। ਜਦੋਂ ਕੀਮਤ ਘੱਟ ਕੇ* $OP_2$ *ਹੋ ਜਾਂਦੀ ਹੈ ਤਾਂ ਕੀਮਤ ਰੇਖਾ ਬਦਲ ਕੇ* $PL_2$ *ਹੋ ਜਾਂਦੀ ਹੈ ਅਤੇ ਉਪਭੋਗੀ ਕੀਮਤ ਉਪਭੋਗ ਵਕਰ ਦੇ ਬਿੰਦੂ* $E_2$ *ਉਪਰ ਸੰਤੁਲਨ ਦੀ ਹਾਲਤ ਵਿਚ ਹੁੰਦਾ ਹੈ, ਜਿਥੇ ਉਦਾਸੀਨ ਵਕਰ* $IC_2$ *ਕੀਮਤ ਰੇਖਾ* $PL_2$ *ਨੂੰ ਸਪਰਸ਼ ਕਰਦੀ ਹੈ। ਬਿੰਦੂ* $E_2$ *ਤੇ ਉਪਭੋਗੀ* x *ਵਸਤੂ ਦੀਆਂ* $OM_2$ *ਇਕਾਈਆਂ ਖਰੀਦਦਾ, ਹੈ ਜਦੋਂ ਕਿ* x *ਵਸਤੂ ਦੀ ਪ੍ਰਤੀ ਇਕਾਈ ਕੀਮਤ* $OP_2$ *ਹੈ। ਇਸੇ ਤਰ੍ਹਾਂ ਹੀ ਕੀਮਤ ਰੇਖਾ* $PL_3$ *ਦੇ ਸੰਬੰਧ ਵਿਚ ਉਪਭੋਗੀ ਬਿੰਦੂ* $E_3$ *ਉਪਰ ਸੰਤੁਲਨ ਦੀ ਪੱਧਰ ਤੇ ਹੁੰਦਾ ਹੈ ਅਤੇ ਉਹ* x *ਵਸਤੂ ਦੀਆਂ* $OM_3$ *ਇਕਾਈਆਂ ਖਰੀਦਦਾ ਹੈ। ਜਦੋਂ ਕਿ ਵਸਤੂ* x *ਦੀ ਪ੍ਰਤੀ ਇਕਾਈ ਕੀਮਤ* $OP_3$ *ਹੁੰਦੀ ਹੈ। ਉਪਭੋਗੀ ਦੇ ਸੰਤੁਲਨ ਦੇ ਬਿੰਦੂ* $E_1$, $E_2$ *ਅਤੇ* $E_3$ *ਕੀਮਤ ਉਪਭੋਗ ਵਕਰ ਤੇ ਸਥਿਤ ਹਨ।*

*ਉਪਰ ਦਿੱਤੇ ਵੇਰਵੇ ਦੇ ਆਧਾਰ ਤੇ ਅਸੀਂ ਹੇਠ ਲਿਖੀ ਮੰਗ ਅਨੁਸੂਚੀ ਬਣਾਈ ਹੈ।*


**ਮੰਗ ਅਨੁਸੂਚੀ**

| ਵਸਤੂ x ਦੀ ਕੀਮਤ (ਰੁਪਏ) | ਕੀਮਤ ਰੇਖਾ | ਮੰਗੀ ਗਈ ਮਾਤਰਾ |
|---|---|---|
| $OP_1$ | $PL_1$ | $OM_1$ |
| $OP_2$ | $PL_2$ | $OM_2$ |
| $OP_3$ | $PL_3$ | $OM_3$ |

*ਇਸ ਮੰਗ ਅਨੁਸੂਚੀ ਵਿਚ ਦਿੱਤੀ ਗਈ ਕੀਮਤ ਅਤੇ ਵਸਤੂ* x *ਦੀ ਮੰਗੀ ਗਈ ਮਾਤਰਾ ਦੇ ਆਧਾਰ ਤੇ ਅਸੀਂ ਮੰਗ ਵਕਰ ਤਿਆਰ ਕਰ ਸਕਦੇ ਹਾਂ, ਜੋ ਕਿ ਰੇਖਾ-ਚਿੱਤਰ ਨੰ.20 ਦੇ ਹੇਠਲੇ ਭਾਗ ਵਿਚ ਦਿਖਾਈ ਗਈ ਹੈ। ਇਹ ਮੰਗ ਅਨੁਸੂਚੀ ਰੇਖਾ-ਚਿੱਤਰ ਨੰ. 20 ਵਿਚਲੀਆਂ ਉਦਾਸੀਨ ਵਕਰਾਂ, ਜਿਨ੍ਹਾਂ ਨੂੰ ਅਸਾਨੀ ਨਾਲ ਮੰਗ ਵਕਰਾਂ ਵਿਚ ਬਦਲਿਆ ਜਾ ਸਕਦਾ ਹੈ, ਦੇ ਆਧਾਰ ਤੇ ਤਿਆਰ ਕੀਤੀ ਗਈ ਹੈ। ਰੇਖਾ-ਚਿੱਤਰ ਦੇ ਹੇਠਲੇ ਭਾਗ ਤੋਂ ਸਪੱਸ਼ਟ ਹੈ ਕਿ ਵਸਤੂ ਦੀ ਕੀਮਤ ਘਟਣ ਨਾਲ ਵਸਤੂ ਦੀ ਮੰਗ ਵਿਚ ਵਾਧਾ ਹੋ ਜਾਂਦਾ ਹੈ। ਰੇਖਾ-ਚਿੱਤਰ ਵਿਚ ਉਪਭੋਗੀ ਦੀ ਮੰਗ ਵਕਰ* DD *ਬਣ ਜਾਂਦੀ ਹੈ ਜੋ ਕਿ ਉਪਰੋਂ ਖੱਬੇ ਤੋਂ ਸੱਜੇ ਹੇਠਾਂ ਵੱਲ ਨੂੰ ਜਾਂਦੀ ਹੈ।*

**(viii).2 ਘਟੀਆ (ਗਿਫਨ) ਵਸਤੂਆਂ ਸੰਬੰਧੀ ਮੰਗ ਵਕਰ (Demand Curve in Context of Inferior (Giffen) Goods) :** *ਜਿਥੇ ਸਾਧਾਰਨ ਵਸਤੂਆਂ ਦੇ ਸੰਬੰਧ ਵਿਚ ਮੰਗ ਵਕਰ ਖੱਬੇ ਤੋਂ ਸੱਜੇ ਹੇਠਾਂ ਵੱਲ ਜਾਂਦੀ ਹੈ ਉਥੇ ਘਟੀਆ (ਗਿਫਨ) ਵਸਤੂਆਂ ਦੇ ਸੰਬੰਧ ਵਿਚ ਮੰਗ ਵਕਰ ਹੇਠਾਂ ਤੋਂ ਉਪਰ ਸੱਜੇ ਵੱਲ ਨੂੰ ਜਾਂਦੀ ਹੈ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਸਾਧਾਰਨ ਵਸਤੂਆਂ ਦੇ ਸੰਬੰਧ ਵਿਚ ਆਮਦਨ ਪ੍ਰਭਾਵ ਅਤੇ ਪ੍ਰਤੀਸਥਾਪਨ ਪ੍ਰਭਾਵ, ਦੋਵੇਂ ਧਨਾਤਮਿਕ* (Positive) *ਦਿਸ਼ਾ ਵੱਲ ਚੱਲਦੇ ਹਨ, ਪਰ ਘਟੀਆ ਵਸਤੂਆਂ ਦੇ ਸੰਬੰਧ ਵਿਚ ਅਜਿਹਾ ਨਹੀਂ ਹੁੰਦਾ। ਘਟੀਆ ਵਸਤੂਆਂ ਦੇ ਸੰਬੰਧ ਵਿਚ ਆਮਦਨ ਪ੍ਰਭਾਵ ਰਿਣਾਤਮਕ* (Negative) *ਹੁੰਦਾ ਹੈ ਜਦ ਕਿ ਪ੍ਰਤੀਸਥਾਪਨ ਧਨਾਤਮਕ* (Positive) *ਹੁੰਦਾ ਹੈ। ਇਥੇ ਇਕ ਗੱਲ ਇਹ ਸਮਝਣ ਵਾਲੀ ਹੈ ਕਿ ਪ੍ਰਤੀਸਥਾਪਨ ਪ੍ਰਭਾਵ ਸਾਧਾਰਨ ਅਤੇ ਘਟੀਆ ਵਸਤੂਆਂ, ਦੋਹਾਂ ਦੇ ਸੰਬੰਧ ਵਿਚ ਹੀ ਧਨਾਤਮਕ* (Positive) *ਹੁੰਦਾ ਹੈ, ਜਦਕਿ ਆਮਦਨ ਪ੍ਰਭਾਵ ਸਾਧਾਰਨ ਵਿਚ ਦੇ ਸੰਬੰਧ ਵਿਚ ਤਾਂ ਧਨਾਤਮਕ ਹੁੰਦਾ ਹੈ ਪਰ ਘਟੀਆ ਵਸਤੂਆਂ ਦੇ ਸੰਬੰਧ ਵਿਚ ਰਿਣਾਤਮਕ* (Negative) *ਹੁੰਦਾ ਹੈ। ਘਟੀਆਂ ਵਸਤੂ ਦੀ ਕੀਮਤ ਵਿਚ ਕਮੀ ਆਉਣ ਨਾਲ ਜਦੋਂ ਰਿਣਾਤਮਕ ਆਮਦਨ ਪ੍ਰਭਾਵ ਧਨਾਤਮਕ ਪ੍ਰਤੀਸਥਾਪਨ ਪ੍ਰਭਾਵ ਨਾਲੋਂ ਜ਼ਿਆਦਾ* (over weigh) *ਹੁੰਦਾ ਹੈ ਤਾਂ ਉਪਭੋਗੀ ਘਟੀਆ ਵਸਤੂ ਦੀ ਮੰਗ ਪਹਿਲਾਂ ਨਾਲੋਂ ਘਟਾ ਦਿੰਦਾ ਹੈ। ਇਸ ਦਾ ਭਾਵ ਇਹ ਹੋਇਆ ਕਿ ਜਿਉਂ-ਜਿਉਂ ਘਟੀਆ ਵਸਤੂ ਦੀ ਕੀਮਤ ਵਿਚ ਕਮੀ ਆਉਂਦੀ ਹੈ ਤਿਉਂ-ਤਿਉਂ ਇਸ ਦੀ ਮੰਗ ਘਟਦੀ ਜਾਂਦੀ ਹੈ। ਇਸ ਤੋਂ ਉਲਟ ਜਦੋਂ ਘਟੀਆ ਵਸਤੂ ਦੀ ਕੀਮਤ ਵਿਚ ਵਾਧਾ ਹੁੰਦਾ ਹੈ ਤਾਂ ਉਸ ਦੀ ਮੰਗ ਵਿਚ ਵੀ ਵਾਧਾ ਹੁੰਦਾ ਜਾਂਦਾ ਹੈ। ਇਹ*

*ਕਿਹਾ ਜਾ ਸਕਦਾ ਹੈ ਕਿ ਜਿਥੇ ਸਾਧਾਰਨ ਵਸਤੂ ਦੇ ਸੰਬੰਧ ਵਿਚ ਵਸਤੂ ਦੀ ਕੀਮਤ ਅਤੇ ਮੰਗੀ ਗਈ ਮਾਤਰਾ ਵਿਚਕਾਰ ਉਲਟਾ ਸੰਬੰਧ ਹੈ, ਉਥੇ ਘਟੀਆ ਵਸਤੂ ਦੇ ਸੰਬੰਧ ਵਿਚ ਕੀਮਤ ਅਤੇ ਉਸ ਦੀ ਮੰਗੀ ਗਈ ਮਾਤਰਾ ਵਿਚਕਾਰ ਸਿੱਧਾ ਸੰਬੰਧ ਹੈ। ਰੇਖਾ-ਚਿੱਤਰ ਨੰ.21 ਤੋਂ ਪਤਾ ਚਲਦਾ ਹੈ ਕਿ ਜਿਉਂ-ਜਿਉਂ ਘਟੀਆ ਵਸਤੂ* x *ਦੀ ਕੀਮਤ ਘਟਦੀ ਜਾਂਦੀ ਹੈ ਤਿਉਂ-ਤਿਉਂ ਉਸ ਦੀ ਮੰਗ ਵੀ ਘਟਦੀ ਜਾਂਦੀ ਹੈ। ਜਿਵੇਂ ਕਿ*




***ਰੇਖਾ ਚਿੱਤਰ ਨੰ. 21***

*ਰੇਖਾ-ਚਿੱਤਰ ਦੇ ਹੇਠਲੇ ਭਾਗ ਤੋਂ ਪਤਾ ਚਲਦਾ ਹੈ ਕਿ ਜਦੋਂ ਘਟੀਆ ਵਸਤੂ ਦੀ ਕੀਮਤ* $OP_3$ *ਹੈ ਤਾਂ ਵਸਤੂ ਦੀ ਮੰਗ* $OQ_3$ *ਹੈ ਅਤੇ ਜਦੋਂ ਘਟੀਆ ਵਸਤੂ ਦੀ ਕੀਮਤ* $OP_3$ *ਤੋਂ ਵੱਧ ਕੇ* $OP_2$ *ਹੋ ਜਾਂਦੀ ਹੈ ਤਾਂ ਇਸ ਦੀ ਮੰਗ* $OP_3$ *ਤੋਂ ਵੱਧ ਕੇ* $OQ_2$ *ਹੋ ਜਾਂਦੀ ਹੈ। ਇਸੇ ਤਰ੍ਹਾਂ ਹੀ ਜੇ ਘਟੀਆ ਵਸਤੂ ਦੀ ਕੀਮਤ ਹੋਰ ਵੱਧ ਕੇ* $OP_2$ *ਤੋਂ* $OP_1$ *ਹੋ ਜਾਂਦੀ ਹੈ ਤਾਂ ਇਸ ਦੀ ਮੰਗ ਵੀ ਹੋਰ ਵੱਧ ਕੇ* $OQ_2$ *ਤੋਂ ਵੱਧ ਕੇ* $OQ_1$ *ਹੋ ਜਾਂਦੀ ਹੈ। ਜੇ ਰੇਖਾ-ਚਿੱਤਰ ਵਿਚਲੇ ਬਿੰਦੂਆਂ* G, H *ਅਤੇ* I *ਨੂੰ ਇਕ ਰੇਖਾ ਦੁਆਰਾ ਜੋੜ ਦਿੱਤਾ ਜਾਵੇ ਤਾਂ ਇਹ ਰੇਖਾ* DD *ਬਣ ਜਾਂਦੀ ਹੈ ਜੋ ਕਿ ਘਟੀਆ ਵਸਤੂਆਂ ਦੇ ਸੰਬੰਧ ਵਿਚ ਮੰਗ ਵਕਰ ਕਹਿਲਾਉਂਦੀ ਹੈ। ਇਸ ਤਰ੍ਹਾਂ ਅਸੀਂ ਇਸ ਉਪਭਾਗ ਵਿਚ ਦੇਖਦੇ ਹਾਂ ਕਿ ਸਾਧਾਰਨ ਵਸਤੂ ਦੀ ਕੀਮਤ ਘਟਣ ਨਾਲ ਉਸ ਦੀ ਮੰਗ ਵਿਚ ਵਾਧਾ ਹੁੰਦਾ ਹੈ ਅਤੇ ਕੀਮਤ ਵਧਣ ਤੇ ਮੰਗ ਵਿਚ ਕਮੀ ਹੋ ਜਾਂਦੀ ਹੈ ਜਦ ਕਿ ਘਟੀਆ ਵਸਤੂਆਂ ਦੇ ਸੰਬੰਧ ਵਿਚ ਵਸਤੂ ਦੀ ਕੀਮਤ ਵੱਧਣ ਨਾਲ ਉਸ ਦੀ ਮੰਗ ਵਧਦੀ ਹੈ ਅਤੇ ਕੀਮਤ ਘੱਟਣ ਨਾਲ ਮੰਗ ਵੀ ਘੱਟ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਜਦੋਂ ਇਕ ਘਟੀਆ ਵਸਤੂ ਦੀ ਕੀਮਤ ਘਟਦੀ ਹੈ ਤਾਂ ਉਪਭੋਗੀ ਦੀ ਅਸਲ ਆਮਦਨ ਵਿਚ ਵਾਧਾ ਹੋ ਜਾਂਦਾ ਹੈ, ਭਾਵ ਉਹ ਪਹਿਲਾਂ ਨਾਲੋਂ ਅਮੀਰ ਹੋ ਜਾਂਦਾ ਹੈ। ਇਸ ਕਰਕੇ ਉਹ ਘਟੀਆ ਵਸਤੂਆਂ ਦੀ ਥਾਂ ਤੇ ਸਾਧਾਰਨ (ਸਾਪੇਖਿਕ ਤੌਰ ਤੇ ਮਹਿੰਗੀਆਂ) ਵਸਤਾਂ ਦੀ ਖਰੀਦ ਵਧਾ ਦਿੰਦਾ ਹੈ। ਇਸ ਨਾਲ ਕੀਮਤ ਘਟਣ ਦੇ ਬਾਵਜੂਦ ਵੀ ਘਟੀਆ ਵਸਤੂ ਦੀ ਮੰਗ ਘੱਟ ਜਾਂਦੀ ਹੈ। ਦੂਜੇ ਪਾਸੇ ਜੇ ਘਟੀਆ ਵਸਤੂ ਦੀ ਕੀਮਤ ਵੱਧ ਜਾਵੇ ਤਾਂ ਉਪਭੋਗੀ ਦੀ ਅਸਲ ਆਮਦਨ ਘੱਟ ਜਾਂਦੀ ਹੈ। ਇਸ ਕਰਕੇ ਹੁਣ ਉਹ ਆਪਣਾ ਗੁਜ਼ਾਰਾ ਕਰਨ ਲਈ*

*ਸਾਧਾਰਨ ਵਸਤੂਆਂ ਦੇ ਉਪਭੋਗ ਵਿਚ ਪਹਿਲਾਂ ਨਾਲੋਂ ਕਮੀ ਕਰਕੇ ਘਟੀਆ ਵਸਤੂਆਂ ਦੇ ਉਪਭੋਗ ਵਿਚ ਵਾਧਾ ਕਰਦਾ ਹੈ, ਜਿਸ ਕਰਕੇ ਘਟੀਆ ਵਸਤੂ ਦੀ ਮੰਗ ਵਿਚ ਵਾਧਾ ਹੁੰਦਾ ਹੈ।*

**(ix) ਸਵੈ-ਮੁੱਲਾਂਕਣ ਪ੍ਰਸ਼ਨ (Self-Check Questions) :**

(i) *ਘਟੀਆ ਵਸਤੂ ਦੀ ਕੀਮਤ ਘਟਣ ਨਾਲ ਉਸ ਦੀ ਮੰਗ ............... ਹੈ ਬਸ਼ਰਤੇ ਰਿਣਾਤਮਕ ਆਮਦਨ ਪ੍ਰਭਾਵ ਪ੍ਰਤੀਸਥਾਪਨ ਪ੍ਰਭਾਵ ਤੋਂ .................. ਹੋਵੇ।*

(ii) *ਉਦਾਸੀਨ ਵਕਰ ਵਿਸ਼ਲੇਸ਼ਣ ਵਿਚ ਉਪਭੋਗੀ ਦਾ ਸੰਤੁਲਨ ਉਸ ਬਿੰਦੂ ਤੇ ਹੁੰਦਾ ਹੈ ਜਿਥੇ ਕੀਮਤ ਰੇਖਾ ਉਦਾਸੀਨ ਵਕਰ ਨਾਲ .................. ਕਰਦੀ ਹੈ।*

(iii) *ਪ੍ਰਤੀਸਥਾਪਨ ਪ੍ਰਭਾਵ ਸਾਧਾਰਨ ਵਸਤੂਆਂ ਦੀ ਮੰਗ ਦੇ ਸੰਬੰਧ ਵਿਚ ਧਨਾਤਮਕ ਹੁੰਦਾ ਹੈ ਅਤੇ ਘਟੀਆ ਵਸਤੂਆਂ ਦੀ ਮੰਗ ਦੇ ਸੰਬੰਧ ................. ਹੁੰਦਾ ਹੈ।*

(iv) *ਵਸਤੂਆਂ ਖਰੀਦਣ ਲਈ ਉਪਭੋਗੀ ਦੀ ਮੁਦਰਿਕ ਆਮਦਨ ...................... ਹੁੰਦੀ ਹੈ ਜਿਹੜੀ ਕਿ ਉਸ ਨੇ ਦੋਹਾਂ ਵਸਤੂਆਂ ਉਪਰ .............. ਹੀ ਹੁੰਦੀ ਹੈ।*

**(ix) a ਸਵੈ-ਮੁਲਾਂਕਣ ਵਾਲੇ ਪ੍ਰਸ਼ਨਾਂ ਦੇ ਉੱਤਰ (Self-Check Questions) :**

(i) *ਵਧਦੀ, ਜ਼ਿਆਦਾ,* (ii) *ਸਪਰਸ਼,* (iii) *ਰਿਣਾਤਮਕ* (Negative), (v) *ਨਿਸ਼ਚਿਤ, ਖਰਚਣੀ*

**(x) ਉਦਾਸੀਨ ਵਕਰ ਵਿਸ਼ਲੇਸ਼ਣ ਦਾ ਮਹੱਤਵ (Importance of Indifference Curve Analysis) :** *ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਵਿਚ ਬਹੁਤ ਸਾਰੀਆਂ ਊਣਤਾਈਆਂ ਸਨ ਅਤੇ ਇਨ੍ਹਾਂ ਊਣਤਾਈਆਂ ਨੂੰ ਦੂਰ ਕਰਨ ਲਈ ਕਈ ਲੇਖਕਾਂ ਨੇ ਮੰਗ ਵਿਸ਼ਲੇਸ਼ਣ ਲਈ ਇਕ ਨਵੀਂ ਤਕਨੀਕ ਦਿੱਤੀ, ਜਿਸ ਨੂੰ ਵਿਸ਼ਲੇਸ਼ਣ ਵਕਰ ਵਿਸ਼ਲੇਸ਼ਣ ਕਿਹਾ ਜਾਂਦਾ ਹੈ। ਇਸ ਨਵੇਂ ਉਦਾਸੀਨ ਵਕਰ ਵਿਸ਼ਲੇਸ਼ਣ ਦੇ ਬਹੁਤ ਸਾਰੇ ਫਾਇਦਿਆਂ* (merits) *ਅਤੇ ਵਿਵਹਾਰਕ ਜੀਵਨ ਵਿਚ ਉੱਚਿਤ ਵਰਤੋਂ ਕਾਰਣ ਇਹ ਵਿਸ਼ਲੇਸ਼ਣ ਬਹੁਤ ਹੀ ਮਹੱਤਵਪੂਰਣ ਸਿੱਧ ਹੋਇਆ। ਇਸ ਨਵੀਂ ਤਕਨੀਕ ਦੀ ਵਰਤੋਂ ਦੇ ਹੇਠ ਲਿਖੇ ਲਾਭ ਹਨ :*

1. **ਉਪਭੋਗੀ ਦਾ ਸੰਤੁਲਨ** : *ਉਦਾਸੀਨ ਵਕਰਾਂ ਦੀ ਸਹਾਇਤਾ ਨਾਲ ਸੀਮਾਂਤ ਤੁਸ਼ਟੀਗੁਣ ਵਿਚ ਲਈਆਂ ਅਵਿਵਹਾਰਿਕ ਮਾਨਤਾਵਾਂ ਦੀ ਵਰਤੋਂ ਕੀਤੇ ਬਿਨਾਂ ਹੀ ਉਪਭੋਗੀ ਦੇ ਸੰਤੁਲਨ ਦੀ ਸਥਿਤੀ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ।*

2. **ਵਟਾਂਦਰੇ ਦੇ ਸੰਬੰਧ ਵਿਚ** : *ਦੋ-ਪੱਖੀ* (Bi-lateral) *ਏਕਾਧਿਕਾਰ ਦੀ ਹਾਲਤ ਵਿਚ ਸੰਤੁਲਨ ਪ੍ਰਾਪਤ ਕਰਨ ਲਈ ਉਦਾਸੀਨ ਵਕਰ ਵਿਸ਼ਲੇਸ਼ਣ ਬਹੁਤ ਲਾਭਦਾਇਕ ਹੁੰਦੇ ਹਨ। ਜੇ ਦੋ ਵਿਅਕਤੀਆਂ* A *ਅਤੇ* B *ਨੇ ਆਪਸ ਵਿਚ ਆਪਣੀ-ਆਪਣੀ ਵਸਤੂ* x *ਅਤੇ* y *ਦਾ ਇਕ ਦੂਸਰੇ ਨਾਲ ਵਟਾਂਦਰਾ ਕਰਨਾ ਹੈ ਤਾਂ ਉਹ ਇਨ੍ਹਾਂ ਵਸਤੂਆਂ ਦਾ ਆਪਸੀ ਵਟਾਂਦਰਾ ਉਦੋਂ ਤੱਕ ਕਰਦੇ ਰਹਿਣਗੇ ਜਦੋਂ ਤੱਕ ਦੋਹਾਂ ਵਸਤੂਆਂ ਦੀ ਸੀਮਾਂਤ ਪ੍ਰਤੀਸਥਾਪਨ ਦਰ, ਦੋਹਾਂ ਵਸਤੂ ਦੀਆਂ ਕੀਮਤਾਂ ਦੇ ਅਨੁਪਾਤ ਦੇ ਬਰਾਬਰ ਨਹੀਂ ਹੋ ਜਾਂਦੀ।* (Two persons, A & B would continue to exchange their commodities x & y with each other until the marginal rate of substitution of two commodities becomes equal to the ratio of the prices of two commodities for both of them).

3. **ਵਿਸਤ੍ਰਿਤ ਅਧਿਐਨ** : *ਉਦਾਸੀਨ ਵਕਰਾਂ ਦੀ ਸਹਾਇਤਾ ਨਾਲ ਅਸੀਂ ਵਸਤੂ ਦੀ ਮੰਗ ਉਪਰ ਕੇਵਲ ਵਸਤੂ ਦੀ ਕੀਮਤ ਦਾ ਪ੍ਰਭਾਵ ਹੀ ਨਹੀਂ ਦੇਖ ਸਕਦੇ ਸਗੋਂ ਮੰਗ ਉਪਰ ਉਪਭੋਗੀ ਦੀ ਆਮਦਨ ਦੇ ਪ੍ਰਭਾਵ ਅਤੇ ਸਥਾਨਪਤੀ ਪ੍ਰਭਾਵ ਨੂੰ ਵੀ ਵੇਖ ਸਕਦੇ ਹਾਂ।*

4. **ਉਤਪਾਦਨ ਸੰਬੰਧੀ ਮਹੱਤਤਾ** : *ਉੱਦਮੀ ਉਤਪਾਦਨ ਦੇ ਖੇਤਰ ਵਿਚ ਘੱਟ ਤੋਂ ਘੱਟ ਲਾਗਤ ਵਾਲੇ ਸਾਧਨਾਂ* (Factors) *ਦੇ ਜੋੜਿਆਂ ਦੀ ਉਦਾਸੀਨ ਵਕਰਾਂ ਦੀ ਸਹਾਇਤਾ ਨਾਲ ਜਾਣਕਾਰੀ ਹਾਸਲ ਕਰ ਸਕਦਾ ਹੈ ਅਤੇ ਆਪਣੇ ਲਾਭ ਨੂੰ ਵਧਾਉਣ ਦੇ ਲਈ ਉਹ ਇਨ੍ਹਾਂ ਘੱਟ ਤੋਂ ਘੱਟ ਲਾਗਤ ਵਾਲੇ ਉਤਪਾਦਨ ਸਾਧਨਾਂ ਦੇ ਜੋੜਿਆਂ ਦੀ ਵਰਤੋਂ ਕਰ ਸਕਦਾ ਹੈ। ਉਤਪਾਦਨ ਦੇ ਸਿਧਾਂਤ ਵਿਚ ਉਦਾਸੀਨ ਵਕਰਾਂ ਨੂੰ ਸਮ-ਉਤਪਾਦਨ*

(Isoquants) *ਵਕਰਾਂ ਕਿਹਾ ਜਾਂਦਾ ਹੈ।*

5. **ਕਰਾਂ (Taxes) ਸਬੰਧੀ** : *ਉਦਾਸੀਨ ਵਕਰਾਂ ਨੂੰ ਕਰਾਂ* (Taxes) *ਦੀਆਂ ਦਰਾਂ ਨੂੰ ਨਿਰਧਾਰਤ ਕਰਨ ਲਈ ਵੀ ਵਰਤਿਆ ਜਾ ਸਕਦਾ ਹੈ। ਜਦੋਂ ਸਰਕਾਰ ਲੋਕਾਂ ਤੇ ਕਰ ਲਾਉਂਦੀ ਹੈ ਤਾਂ ਇਹ ਕਰ ਇਸ ਤਰ੍ਹਾਂ ਲਗਾਏ ਜਾਣ ਕਿ ਲੋਕਾਂ ਤੇ ਕਰਾਂ ਦਾ ਬੋਝ ਘੱਟ ਤੋਂ ਘੱਟ ਪਵੇ। ਉਦਾਸੀਨ ਵਕਰਾਂ ਦੀ ਸਹਾਇਤਾ ਨਾਲ ਇਹ ਜਾਣਿਆ ਜਾ ਸਕਦਾ ਹੈ ਕਿ ਉਪਭੋਗੀਆਂ ਉਪਰ ਆਮ ਤੌਰ ਤੇ ਆਮਦਨ ਕਰ ਦਾ ਪ੍ਰਭਾਵ ਵਿਕਰੀ ਕਰ* (Sales Tax) *ਕਰ ਨਾਲੋਂ ਘੱਟ ਪੈਂਦਾ ਹੈ।*

6. *ਉਦਾਸੀਨ ਵਕਰਾਂ ਦਾ ਇਕ ਫਾਇਦਾ ਇਹ ਵੀ ਹੈ ਕਿ ਇਨ੍ਹਾਂ ਰਾਹੀਂ ਅਸੀਂ ਉਪਭੋਗੀ ਦੀ ਬੇਸ਼ੀ* (Consumer's Surplus) *ਨੂੰ ਮਾਪ ਸਕਦੇ ਹਾਂ। ਉਪਭੋਗੀ ਦੀ ਬੇਸ਼ੀ ਨੂੰ ਮਾਪਣ ਲਈ ਉਦਾਸੀਨ ਵਕਰਾਂ ਦੀ ਵਰਤੋਂ ਜੇ.ਆਰ. ਹਿਕਸ* (J.R. Hicks) *ਨੇ ਕੀਤੀ ਸੀ।*

*ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਉਦਾਸੀਨ ਵਕਰ ਵਿਸ਼ਲੇਸ਼ਣ ਦੀ ਵਰਤੋਂ ਸਮਾਜ ਦੇ ਵੱਖ-ਵੱਖ ਖੇਤਰਾਂ ਵਿਚ ਮਹੱਤਵਪੂਰਣ ਭੂਮਿਕਾ ਨਿਭਾਉਂਦੀ ਹੈ।*

**(xi) ਤੁਸ਼ਟੀਗੁਣ ਵਿਸ਼ਲੇਸ਼ਣ ਅਤੇ ਉਦਾਸੀਨ ਵਕਰ ਵਿਸ਼ਲੇਸ਼ਣ ਵਿਚ ਸਮਾਨਤਾਵਾਂ (Similarities between Utility Analysis and indifference Curve Analysis) :**

1. *ਦੋਹਾਂ ਵਿਸ਼ਲੇਸ਼ਣਾਂ ਵਿਚ ਉਪਭੋਗੀ ਨੂੰ ਵਿਵੇਕਸ਼ੀਲ ਮੰਨਿਆ ਗਿਆ ਹੈ।*
2. *ਉਪਭੋਗੀ ਦੇ ਸੰਤੁਲਨ ਦੀਆਂ ਸੂਰਤਾਂ ਵਿਚ ਵੀ ਇਨ੍ਹਾਂ ਦੋਵੇਂ ਵਿਸ਼ਲੇਸ਼ਣਾਂ ਵਿਚ ਸਮਾਨਤਾ ਹੁੰਦੀ ਹੈ। ਜਦੋਂ ਦੋਹਾਂ ਵਸਤੂਆਂ ਦੇ ਸੀਮਾਂਤ ਤੁਸ਼ਟੀਗੁਣ ਅਤੇ ਉਨ੍ਹਾਂ ਵਸਤੂਆਂ ਦੀਆਂ ਕੀਮਤਾਂ ਦਾ ਅਨੁਪਾਤ ਬਰਾਬਰ ਹੋਵੇ, ਉਸ ਵੇਲੇ ਤੁਸ਼ਟੀਗੁਣ ਵਿਸ਼ਲੇਸ਼ਣ ਵਿਚ ਉਪਭੋਗੀ ਸੰਤੁਲਨ ਵਿਚ ਹੁੰਦਾ ਹੈ। ਦੂਸਰੇ ਪਾਸੇ ਉਦਾਸੀਨ ਵਕਰ ਵਿਸ਼ਲੇਸ਼ਣ ਅਧੀਨ ਵੀ ਉਪਭੋਗੀ ਦੇ ਸੰਤੁਲਨ ਲਈ ਜ਼ਰੂਰੀ ਸ਼ਰਤ ਇਹ ਹੈ ਕਿ ਦੋਹਾਂ ਵਸਤੂਆਂ ਦੀ ਸੀਮਾਂਤ ਪ੍ਰਤੀਸਥਾਪਨਾ ਦਰ ਉਨ੍ਹਾਂ ਵਸਤੂਆਂ ਦੀਆਂ ਕੀਮਤਾਂ ਦੇ ਅਨੁਪਾਤ ਦੇ ਬਰਾਬਰ ਹੋਵੇ।*
3. *ਇਹ ਦੋਵੇਂ ਵਿਸ਼ਲੇਸ਼ਣ ਤੁਸ਼ਟੀਗੁਣ ਦੇ ਘਟਣ ਦੀ ਧਾਰਨਾ ਉਪਰ ਆਧਾਰਿਤ ਹਨ। ਤੁਸ਼ਟੀਗੁਣ ਵਕਰ ਵਿਸ਼ਲੇਸ਼ਣ ਵਿਚ ਮਾਰਸ਼ਲ ਨੇ ਇਹ ਮੰਨਿਆ ਹੈ ਕਿ ਜਿਉਂ-ਜਿਉਂ ਕਿਸੇ ਉਪਭੋਗੀ ਕੋਲ ਕਿਸੇ ਵਸਤੂ ਦੀ ਮਾਤਰਾ ਵਧਦੀ ਜਾਂਦੀ ਹੈ ਉਸ ਦਾ ਵਸਤੂ ਪ੍ਰਤੀ ਸੀਮਾਂਤ ਤੁਸ਼ਟੀਗੁਣ ਘਟਦਾ ਜਾਂਦਾ ਹੈ। ਇਸੇ ਤਰ੍ਹਾਂ ਹੀ ਅਸੀਂ ਦੇਖਦੇ ਹਾਂ ਕਿ ਉਦਾਸੀਨ ਵਕਰ ਆਪਣੇ ਮੁੱਢ ਦੇ ਬਿੰਦੂ ਵੱਲ ਝੁਕਿਆ ਹੁੰਦਾ ਹੈ। ਇਹ ਇਸੇ ਕਰਕੇ ਹੈ ਕਿ ਪ੍ਰਤੀਸਥਾਪਨ ਦੀ ਸੀਮਾਂਤ ਦਰ ਘਟਦੀ ਜਾਂਦੀ ਹੈ ਕਿਉਂਕਿ ਜਿਸ ਵਸਤੂ ਦੀ ਮਾਤਰਾ ਉਪਭੋਗੀ ਕੋਲ ਵਧਦੀ ਜਾਂਦੀ ਹੈ, ਉਸ ਦਾ ਤੁਸ਼ਟੀਗੁਣ ਘਟਦਾ ਜਾਂਦਾ ਹੈ, ਅਤੇ ਦੂਸਰੀ ਵਸਤੂ ਦਾ, ਜਿਸ ਦੀ ਮਾਤਰਾ ਉਪਭੋਗੀ ਕੋਲ ਘਟਦੀ ਜਾਂਦੀ ਹੈ, ਉਸ ਦਾ ਤੁਸ਼ਟੀਗੁਣ ਵਧਦਾ ਜਾਂਦਾ ਹੈ। ਕਹਿਣ ਤੋਂ ਭਾਵ ਇਹ ਕਿ ਉਦਾਸੀਨ ਵਕਰ ਵਿਸ਼ਲੇਸ਼ਣ ਵਿਚ ਵੀ ਸੀਮਾਂਤ ਪ੍ਰਤੀਸਥਾਪਨ ਦਰ, ਘਟਦੇ ਸੀਮਾਂਤ ਤੁਸ਼ਟੀਗੁਣ ਉਪਰ ਹੀ ਆਧਾਰਿਤ ਹੁੰਦੀ ਹੈ।*
4. *ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਅਤੇ ਉਦਾਸੀਨ ਵਕਰ ਵਿਸ਼ਲੇਸ਼ਣ, ਦੋਵੇਂ ਹੀ ਸੰਤੁਲਨ ਪ੍ਰਾਪਤ ਕਰਨ ਲਈ ਅੰਤਰ-ਨਿਰੀਖਣ* (Introspective) *ਵਿਧੀ ਨੂੰ ਵਰਤਦੇ ਹਨ।*

**(xii) ਉਦਾਸੀਨ ਵਕਰ ਵਿਸ਼ਲੇਸ਼ਣ ਦੀ ਤੁਸ਼ਟੀਗੁਣ ਵਿਸ਼ਲੇਸ਼ਣ ਦੇ ਮੁਕਾਬਲੇ ਉੱਤਮਤਾ(Superiority of Indifference Curve Analysis Over Utility) :** *ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਦੀਆਂ ਊਣਤਾਈਆਂ ਨੂੰ ਧਿਆਨ ਵਿਚ ਰਖਦਿਆਂ ਪਹਿਲਾਂ ਨਾਲੋਂ ਕੁਝ ਸੁਧਰੇ ਹੋਏ ਰੂਪ ਵਿਚ ਇਕ ਨਵਾਂ ਵਿਸ਼ਲੇਸ਼ਣ ਦਿੱਤਾ ਗਿਆ, ਜਿਸ ਨੂੰ ਉਦਾਸੀਨ ਵਕਰ ਵਿਸ਼ਲੇਸ਼ਣ ਕਿਹਾ ਜਾਂਦਾ ਹੈ। ਉਦਾਸੀਨ ਵਕਰ ਵਿਸ਼ਲੇਸ਼ਣ ਸੀਮਾਂਤ ਤੁਸ਼ਟੀਗੁਣ ਵਕਰ ਵਿਸ਼ਲੇਸ਼ਣ ਨਾਲੋਂ ਜਿਨ੍ਹਾਂ ਗੱਲਾਂ ਕਰਕੇ ਉੱਤਮ ਮੰਨਿਆ ਜਾਂਦਾ ਹੈ ਉਨ੍ਹਾਂ ਦਾ ਹੇਠਾਂ ਵਰਣਨ ਕੀਤਾ ਗਿਆ ਹੈ।*

1. *ਉਦਾਸੀਨ ਵਕਰ ਵਿਸ਼ਲੇਸ਼ਣ ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਨਾਲੋਂ ਘੱਟ ਮਨੌਤਾਂ ਤੇ ਆਧਾਰਿਤ ਹੈ।*

2. *ਉਦਾਸੀਨ ਵਕਰ ਵਿਸ਼ਲੇਸ਼ਣ, ਤੁਸ਼ਟੀਗੁਣ ਵਿਸ਼ਲੇਸ਼ਣ ਨਾਲੋਂ ਵਧੇਰੇ ਵਿਸਥਾਰਪੂਰਵਕ ਹੈ। ਜਿਥੇ ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਸਿਰਫ ਇਕ ਵਸਤੂ ਦੇ ਸੰਬੰਧ ਵਿਚ ਹੀ ਉਪਭੋਗੀ ਦੇ ਸੰਤੁਲਨ ਦੀ ਵਿਆਖਿਆ ਕਰਦਾ ਹੈ ਉਥੇ ਉਦਾਸੀਨ ਵਕਰ ਵਿਸ਼ਲੇਸ਼ਣ ਇਕ ਤੋਂ ਵੱਧ ਵਸਤੂਆਂ, ਜਿਵੇਂ ਕਿ ਸਥਾਨਪਤੀ* (Substitute) *ਵਸਤੂਆਂ ਅਤੇ ਪੂਰਕ* (Complementary) *ਵਸਤੂਆਂ ਦੇ ਸੰਬੰਧ ਵਿਚ ਵੀ ਉਪਭੋਗੀ ਦੇ ਸੁੰਤਲਨ ਦੀ ਵਿਆਖਿਆ ਕਰਦਾ ਹੈ।*
3. *ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਅਨੁਸਾਰ ਤੁਸ਼ਟੀਗੁਣ ਨੂੰ ਸੰਖਿਆਤਮਕ* (Cardinal) *ਵਿਧੀ ਨਾਲ ਮਾਪਿਆ ਜਾ ਸਕਦਾ ਹੈ ਪਰੰਤੂ ਕਿਉਂਕਿ ਤੁਸ਼ਟੀਗੁਣ ਇਕ ਮਨੋਵਿਗਿਆਨਕ ਭਾਵਨਾ ਹੈ, ਜਿਸ ਨੂੰ ਸੰਖਿਆਤਮਕ ਤੌਰ ਤੇ ਨਹੀਂ ਮਾਪਿਆ ਜਾ ਸਕਦਾ। ਪਰੰਤੂ ਇਸ ਊਣਤਾਈ ਨੂੰ ਉਦਾਸੀਨ ਵਕਰ ਵਿਸ਼ਲੇਸ਼ਣ ਵਿਚ ਤੁਸ਼ਟੀਗੁਣ ਨੂੰ ਕ੍ਰਮਵਾਚਕ* (Ordinal) *ਵਿਧੀ ਨਾਲ ਮਾਪਿਆ ਗਿਆ ਹੈ, ਜੋ ਕਿ ਸੰਖਿਆਤਮਕ ਵਿਧੀ ਨਾਲੋਂ ਜ਼ਿਆਦਾ ਵਿਵਹਾਰਿਕ ਹੈ।*
4. *ਉਦਾਸੀਨ ਵਕਰ ਵਿਸ਼ਲੇਸ਼ਣ ਵਸਤੂ ਦੀ ਕੀਮਤ ਵਿਚ ਤਬਦੀਲੀ ਕਾਰਨ ਆਏ ਪ੍ਰਭਾਵ, ਆਮਦਨ ਪ੍ਰਭਾਵ ਅਤੇ ਪ੍ਰਤੀਸਥਾਪਨ ਪ੍ਰਭਾਵ ਦਾ ਅਲੱਗ-ਅਲੱਗ ਅਧਿਐਨ ਕਰਦਾ ਹੈ।*
5. *ਇਹ ਵਿਸ਼ਲੇਸ਼ਣ ਘਟੀਆ ਵਸਤੂਆਂ ਦੀ ਮੰਗ ਦਾ ਵੀ ਅਧਿਐਨ ਕਰਦਾ ਹੈ ਪਰੰਤੂ ਤੁਸ਼ਟੀਗੁਣ ਵਿਸ਼ਲੇਸ਼ਣ ਢੰਗ ਘਟੀਆ ਵਸਤੂਆਂ ਦੇ ਸੰਦਰਭ ਵਿਚ ਮੰਗ ਸਿਧਾਂਤ ਬਾਰੇ ਅਧਿਐਨ ਨਹੀਂ ਕਰਦਾ ਸੀ।*
6. *ਇਹ ਵਿਸ਼ਲੇਸ਼ਣ ਮੁਦਰਾ ਦੇ ਸੀਮਾਂਤ ਤੁਸ਼ਟੀਗੁਣ ਦੀ ਅਵਿਵਹਾਰਿਕ ਮਨੌਤ ਨਹੀਂ ਲੈਂਦਾ।*
7. *ਇਸ ਵਿਸ਼ਲੇਸ਼ਣ ਦੁਆਰਾ ਅਸੀਂ ਕੀਮਤਾਂ ਵਿਚ ਹੋਣ ਵਾਲੀਆਂ ਤਬਦੀਲੀਆਂ ਦਾ ਉਪਭੋਗੀ ਦੀ ਭਲਾਈ ਉਪਰ ਪੈਣ ਵਾਲੇ ਪ੍ਰਭਾਵ ਬਾਰੇ ਜਾਣਕਾਰੀ ਹਾਸਲ ਕਰ ਸਕਦੇ ਹਾਂ। ਜੇ ਕਿਸੇ ਵਸਤੂ ਦੀ ਕੀਮਤ ਘਟਣ ਨਾਲ ਉਪਭੋਗੀ ਦਾ ਸੰਤੁਲਨ ਪਹਿਲਾਂ ਨਾਲੋਂ ਉੱਚੀ ਉਦਾਸੀਨ ਵਕਰ ਉਪਰ ਸਥਾਪਤ ਹੋ ਜਾਂਦਾ ਹੈ ਤਾਂ ਇਸ ਦਾ ਭਾਵ ਹੈ ਕਿ ਉਪਭੋਗੀ ਦੀ ਭਲਾਈ ਵਿਚ ਪਹਿਲਾਂ ਨਾਲੋਂ ਵਾਧਾ ਹੋਇਆ ਹੈ।*

**(xiii) ਉਦਾਸੀਨ ਵਕਰ ਵਿਸ਼ਲੇਸ਼ਣ ਦੀ ਆਲੋਚਨਾ (Criticism of Indifference Curve Analysis) :** *ਉਦਾਸੀਨ ਵਕਰ ਵਿਸ਼ਲੇਸ਼ਣ ਨੇ ਭਾਵੇਂ ਸੀਮਾਂਤ ਤੁਸ਼ਟੀਗੁਣ ਵਿਸ਼ਲੇਸ਼ਣ ਦੀਆਂ ਊਣਤਾਈਆਂ ਨੂੰ ਦੂਰ ਕਰਨ ਦੇ ਯਤਨ ਵਜੋਂ ਉਪਭੋਗੀ ਦੀ ਮੰਗ ਸੰਬੰਧੀ ਇਕ ਵਿਸਤਰਿਤ ਅਤੇ ਵਿਵਹਾਰਿਕ ਵਿਸ਼ਲੇਸ਼ਣ ਵਜੋਂ ਅਰਥ-ਸ਼ਾਸਤਰ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ ਹੈ ਪਰੰਤੂ ਫਿਰ ਵੀ ਇਹ ਕਈ ਵਿਦਵਾਨਾਂ ਦੁਆਰਾ ਕੀਤੀ ਆਲੋਚਨਾ ਤੋਂ ਮੁਕਤ ਨਹੀਂ ਹੈ।*

*ਪਹਿਲੇ, ਉਦਾਸੀਨ ਵਕਰ ਵਿਸ਼ਲੇਸ਼ਣ ਉਪਭੋਗੀ ਦੇ ਸੰਤੁਲਨ ਦੀ ਕੇਵਲ ਵਸਤੂਆਂ ਦੇ ਸੰਬੰਧ ਵਿਚ ਹੀ ਆਸਾਨ ਜਾਣਕਾਰੀ ਪ੍ਰਦਾਨ ਕਰਦਾ ਹੈ। ਜੇ ਉਪਭੋਗੀ ਦਾ ਸੰਤੁਲਨ ਤਿੰਨ ਵਸਤੂਆਂ ਸੰਬੰਧੀ ਨਿਰਧਾਰਿਤ ਕਰਨਾ ਤਾਂ ਤਿੰਨ ਭੁਜਾਵੀ ਰੇਖਾ-ਚਿੱਤਰ ਬਣਾਉਣਾ ਪਵੇਗਾ, ਜਿਸ ਨੂੰ ਸਮਝਣਾ ਬਹੁਤ ਮੁਸ਼ਕਿਲ ਹੁੰਦਾ ਹੈ। ਚਾਰ ਜਾਂ ਇਸ ਤੋਂ ਵੱਧ ਵਸਤੂਆਂ ਸੰਬੰਧੀ ਉਪਭੋਗੀ ਦੇ ਸੰਤੁਲਨ ਲਈ ਬਹੁਤ ਹੀ ਗੁੰਝਲਦਾਰ ਗਣਿਤ* (Mathematics) *ਦੀ ਲੋੜ ਪੈਂਦੀ ਹੈ ਜੋ ਕਿ ਅਕਸਰ ਆਮ ਵਿਅਕਤੀ ਦੀ ਸਮਝ ਤੋਂ ਬਾਹਰ ਹੁੰਦਾ ਹੈ। ਦੂਸਰੇ, ਉਦਾਸੀਨ ਵਕਰ ਵਿਸ਼ਲੇਸ਼ਣ ਇਕ ਮਨੋਵਿਗਿਆਨਕ ਧਾਰਨਾ ਹੈ ਜੋ ਜੀਵਨ ਵਿਚ ਪੇਸ਼ ਆਉਂਦੀਆਂ ਵਾਸਤਵਿਕ ਸਮੱਸਿਆਵਾਂ ਉਪਰ ਪੂਰੀ ਤਰ੍ਹਾਂ ਲਾਗੂ ਹੋਣ ਤੋਂ ਅਸਮਰੱਥ ਹੈ। ਬਜ਼ਾਰ ਵਿਚ ਕਿਸੇ ਵਸਤੂ ਦੀ ਮੰਗ ਨੂੰ ਜਾਣਨਾ ਇਕ ਬਾਹਰਮੁਖੀ* (objective) *ਵਰਤਾਰਾ ਹੈ, ਜਿਸ ਨੂੰ ਜਾਣਨ ਲਈ ਮਨੁੱਖੀ ਭਾਵਨਾਵਾਂ ਉਪਰ ਆਧਾਰਿਤ ਮਨੋਵਿਗਿਆਨਕ ਢੰਗ ਨੂੰ ਨਹੀਂ ਵਰਤਿਆ ਜਾ ਸਕਦਾ। ਤੀਜੇ, ਉਦਾਸੀਨ ਵਕਰ ਵਿਸ਼ਲੇਸ਼ਣ ਕਈ ਅਵਿਵਹਾਰਿਕ ਮਨੌਤਾਂ ਉਪਰ ਆਧਾਰਿਤ ਹੈ, ਜੋ ਕਿ ਠੀਕ ਨਹੀਂ। ਉਦਾਹਰਣ ਵਜੋਂ ਇਸ ਵਿਸ਼ਲੇਸ਼ਣ ਅਨੁਸਾਰ ਉਪਭੋਗੀ ਨੂੰ ਰੇਖਾ-ਚਿੱਤਰ ਵਿਚ ਇਹ ਵੱਖ-ਵੱਖ ਵਕਰਾਂ ਅਤੇ ਉਨ੍ਹਾਂ ਉਪਰ ਪਏ ਵੱਖ-ਵੱਖ ਜੋੜਿਆਂ ਦੀ ਪੂਰਣ ਜਾਣਕਾਰੀ ਹੁੰਦੀ ਹੈ। ਪਰੰਤੂ ਅਮਲੀ ਜੀਵਨ ਵਿਚ ਬਹੁਤੇ ਉਪਭੋਗੀਆਂ ਨੂੰ ਇਨ੍ਹਾਂ ਗੱਲਾਂ ਪ੍ਰਤੀ ਕੋਈ ਸਮਝ ਨਹੀਂ ਹੁੰਦੀ। ਇਸ ਤੋਂ ਇਲਾਵਾ ਚੌਥੇ, ਇਸ ਵਿਸ਼ਲੇਸ਼ਣ ਦੁਆਰਾ ਲਈ ਇਕ ਹੋਰ ਮਨੌਤ, ਕਿ ਉਪਭੋਗੀ ਵਿਵੇਕਸ਼ੀਲ* (Rational) *ਹੈ। ਪਰੰਤੂ ਸਮਾਜ ਵਿਚ ਅਸੀਂ ਦੇਖਦੇ ਹਾਂ ਕਿ ਉਪਭੋਗੀ ਕਈ ਵਾਰ ਆਪਣੀ ਸੰਤੁਸ਼ਟੀ ਨੂੰ ਵੱਧ ਤੋਂ ਵੱਧ ਕਰਨ ਦੀ ਥਾਂ ਸਮਾਜ ਵਿਚ ਪ੍ਰਚੱਲਿਤ ਰੀਤੀ-ਰਿਵਾਜਾਂ, ਫੈਸ਼ਨਾਂ, ਆਪਣੀਆਂ ਆਦਤਾਂ ਤੋਂ ਪ੍ਰਭਾਵਿਤ ਹੋ ਕੇ ਵਸਤੂਆਂ ਪ੍ਰਤੀ ਆਪਣੀ ਮੰਗ ਨੂੰ ਤਰਜੀਹ ਦਿੰਦਾ ਹੈ। ਪੰਜਵੇਂ, ਪ੍ਰੋ. ਰੋਬਰਟਸਨ ਅਨੁਸਾਰ ਉਦਾਸੀਨ ਵਕਰ ਵਿਸ਼ਲੇਸ਼ਣ ਵਿਚ ਕੋਈ ਨਵਾਂ ਵਿਚਾਰ ਨਹੀਂ ਦਿੱਤਾ ਗਿਆ, ਸਗੋਂ ਪੁਰਾਣੇ ਵਿਚਾਰਾਂ ਨੂੰ ਹੀ ਨਵੇ*

ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਸੇ ਕਰਕੇ ਉਸ ਨੇ ਇਸ ਵਿਸ਼ਲੇਸ਼ਣ ਨੂੰ 'ਪੁਰਾਣੀ ਸ਼ਰਾਬ ਨਵੀਆਂ ਬੋਤਲਾਂ' ਵਿਚ (Old wine in new Bottles) ਕਿਹਾ ਹੈ। ਉਦਾਸੀਨ ਵਕਰ ਵਿਸ਼ਲੇਸ਼ਣ ਤੁਸ਼ਟੀਗੁਣ ਦੇ ਮਾਪ ਲਈ ਅੰਤਰ-ਨਿਰੀਖਣ (introspective) ਕ੍ਰਮਅੰਕ (cardinal) ਤਰੀਕੇ ਦੀ ਥਾਂ ਸਿਰਫ ਅੰਤਰ-ਨਿਰੀਖਣ (introspective) ਕ੍ਰਮਵਾਚਕ (ordinal) ਤਰੀਕੇ ਨੂੰ ਵਰਤਦਾ ਹੈ, ਜਦੋਂ ਕਿ ਦੋਵੇਂ ਅੰਤਰ ਨਿਰੀਖਣ (introspective) ਉਪਰ ਆਧਾਰਿਤ ਹਨ। ਉਪਭੋਗੀ ਦੀ ਤਰਜੀਹ ਨੂੰ ਦਰਸਾਉਣ ਲਈ 1, 2, 3 ਆਦਿ ਕ੍ਰਮਅੰਕਾਂ (cardinals) ਦੀ ਥਾਂ ਉਦਾਸੀਨ ਵਕਰ ਵਿਸ਼ਲੇਸ਼ਣ I, II, III ਆਦਿ ਕ੍ਰਮਵਾਚਕ (ordinals) ਅੰਕਾਂ ਦੇ ਢੰਗ ਨੂੰ ਵਰਤਦਾ ਹੈ। ਇਹ ਵਿਸ਼ਲੇਸ਼ਣ ਘਟਦੇ ਸੀਮਾਂਤ ਤੁਸ਼ਟੀਗੁਣ ਦੀ ਥਾਂ ਘਟਦੇ ਸੀਮਾਂਤ ਪ੍ਰਤੀਸਥਾਪਨ ਦੇ ਨਿਯਮ ਨੂੰ ਵਰਤਦਾ ਹੈ। ਜਿਥੇ ਸਮ-ਸੀਮਾਂਤ ਤੁਸ਼ਟੀਗੁਣ ਦੇ ਨਿਯਮ ਵਿਚ ਉਪਭੋਗੀ ਦੇ ਸੰਤੁਲਨ ਲਈ ਇਕ ਵਸਤੂ ਦਾ ਸੀਮਾਂਤ ਤੁਸ਼ਟੀਗੁਣ ਨੂੰ ਉਸ ਦੀ ਕੀਮਤ ਦੇ ਅਨੁਪਾਤ ਵਜੋਂ ਲੈ ਕੇ, ਦੂਸਰੀ ਵਸਤੂ ਦਾ ਸੀਮਾਂਤ ਤੁਸ਼ਟੀਗੁਣ ਅਤੇ ਉਸ ਦੀ ਕੀਮਤ ਦੇ ਅਨੁਪਾਤ $\frac{MU_x}{P_x} = \frac{MU_y}{P_y}$ ਦੇ ਬਰਾਬਰ ਕਰਨਾ ਹੁੰਦਾ ਹੈ, ਉਸੇ ਤਰ੍ਹਾਂ ਹੀ ਉਦਾਸੀਨ ਵਕਰ ਵਿਸ਼ਲੇਸ਼ਣ ਵਿਚ ਵੀ ਦੋ ਵਸਤੂਆਂ ਵਿਚਕਾਰ ਸੀਮਾਂਤ ਪ੍ਰਤੀਸਥਾਪਨ ਦਰ ਨੂੰ ਦੋਵਾਂ ਵਸਤੂਆਂ ਦੀਆਂ ਕੀਮਤਾਂ ਦੇ ਅਨੁਪਾਤ ਦੇ $\left(MRS_{xy} = \frac{\text{Price of x}}{\text{Price of y}}\right)$ ਬਰਾਬਰ ਕਰਨਾ ਹੁੰਦਾ ਹੈ। ਛੇਵੇਂ, ਅਨਿਸ਼ਤਤਾ (uncertainty) ਵਾਲੀਆਂ ਸਥਿਤੀਆਂ ਵਿਚ ਇਹ ਨਿਯਮ ਉਪਭੋਗੀ ਦੇ ਸੰਤੁਲਨ ਦੀ ਸਥਿਤੀ ਨੂੰ ਪ੍ਰਾਪਤ ਕਰਨ ਵਿਚ ਅਸਫਲ ਰਹਿੰਦਾ ਹੈ। ਉਦਾਹਰਣ ਵਜੋਂ ਜੇ ਉਪਭੋਗੀ ਸਾਹਮਣੇ ਤਿੰਨ ਸਥਿਤੀਆਂ A, B ਅਤੇ C ਹਨ ਅਤੇ ਜੇ ਉਹ A ਨੂੰ B ਨਾਲੋਂ ਅਤੇ C ਨੂੰ A ਨਾਲੋਂ ਤਰਜੀਹ ਦਿੰਦਾ ਹੈ ਤਾਂ ਇਨ੍ਹਾਂ ਵਿਚੋਂ A ਦੀ (ਉਪਲੱਬਧਤਾ) ਖਰੀਦ ਤਾਂ ਨਿਸ਼ਚਤ ਹੈ ਪਰੰਤੂ B ਅਤੇ C ਵਿਚੋਂ ਉਪਭੋਗੀ ਵੱਲੋਂ ਤਰਜੀਹ ਦੇ ਅੱਧੋ-ਅੱਧ (ਪੰਜਾਹ-ਪੰਜਾਹ) ਮੌਕੇ ਹਨ। ਇਸ ਹਾਲਤ ਵਿਚ ਉਦਾਸੀਨ ਵਕਰ ਵਿਸ਼ਲੇਸ਼ਣ ਰਾਹੀਂ ਉਪਭੋਗੀ ਨੂੰ ਅਨਿਸਚਤਤਾ (ਜਾਂ ਤਰਜੀਹ ਸੰਬੰਧੀ ਜੋਖਮ) ਦਾ ਸਾਹਮਣਾ ਕਰਨਾ ਪੈਂਦਾ ਹੈ। ਸੱਤਵੇਂ, ਉਦਾਸੀਨ ਵਕਰ ਵਿਸ਼ਲੇਸ਼ਣ ਗ਼ੈਰ-ਅਮਲੀ (unrealistic) ਮਨੌਤ, ਮੰਡੀ ਵਿਚ ਪੂਰਨ ਪ੍ਰਤੀਯੋਗਤਾ (Perfect Competition) ਉਪਰ ਆਧਾਰਤ ਹੋਣ ਕਾਰਨ ਵੀ ਠੀਕ ਨਹੀਂ ਹੈ ਕਿਉਂਕਿ ਅਜੋਕੇ ਸਮੇਂ ਵਿਚ ਤਾਂ ਪੂਰਨ ਪ੍ਰਤੀਯੋਗਤਾ ਵਾਲੇ ਬਾਜ਼ਾਰ ਦੀ ਹੋਂਦ ਤਾਂ ਨਾ ਬਰਾਬਰ ਹੀ ਹੈ।

**IV.** ਸਾਰ ਅੰਸ਼ **(Summary)**

ਤੁਸ਼ਟੀਗੁਣ ਵਿਸ਼ਲੇਸ਼ਣ ਦੀਆਂ ਊਣਤਾਈਆਂ ਨੂੰ ਧਿਆਨ ਵਿਚ ਰੱਖਦੇ ਹੋਏ ਸਭ ਤੋਂ ਪਹਿਲਾਂ ਐਜ਼ਵਰਥ ਨੇ 1881 ਵਿਚ ਉਦਾਸੀਨ ਮੰਗ ਵਕਰ ਦੀ ਤਕਨੀਕ ਦਿੱਤੀ ਜਿਸ ਨੂੰ ਉਸ ਨੇ ਦੋ ਵਿਅਕਤੀਆਂ ਵਿਚਕਾਰ ਤਬਾਦਲੇ ਦੀਆਂ ਸੰਭਾਵਨਾਵਾਂ ਜਾਣਨ ਲਈ ਵਰਤਿਆ ਸੀ, ਨਾ ਕਿ ਉਪਭੋਗੀ ਦੀ ਮੰਗ ਜਾਣਨ ਲਈ। ਪਰੰਤੂ ਬਾਅਦ ਦੇ ਅਰਥ-ਸ਼ਾਸਤਰੀਆਂ, ਜਿਵੇਂ ਕਿ ਪਰੈਟੋ, ਸਲੱਟਸਕੀ, ਹਿਕਸ ਆਦਿ ਨੇ ਇਸ ਤਕਨੀਕ ਨੂੰ ਉਪਭੋਗੀ ਦੀ ਮੰਗ ਨੂੰ ਜਾਣਨ ਲਈ ਵਰਤਿਆ। ਉਦਾਸੀਨ ਮੰਗ ਵਕਰ ਵਿਸ਼ਲੇਸ਼ਣ ਇਕ ਉਪਭੋਗੀ ਦੀ ਮੰਗ ਨੂੰ ਇਕੋ ਸਮੇਂ ਦੋ ਵਸਤੂਆਂ ਦੇ ਸੰਬੰਧ ਵਿਚ ਵਿਚਾਰਦਾ ਹੈ। ਇਹ ਵਿਸ਼ਲੇਸ਼ਣ ਕੁਝ ਮਨੌਤਾਂ, ਜਿਵੇਂ ਕਿ ਕਰਮਵਾਚਕ ਤੁਸ਼ਟੀਗੁਣ, ਤਰਜੀਹ ਦੇ ਪੈਮਾਨੇ ਦੀ ਪਰਿਕਲਪਨਾ, ਜੋੜਿਆਂ ਵਿਚ ਕਮਜ਼ੋਰ ਤਰਜੀਹ, ਵਿਵੇਕਸ਼ੀਲ ਉਪਭੋਗੀ ਆਦਿ ਲੈ ਕੇ ਉਪਭੋਗੀ ਦੇ ਸੰਤੁਲਨ ਦੀ ਵਿਆਖਿਆ ਕਰਦਾ ਹੈ। ਇਸ ਵਿਸ਼ਲੇਸ਼ਣ ਵਿਚ ਦੋਵਾਂ ਵਸਤੂਆਂ ਵਿਚਕਾਰ ਘਟਦੇ ਸੀਮਾਂਤ ਪ੍ਰਤੀਸਥਾਪਨ ਦੀ ਦਰ ਦੀ ਧਾਰਨਾ ਲਈ ਗਈ, ਜਿਸ ਅਨੁਸਾਰ ਜਦੋਂ ਇਕ ਵਸਤੂ ਦੀ ਮਾਤਰਾ ਉਪਭੋਗੀ ਕੋਲ ਵਧਦੀ ਜਾਂਦੀ ਹੈ ਤਾਂ ਉਸ ਦਾ ਉਸ ਵਸਤੂ ਪ੍ਰਤੀ ਸੀਮਾਂਤ ਤੁਸ਼ਟੀਗੁਣ ਘਟਦਾ ਜਾਂਦਾ ਹੈ ਅਤੇ ਇਸ ਤੋਂ ਉਲਟ। ਉਦਾਸੀਨ ਵਕਰ ਵਿਸ਼ਲੇਸ਼ਣ ਵਿਚ ਇਕ ਵਸਤੂ ਦੀ ਕੀਮਤ ਵਿਚ ਤਬਦੀਲੀ ਆਉਣ ਨਾਲ ਉਸ ਵਸਤੂ ਦੀ ਮੰਗ ਉਪਰ ਪੈਂਦੇ ਪ੍ਰਭਾਵ ਨੂੰ ਸਿੱਧੇ ਤੌਰ ਤੇ ਨਹੀਂ ਸਗੋਂ ਆਮਦਨ ਪ੍ਰਭਾਵ ਅਤੇ ਪ੍ਰਤੀਸਥਾਪਨ ਪ੍ਰਭਾਵ ਦੁਆਰਾ ਵਸਤੂ ਪ੍ਰਤੀ ਉਪਭੋਗੀ ਦੀ ਮੰਗ ਉਪਰ ਪੈਂਦੇ ਪ੍ਰਭਾਵ ਨੂੰ ਵਿਖਾਇਆ ਗਿਆ ਹੈ। ਜੋ ਕਿ ਜ਼ਿਆਦਾ ਵਿਵਹਾਰਿਕ ਹੈ। ਇਸ ਨਿਯਮ ਵਿਚ ਉਪਭੋਗੀ ਦੇ ਸੰਤੁਲਨ ਨੂੰ ਸਾਧਾਰਨ (Normal) ਵਸਤੂਆਂ ਅਤੇ ਘਟੀਆ (Inferior) ਵਸਤੂਆਂ ਦੇ ਸੰਬੰਧ ਵਿਚ ਵਿਖਾਇਆ ਗਿਆ ਹੈ। ਜਿਥੇ ਸਾਧਾਰਨ ਵਸਤੂਆਂ ਦੇ ਸੰਬੰਧ ਵਿਚ ਕੀਮਤ ਅਤੇ ਉਸ ਵਸਤੂ ਦੀ ਮੰਗ

*ਵਿਚਕਾਰ ਉਲਟ* (Negative) *ਸੰਬੰਧ ਦਿਖਾਇਆ ਗਿਆ ਹੈ, ਉਥੇ ਘਟੀਆ ਵਸਤੂਆਂ ਦੇ ਸੰਬੰਧ ਵਿਚ ਕੀਮਤ ਅਤੇ ਘਟੀਆ ਵਸਤੂਆਂ ਦੀ ਮੰਗ ਵਿਚ ਸਿੱਧੇ* (Positive) *ਸੰਬੰਧ ਨੂੰ ਦਰਸਾਇਆ ਗਿਆ ਹੈ ਜੋ ਕਿ ਉਦਾਸੀਨ ਵਕਰ ਵਿਸ਼ਲੇਸ਼ਣ ਦੀਆਂ ਅਰਥ ਸ਼ਾਸਤਰ ਦੇ ਵਿਸ਼ੇ ਨੂੰ ਇਕ ਨਵੀਂ ਅਤੇ ਮਹੱਤਵਪੂਰਣ ਦੇਣ* (Contribution) *ਮੰਨੀ ਗਈ ਹੈ। ਪਰੰਤੂ ਫਿਰ ਵੀ ਕੁਝ ਵਿਦਵਾਨਾਂ ਨੇ ਉਦਾਸੀਨ ਵਕਰ ਵਿਸ਼ਲੇਸ਼ਣ ਦੀ ਕੁਝ ਕਮੀਆਂ, ਜਿਵੇਂ ਕਿ ਕਮਜ਼ੋਰ ਤਰਜੀਹ* (Weak Ordering), *ਅਸਿੱਧੇ ਤੌਰ ਤੇ ਘਟਦੇ ਸੀਮਾਂਤ ਤੁਸ਼ਟੀਗੁਣ ਦੀ ਧਾਰਨਾ ਨੂੰ ਅਪਨਾਉਣਾ, ਅਨਿਸ਼ਚਿਤਤਾ ਦੀ ਸਥਿਤੀ ਵਿਚ ਲਾਗੂ ਨਾ ਹੋਣਾ, ਆਦਿ ਨੂੰ ਉਜਾਗਰ ਕੀਤਾ ਹੈ। ਪਰੰਤੂ ਇਨ੍ਹਾਂ ਕੁਝ ਊਣਤਾਈਆਂ ਦੇ ਬਾਵਜੂਦ ਵੀ ਇਹ ਕਿਹਾ ਜਾ ਸਕਦਾ ਹੈ ਕਿ ਉਦਾਸੀਨ ਵਕਰ ਦੀ ਤਕਨੀਕ ਉਪਭੋਗੀ ਦੀ ਮੰਗ ਦੇ ਸੰਬੰਧ ਵਿਚ ਇਕ ਲਾਭਦਾਇਕ ਮੀਲ ਪੱਥਰ ਸਾਬਤ ਹੋਇਆ ਹੈ।*

## V. ਮਹੱਤਵਪੂਰਣ ਧਾਰਨਾਵਾਂ (Key Concepts)

1. **ਕੀਮਤ (ਬੱਜਟ) ਰੇਖਾ (The Budget Line) :** *ਉਪਭੋਗੀ ਦੀ ਦਿੱਤੀ ਆਮਦਨ ਅਤੇ ਦੋਹਾਂ ਵਸਤੂਆਂ ਦੀਆਂ ਦਿੱਤੀਆਂ ਕੀਮਤਾਂ ਨਾਲ, ਕੀਮਤ ਰੇਖਾ ਦੋਵਾਂ ਵਸਤੂਆਂ ਦੇ ਉਨ੍ਹਾਂ ਵੱਖ-ਵੱਖ ਜੋੜਿਆਂ* (combinations) *ਨੂੰ ਦਰਸਾਉਂਦੀ ਹੈ ਜਿਨ੍ਹਾਂ ਨੂੰ ਉਪਭੋਗੀ ਖਰੀਦ ਸਕਦਾ ਹੈ।*
2. **ਆਮਦਨ ਉਪਭੋਗ ਵਕਰ (Income-Consumption Curve) :** *ਹੋਰ ਗੱਲਾਂ ਸਮਾਨ ਰਹਿਣ ਤੇ ਕੇਵਲ ਉਪਭੋਗੀ ਦੀ ਆਮਦਨ ਵਿਚ ਤਬਦੀਲੀ ਆਉਣ ਨਾਲ ਉਪਭੋਗੀ ਦੇ ਸੰਤੁਲਨ ਦੇ ਵੱਖ-ਵੱਖ ਬਿੰਦੂਆਂ ਨੂੰ ਮਿਲਾਉਣ ਵਾਲੀ ਵਕਰ ਨੂੰ ਆਮਦਨ ਉਪਭੋਗ ਵਕਰ ਕਿਹਾ ਜਾਂਦਾ ਹੈ।*
3. **ਉਦਾਸੀਨ (ਸਮਭਾਵ) ਵਕਰ (Indifference Curve) :** *ਉਦਾਸੀਨ ਵਕਰ ਦੋ ਵਸਤੂਆਂ ਦੇ ਅਜਿਹੇ ਵੱਖ-ਵੱਖ ਜੋੜਿਆਂ ਨੂੰ ਦਰਸਾਉਂਦੀ ਹੈ ਜੋ ਉਪਭੋਗੀ ਨੂੰ ਇਕੋ ਜਿਹੀ ਸੰਤੁਸ਼ਟੀ ਜਾਂ ਤੁਸ਼ਟੀਗੁਣ ਦਿੰਦੇ ਹਨ।*
4. **ਸੰਤ੍ਰਿਪਤੀ ਬਿੰਦੂ (Saturation Point) :** *ਉਹ ਬਿੰਦੂ ਜਦੋਂ ਕਿਸੇ ਵਸਤੂ ਦਾ ਉਪਭੋਗ ਕਰਨ ਨਾਲ ਉਪਭੋਗੀ, ਉਸ ਵਸਤੂ ਤੋਂ ਵੱਧ ਤੋਂ ਵੱਧ ਕੁੱਲ ਤੁਸ਼ਟੀਗੁਣ ਪ੍ਰਾਪਤ ਹੁੰਦਾ ਹੈ ਅਤੇ ਸੀਮਾਂਤ ਤੁਸ਼ਟੀਗੁਣ ਸਿਫਰ ਦੇ ਬਰਾਬਰ ਹੁੰਦਾ ਹੈ।*
5. **ਆਮਦਨ ਪ੍ਰਭਾਵ (Income Effect) :** *ਦਿੱਤੀ ਹੋਈ ਮੁਦਰਿਕ ਆਮਦਨ ਤੇ ਜਦੋਂ ਕਿਸੇ ਵਸਤੂ ਦੀ ਕੀਮਤ ਘਟਣ ਨਾਲ ਉਸ ਵਸਤੂ ਦੀ ਮੰਗੀ ਗਈ ਮਾਤਰਾ ਵਿਚ ਵਾਧਾ ਹੋ ਜਾਵੇ ਉਸ ਨੂੰ ਆਮਦਨ ਪ੍ਰਭਾਵ ਕਿਹਾ ਜਾਂਦਾ ਹੈ।*
6. **ਸਥਾਨਪਤੀ ਪ੍ਰਭਾਵ (Substitution Effect) :** *ਜਦੋਂ ਕਿਸੇ ਵਸਤੂ ਦੀ ਕੀਮਤ ਘਟਣ ਨਾਲ ਉਸ ਦੀ ਮੰਗ ਵਿਚ ਵਾਧਾ, ਉਪਭੋਗੀ ਦੁਆਰਾ ਉਸ ਵਸਤੂ ਦੀਆਂ ਹੋਰ ਸਮਾਨਤਾ ਵਾਲੀਆਂ ਵਸਤੂਆਂ ਦੀ ਖਰੀਦ ਘੱਟ ਕਰਕੇ ਕੀਤਾ ਜਾਂਦਾ ਹੈ ਤਾਂ ਉਸ ਨੂੰ ਸਥਾਨਪਤੀ ਪ੍ਰਭਾਵ ਕਿਹਾ ਜਾਂਦਾ ਹੈ।*
7. **ਸੀਮਾਂਤ ਪ੍ਰਤੀਸਥਾਪਨ ਦੀ ਦਰ (Marginal Rate of Substitution) :** *ਉਪਭੋਗੀ ਵਸਤੂ* x *ਦੀ ਇਕ ਇਕਾਈ ਹੋਰ ਖਰੀਦਣ ਲਈ ਵਸਤੂ* y *ਦੀਆਂ ਜਿਤਨੀਆਂ ਇਕਾਈਆਂ ਛੱਡਣ ਲਈ ਤਿਆਰ ਹੁੰਦਾ ਹੈ, ਬਸ਼ਰਤੇ ਉਸ ਦੇ ਕੁੱਲ ਤੁਸ਼ਟੀਗੁਣ ਵਿਚ ਕੋਈ ਤਬਦੀਲੀ ਨਾ ਆਵੇ, ਉਸ ਨੂੰ ਸੀਮਾਂਤ ਪ੍ਰਤੀਸਥਾਪਨ ਦੀ ਦਰ ਕਿਹਾ ਜਾਂਦਾ ਹੈ।*
8. **ਕੀਮਤ ਉਪਭੋਗ ਵਕਰ (Price-Consumption Curve) :** *ਕਿਸੇ ਵਸਤੂ ਦੀ ਕੀਮਤ ਵਿਚ ਤਬਦੀਲੀ ਆਉਣ ਨਾਲ ਉਪਭੋਗੀ ਦੇ ਸੰਤੁਲਨ ਦੇ ਵੱਖ-ਵੱਖ ਬਿੰਦੂਆਂ ਨੂੰ ਮਿਲਾਉਣ ਵਾਲੀ ਰੇਖਾ ਨੂੰ ਕੀਮਤ-ਉਪਭੋਗ ਵਕਰ ਕਿਹਾ ਜਾਂਦਾ ਹੈ।*

## VI. ਪੁਸਤਕ ਸੂਚੀ (Suggested Books)


*1.* B.K. Sharma and Gulshan Kumar, *Price Theory and Distribution* (Punjabi Medium).

*2.* *ਐਚ.ਕੇ. ਮਨਮੋਹਨ ਸਿੰਘ,* ***ਮੰਗ ਸਿਧਾਂਤ ਅਤੇ ਮਿਸ਼ਰਤ ਅਰਥ-ਵਿਵਸਥਾ ਵਿਚ ਆਰਥਕ ਗਣਨਾ*** *(ਅਨੁਵਾਦਕ : ਓਮ ਪ੍ਰਕਾਸ਼ ਵਿਸ਼ਿਸ਼ਟ)।*

*3.* Joginder Singh, P.N. Chopra and P.S. Grewal, *Price Theory and Distribution* (Punjabi Medium).

*4.* J.R. Hicks, *Value and Capital* (1939 edition).
*5.* T.R. Jain & others, ***ਵਿਅਸ਼ਟੀ ਅਰਥ-ਸ਼ਾਸਤਰ।***

**VII. ਵਿਆਪਕ ਉੱਤਰ-ਪੱਤਰ**

*(ੳ) ਲੰਮੇ ਉੱਤਰਾਂ ਵਾਲੇ ਪ੍ਰਸ਼ਨ।*
*(ਅ) ਛੋਟੇ ਉੱਤਰਾਂ ਵਾਲੇ ਪ੍ਰਸ਼ਨ।*

*(ੳ) ਲੰਮੇ ਉੱਤਰਾਂ ਵਾਲੇ ਪ੍ਰਸ਼ਨ।*

*(1) ਉਦਾਸੀਨ ਵਕਰ ਤੋਂ ਕੀ ਭਾਵ ਹੈ ? ਇਸ ਦੀਆਂ ਵਿਸ਼ੇਸ਼ਤਾਈਆਂ ਦੱਸੋ।*
*(2) ਉਦਾਸੀਨ ਮੰਗ ਵਕਰ ਦੁਆਰਾ ਸਾਧਾਰਨ ਵਸਤੂਆਂ ਸੰਬੰਧੀ ਉਪਭੋਗੀ ਦੀ ਮੰਗ ਵਕਰ ਬਣਾਉ।*
*(3) ਉਦਾਸੀਨ ਵਕਰ ਵਿਸ਼ਲੇਸ਼ਣ ਦੀ ਤੁਸ਼ਟੀਗੁਣ ਵਿਸ਼ਲੇਸ਼ਣ ਨਾਲ ਸਮਾਨਤਾ ਅਤੇ ਤੁਸ਼ਟੀਗੁਣ ਵਿਸ਼ਲੇਸ਼ਣ ਨਾਲੋਂ ਸ਼੍ਰੇਸਟਤਾ ਬਾਰੇ ਲਿਖੋ।*

***(ਅ) ਛੋਟੇ ਉੱਤਰਾਂ ਵਾਲੇ ਪ੍ਰਸ਼ਨ***

*(1) ਸੀਮਾਂਤ ਪ੍ਰਤੀਸਥਾਪਨ ਦੀ ਦਰ ਕੀ ਹੁੰਦੀ ਹੈ ?*
*(2) ਆਮਦਨ ਪ੍ਰਭਾਵ ਬਾਰੇ ਲਿਖੋ।*
*(3) ਕੀਮਤ ਅਤੇ ਘਟੀਆ (ਗਿਫਨ) ਵਸਤੂ ਦੇ ਸੰਬੰਧ ਬਾਰੇ ਲਿਖੋ।*
*(4) ਕ੍ਰਮਵਾਚਕ* (Ordinal) *ਤੁਸ਼ਟੀਗੁਣ ਅਤੇ ਕ੍ਰਮਅੰਕ* (Cardinal) *ਤੁਸ਼ਟੀਗੁਣ ਵਿਚ ਅੰਤਰ ਦੱਸੋ ?*
*(5) ਕੀਮਤ ਰੇਖਾ ਦੇ ਅਰਥ ਸਪੱਸ਼ਟ ਕਰੋ।*
*(6) ਉਦਾਸੀਨ ਵਕਰ ਵਿਸ਼ਲੇਸ਼ਣ ਦੀਆਂ ਕੋਈ ਚਾਰ ਮਨੌਤਾਂ ਦੱਸੋ।*

*ਨੋਟ : ਇਹ ਪਾਠ ਡਿਸਟੈਂਸ ਐਜੂਕੇਸ਼ਨ ਕੌਂਸਲ* (DEC) *ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।*

ਪਾਠ ਨੰ: 1.5 ਲੇਖਕ : ਡਾ. ਬਲਬੀਰ ਸਿੰਘ

# ਉਪਭੋਗੀ ਦੀ ਬੇਸ਼ੀ
# (Consumer's Surplus)

## ਪਾਠ ਦੀ ਰੂਪ ਰੇਖਾ

I. ਭੂਮਿਕਾ (Introduction)
II. ਪਾਠ ਦੇ ਉਦੇਸ਼ (Objectives)
III. ਪਾਠ ਦਾ ਵਿਸ਼ਾ (Subject-Matter)
IV. ਸਾਰ ਅੰਸ਼ (Summary)
V. ਮਹੱਤਵਪੂਰਣ ਧਾਰਨਾਵਾਂ (Key-Concepts)
VI. ਪੁਸਤਕ ਸੂਚੀ (Suggested Books)
VII. ਵਿਆਪਕ ਉੱਤਰ-ਪੱਤਰ
  (ੳ) ਲੰਮੇ ਉੱਤਰਾਂ ਵਾਲੇ ਪ੍ਰਸ਼ਨ (Long Answer Questions)
  (ਅ) ਛੋਟੇ ਉੱਤਰਾਂ ਵਾਲੇ ਪ੍ਰਸ਼ਨ (Short Answer Questions)

## I. ਭੂਮਿਕਾ (Introduction)

ਅਸੀਂ ਸਮਾਜ ਵਿੱਚ ਵੇਖਦੇ ਹਾਂ ਕਿ ਜਦੋਂ ਕੋਈ ਵਿਅਕਤੀ ਕਿਸੇ ਵਸਤੂ ਨੂੰ ਖ਼ਰੀਦ ਲੈਂਦਾ ਹੈ ਤਾਂ ਉਹ ਅਕਸਰ ਹੀ ਇਹ ਮਹਿਸੂਸ ਕਰਦਾ ਹੈ ਕਿ ਮੈਨੂੰ ਇਹ ਵਸਤੂ ਬਾਜ਼ਾਰ ਵਿੱਚ ਪ੍ਰੰਚਲਿਤ ਕੀਮਤ ਦੇ ਮੁਕਾਬਲੇ ਸਸਤੀ ਮਿਲ ਗਈ ਹੈ। ਇਸ ਤੋਂ ਭਾਵ ਇਹ ਹੈ ਕਿ ਉਹ ਇਹ ਸਮਝਦਾ ਹੈ ਕਿ ਇਸ ਵਸਤੂ ਦੀ ਅਸਲ ਵਿੱਚ ਜਿੰਨੀ ਕੀਮਤ ਬਣਦੀ ਸੀ, ਜਿਸ ਨੂੰ ਕਿ ਉਹ ਅਦਾ ਕਰਨ ਲਈ ਤਿਆਰ ਸੀ, ਉਸ ਕੀਮਤ ਨਾਲੋਂ ਉਸ ਵਿਅਕਤੀ ਨੂੰ ਇਹ ਵਸਤੂ ਘੱਟ ਕੀਮਤ ਤੇ ਮਿਲ ਗਈ। ਇਸ ਦਾ ਭਾਵ ਇਹ ਹੈ ਕਿ ਉਪਭੋਗੀ ਖ਼ਰੀਦੀ ਗਈ ਵਸਤੂ ਦੀ ਜਿੰਨੀ ਕੀਮਤ ਦੇਣ ਲਈ ਤਿਆਰ ਸੀ ਅਤੇ ਜਿੰਨੀ ਘੱਟ ਕੀਮਤ ਤੇ ਉਸ ਨੂੰ ਇਹ ਵਸਤੂ ਮਿਲ ਗਈ, ਇਸ ਵਿਚਾਲੇ ਅੰਤਰ ਨੂੰ ਉਪਭੋਗੀ ਦੀ ਬੇਸ਼ੀ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਕਿਸੇ ਵਸਤੂ ਨੂੰ ਖ਼ਰੀਦਣ ਲਈ ਇੱਕ ਵਿਅਕਤੀ ਜਿੰਨੀ ਕੀਮਤ ਦੇਣ ਲਈ ਤਿਆਰ ਹੈ ਅਤੇ ਉਹ ਜਿਤਨੀ (ਘੱਟ) ਕੀਮਤ ਅਸਲ ਵਿੱਚ ਦਿੰਦਾ ਹੈ, ਦੋਨਾਂ ਦੇ ਅੰਤਰ ਨੂੰ ਹੀ ਉਪਭੋਗੀ ਦੀ ਬੇਸ਼ੀ ਕਿਹਾ ਜਾਂਦਾ ਹੈ। ਉਪਭੋਗੀ ਦੀ ਬੇਸ਼ੀ ਦੀ ਧਾਰਨਾ ਦਾ ਆਧੁਨਿਕ ਯੁੱਗ ਵਿੱਚ ਬਹੁਤ ਮਹੱਤਵ ਹੈ। ਇਸ ਰਾਹੀਂ ਮਨੁੱਖੀ ਕਲਿਆਣ (Welfare) ਨੂੰ ਮਿਣਨ ਦਾ ਯਤਨ ਕੀਤਾ ਜਾਂਦਾ ਹੈ ਅਤੇ ਇਹ ਧਾਰਨਾ ਸਰਕਾਰ ਦੁਆਰਾ ਲੋਕਾਂ ਉੱਪਰ ਕਰ (Tax) ਲਗਾਉਣ ਦੇ ਫੈਸਲੇ ਵਿੱਚ ਵੀ ਮਹੱਤਵਪੂਰਣ ਭੂਮਿਕਾ ਅਦਾ ਕਰਦੀ ਹੈ। ਇਸ ਲਈ ਉਪਭੋਗੀ ਦੀ ਬੇਸ਼ੀ ਦੀ ਸਾਰਥਿਕਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਪਾਠ ਵਿੱਚ ਅਸੀਂ ਇਸ ਦਾ ਅਧਿਐਨ ਕਰਾਂਗੇ।

## II. ਪਾਠ ਦੇ ਉਦੇਸ਼ (Objectives of the Lesson)

1. ਉਪਭੋਗੀ ਦੀ ਬੇਸ਼ੀ ਦੀ ਧਾਰਨਾ ਬਾਰੇ ਜਾਣਨਾ।
   (To Know About The Concept of Consumer's Surplus)
2. ਉਪਭੋਗੀ ਦੀ ਬੇਸ਼ੀ ਨੂੰ ਮਾਪਣਾ।
   (Measurement of Consumer's Surplus)
3. ਉਪਭੋਗੀ ਦੀ ਬੇਸ਼ੀ ਦੀ ਆਲੋਚਨਾ।
   (Criticism of Consumer's Surplus)

4. ਉਪਭੋਗੀ ਦੀ ਬੇਸ਼ੀ ਦੀ ਮਹੱਤਤਾ।
(Importance of Consumer's Surplus)

**III. ਪਾਠ ਦਾ ਵਿਸ਼ਾ-ਵਸਤੂ (Subject-Matter of the lesson)**

1. ਉਪਭੋਗੀ ਦੀ ਬੇਸ਼ੀ ਦਾ ਅਰਥ
(Meaning of Consumer's Surplus)
2. ਮਾਰਸ਼ਲ ਦੀ ਵਿਧੀ ਦੁਆਰਾ ਉਪਭੋਗੀ ਦੀ ਬੇਸ਼ੀ ਦਾ ਮਾਪ :
(Measurement of Consumer's Surplus through Marshallian Approach)
2(a) ਸਥਿਰ ਕੀਮਤ ਤੇ (Constant Price), 2(b) ਕੀਮਤ ਘਟਣ ਤੇ (Fall in Price), ਅਤੇ 2(c) ਕੀਮਤ ਵਿੱਚ ਵਾਧਾ ਹੋਣ ਤੇ (Increase in Price)
3. ਮਾਨਤਾਵਾਂ (Assumptions)
4. ਸਵੈ-ਮੁਲਾਂਕਣ ਪ੍ਰਸ਼ਨ (Self-Check Questions)
5. ਉਦਾਸੀਨ ਵਕਰਾਂ ਦੀ ਸਹਾਇਤਾ ਨਾਲ ਉਪਭੋਗੀ ਦੀ ਬੇਸ਼ੀ ਨੂੰ ਮਾਪਣਾ
(Measurement of Consumer's Surplus with the help of Indifference Curves)
6. ਕੀਮਤ ਵਿੱਚ ਤਬਦੀਲੀ ਦਾ ਉਪਭੋਗੀ ਦੀ ਬੇਸ਼ੀ ਉੱਪਰ ਪ੍ਰਭਾਵ
(Effect of Change in Price on Consumer's Surplus)
7. ਆਮਦਨ ਵਿੱਚ ਤਬਦੀਲੀ ਦਾ ਉਪਭੋਗੀ ਦੀ ਬੇਸ਼ੀ ਉੱਪਰ ਪ੍ਰਭਾਵ
(Effect of Change in Income on Consumer's Surplus)
8. ਉਪਭੋਗੀ ਦੀ ਬੇਸ਼ੀ ਦੀ ਆਲੋਚਨਾ (Criticism of Consumer's Surplus)
9. ਉਪਭੋਗੀ ਦੀ ਬੇਸ਼ੀ ਦੀ ਮਹੱਤਤਾ
(Importance of the Concept of Consumer's Surplus)
10. ਸਵੈ-ਮੁਲਾਂਕਣ ਪ੍ਰਸ਼ਨ (Self-Check Questions)

**ਉਪਭੋਗੀ ਦੀ ਬੇਸ਼ੀ**

ਉਪਭੋਗੀ ਦੀ ਬੇਸ਼ੀ ਦੀ ਧਾਰਨਾ ਅਰਥ ਸ਼ਾਸਤਰ ਦੇ ਵਿਸ਼ੇ ਵਿੱਚ ਬਹੁਤ ਹੀ ਮਹੱਤਵਪੂਰਣ ਥਾਂ ਰੱਖਦੀ ਹੈ। ਉਪਭੋਗੀ ਦੀ ਬੇਸ਼ੀ ਦੀ ਧਾਰਨਾ ਸਭ ਤੋਂ ਪਹਿਲਾਂ ਸਨਾਤਨੀ (Classical) ਅਰਥ ਸ਼ਾਸਤਰੀਆਂ ਨੇ ਦਿੱਤੀ ਅਤੇ ਬਾਅਦ ਵਿੱਚ ਜੈਵਨਜ਼ (Jevons) ਅਤੇ ਡਪੂਈ (Dupuit) ਨੇ ਇਸ ਵਿੱਚ ਹੋਰ ਸੁਧਾਰ ਕੀਤਾ। ਡਪੂਈ ਇੱਕ ਇੰਜੀਨੀਅਰ ਸੀ, ਜਿਸ ਨੇ ਉਪਭੋਗੀ ਦੀ ਬੇਸ਼ੀ ਨੂੰ ਇੱਕ ਦਰਿਆ ਤੇ ਪੁਲ ਬਣਾਉਣ ਨਾਲ ਇਸ ਦੀ ਵਰਤੋਂ ਕਰਨ ਵਾਲੇ ਉਪਭੋਗੀਆਂ (ਲੋਕਾਂ) ਨੂੰ ਮਿਲਣ ਵਾਲੀ ਬੇਸ਼ੀ (Surplus) ਨੂੰ ਇੱਕ ਰੇਖਾ-ਚਿੱਤਰ ਦੀ ਵਿਧੀ ਰਾਹੀਂ ਮਿਣਨ ਦਾ ਯਤਨ ਕੀਤਾ। ਇਹ ਕਿਹਾ ਜਾਂਦਾ ਹੈ ਕਿ ਇਸ ਉਪਰੰਤ ਪ੍ਰੋ. ਮਾਰਸ਼ਲ (Marshall) ਨੇ ਡਪੂਈ ਦੁਆਰਾ ਦਿੱਤੀ ਇਸ ਤਕਨੀਕ ਨੂੰ ਵਰਤਿਆ, ਭਾਵੇਂ ਪ੍ਰੋ. ਮਾਰਸ਼ਲ, ਡਪੂਈ ਦੁਆਰਾ ਦਿੱਤੇ ਇਸ ਵਿਸ਼ਲੇਸ਼ਣ ਤੋਂ ਪ੍ਰਭਾਵਿਤ ਨਹੀਂ ਹੋਇਆ। ਡਪੂਈ ਤੋਂ ਇਲਾਵਾ ਜੈਨਕਿਨ(Jenkin), ਨੇ ਵੀ ਉਪਭੋਗੀ ਦੀ ਬੇਸ਼ੀ ਦੀ ਧਾਰਨਾ ਨੂੰ ਵਿਕਸਿਤ ਕੀਤਾ ਅਤੇ ਇਸ ਨੂੰ ਆਪਣੇ ਤੌਰ ਤੇ ਹੀ ਕਰਾਧਾਨ (Taxation) ਦੀਆਂ ਸਮੱਸਿਆਵਾਂ ਲਈ ਵਰਤਿਆ। ਪਰੰਤੂ ਇਹ ਪ੍ਰੋ. ਮਾਰਸ਼ਲ ਹੀ ਸੀ, ਜਿਸ ਨੇ ਆਪਣੀ ਪੁਸਤਕ, ਪਿਓਰ ਥਿਊਰੀ ਆਫ਼ ਡੋਮੈਸਟਿਕ ਵੈਲਿਊਜ਼ (Pure Theory of Domestic Values) 1879 ਵਿੱਚ ਇਸ ਧਾਰਨਾ ਨੂੰ ਪਹਿਲਾਂ ਨਾਲੋਂ ਕਾਫ਼ੀ ਸੁਧਾਰਿਆ ਅਤੇ ਪ੍ਰਭਾਵਿਤ ਕੀਤਾ। ਪ੍ਰੋ. ਮਾਰਸ਼ਲ ਨੇ ਹੀ ਇਸ ਧਾਰਨਾ ਨੂੰ 'ਉਪਭੋਗੀ ਦੇ ਲਗਾਨ (Rent)' ਦਾ ਨਾਂ ਦਿੱਤਾ। ਇਸ ਤੋਂ ਬਾਅਦ ਮਾਰਸ਼ਲ ਨੇ ਆਪਣੀ ਪੁਸਤਕ 'ਪ੍ਰਿੰਸੀਪਲਜ ਆਫ਼ ਇਕਨਾਮਿਕਸ' (Principles of Economics) ਵਿੱਚ ਧਾਰਨਾ ਵਿੱਚ ਹੋਰ ਸੁਧਾਰ ਕੀਤਾ ਅਤੇ ਇਸ ਨੂੰ 'ਉਪਭੋਗੀ ਦੀ ਬੇਸ਼ੀ' ਦਾ ਨਾਂ ਦਿੱਤਾ। ਬਾਅਦ ਵਿੱਚ ਇਸ ਤੋਂ ਇਲਾਵਾ ਪ੍ਰੋ. ਜੇ.ਆਰ. ਹਿਕਸ (J.R. Hicks) ਨੇ ਉਪਭੋਗੀ ਦੀ ਬੇਸ਼ੀ ਦੀ ਧਾਰਨਾ ਵਿੱਚ ਉਦਾਸੀਨ ਵਕਰ ਵਿਸ਼ਲੇਸ਼ਣ ਦੀ ਵਰਤੋਂ ਦੁਆਰਾ ਹੋਰ

*ਸੁਧਾਰ ਕੀਤੇ।*

*ਪ੍ਰੋ. ਮਾਰਸ਼ਲ ਦੇ ਵਿਚਾਰ ਵਿੱਚ ਇੱਕ ਵਿਅਕਤੀ ਕਿਸੇ ਵਸਤੂ ਨੂੰ ਖ਼ਰੀਦਣ ਲਈ ਜਿਹੜੀ ਵਾਧੂ ਕੀਮਤ ਦੇਣ ਲਈ ਤਿਆਰ ਹੁੰਦਾ ਹੈ ਅਤੇ ਜਿਹੜੀ ਕੀਮਤ ਅਸਲ ਵਿੱਚ ਉਹ ਅਦਾ (ਦਿੰਦਾ) ਕਰਦਾ ਹੈ ਵਿਚਕਾਰ ਅੰਤਰ ਵਾਧੂ ਸੰਤੁਸ਼ਟੀ ਦਾ ਮਾਪ ਹੁੰਦਾ ਹੈ, ਜਿਸ ਨੂੰ ਉਪਭੋਗੀ ਦੀ ਬੇਸ਼ੀ ਕਿਹਾ ਜਾ ਸਕਦਾ ਹੈ।*

("The excess of price which a person would be willing to pay rather than go without the thing over that which he actually does pay, is the economic measure of this surplus satisfaction. It may be called as consumer's surplus"). ----Marshall

*ਟਾਊਜ਼ਿੰਗ ਮੁਤਾਬਕ ਕਿਸੇ ਵਸਤੂ ਦੀ ਕੀਮਤ, ਜੋ ਅਸੀਂ ਦੇਣ ਲਈ ਤਿਆਰ ਹੁੰਦੇ ਹਾਂ ਅਤੇ ਜੋ ਕੀਮਤ ਅਸੀਂ ਅਸਲ ਵਿੱਚ ਦਿੰਦੇ ਹਾਂ ਦੇ ਅੰਤਰ ਨੂੰ ਹੀ ਉਪਭੋਗੀ ਦੀ ਬੇਸ਼ੀ ਕਿਹਾ ਜਾਂਦਾ ਹੈ।*

("Consumer's surplus is the difference between what we would pay and what we have to pay, is called consumer's surplus."----Tauzing)

*ਪੈਨਸ਼ਨ* (Penson) *ਦੇ ਸ਼ਬਦਾਂ ਵਿੱਚ ਕਿਸੇ ਵਸਤੂ ਲਈ ਜੋ ਕੀਮਤ ਅਸੀਂ ਦੇਣ ਲਈ ਤਿਆਰ ਹੁੰਦੇ ਹਾਂ ਅਤੇ ਜੋ ਅਸਲ ਕੀਮਤ ਸਾਨੂੰ ਦੇਣੀ ਪੈਂਦੀ ਹੈ, ਉਨ੍ਹਾਂ ਵਿਚਾਲੇ ਫ਼ਰਕ ਨੂੰ ਉਪਭੋਗੀ ਦੀ ਬੇਸ਼ੀ ਕਿਹਾ ਜਾਂਦਾ ਹੈ।* (The difference between what we would pay and what we have to pay, is called consumer's surplus"------------ Penson)

*ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਉਪਭੋਗੀ ਜਦੋਂ ਕਿਸੇ ਵਸਤੂ ਨੂੰ ਖ਼ਰੀਦਦਾ ਹੈ ਤਾਂ ਅਕਸਰ ਹੀ ਉਸ ਨੂੰ ਉਹ ਘੱਟ ਕੀਮਤ ਤੇ ਮਿਲ ਜਾਂਦੀ ਹੈ ਜਿੰਨੀ ਕੀਮਤ ਉਹ ਦੇਣ ਲਈ ਤਿਆਰ ਹੁੰਦਾ ਹੈ ਇਨਾਂ ਦੋਹਾਂ ਕੀਮਤਾਂ ਦੇ ਫ਼ਰਕ ਨੂੰ ਹੀ ਉਪਭੋਗੀ ਦੀ ਬੇਸ਼ੀ ਕਿਹਾ ਜਾਂਦਾ ਹੈ। ਉਦਾਹਰਣ ਵੱਜੋਂ ਜੇ ਇੱਕ ਉਪਭੋਗੀ ਪ੍ਰਤੀ ਕਿਲੋ ਸੇਬਾਂ ਦੀ 30 ਰੁ: ਕੀਮਤ ਦੇਣ ਨੂੰ ਤਿਆਰ ਹੈ ਪ੍ਰੰਤੂ ਉਸਨੂੰ ਉਹ ਸੇਬ 25 ਰੁ: ਪ੍ਰਤੀ ਕਿਲੋ ਹੀ ਮਿਲ ਜਾਂਦੇ ਹਨ ਤਾਂ ਉਪਭੋਗੀ ਦੀ ਬੇਸ਼ੀ (30ਰੁ:-25ਰੁ:) 5ਰੁ: ਦੇ ਬਰਾਬਰ ਹੁੰਦੀ ਹੈ।*

***2. ਮਾਰਸ਼ਲ ਦੀ ਵਿਧੀ ਦੁਆਰਾ ਉਪਭੋਗੀ ਦੀ ਬੇਸ਼ੀ ਦਾ ਮਾਪ :***

*ਉਪਭੋਗੀ ਦੀ ਬੇਸ਼ੀ ਦਾ ਮਾਪ ਤਿੰਨ ਹਾਲਤਾਂ ਵਿੱਚ ਕੀਤਾ ਗਿਆ ਹੈ।*

*2*(a) *ਕੀਮਤ ਸਥਿਰ ਰਹਿਣ ਨਾਲ, 2*(b) *ਕੀਮਤ ਘੱਟਣ ਨਾਲ ਅਤੇ 2*(c) *ਕੀਮਤ ਵਧਣ ਨਾਲ।*

***2*(a) *ਵਸਤੂ ਦੀ ਕੀਮਤ ਸਥਿਰ ਰਹਿਣ ਨਾਲ* (With Constant Price of Commodity)**

*ਉਪਭੋਗੀ ਦੀ ਬੇਸ਼ੀ ਦੀ ਧਾਰਨਾ ਘਟਦੇ ਤੁਸ਼ਟੀਗੁਣ ਦੇ ਨਿਯਮ ਦੇ ਆਧਾਰ ਤੇ ਬਣਾਈ ਜਾਂਦੀ ਹੈ। ਜਿਉਂ ਜਿਉਂ ਅਸੀਂ ਕਿਸੇ ਵਸਤੂ ਦੀਆਂ ਹੋਰ ਇ4ਕਾਈਆਂ ਖ਼ਰੀਦਦੇ ਜਾਂਦੇ ਹਾਂ ਤਾਂ ਇਸ ਵਸਤੂ ਤੋਂ ਮਿਲਣ ਵਾਲਾ ਸੀਮਾਂਤ ਤੁਸ਼ਟੀਗੁਣ ਘਟਦਾ ਚਲਾ ਜਾਂਦਾ ਹੈ। ਅਸੀਂ ਜਾਣਦੇ ਹਾਂ ਕ ਜਿਥੇ ਵਸਤੂ ਦੀ ਕੀਮਤ ਉਸ ਵਸਤੂ ਤੋਂ ਮਿਲਣ ਵਾਲੇ ਸੀਮਾਂਤ ਤੁਸ਼ਟੀਗੁਣ ਦੇ ਬਰਾਬਰ ਹੁੰਦੀ ਹੈ, ਉਥੇ ਹੀ ਉਪਭੋਗੀ ਸੰਤੁਲਨ ਦੀ ਹਾਲਤ ਵਿੱਚ ਹੁੰਦਾ ਹੈ। ਇਸ ਦਾ ਭਾਵ ਹੈ ਕਿ ਉਪਭੋਗੀ ਕਿਸੇ ਵਸਤੂ ਦੀਆਂ ਉਤਨੀਆਂ ਇਕਾਈਆਂ ਹੀ ਖ਼ਰੀਦਦਾ ਹੈ ਜਿਥੇ ਜਾ ਕੇ ਵਸਤੂ ਦਾ ਸੀਮਾਂਤ ਤੁਸ਼ਟੀਗੁਣ ਉਸਦੀ ਕੀਮਤ ਦੇ ਬਾਬਰ ਹੁੰਦਾ ਹੈ। ਇਹ ਇੱਕ ਅਜਿਹੀ ਸਥਿਤੀ ਹੈ ਜਿੱਥੇ ਉਪਭੋਗੀ ਸੀਮਾਂਤ ਤੁਸ਼ਟੀਗੁਣ ਦੇ ਬਰਾਬਰ ਕੀਮਤ ਅਦਾ ਕਰਦਾ ਹੈ। ਪਰੰਤੂ ਇਸ ਸੀਮਾਂਤ ਇਕਾਈ ਤੋਂ ਪਹਿਲਾਂ ਖ਼ਰੀਦੀਆਂ ਗਈਆਂ ਵਸਤੂ ਦੀਆਂ ਇਕਾਈਆਂ ਤੋਂ ਉਸਨੂੰ ਅਸਲ ਵਿੱਚ ਦਿੱਤੀ ਗਈ ਕੀਮਤ ਤੋਂ ਜ਼ਿਆਦਾ ਸੀਮਾਂਤ ਤੁਸ਼ਟੀਗੁਣ ਮਿਲਦਾ ਰਹਿੰਦਾ ਹੈ। ਇਸ ਨੂੰ ਅਸੀਂ ਹੇਠਾਂ ਦਿੱਤੀ ਗਈ ਅਨੁਸੂਚੀ ਨੰ: 1 ਰਾਹੀਂ ਵੀ ਵਿਖਾ ਸਕਦੇ ਹਾਂ।*

*ਅਨੁਸੂਚੀ ਨੰ: 1*
*ਉਪਭੋਗੀ ਦੀ ਬੇਸ਼ੀ ਦਾ ਮਾਪ*

| *ਇਕਾਈਆਂ* | *ਸੀਮਾਂਤ ਤੁਸ਼ਟੀਗੁਣ* | *ਕੀਮਤ* | *ਉਪਭੋਗੀ ਦੀ ਬੇਸ਼ੀ* |
|---|---|---|---|
| 1 | 22 | 12 | 10 |
| 2 | 20 | 12 | 8 |
| 3 | 18 | 12 | 6 |
| 4 | 16 | 12 | 4 |
| 5 | 14 | 12 | 2 |
| 6 | 12 | 12 | 0 |
| 7 | 10 | 12 | |


*ਸਾਰਣੀ ਵਿੱਚ ਅਸੀਂ ਵਸਤੂ ਦੀ ਪ੍ਰਤੀ ਇਕਾਈ ਕੀਮਤ 12 ਰੁਪਏ ਮੰਨੀ ਹੈ। ਸਾਰਣੀ ਤੋਂ ਸਾਨੂੰ ਪਤਾ ਚਲਦਾ ਹੈ ਕਿ ਵਸਤੂ ਦਾ ਸੀਮਾਂਤ ਤੁਸ਼ਟੀਗੁਣ 22 ਤੋਂ ਘਟਕੇ 10 ਹੋ ਜਾਂਦਾ ਹੈ। ਜਿਉਂ ਜਿਉਂ ਉਪਭੋਗੀ ਵਸਤੂ ਦੀ ਖ਼ਰੀਦ ਦੀਆਂ ਇਕਾਈਆਂ ਇੱਕ ਤੋਂ ਵਧਾ ਕੇ 6 ਕਰ ਦਿੰਦਾ ਹੈ ਕਿਉਂਕਿ ਵਸਤੂ ਦੀ ਕੀਮਤ 12 ਰੁਪਏ ਹੈ ਅਤੇ ਜਦੋਂ ਉਹ ਵਸਤੂ ਦੀ ਛੇਵੀਂ ਇਕਾਈ ਖ਼ਰੀਦਦਾ ਹੈ ਤਾਂ ਵਸਤੂ ਦਾ ਸੀਮਾਂਤ ਤੁਸ਼ਟੀਗੁਣ ਅਤੇ ਕੀਮਤ ਇੱਕ ਦੂਜੇ ਦੇ ਬਰਾਬਰ ਹਨ। ਇਸ ਤਰ੍ਹਾਂ ਉਹ ਜਦੋਂ ਵਸਤੂ ਦੀ ਛੇਵੀਂ ਇਕਾਈ ਖ਼ਰੀਦਦਾ ਹੈ ਤਾਂ ਉਪਭੋਗੀ ਸੰਤੁਲਨ ਦੀ ਹਾਲਤ ਵਿੱਚ ਹੁੰਦਾ ਹੈ। ਇਸ ਸਥਿਤੀ ਵਿੱਚ ਉਹ ਕੋਈ ਵਾਧੂ ਸੰਤੁਸ਼ਟੀ ਪ੍ਰਾਪਤ ਨਹੀਂ ਕਰ ਰਿਹਾ ਹੁੰਦਾ। ਕਿਉਂਕਿ ਇਥੇ ਸੀਮਾਂਤ ਤੁਸ਼ਟੀਗੁਣ ਤੋਂ ਸੰਕੇਤ ਮਿਲਦਾ ਹੈ ਕਿ ਉਹ ਮੁਦਰਾ ਦੀ ਉਤਨੀ ਮਾਤਰਾ ਦੇਣ ਨੂੰ ਤਿਆਰ ਹੁੰਦਾ ਹੈ ਅਤੇ ਇਥੇ ਵਸਤੂ ਦੀ ਕੀਮਤ ਅਤੇ ਸੀਮਾਂਤ ਤੁਸ਼ਟੀਗੁਣ ਇੱਕ ਦੂਜੇ ਦੇ ਬਰਾਬਰ ਹਨ। ਜਿਵੇਂ ਕਿ ਅਸੀਂ ਅਨੁਸੂਚੀ ਵਿੱਚ ਦੇਖਦੇ ਹਾਂ ਕਿ ਇਸ ਤੋਂ ਪਹਿਲੀਆਂ ਪੰਜ ਇਕਾਈਆਂ ਤੋਂ ਮਿਲਣ ਵਾਲਾ ਸੀਮਾਂਤ ਤੁਸ਼ਟੀਗੁਣ ਵਸਤੂ ਦੀ ਕੀਮਤ ਤੋਂ ਜ਼ਿਆਦਾ ਹੁੰਦਾ ਹੈ ਅਤੇ ਉਹ ਇਸ ਦੇ ਬਦਲੇ 12 ਰੁਪਏ ਕੀਮਤ ਅਦਾ ਕਰਦਾ ਹੈ। ਇਸ ਤੋਂ ਭਾਵ ਹੈ ਕਿ (22-12) 10 ਇਕਾਈਆਂ ਦੇ ਬਰਾਬਰ ਉਪਭੋਗੀ ਦੀ ਬੇਸ਼ੀ ਪ੍ਰਾਪਤ ਹੁੰਦੀ ਹੈ। ਦੂਸਰੀ ਇਕਾਈ ਤੋਂ ਉਸਨੂੰ 20 ਰੁ: ਦੇ ਬਰਾਬਰ ਸੀਮਾਂਤ ਤੁਸ਼ਟੀਗੁਣ ਪ੍ਰਾਪਤ ਹੁੰਦਾ ਹੈ, ਜਦਕਿ ਉਹ ਇਸ ਦੀ ਕੀਮਤ 12 ਰੁਪਏ ਹੀ ਦਿੰਦਾ ਹੈ ਅਤੇ ਉਸਨੂੰ (20-12) 8 ਰੁ: ਦੇ ਬਰਾਬਰ ਉਪਭੋਗੀ ਦੀ ਬੇਸ਼ੀ ਪ੍ਰਾਪਤ ਹੋ ਜਾਂਦੀ ਹੈ। ਇਸੇ ਤਰ੍ਹਾਂ ਉਹ ਵਸਤੂ ਦੀਆਂ ਤੀਜੀ, ਚੌਥੀ, ਪੰਜਵੀਂ ਇਕਾਈਆਂ ਤੋਂ ਕ੍ਰਮਵਾਰ 6, 4, ਅਤੇ 2 ਰੁਪਏ ਦੇ ਬਰਾਬਰ ਉਪਭੋਗੀ ਦੀ ਬੇਸ਼ੀ ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ ਕੁੱਲ ਉਪਭੋਗੀ ਦੀ ਬੇਸ਼ੀ 30 ਰੁਪਏ ਦੇ ਬਰਾਬਰ ਹੁੰਦੀ ਹੈ।*

*ਉਪਭੋਗੀ ਦੀ ਬੇਸ਼ੀ ਨੂੰ ਹੋਰ ਢੰਗ ਦੁਆਰਾ ਵੀ ਮਿਣਿਆ ਜਾ ਸਕਦਾ ਹੈ। ਕਿਉਂਕਿ ਵਸਤੂ ਦੀ ਕੀਮਤ ਪ੍ਰਤੀ ਇਕਾਈ 12 ਰੁਪਏ ਹੈ ਅਤੇ ਉਸ ਵੇਲੇ ਸੰਤੁਲਨ ਦੀ ਹਾਲਤ ਵਿੱਚ ਹੁੰਦਾ ਹੈ ਜਦੋਂ ਉਹ ਵਸਤੂ ਦੀਆਂ ਛੇ ਇਕਾਈਆਂ ਖ਼ਰੀਦਦਾ ਹੈ ਅਤੇ ਇਨ੍ਹਾਂ ਛੇ ਇਕਾਈਆਂ ਨੂੰ ਖ਼ਰੀਦਣ ਲਈ ਉਹ ਕੁੱਲ ਕੀਮਤ (12× 6) 72 ਰੁਪਏ ਦੇ ਬਰਾਬਰ ਦਿੰਦਾ ਹੈ। ਪਰੰਤੂ ਜਿਵੇਂ ਕਿ ਸਾਨੂੰ ਪਤਾ ਹੈ ਕਿ ਇੱਕ ਵਸਤੂ ਤੋਂ ਮਿਲਣ ਵਾਲਾ ਤੁਸ਼ਟੀਗੁਣ, ਉਸ ਵਸਤੂ ਦੀ ਕੀਮਤ ਦਾ ਹੀ ਪ੍ਰਗਟਾਵਾ ਹੁੰਦਾ ਹੈ ਜਿਹੜੀ ਕਿ ਇੱਕ ਉਪਭੋਗੀ ਦੇਣ ਲਈ ਤਿਆਰ ਹੁੰਦਾ ਹੈ। ਇਸ ਲਈ ਉਪਭੋਗੀ ਵਸਤੂ ਦੀਆਂ ਛੇ ਇਕਾਈਆਂ ਤੋਂ ਕੁੱਲ (12× 6) 72 ਰੁਪਏ ਦੇਣ ਨੂੰ ਤਿਆਰ ਹੁੰਦਾ ਹੈ ਜਦੋਂ ਕਿ ਉਸਨੂੰ ਇਨ੍ਹਾਂ ਛੇ ਇਕਾਈਆਂ ਦੇ ਕੁੱਲ ਸੀਮਾਂਤ ਤੁਸ਼ਟੀਗੁਣ (22+20+18+16+14+12) 102 ਰੁਪਏ ਦੇ ਬਰਾਬਰ ਹੈ ਅਤੇ ਉਹ 102 ਰੁਪਏ ਦੇਣ ਲਈ ਤਿਆਰ ਹੁੰਦਾ ਹੈ ਪਰੰਤੂ ਅਸਲ ਵਿੱਚ ਵਸਤੂ ਦੀਆਂ ਇਨ੍ਹਾਂ ਛੇਅ ਇਕਾਈਆਂ ਨੂੰ ਖ਼ਰੀਦਣ ਲਈ ਉਹ ਕੇਵਲ 72 ਰੁਪਏ ਦਿੰਦਾ ਹੈ। ਇਸ ਤਰ੍ਹਾਂ ਦੋਹਾਂ ਵਿਚਕਾਰ ਅੰਤਰ ਹੈ ਕਿਉਂਕਿ ਉਪਭੋਗੀ ਇਨ੍ਹਾਂ ਛੇ ਇਕਾਈਆਂ ਦੇ 102 ਰੁਪਏ ਦੇਣ ਲਈ ਤਿਆਰ ਸੀ ਪਰੰਤੂ ਅਸਲ ਵਿੱਚ ਉਸਨੇ ਸਿਰਫ਼ 72*

*ਰੁਪਏ ਹੀ ਦਿੱਤੇ ਹਨ ਅਤੇ ਉਸਨੂੰ (102-72) 30 ਰੁਪਏ ਦੇ ਬਰਾਬਰ ਉਪਭੋਗੀ ਦੀ ਬੇਸ਼ੀ ਪ੍ਰਾਪਤ ਹੁੰਦੀ ਹੈ।*

*ਉਪਭੋਗੀ ਦੀ ਬੇਸ਼ੀ = ਕੁੱਲ ਤੁਸ਼ਟੀਗੁਣ-ਖ਼ਰੀਦੀਆਂ ਗਈਆਂ ਇਕਾਈਆਂ ਦੀ ਗਿਣਤੀ × ਕੀਮਤ।*

*ਉਪਭੋਗੀ ਦੀ ਬੇਸ਼ੀ ਦੀ ਧਾਰਨਾ ਨੂੰ ਰੇਖਾ ਚਿੱਤਰ ਨੰ: 1 ਵਿੱਚ ਵੀ ਦਰਸਾਇਆ ਗਿਆ ਹੈ। ਇਥੇ* X *ਧੁਰੇ ਉੱਪਰ ਵਸਤੂ ਦੀ ਕੀਮਤ ਅਤੇ ਸੀਮਾਂਤ ਤੁਸ਼ਟੀਗੁਣ ਨੂੰ ਲਿਆ ਗਿਆ ਹੈ। ਰੇਖਾ ਚਿੱਤਰ ਵਿੱਚ* MU *ਵਕਰ ਸੀਮਾਂਤ ਤੁਸ਼ਟੀਗੁਣ ਨੂੰ ਦਰਸਾਉਂਦੀ ਹੈ ਜਿਸਦੀ ਢਲਾਨ ਖੱਬੇ ਤੋਂ ਸੱਜੇ ਹੇਠਾਂ ਵੱਲ ਨੂੰ ਹੈ। ਇਸ ਤੋਂ ਪਤਾ ਚੱਲਦਾ ਹੈ ਕਿ ਜਿਉਂ ਜਿਉਂ ਉਪਭੋਗੀ ਵਸਤੂ ਦੀਆਂ ਹੋਰ ਇਕਾਈਆਂ ਖ਼ਰੀਦਦਾ ਜਾਂਦਾ ਹੈ ਤਾਂ ਉਸ ਵਸਤੂ ਤੋਂ ਸੀਮਾਂਤ ਤੁਸ਼ਟੀਗੁਣ ਘਟਦਾ ਜਾਂਦਾ ਹੈ। ਜਿਵੇਂ ਕਿ ਸਾਨੂੰ ਪਤਾ ਹੈ ਕਿ ਸੀਮਾਂਤ ਤੁਸ਼ਟੀਗੁਣ ਉਸ ਕੀਮਤ ਨੂੰ ਦਰਸਾਉਂਦਾ ਹੈ। ਜਿਸ ਨੂੰ ਇੱਕ ਵਿਅਕਤੀ ਵੱਖ ਵੱਖ ਇਕਾਈਆਂ ਦੀ ਖ਼ਰੀਦ ਕਰਨ ਲਈ ਦੇਣ ਨੂੰ ਤਿਆਰ ਹੁੰਦਾ ਹੈ। ਜੇ ਮੰਡੀ ਵਿੱਚ ਵਸਤੂ ਦੀ* OP *ਕੀਮਤ ਹੈ ਤਾਂ ਉਪਭੋਗੀ ਦਾ ਸੰਤੁਲਨ ਉੱਥੇ ਹੋਵੇਗਾ ਜਿੱਥੇ ਉਹ ਵਸਤੂ* X *ਦੀਆਂ* OM *ਇਕਾਈਆਂ ਖ਼ਰੀਦਦਾ ਹੈ। ਕਿਉਂਕਿ ਉਸਨੂੰ* OM *ਇਕਾਈਆਂ ਦੀ ਖ਼ਰੀਦ ਨਾਲ ਵਸਤੂ ਤੋਂ ਮਿਲਣ ਵਾਲਾ ਸੀਮਾਂਤ ਤੁਸ਼ਟੀਗੁਣ ਕੀਮਤ* OP *ਦੇ ਬਰਾਬਰ ਹੁੰਦਾ ਹੈ। ਵਸਤੂ ਦੀ ਖ਼ਰੀਦੀ ਗਈ ਆਖ਼ਰੀ ਇਕਾਈ ,* M *ਉਪਭੋਗੀ ਨੂੰ ਕੋਈ ਉਪਭੋਗੀ ਦੀ ਬੇਸ਼ੀ ਪ੍ਰਦਾਨ ਨਹੀਂ ਕਰਦੀ ਕਿਉਂਕਿ ਇਸ ਆਖ਼ਰੀ ਇਕਾਈ ਦੀ ਖ਼ਰੀਦ ਤੋਂ ਮਿਲਣ ਵਾਲਾ ਸੀਮਾਂਤ ਤੁਸ਼ਟੀਗੁਣ ਇਸ ਦੀ ਕੀਮਤ ਦੇ ਬਰਾਬਰ ਹੁੰਦਾ ਹੈ ਪਰੰਤੂ ਇਸ ਆਖ਼ਰੀ ਇਕਾਈ* M *ਤੋਂ ਵਸਤੂ ਦੀਆਂ ਪਹਿਲਾਂ ਵਾਲੀਆਂ ਇਕਾਈਆਂ ਦੀ ਖ਼ਰੀਦ ਤੋਂ ਉਪਭੋਗੀ ਨੂੰ ਉਪਭੋਗੀ ਦੀ ਬੇਸ਼ੀ ਪ੍ਰਾਪਤ ਹੁੰਦੀ ਹੈ। ਰੇਖਾ-ਚਿੱਤਰ ਨੰ: 1 ਵਿੱਚ ਉਪਭੋਗੀ ਦੁਆਰਾ ਵਸਤੂ ਦੀਆਂ* OM *ਇਕਾਈਆਂ ਦੀ ਖ਼ਰੀਦ ਤੋਂ ਮਿਲਣ ਵਾਲਾ ਕੁੱਲ ਤੁਸ਼ਟੀਗੁਣ, ਸੀਮਾਂਤ ਤੁਸ਼ਟੀਗੁਣ ਵਕਰ ਦੇ ਥੱਲੇ ਬਿੰਦੂ* M *ਤੱਕ ਦੇ ਖੇਤਰ ਦੇ ਬਰਾਬਰ ਹੋਵੇਗਾ। ਇਸ ਦਾ ਭਾਵ ਹੈ ਕਿ ਵਸਤੂ ਦੀਆਂ* OM *ਇਕਾਈਆਂ ਤੋਂ ਮਿਲਣ ਵਾਲਾ ਕੁੱਲ ਤੁਸ਼ਟੀਗੁਣ* ODKM *ਦੇ ਬਰਾਬਰ ਹੋਵੇਗਾ ਪਰੰਤੂ ਦਿੱਤੀ ਹੋਈ ਕੀਮਤ,* OP *ਨਾਲ ਉਪਭੋਗੀ ਜਦੋਂ ਵਸਤੂ ਦੀਆਂ* OM *ਇਕਾਈਆਂ ਖ਼ਰੀਦਦਾ ਹੈ ਤਾਂ ਅਸਲ ਵਿੱਚ ਉਹ ਕੁੱਲ ਰਕਮ* OPKM *ਦਿੰਦਾ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਉਪਭੋਗੀ ਨੂੰ ਕੁੱਲ ਵਾਧੂ ਸੰਤੁਸ਼ਟੀ* (ODKM-OPKM) PKD *ਦੇ ਬਰਾਬਰ ਮਿਲਦੀ ਹੈ ਜਿਵੇਂ ਕਿ ਰੇਖਾ ਚਿੱਤਰ ਨੰ: 1 ਤੋਂ ਸਪੱਸ਼ਟ ਹੈ।*




*ਰੇਖਾ ਚਿੱਤਰ ਨੰ: 1*

**2(b) *ਵਸਤੂ ਦੀ ਕੀਮਤ ਘਟਣਾ* (Decline in Price of Commodity)**

*ਜੇ ਵਸਤੂ ਦੀ ਕੀਮਤ* OP *ਤੋਂ ਘਟ ਕੇ* OP1 *ਹੋ ਜਾਵੇ ਤਾਂ ਉਪਭੋਗੀ ਪਹਿਲਾਂ ਨਾਲੋਂ ਵਸਤੂ ਦੀਆਂ ਵਧੇਰੇ ਇਕਾਈਆਂ ਖ਼ਰੀਦੇਗਾ। ਜਿਸ ਦੇ ਸਿੱਟੇ ਵੱਜੋਂ ਉਪਭੋਗੀ ਦੀ ਕੁੱਲ ਬੇਸ਼ੀ ਵਿੱਚ ਵੀ ਵਾਧਾ ਹੋ ਜਾਵੇਗ। ਇਸ ਨੂੰ ਅਨੁਸੂਚੀ ਨੰ: 2 ਦੁਆਰਾ ਸਮਝਿਆ ਜਾ ਸਕਦਾ ਹੈ। ਅਨੁਸੂਚੀ ਨੰ: 1 ਵਿੱਚ ਅਸੀਂ ਦੇਖਦੇ ਹਾਂ ਕਿ ਜਦੋਂ ਉਪਭੋਗੀ ਵਸਤੂ ਦੀ ਪਹਿਲੀ ਇਕਾਈ ਖ਼ਰੀਦਦਾ ਹੈ ਤਾਂ ਉਸ ਨੂੰ 12 ਰੁਪਏ ਕੀਮਤ ਦੇਣੀ ਪੈਂਦੀ ਹੈ। ਇਸ ਇਕਾਈ ਲਈ ਉਪਭੋਗੀ 22 ਰੁਪਏ ਦੇਣ ਲਈ ਤਿਆਰ ਸੀ। ਇਸ ਦਾ ਭਾਵ ਹੈ ਕਿ ਉਸਦਾ ਸੀਮਾਂਤ ਤੁਸ਼ਟੀਗੁਣ 22 ਰੁਪਏ ਦੇ ਬਰਾਬਰ ਸੀ। ਇਥੇ ਉਪਭੋਗੀ ਦੀ ਬੇਸ਼ੀ 10 ਰੁਪਏ ਦੇ ਬਰਾਬਰ ਸੀ। ਫ਼ਰਜ ਕਰੋਕਿ ਵਸਤੂ ਦੀ ਕੀਮਤ 12 ਰੁਪਏ ਤੋਂ ਘਟ ਕੇ 8 ਰੁਪਏ ਹੋ ਜਾਂਦੀ ਹੈ ਤਾਂ ਉਪਭੋਗੀ ਨੂੰ ਘੱਟ ਪੈਸੇ ਦੇਣੇ ਪੈਂਦੇ (ਅਨੁਸੂਚੀ ਨੰ: 2) ਹਨ। ਹੁਣ ਉਪਭੋਗੀ ਵਸਤੂ ਦੀਆਂ 6 ਇਕਾਈਆਂ ਦੀ ਥਾਂ ਤੇ 8 ਇਕਾਈਆਂ ਖ਼ਰੀਦੇਗਾ।*


***ਅਨੁਸੂਚੀ ਨੰ: 2***

***ਕੀਮਤ ਘਟਣ ਤੇ ਉਪਭੋਗੀ ਦੀ ਬੇਸ਼ੀ ਦਾ ਮਾਪ***

| ਵਸਤੂ ਦੀਆਂ ਇਕਾਈਆਂ | ਸੀਮਾਂਤ ਤੁਸ਼ਟੀਗੁਣ | ਕੀਮਤ(ਰੁ:) | ਉਪਭੋਗੀ ਦੀ ਬੇਸ਼ੀ |
|---|---|---|---|
| 1 | 22 | 8 | 14 |
| 2 | 20 | 8 | 12 |
| 3 | 18 | 8 | 10 |
| 4 | 16 | 8 | 8 |
| 5 | 14 | 8 | 6 |
| 6 | 12 | 8 | 4 |
| 7 | 10 | 8 | 2 |
| 8 | 8 | 8 | 0 |

*ਹੁਣ ਉਪਭੋਗੀ ਦੀ ਕੁੱਲ ਬੇਸ਼ੀ ਪਹਿਲਾਂ ਨਾਲੋਂ ਵੱਧ ਜਾਂਦੀ ਹੈ, ਜਿਵੇਂ ਕਿ ਅਨੁਸੂਚੀ ਨੰ: 2 ਵਿੱਚ ਦਿਖਾਇਆ ਗਿਆ ਹੈ ਜਿਥੇ ਉਪਭੋਗੀ ਵਸਤੂ ਦੀ ਕੀਮਤ ਘਟਣ ਤੋਂ ਪਹਿਲਾਂ (ਅਨੁਸੂਚੀ ਨੰ: 1 ਅਨੁਸਾਰ) ਵਸਤੂ ਦੀਆਂ 6 ਇਕਾਈਆਂ ਖ਼ਰੀਦਦਾ ਸੀ ਅਤੇ ਉਸਦਾ ਕੁੱਲ ਤੁਸ਼ਟੀਗੁਣ 30 ਰੁਪਏ ਦੇ ਬਰਾਬਰ ਸੀ, ਹੁਣ ਕੀਮਤ ਘਟਣ ਉਪਰੰਤ ਉਪਭੋਗੀ ਵਸਤੂ ਦੀਆਂ 6 ਇਕਾਈਆਂ ਦੀ ਥਾਂ 8 ਇਕਾਈਆਂ (ਅਨੁਸੂਚੀ ਨੰ: 2) ਖ਼ਰੀਦੇਗਾ ਅਤੇ ਉਸ ਦੀ ਕੁੱਲ ਬੇਸ਼ੀ 30 ਰੁ: ਤੋਂ ਵਧ ਕੇ (ਅਨੁਸੂਚੀ ਨੰ: 1), 56 ਰੁ: ਦੇ ਬਰਾਬਰ ਹੋ ਜਾਂਦੀ ਹੈ। ਇਸ ਤਰ੍ਹਾਂ ਕੀਮਤ ਘਟਣ ਨਾਲ ਉਪਭੋਗੀ ਦੁਆਰਾ ਵਸਤੂ ਦੀਆਂ ਵੱਧ ਇਕਾਈਆਂ ਖ਼ਰੀਦਣ ਕਰਕੇ ਉਸ ਦੀ ਕੁੱਲ ਬੇਸ਼ੀ ਵਿੱਚ ਵਾਧਾ ਹੋ ਜਾਂਦਾ ਹੈ।*


*ਇਸ ਗੱਲ ਨੂੰ ਅਸੀਂ ਰੇਖਾ-ਚਿੱਤਰ ਨੰ: 2 ਦੁਆਰਾ ਵੀ ਦਰਸਾ ਸਕਦੇ ਹਾਂ।*




**ਰੇਖਾ-ਚਿੱਤਰ ਨੰ: 2**

*ਰੇਖਾ ਚਿੱਤਰ ਨੰ: 2 ਤੋਂ ਸਪੱਸ਼ਟ ਹੈ ਕਿ ਵਸਤੂ* X *ਦੀ ਕੀਮਤ ਘਟਣ ਨਾਲ ਉਪਭੋਗੀ ਦੀ ਬੇਸ਼ੀ ਵਧ ਜਾਂਦੀ ਹੈ ਉਪਭੋਗੀ ਵਸਤੂ ਦੀ* OP *ਕੀਮਤ ਉੱਪਰ* OM *ਮਾਤਰਾ ਖ਼ਰੀਦਦਾ ਸੀ ਅਤੇ ਉਸਦੀ* DKP *ਦੇ ਬਰਾਬਰ ਉਪਭੋਗੀ ਦੀ ਬੇਸ਼ੀ ਪ੍ਰਾਪਤ ਹੁੰਦੀ ਸੀ। ਹੁਣ ਜਦੋਂ* X *ਵਸਤੂ ਦੀ ਪ੍ਰਤੀ ਇਕਾਈ ਕੀਮਤ* OP *ਤੋਂ ਘਟ ਕੇ* $OP_2$ *ਰਹਿ ਗਈ ਤਾਂ ਉਪਭੋਗੀ* X *ਵਸਤੂ ਦੀ* $OM_1$ *ਮਾਤਰਾ ਖ਼ਰੀਦਦਾ ਹੈ ਅਤੇ ਉਸ ਨੂੰ ਉਪਭੋਗੀ ਦੀ ਬੇਸ਼ੀ ਪਹਿਲਾਂ ਨਾਲੋਂ ਵਧ ਕੇ* $DK_1P_1$ *ਦੇ ਬਰਾਬਰ ਮਿਲਦੀ ਹੈ ਜੋ ਪਹਿਲਾਂ ਨਾਲੋਂ* $PKK_1P_1$ *ਦੇ ਬਰਾਬਰ ਵੱਧ ਹੈ, ਜਿਵੇਂ ਕਿ ਰੇਖਾ ਚਿੱਤਰ ਨੰ: 2 ਵਿੱਚ ਦਿਖਾਇਆ ਗਿਆ ਹੈ।*

***2*(c) *ਵਸਤੂ ਦੀ ਕੀਮਤ ਵਧਣ ਨਾਲ* (Increase in Price of Commodity)** *ਜੇ ਵਸਤੂ ਦੀ ਕੀਮਤ ਵਧ ਜਾਵੇ ਤਾਂ ਉਪਭੋਗੀ ਪਹਿਲਾਂ ਨਾਲੋਂ ਘੱਟ ਇਕਾਈਆਂ ਖ਼ਰੀਦੇਗਾ ਅਤੇ ਉਸਨੂੰ ਪ੍ਰਾਪਤ ਉਪਭੋਗੀ ਦੀ ਬੇਸ਼ੀ ਵੀ ਪਹਿਲਾਂ ਨਾਲੋਂ ਘਟ ਜਾਵੇਗੀ। ਜਿਵੇਂ ਕਿ ਰੇਖਾ-ਚਿੱਤਰ ਨੰ: 3 ਵਿੱਚ ਦਿਖਾਇਆ ਗਿਆ ਹੈ।*




**ਰੇਖਾ-ਚਿੱਤਰ ਨੰ: 3**

*ਰੇਖਾ-ਚਿੱਤਰ ਤੋਂ ਸਪੱਸ਼ਟ ਹੈ ਕਿ ਜਦੋਂ ਵਸਤੂ* X *ਦੀ ਕੀਮਤ* OP *ਦੇ ਬਰਾਬਰ ਸੀ ਤਾਂ ਉਪਭੋਗੀ ਵਸਤੂ* X *ਦੀ* OM *ਮਾਤਰਾ ਖ਼ਰੀਦਦਾ ਸੀ ਅਤੇ ਉਸਨੂੰ ਪ੍ਰਾਪਤ ਕੁੱਲ ਉਪਭੋਗੀ ਦੀ ਕੁੱਲ ਬੇਸ਼ੀ* DKP *ਦੇ ਬਰਾਬਰ ਸੀ। (ਰੇਖਾ ਚਿੱਤਰ ਨੰ.1) ਹੁਣ ਜਦੋਂ ਵਸਤੂ ਦੀ ਪ੍ਰਤੀ ਇਕਾਈ ਕੀਮਤ ਵਧਕੇ* OP *ਤੋਂ* $OP_1$ *ਹੋ ਜਾਂਦੀ ਹੈ ਤਾਂ ਉਪਭੋਗੀ ਵਸਤੂ* X *ਦੀ ਮਾਤਰਾ* OM *ਤੋਂ ਘਟਾ ਕੇ* $OM_1$ *ਖ਼ਰੀਦਦਾ ਹੈ। ਵਸਤੂ* $OM_1$ *ਖ਼ਰੀਦਣ ਨਾਲ ਉਸਨੂੰ* $DK_1P_1$ *ਦੇ ਬਰਾਬਰ ਉਪਭੋਗੀ ਦੀ ਕੁੱਲ ਬੇਸ਼ੀ ਪ੍ਰਾਪਤ ਹੁੰਦੀ ਹੈ। (ਰੇਖਾ ਚਿੱਤਰ ਨੰ. 2) ਜੋ ਕਿ ਪਹਿਲਾਂ ਨਾਲੋਂ* $P_1KK_1P$ *ਦੇ ਬਰਾਬਰ ਘੱਟ ਹੈ। (ਰੇਖਾ ਚਿੱਤਰ ਨੰ. 3) ਇਸ ਤਰ੍ਹਾਂ ਰੇਖਾ-ਚਿੱਤਰ ਤੋਂ ਸਪੱਸ਼ਟ ਹੈ ਕਿ ਵਸਤੂ ਦੀ ਕੀਮਤ ਵਧਣ ਨਾਲ ਉਪਭੋਗੀ ਦੀ ਕੁੱਲ ਬੇਸ਼ੀ ਵਿੱਚ ਕਮੀ ਆ ਜਾਂਦੀ ਹੈ।*

***3. ਮਾਨਤਾਵਾਂ* (Assumptions)**

*ਕਿਸੇ ਵੀ ਸਿਧਾਂਤ ਨੂੰ ਸਪੱਸ਼ਟ ਕਰਨ ਲਈ ਕੁਝ ਮਾਨਤਾਵਾਂ ਲੈਣੀਆਂ ਲਗਭਗ ਜ਼ਰੂਰੀ ਹੋ ਜਾਂਦੀਆਂ ਹਨ। ਮਾਰਸ਼ਲ ਨੇ ਵੀ ਬੇਸ਼ੀ ਦੀ ਧਾਰਨਾ ਸੰਬੰਧੀ ਹੇਠ ਲਿਖੀਆਂ ਮਾਨਤਾਵਾਂ ਲਈਆਂ ਹਨ:*

(i) *ਇਹ ਮਾਨਤਾ ਲਈ ਗਈ ਹੈ ਕਿ ਤੁਸ਼ਟੀਗੁਣ ਨੂੰ ਮਾਪਿਆ ਜਾ ਸਕਦਾ ਹੈ ਅਤੇ ਇਸ ਨੂੰ ਮਾਪਣ ਦੀ ਵਿਧੀ ਸੰਖਿਆਵਾਚਕ* (Cardinal) *ਹੈ।*

(ii) *ਮਾਰਸ਼ਲ ਨੇ ਮੰਡੀ ਵਿੱਚ ਪੂਰਨ ਮੁਕਾਬਲੇ ਦੀ ਸਥਿਤੀ ਨੂੰ ਮੰਨਦੇ ਹੋਏ ਵਸਤੂਆਂ ਦੀਆਂ ਕੀਮਤਾਂ ਨੂੰ ਸਥਿਰ ਮੰਨਿਆ ਹੈ ਬਸ਼ਰਤੇ ਵਸਤੂ ਦੀ ਮੰਗ ਅਤੇ ਪੂਰਤੀ ਵਿੱਚ ਕੋਈ ਤਬਦੀਲੀ ਨਾ ਹੋਵੇ।*

(iii) *ਮਾਰਸ਼ਲ ਨੇ ਮਨੌਤ ਲਈ ਹੈ ਕਿ ਵਸਤੂ ਦੀ ਕੋਈ ਪ੍ਰਤੀਸਥਾਪਨ* (Substitute) *ਵਸਤੂ ਨਹੀਂ ਹੁੰਦੀ।*

(iv) *ਮਾਰਸ਼ਲ ਨੇ ਇਹ ਮਨੌਤ ਵੀ ਲਈ ਹੈ ਕਿ ਉਪਭੋਗੀ ਦੀਆਂ ਆਦਤਾਂ, ਰੁਚੀਆਂ ਆਦਿ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ।*

(v) *ਮਾਰਸ਼ਲ ਨੇ ਇਹ ਮਨੌਤ ਲਈ ਹੈ ਕਿ ਇੱਕ ਵਸਤੂ ਤੋਂ ਪ੍ਰਾਪਤ ਹੋਣ ਵਾਲਾ ਤੁਸ਼ਟੀਗੁਣ ਦਾ ਕਿਸੇ ਹੋਰ ਵਸਤੂ ਤੋਂ ਪ੍ਰਾਪਤ ਹੋਣ ਵਾਲੇ ਤੁਸ਼ਟੀਗੁਣ ਨਾਲ ਕੋਈ ਸੰਬੰਧ ਨਹੀਂ ਹੈ।*

(vi) *ਉਪਭੋਗੀ ਦੀ ਬੇਸ਼ੀ ਦੇ ਘਟਦੇ ਸੀਮਾਂਤ ਤੁਸ਼ਟੀਗੁਣ ਦੇ ਨਿਯਮ ਨੂੰ ਮੰਨਿਆ ਗਿਆ ਹੈ।*

### 4. ਸਵੈ-ਮੁਲਾਂਕਣ ਪ੍ਰਸ਼ਨ

**(Self-Check Questions)**

(i) *ਉਪਭੋਗੀ ਦੀ ਬੇਸ਼ੀ ਦੀ ਧਾਰਨਾ ਨੂੰ ਤਰਤੀਬਬੱਧ ਤਰੀਕੇ ਨਾਲ.....................ਨੇ ਦਿੱਤਾ ਸੀ।*

(ii) *ਮਾਰਸ਼ਲ ਨੇ ਉਪਭੋਗੀ ਦੀ ਬੇਸ਼ੀ ਨੂੰ ਮਿਲਣ ਲਈ....... ਦੀ ਧਾਰਨਾ ਨੂੰ ਵਰਤਿਆ।*

(iii) *ਮਾਰਸ਼ਲ ਅਨੁਸਾਰ ਇੱਕ ਵਸਤੂ ਤੋਂ ਪ੍ਰਾਪਤ ਹੋਣ ਵਾਲਾ ਤੁਸ਼ਟੀਗੁਣ ਦੂਸਰੀ ਵਸਤੂ ਤੋਂ ਮਿਲਣ ਵਾਲੇ ਤੁਸ਼ਟੀਗੁਣ ਤੋਂ.................ਹੁੰਦਾ ਹੈ।*

(iv) *ਜੇ ਕਿਸੇ ਵਸਤੂ ਦੀ ਕੀਮਤ ਘਟ ਜਾਵੇ ਤਾਂ ਉਪਭੋਗੀ ਨੂੰ ਮਿਲਣ ਵਾਲੀ ਉਪਭੋਗੀ ਦੀ ਬੇਸ਼ੀ.......... ਜਾਂਦੀ ਹੈ।*

(v) *ਉਪਭੋਗੀ ਦੀ ਬੇਸ਼ੀ ਵਿੱਚ ਪਹਿਲਾਂ ਨਾਲੋਂ ਸੋਧਾਂ ਕਰਨ ਉਪਰੰਤ ਮਾਰਸ਼ਲ ਨੇ ਇਸ ਨੂੰ ਆਪਣੀ ਪੁਸਤਕ.........ਵਿੱਚ ਦਿੱਤਾ।*

(vi) *ਉਪਭੋਗੀ ਦੀ ਬੇਸ਼ੀ ਤੋਂ ਕੀ ਭਾਵ ਹੈ? ਉੱਤਰ ਕੇਵਲ ਤਿੰਨ ਸਤਰਾਂ ਵਿੱਚ ਲਿਖੋ।*

*4(1) ਖਾਲੀ ਥਾਵਾਂ ਪੂਰੀਆਂ ਕਰਨ ਵਾਲੇ ਪਹਿਲੇ ਪੰਜ ਪ੍ਰਸ਼ਨਾਂ ਦੇ ਉੱਤਰ:*

(i) *ਮਾਰਸ਼ਲ* (ii) *ਤੁਸ਼ਟੀਗੁਣ* (iii) *ਆਜ਼ਾਦ* (iv) *ਵੱਧ* (v) *ਪ੍ਰਿੰਸਿਪਲਜ ਆਫ਼ ਇਕਨਾਮਿਕਸ*


### 5. ਉਪਭੋਗੀ ਦੀ ਬੇਸ਼ੀ ਨੂੰ ਉਦਾਸੀਨ ਵਕਰਾਂ ਦੀ ਸਹਾਇਤਾ ਨਾਲ ਮਾਪਣਾ

**(Measurement of Consumer's Surplus with the help of Indifference Curves)**

*ਉਪਭੋਗੀ ਦੀ ਬੇਸ਼ੀ ਨੂੰ ਮਾਪਣ ਦੇ ਮਾਰਸ਼ਲ ਦੁਆਰਾ ਅਪਣਾਏ ਗਏ ਕ੍ਰਮਅੰਕ* (Cardinal) *ਢੰਗ ਨੂੰ ਕ੍ਰਮਵਾਚਕ* (Ordinal) *ਢੰਗ ਦੇ ਸਮਰੱਥਕਾਂ ਨੇ ਆਲੋਚਨਾ ਦਾ ਵਿਸ਼ਾ ਬਣਾਇਆ ਹੈ। ਉਨ੍ਹਾਂ ਅਨੁਸਾਰ ਉਪਭੋਗੀ ਦੀ ਬੇਸ਼ੀ ਨੂੰ ਮਾਪਣ ਲਈ ਮਾਰਸ਼ਲ ਦੁਆਰਾ ਲਈਆਂ ਦੋ ਮੁੱਖ ਮਨੌਤਾਂ ਕਿ ਤੁਸ਼ਟੀਗੁਣ ਨੂੰ ਸੰਖਆਤਮਿਕ* (Cardianal) *ਤੌਰ ਤੇ ਮਿਣਿਆ ਜਾ ਸਕਦਾ ਹੈ ਅਤੇ ਦੂਸਰੀ ਮਨੌਤ ਕਿ ਮੁਦਰਾ ਦਾ ਸੀਮਾਂਤ ਤੁਸ਼ਟੀਗੁਣ ਸਥਿਰ ਰਹਿੰਦਾ ਹੈ, ਜਿਉਂ ਜਿਉਂ ਉਪਭੋਗੀ ਵਸਤੂ ਉੱਪਰ ਮੁਦਰਾ ਖ਼ਰਚਦਾ ਚਲਾ ਜਾਂਦਾ ਹੈ ਜਾਂ ਇਹ ਕਹਿ ਲਵੋ ਕਿ ਜਦੋਂ ਵਸਤੂ ਦੀ ਕੀਮਤ ਘਟਦੀ ਹੈ ਤਾਂ ਉਪਭੋਗੀ ਪਹਿਲਾਂ ਨਾਲੋਂ ਚੰਗੀ ਸਥਿਤੀ ਵਿੱਚ ਹੋ ਜਾਂਦਾ ਹੈ ਅਸਲ ਆਮਦਨ ਵਿੱਚ ਵਾਧਾ ਹੋ ਜਾਂਦਾ ਹੈ ਅਤੇ ਮੁਦਰਾ ਦੇ ਸੀਮਾਂਤ ਤੁਸ਼ਟੀਗੁਣ ਨੂੰ ਸਥਿਰ ਮੰਨਿਆ ਗਿਆ ਹੈ। ਉਦਾਸੀਨ ਵਕਰ ਵਿਸ਼ਲੇਸ਼ਣ ਦੇ ਪ੍ਰਮੁੱਖ ਨਿਰਮਾਤਾਵਾਂ, ਹਿਕਸ ਅਤੇ ਐਲਨ ਅਨੁਸਾਰ ਤੁਸ਼ਟੀਗੁਣ ਇੱਕ ਅੰਤਰਮੁਖੀ* (Subjective) *ਅਤੇ ਮਨੋਵਿਗਿਆਨਿਕ ਧਾਰਨਾ ਹੈ ਅਤੇ ਇਸ ਕਰਕੇ ਇਸ ਨੂੰ ਕ੍ਰਮਅੰਕ ਵਿਧੀ ਨਾਲ ਨਹੀਂ ਮਿਣਿਆ ਜਾ ਸਕਦਾ। ਮਾਰਸ਼ਲ ਦੁਆਰਾ ਲਈ ਗਈ ਦੂਸਰੀ ਮਨੌਤ ਕਿ ਮੁਦਰਾ ਦਾ ਸੀਮਾਂਤ ਤੁਸ਼ਟੀਗੁਣ ਸਥਿਰ ਰਹਿੰਦਾ ਹੈ, ਕਿਉਂਕਿ ਮਾਰਸ਼ਲ ਅਨੁਸਾਰ ਇੱਕ ਵਿਅਕਤੀ ਇੱਕ ਵਸਤੂ ਉੱਪਰ ਆਪਣੀ ਕੁੱਲ ਆਮਦਨ ਦਾ ਇੱਕ ਨਿਗੁਣਾ* (Negiligible) *ਭਾਗ ਹੀ ਖ਼ਰਚ ਕਰਦਾ ਹੈ ਇਸ ਲਈ ਮੁਦਰਾ ਦੇ ਸੀਮਾਂਤ ਤੁਸ਼ਟੀਗੁਣ ਵਿੱਚ ਕੋਈ ਵਰਣਨਯੋਗ* (Significant) *ਤਬਦੀਲੀ ਨਹੀਂ ਆਉਂਦੀ ਪਰੰਤੂ ਆਲੋਚਕਾਂ ਅਨੁਸਾਰ ਇਹ ਜ਼ਰੂਰੀ ਨਹੀਂ ਹੈ ਕਿ ਸਾਰੀਆਂ ਵਸਤੂਆਂ ਦੇ ਸੰਬੰਧ ਵਿੱਚ ਅਜਿਹਾ ਹੀ ਹੋਵੇ।*

*ਮਾਰਸ਼ਲ ਦੁਆਰਾ ਉਪਭੋਗੀ ਦੀ ਬੇਸ਼ੀ ਨੂੰ ਮਿਣਨ ਸੰਬੰਧੀ ਦਿੱਤੀ ਹੋਈ ਵਿਧੀ ਦੁਆਰਾ ਊਣਤਾਈਆਂ ਨੂੰ ਵੇਖਦੇ ਹੋਏ ਜੇ.ਆਰ. ਹਿਕਸ ਨੇ ਉਪਭੋਗੀ ਦੀ ਬੇਸ਼ੀ ਨੂੰ ਉਦਾਸੀਨ ਵਕਰ ਤਕਨੀਕ, ਜੋ ਕਿ ਤੁਸ਼ਟੀਗੁਣ ਨੂੰ ਕ੍ਰਮਵਾਚਕ* (Ordinal) *ਤਰੀਕੇ ਨਾਲ ਮਾਪਦੀ ਹੈ, ਦੁਆਰਾ ਮਾਪਣ ਦਾ ਯਤਨ ਕੀਤਾ। ਉਦਾਸੀਨ ਵਕਰ ਤਕਨੀਕ ਤੁਸ਼ਟੀਗੁਣ ਨੂੰ ਕ੍ਰਮਵਾਚਕ ਤਰੀਕੇ ਨਾਲ ਮਾਪਣ ਦੀ ਮਨੌਤ ਲੈਂਦੀ ਹੈ ਅਤੇ ਮੁਦਰਾ ਦੇ ਸੀਮਾਂਤ ਤੁਸ਼ਟੀਗੁਣ ਦੀ ਸਥਿਰਤਾ ਮਨੌਤ ਵੀ ਨਹੀਂ ਲੈਂਦੀ। ਇਨ੍ਹਾਂ ਦੋਹਾਂ ਮਨੌਤਾਂ ਭਾਵ ਮਾਰਸ਼ਲ ਦੁਆਰਾ ਦਿੱਤੀ ਤੁਸ਼ਟੀਗੁਣ ਦੀ ਸੰਖਿਆਤਮਕ ਢੰਗ ਨਾਲ ਮਿਣਤੀ ਅਤੇ ਮੁਦਰਾ ਦੇ ਸੀਮਾਂਤ ਤੁਸ਼ਟੀਗੁਣ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ ਨੂੰ ਲੈਣ ਤੋਂ ਬਗੈਰ ਹੀ ਹਿਕਸ ਨੇ ਉਪਭੋਗੀ ਦੀ ਬੇਸ਼ੀ ਨੂੰ ਉਦਾਸੀਨ ਵਕਰ ਤਕਨੀਕ ਰਾਹੀਂ ਮਾਪਣ ਦਾ ਯਤਨ*

*ਕੀਤਾ। ਹਿਕਸ ਨੇ ਉਪਭੋਗੀ ਦੀ ਬੇਸ਼ੀ ਨੂੰ ਕ੍ਰਮਵਾਚਕ* (Ordinal) *ਤੁਸ਼ਟੀਗੁਣ ਦੀ ਮਨੌਤ ਲੈ ਕੇ ਮਾਪਿਆ। ਉਦਾਸੀਨ ਵਕਰ ਰਾਹੀਂ ਉਪਭੋਗੀ ਦੀ ਬੇਸ਼ੀ ਦੇ ਮਾਪ ਨੰ ਹੇਠ ਲਿਖੇ ਰੇਖਾ ਚਿੱਤਰ ਨੰ: 4 ਰਾਹੀਂ ਦਰਸਾਇਆ ਗਿਆ ਹੈ।*




***ਰੇਖਾ ਚਿੱਤਰ ਨੰ: 4***

*ਰੇਖਾ ਚਿੱਤਰ 4 ਦੇ* OX *ਧੁਰੇ ਉੱਪਰ ਵਸਤੂ* X *ਦੀ ਮਾਤਰਾ ਲਈ ਗਈ ਹੈ ਅਤੇ* OY *ਧੁਰੇ ਤੇ ਮੁਦਰਾ ਦੀ ਮਾਤਰਾ ਲਈ ਗਈ ਹੇ। ਵਸਤੂ* X *ਅਤੇ ਮੁਦਰਾ ਵਿਚਕਾਰ ਉਪਭੋਗੀ ਦੀ ਉਦਾਸੀਨ ਵਕਰ ਬਣਾਈ ਗਈ ਹੈ ਅਤੇ ਤਰਜੀਹ ਦੇ ਪੈਮਾਨੇ* (Scale of Preference) *ਨੂੰ ਵੀ ਦਿੱਤਾ ਗਿਆ ਹੈ। ਅਸੀਂ ਜਾਣਦੇ ਹਾਂ ਕਿ ਉਪਭੋਗੀ ਦੀ ਤਰਜ਼ੀਹ ਦਾ ਪੈਮਾਨਾ ਉਪਭੋਗੀ ਦੇ ਸੁਆਦ, ਰੁਚੀਆਂ ਅਤੇ ਆਦਤਾਂ ਉੱਪਰ ਨਿਰਭਰ ਕਰਦਾ ਹੈ ਅਤੇ ਇਹ ਉਪਭੋਗੀ ਦੀ ਆਮਦਨ ਅਤੇ ਵਸਤੂ ਦੀਆਂ ਕੀਮਤਾਂ ਤੋਂ ਬਿਲਕੁਲ ਪ੍ਰਭਾਵਿਤ ਨਹੀਂ ਹੁੰਦਾ।*

*ਮੰਨ ਲਵੋ ਕਿ ਉਪਭੋਗੀ ਕੋਲ ਮੁਦਰਾ ਦੀ* OR *ਮਾਤਰਾ ਹੈ ਜਿਸਨੂੰ ਉਹ ਜਾਂ ਤਾਂ ਵਸਤੂ* X *ਦੀ ਕੁੱਲ ਮਾਤਰਾ ਖ਼ਰੀਦਣ ਲਈ ਖ਼ਰਚ ਕਰ ਸਕਦਾ ਹੈ ਅਤੇ ਜਾਂ ਫਿਰ* X *ਦੀ ਕੁਝ ਮਾਤਰਾ ਨੂੰ ਮੁਦਰਾ ਦੇ ਬਦਲੇ ਖ਼ਰੀਦ ਸਕਦਾ ਹੈ ਅਤੇ ਬਾਕੀ ਬਚਦੀ ਮੁਦਰਾ ਨੂੰ ਉਹ ਆਪਣੇ ਕੋਲ ਰੱਖ ਸਕਦਾ ਹੈ। ਰੇਖਾ ਚਿੱਤਰ ਵਿੱਚ ਦਿੱਤੀ ਗਈ ਉਦਾਸੀਨ ਵਕਰ* IC *ਮੁਦਰਾ ਅਤੇ ਵਸਤੂ* X *ਦੇ ਵੱਖ ਵੱਖ ਜੋੜਿਆਂ, ਜਿਹੜੇ ਕਿ ਉਪਭੋਗੀ ਨੂੰ ਸਮਾਨ ਸੰਤੁਸ਼ਟੀ ਦਿੰਦੇ ਹਨ, ਨੂੰ ਦਰਸਾਉਂਦੀ ਹੈ।*


*ਮਿਸਾਲ ਵੱਜੋਂ ਉਦਾਸੀਨ ਵਕਰ* IC *ਉੱਪਰ ਸਥਿਤ ਬਿੰਦੂ* R *ਉੱਪਰ ਵਸਤੂ ਦੀ* OM *ਮਾਤਰਾ ਅਤੇ* $OK_1$ *ਮੁਦਰਾ ਦੀ ਮਾਤਰਾ ਉਪਭੋਗੀ ਨੂੰ ਸਮਾਨ ਸੰਤੁਸ਼ਟੀ ਪ੍ਰਦਾਨ ਕਰਦੀ ਹੈ ਕਿਉਂਕਿ ਦੋਵੇਂ ਜੋੜੇ* M *ਅਤੇ* R *ਇੱਕੋ ਉਦਾਸੀਨ ਵਕਰ* IC *ਉੱਪਰ ਸਥਿਤ ਹਨ। ਇਸ ਦਾ ਭਾਵ ਇਹ ਹੈ ਕਿ ਉਪਭੋਗੀ ਵਸਤੂ* X *ਦੀ* OM *ਮਾਤਰਾ ਖ਼ਰੀਦਣ ਲਈ* OK1 *ਮੁਦਰਾ ਦੇਣ ਲਈ ਤਿਆਰ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਉਪਭੋਗੀ ਵਸਤੂ* X *ਦੀ* OM *ਮਾਤਰਾ ਪ੍ਰਾਪਤ ਕਰਨ ਬਦਲੇ ਮੁਦਰਾ ਦੀ* ($FH=RK_1$) *ਰਾਸ਼ੀ ਦੇਣ ਲਈ ਤਿਆਰ ਹੈ। ਫ਼ਰਜ ਕਰੋ ਕਿ ਮੰਡੀ ਵਿੱਚ* X *ਵਸਤੂ ਦੀ ਅਜਿਹੀ ਕੀਮਤ ਹੈ, ਜਿਸ ਨਾਲ ਕੀਮਤ ਰੇਖਾ* RS *ਬਣਦੀ ਹੈ। ਅਸੀਂ ਜਾਣਦੇ ਹਾਂ ਕਿ ਉਪਭੋਗੀ ਦਾ ਸੰਤੁਲਨ ਉਸ ਬਿੰਦੂ ਤੇ ਹੁੰਦਾ ਹੈ ਜਿਥੇ ਉਦਾਸੀਨ ਵਕਰ, ਕੀਮਤ ਰੇਖਾ ਨੂੰ ਸਪਰਸ਼* (Tangent) *ਕਰਦੀ ਹੈ ਅਤੇ*

ਉਦਾਸੀਨ ਵਕਰ ਆਪਣੇ ਮੁੱਢ ਵੱਲ ਨੂੰ ਝੁਕੀ (Convex) ਹੁੰਦੀ ਹੈ। ਰੇਖਾ ਚਿੱਤਰ ਵਿੱਚ ਕੀਮਤ ਰੇਖਾ RS ਉਦਾਸੀਨ ਵਕਰ IC, ਨੂੰ ਬਿੰਦੂ T ਤੇ ਸਪਰਸ਼ ਕਰਦੀ ਹੈ। ਇਸ ਸੁੰਤਲਨ ਦੀ ਸਥਿਤੀ, ਉੱਪਰ ਉਪਭੋਗੀ ਕੋਲ ਵਸਤੂ X ਦੀ OM ਮਾਤਰਾ ਅਤੇ ਮੁਦਰਾ ਦੀ OK ਮਾਤਰਾ ਹੁੰਦੀ ਹੈ। ਇਸ ਤਰ੍ਹਾਂ ਵਸਤੂ X ਦੀ ਦਿੱਤੀ ਹੋਈ ਕੀਮਤ ਤੇ ਉਪਭੋਗੀ ਵਸਤੂ X ਦੀ OM ਮਾਤਰਾ ਪ੍ਰਾਪਤ ਕਰਨ ਬਦਲੇ ਮੁਦਰਾ ਦੀ KR ਮਾਤਰਾ ਦਿੰਦਾ ਹੈ। ਪਰੰਤੂ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਉਪਭੋਗੀ ਵਸਤੂ X ਦੀ OM ਮਾਤਰਾ ਪ੍ਰਾਪਤ ਕਰਨ ਲਈ ਮੁਦਰਾ ਦੀ $RK_1$ (=FH) ਰਾਸ਼ੀ ਦੇਣ ਲਈ ਤਿਆਰ ਸੀ, ਪਰੰਤੂ ਅਸਲ ਵਿੱਚ ਉਪਭੋਗੀ ਹੁਣ ਵਸਤੂ X ਦੀ ਉਤਨੀ ਹੀ ਮਾਤਰਾ OM ਖ਼ਰੀਦਣ ਲਈ ਪਹਿਲਾਂ ਨਾਲੋਂ $KK_1$ ਜਾਂ TH ਦੇ ਬਰਾਬਰ ਘੱਟ ਮੁਦਰਾ ਦਿੰਦਾ ਹੈ। ਸੋ ਉਪਭੋਗੀ $KK_1$ ਜਾਂ TH ਦੇ ਬਰਾਬਰ ਉਪਭੋਗੀ ਦੀ ਬੇਸ਼ੀ ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ ਹਿਕਸ ਤੁਸ਼ਟੀਗੁਣ ਕ੍ਰਮਅੰਕ (Cardinal) ਮਾਪ ਅਤੇ ਮੁਦਰਾ ਦੇ ਸਿਧਾਂਤ ਤੁਸ਼ਟੀਗੁਣ ਦੀ ਸਥਿਰਤਾ ਦੀ ਮਨੌਤ ਲੈਣ ਤੋਂ ਬਗੈਰ ਹੀ ਉਦਾਸੀਨ ਵਕਰਾਂ ਦੁਆਰਾ ਉਪਭੋਗੀ ਦੀ ਬੇਸ਼ੀ ਦੀ ਮਿਣਤੀ ਕਰਦਾ ਹੈ। ਇਸੇ ਕਰਕੇ ਉਪਭੋਗੀ ਦੀ ਬੇਸ਼ੀ ਨੂੰ ਹਿਕਸ ਦੁਆਰਾ ਉਦਾਸੀਨ ਵਕਰਾਂ ਰਾਹੀਂ ਮਾਪਣ ਦੇ ਢੰਗ ਨੂੰ ਮਾਰਸ਼ਲ ਦੇ ਮਾਪਣ ਦੇ ਢੰਗ ਨਾਲੋਂ ਸ੍ਰੇਸ਼ਟ ਮੰਨਿਆ ਗਿਆ ਹੈ।

### 6. ਕੀਮਤ ਵਿੱਚ ਤਬਦੀਲੀ ਦਾ ਉਪਭੋਗੀ ਦੀ ਬੇਸ਼ੀ ਉੱਪਰ ਪ੍ਰਭਾਵ:

**(Effect of Change in Price on the Consumer's Surplus)**

ਜਦੋਂ ਵਸਤੂ ਦੀ ਕੀਮਤ ਵਿੱਚ ਤਾਂ ਤਬਦੀਲੀ ਆਉਂਦੀ ਹੈ ਪਰੰਤੂ ਉਪਭੋਗੀ ਦੀ ਆਮਦਨ ਸਥਿਰ ਰਹਿੰਦੀ ਹੈ ਤਾਂ ਇਸ ਸਥਿਤੀ ਦਾ ਉਪਭੋਗੀ ਦੀ ਬੇਸ਼ੀ ਉੱਪਰ ਕੀ ਪ੍ਰਭਾਵ ਪੈਂਦਾ ਹੈ, ਨੂੰ ਰੇਖਾ ਚਿੱਤਰ ਨੰ: 5 ਰਾਹੀਂ ਦਰਸਾਇਆ ਗਿਆ ਹੈ।




ਰੇਖਾ ਚਿੱਤਰ ਨੰ; 5


ਰੇਖਾ ਚਿੱਤਰ ਨੰ: 5 ਤੋਂ ਪਤਾ ਲੱਗਦਾ ਹੈ ਦੁਆਰਾ ਉਪਭੋਗੀ ਦੀ ਬੇਸ਼ੀ ਦੇ ਉਪਭੋਗੀ ਦੀ ਮੁਦਰਿਕ ਆਮਦਨ $OM_2$ ਹੁੰਦੀ ਹੈ ਤਾਂ ਉਪਭੋਗੀ ਉਦਾਸੀਨ ਵਕਰ IC2 ਦੇ ਬਿੰਦੂ E2 ਉੱਪਰ ਸੰਤੁਲਨ ਵਿੱਚ ਹੁੰਦਾ ਹੈ ਅਤੇ ਉਸਨੂੰ $M_1M_2$ ਦੇ ਬਰਾਬਰ ਉਪਭੋਗੀ ਦੀ ਬੇਸ਼ੀ ਪ੍ਰਾਪਤ ਹੁੰਦੀ ਹੈ। ਜਦੋਂ ਵਸਤੂ ਦੀ ਕੀਮਤ ਘੱਟ ਜਾਂਦੀ ਹੈ ਤਾਂ ਉਪਭੋਗੀ ਬਿੰਦੂ E3 ਉੱਪਰ ਸੰਤੁਲਨ ਵਿੱਚ ਹੁੰਦਾ ਹੈ ਕਿਉਂਕਿ ਇਥੇ ਨਵੀਂ ਕੀਮਤ ਰੇਖਾ $RS_1$ ਪਹਿਲਾਂ ਨਾਲੋਂ ਉੱਚੀ ਉਦਾਸੀਨ ਵਕਰ IC3 ਨਾਲ ਸਪਰਸ਼

ਕਰਦੀ ਹੈ। ਇਸ ਬਿੰਦੂ ਤੇ ਉਪਭੋਗੀ ਵਸਤੂ X ਦੀ OQ ਮਾਤਰਾ ਦੇ ਬਦਲੇ ਮੁਦਰਾ ਦੀ ਕੇਵਲ $RM_3$ ਰਾਸ਼ੀ ਦਿੰਦਾ ਹੈ। ਸਿੱਟੇ ਵੱਜੋਂ ਉਪਭੋਗੀ ਦੀ ਬੇਸ਼ੀ $M_2M_3$ ਦੇ ਬਰਾਬਰ ਵਧ ਗਈ ਹੈ। ਭਾਵ $M_1M_2$ ਤੋਂ ਵਧ ਕੇ $M_1M_3$ ਹੋ ਗਈ ਹੈ। ਇਸੇ ਤਰ੍ਹਾਂ ਹੀ ਵਸਤੂ ਦੀ ਕੀਮਤ ਵਧਣ ਨਾਲ ਉਪਭੋਗੀ ਦੀ ਬੇਸ਼ੀ ਵਿੱਚ ਘਾਟੇ ਨੂੰ ਵੇਖਿਆ ਜਾ ਸਕਦਾ ਹੈ। ਜਿਵੇਂ ਕਿ ਜਦੋਂ RS1 ਕੀਮਤ ਰੇਖਾ ਨੂੰ ਪਹਿਲੀ (Original) ਕੀਮਤ ਰੇਖਾ ਮੰਨ ਲਿਆ ਜਾਵੇ ਅਤੇ RS ਨੂੰ ਵਸਤੂ X ਦੀ ਕੀਮਤ ਵਧਣ ਤੋਂ ਬਾਅਦ ਦੀ ਨਵੀਂ ਕੀਮਤ ਰੇਖਾ ਮੰਨ ਲਿਆ ਜਾਵੇ ਤਾਂ ਉਪਭੋਗੀ ਦਾ ਸੰਤੁਲਨ ਬਿੰਦੂ $E_3$ ਤੋਂ ਘਟ ਕੇ $E_2$ ਤੇ ਆ ਜਾਂਦਾ ਹੈ। ਹੁਣ ਉਪਭੋਗੀ ਨੂੰ ਵਸਤੂ ਦੀ OQ ਮਾਤਰਾ ਖ਼ਰੀਦਣ ਲਈ ਪਹਿਲਾਂ ਨਾਲੋਂ ਵੱਧ ਮੁਦਰਾ ਭਾਵ $RM_2$ ਦੇ ਬਰਾਬਰ ਹੁੰਦੀ ਹੈ। ਇਸ ਤਰ੍ਹਾਂ ਉਪਭੋਗੀ ਦੀ ਬੇਸ਼ੀ ਕੀਮਤ ਵਧਣ ਨਾਲ ਪਹਿਲਾਂ ਨਾਲੋਂ $M_3M_2$ ਦੇ ਬਰਾਬਰ ਘੱਟ ਜਾਂਦੀ ਹੈ।

### 7. ਆਮਦਨ ਵਿੱਚ ਤਬਦੀਲੀ ਦਾ ਉਪਭੋਗੀ ਦੀ ਬੇਸ਼ੀ ਉੱਪਰ ਪ੍ਰਭਾਵ

**(Effect of Change in Income on the Consumer's Surplus)**

ਵਸਤੂ X ਦੀ ਕੀਮਤ ਸਥਿਰ ਰਹਿੰਦੇ ਹੋਏ, ਉਪਭੋਗੀ ਦੀ ਆਮਦਨ ਵਿੱਚ ਤਬਦੀਲੀ ਹੋਣ ਨਾਲ ਉਪਭੋਗੀ ਦੀ ਬੇਸ਼ੀ ਉੱਪਰ ਪੈਣ ਵਾਲੇ ਪ੍ਰਭਾਵ ਨੂੰ ਰੇਖਾ ਚਿੱਤਰ ਨੰ: 6 ਰਾਹੀਂ ਦਰਸਾਇਆ ਗਿਆ ਹੈ।




**ਰੇਖਾ ਚਿੱਤਰ ਨੰ: 6**

ਸ਼ੁਰੂ ਵਿੱਚ ਉਪਭੋਗੀ ਦੀ ਕੀਮਤ ਰੇਖਾ RS ਹੁੰਦੀ ਹੈ ਅਤੇ ਇਸ ਨੂੰ ਉਦਾਸੀਨ ਵਕਰ $IC_2$, ਬਿੰਦੂ $E_2$ ਤੇ ਸਪਰਸ਼ ਕਰਦੀ ਹੈ, ਜਿਥੇ ਉਪਭੋਗੀ ਸੰਤੁਲਨ ਦੀ ਹਾਲਤ ਵਿੱਚ ਹੁੰਦਾ ਹੈ। ਇੱਥੇ ਉਪਭੋਗੀ ਦੀ ਬੇਸ਼ੀ $M_1M_2$ ਜਾਂ $E_1E_2$ ਦੇ ਬਰਾਬਰ ਹੁੰਦੀ ਹੈ ਕਿਉਂਕਿ ਇਥੇ ਉਪਭੋਗੀ ਵਸਤੂ X ਦੀ OQ ਮਾਤਰਾ ਖ਼ਰੀਦਦਾ ਹੈ ਜਿਸ ਦੇ ਬਦਲੇ ਉਹ $RM_2$ ਦੇ ਬਰਾਬਰ

*ਮੁਦਰਾ ਦੀ ਮਾਤਰਾ ਦਿੰਦਾ ਹੈ। ਹੁਣ ਜੇਕਰ ਉਪਭੋਗੀ ਦੀ ਮੁਦਰਾ ਆਮਦਨ* OR *ਤੋਂ ਵਧ ਕੇ* $OR_1$ *ਹੋ ਜਾਂਦੀ ਹੈ ਤਾਂ ਉਸਦੀ ਨਵੀਂ ਕੀਮਤ ਰੇਖਾ* $R_1S_1$ *ਬਣ ਜਾਂਦੀ ਹੈ ਬਸ਼ਰਤੇ ਵਸਤੂ* X *ਦੀ ਕੀਮਤ ਵਿੱਚ ਕੋਈ ਤਬਦੀਲੀ ਨਾ ਹੋਵੇ। ਹੁਣ ਕਿਉਂਕਿ ਉਪਭੋਗੀ ਪਹਿਲਾਂ ਨਾਲੋਂ ਵਧੇ ਰੇ ਆਮਦਨ* $OR_1$ *ਹੋਣ ਤੇ ਵਸਤੂ ਦੀ* OQ *ਮਾਤਰਾ ਖ਼ਰੀਦਣ ਦੇ ਬਦਲੇ* $R_1M_1$ *ਦੇ ਬਰਾਬਰ ਮੁਦਰਾ ਦੀ ਰਾਸ਼ੀ ਦੇਣ ਨੂੰ ਤਿਆਰ ਹੈ। ਪਰੰਤੂ ਵਸਤੂ* X *ਦੀ ਪਹਿਲਾਂ ਜਿੰਨੀ ਹੀ ਮਾਤਰਾ ਲੈਣ ਲਈ ਹੁਣ ਉਸ ਨੂੰ ਪਹਿਲਾਂ ਨਾਲੋਂ ਘੱਟ ਮੁਦਰਾ, ਭਾਵ* $R_1M_4$ *ਦੇਣੀ ਪੈਂਦੀ ਹੈ। ਹੁਣ ਉਪਭੋਗੀ ਦੀ ਬੇਸ਼ੀ* $M_3M_4$ $(=E_3E_4)$ *ਹੈ ਜਿਹੜੀ ਕਿ ਉਪਭੋਗੀ ਦੀ ਮੁੱਢਲੀ ਬੇਸ਼ੀ ਦੇ ਬਰਾਬਰ ਜਾਂ ਜ਼ਿਆਦਾ ਹੈ ਜਾਂ ਉਸ ਤੋਂ ਘੱਟ ਵੀ ਹੋ ਸਕਦੀ ਹੈ। ਇਹ ਉਦਾਸੀਨ ਵਕਰਾਂ* $IC_1$ *ਅਤੇ* $IC_3$ *ਦੀਆਂ ਢਲਾਣਾਂ ਉੱਪਰ ਨਿਰਭਰ ਕਰੇਗਾ। ਜੇਕਰ ਉਦਾਸੀਨ ਵਕਰਾਂ* $IC_1$ *ਅਤੇ* $IC_3$ *ਦੀ ਢਲਾਣ ਇੱਕੋ ਜਿਹੀ ਹੈ ਤਾਂ ਉਪਭੋਗੀ ਦੀ ਆਮਦਨ ਵਧਣ ਨਾਲ ਵੀ ਉਪਭੋਗੀ ਦੀ ਬੇਸ਼ੀ ਪਹਿਲਾਂ ਜਿਤਨੀ (ਆਮਦਨ ਵਧਣ ਤੋਂ ਪਹਿਲਾਂ ਜਿਤਨੀ) ਹੀ ਰਹੇਗੀ।*

***8. ਉਪਭੋਗੀ ਦੀ ਬੇਸ਼ੀ ਦੀ ਆਲੋਚਨਾ***

**(Criticism of Consumer's Surplus)**

*ਮਾਰਸ਼ਲ ਦੁਆਰਾ ਦਿੱਤੀ ਉਪਭੋਗੀ ਦੀ ਬੇਸ਼ੀ ਦੀ ਧਾਰਨਾ ਦੀ ਕਈ ਵਿਦਵਾਨਾਂ, ਜਿਵੇਂ ਕਿ ਕੈਨਨ,* (Canon), *ਨਿਕਲਸਨ* (Nickolson), *ਟਾਜ਼ਿੰਗ* (Taussing), *ਹਿਕਸ* (Hicks) *ਆਦਿ ਨੇ ਆਲੋਚਨਾ ਕੀਤੀ ਹੈ। ਆਲੋਚਕਾਂ ਨੇ ਉਪਭੋਗੀ ਦੀ ਬੇਸ਼ੀ ਦੀ ਧਾਰਨਾ ਨੂੰ ਕਲਪਿਤ*(Imaginary), *ਅਵਾਸਤਵਿਕ* (Unreal) *ਅਤੇ ਵਿਅਰਥ ਕਿਹਾ ਹੈ। ਕੁਝ ਵਿਦਵਾਨਾਂ ਨੇ ਮਾਰਸ਼ਲ ਦੁਆਰਾ ਉਪਭੋਗੀ ਦੀ ਬੇਸ਼ੀ ਦੇ ਸੰਬੰਧ ਵਿੱਚ ਲਈਆਂ ਮਾਨਤਾਵਾਂ ਦੀ ਵਿਵਹਾਰਿਕਤਾ ਨੂੰ ਆਲੋਚਨਾ ਦਾ ਵਿਸ਼ਾ ਬਣਾਇਆ, ਜਦੋਂ ਕਿ ਕੁਝ ਹੋਰ ਅਰਥ-ਸ਼ਾਸਤਰੀਆਂ ਨੇ ਇਸ ਧਾਰਨਾ ਦੀ ਹੋਂਦ ਨੂੰ ਵੀ ਆਪਣੀ ਆਲੋਚਨਾ ਦੇ ਘੇਰੇ ਵਿੱਚ ਲੈ ਆਂਦਾ। ਹੁਣ ਅਸੀਂ ਉਪਭੋਗੀ ਦੀ ਬੇਸ਼ੀ ਦੀ ਆਲੋਚਨਾ ਸਬੰਧੀ ਨੁਕਤਿਆਂ ਨੂੰ ਵਿਚਾਰਾਂਗੇ।*

***1. ਉਪਭੋਗੀ ਅਸਲ ਕੀਮਤ ਤੋਂ ਜ਼ਿਆਦਾ ਮੁਦਰਾ ਨਹੀਂ ਦਿੰਦਾ :***

*ਆਲੋਚਕਾਂ ਅਨੁਸਾਰ ਕਿਉਂਕਿ ਮਨੁੱਖ ਦੀਆਂ ਲੋੜਾਂ ਅਸੀਮਿਤ ਹਨ ਅਤੇ ਉਨ੍ਹਾਂ ਅਸੀਮਿਤ ਲੋੜਾਂ ਨੂੰ ਪੂਰਾ ਕਰਨ ਵਾਲੇ ਸਾਧਨ ਸੀਮਿਤ ਹਨ। ਇਸ ਲਈ ਇਹ ਗੱਲ ਹਾਸੋਹੀਣੀ ਲੱਗਦੀ ਹੈ ਕਿ ਇੱਕ ਵਿਅਕਤੀ ਕਿਸੇ ਵਸਤੂ ਨੂੰ ਖ਼ਰੀਦਣ ਲੱਗਿਆਂ ਉਸ ਦੀ ਕੀਮਤ ਤੋਂ ਵੱਧ ਪੈਸੇ ਦੇਣ ਲਈ ਤਿਆਰ ਹੁੰਦਾ ਹੈ। ਅਸੀਂ ਅਕਸਰ ਵੇਖਦੇ ਹਾਂ ਕਿ ਇੱਕ ਵਿਅਕਤੀ ਵਸਤੂ ਖ਼ਰੀਦਣ ਵਕਤ ਦੁਕਾਨਦਾਰ ਨਾਲ ਵਸਤੂ ਦੀ ਕੀਮਤ ਘੱਟ ਕਰਨ ਲਈ ਬਹਿਸ ਕਰਦਾ ਹੈ। ਇਸ ਤਰ੍ਹਾਂ ਅਮਲੀ ਜੀਵਨ ਵਿੱਚ ਕਿਸੇ ਵਿਅਕਤੀ ਦਾ ਕਿਸੇ ਵਸਤੂ ਦੀ ਰੱਖੀ ਗਈ ਕੀਮਤ ਤੋਂ ਵੱਧ ਕੀਮਤ ਦੇਣ ਨੂੰ ਤਿਆਰ ਹੋਣਾ ਉੱਚਿਤ ਨਹੀਂ ਲੱਗਦਾ।*

***2. ਤੁਸ਼ਟੀਗੁਣ ਨੂੰ ਮਿਣਿਆਂ ਨਹੀਂ ਜਾ ਸਕਦਾ***

**(Utility is not Measureable)**

*ਉਪਭੋਗੀ ਦੀ ਬੇਸ਼ੀ ਦੀ ਧਾਰਨਾ ਇਸ ਮਨੌਤ ਉੱਪਰ ਆਧਾਰਿਤ ਹੈ ਕਿ ਤੁਸ਼ਟੀਗੁਣ ਨੂੰ ਮਾਤਰਾਤਮਕ ਤੌਰ ਤੇ ਮਿਣਿਆ ਜਾ ਸਕਦਾ ਹੈ। ਕਿਉਂ ਕਿ ਤੁਸ਼ਟੀਗੁਣ ਮਾਨਸਿਕ ਭਾਵਨਾਵਾਂ ਉੱਪਰ ਆਧਾਰਿਤ ਹੈ ਅਤੇ ਇਨ੍ਹਾਂ ਭਾਵਨਾਵਾਂ ਨੂੰ ਸੰਖਿਆਤਮਕ ਰੂਪ ਵਿੱਚ ਨਹੀਂ ਮਿਣਿਆਂ ਜਾ ਸਕਦਾ ਇਸ ਤੋਂ ਇਲਾਵਾ ਜਦੋਂ ਮਾਰਸ਼ਲ ਤੁਸ਼ਟੀਗੁਣ ਨੂੰ ਮੁਦਰਾ ਦੇ ਰੂਪ ਵਿੱਚ ਮਾਪਣ ਦੀ ਗੱਲ ਕਰਦਾ ਹੈ ਤਾਂ ਇਹ ਵੀ ਠੀਕ ਨਹੀਂ, ਕਿਉਂਕਿ ਭਾਵਨਾਵਾਂ, ਰੁਚੀਆਂ ਆਦਿ ਨੂੰ ਮੁਦਰਾ ਦੇ ਰੂਪ ਵਿੱਚ ਮਾਪਿਆ ਨਹੀਂ ਜਾ ਸਕਦਾ। ਇਸ ਤੋਂ ਇਲਾਵਾ ਪ੍ਰੋ. ਨਾਈਟ* (Knight) *ਅਨੁਸਾਰ ਇਹ ਗੱਲ ਤਾਂ ਮੰਨੀ ਜਾ ਸਕਦੀ ਹੈ ਕਿ ਜੇ ਇੱਕ ਕਰੋੜਪਤੀ ਵਿਅਕਤੀ ਨੂੰ ਬੇਹੱਦ ਭੁੱਖ ਲੱਗੀ ਹੋਈ ਹੈ ਤਾਂ ਉਹ 10 ਰੁਪਏ ਕੀਮਤ ਦੀ ਇੱਕ ਬਰੈੱਡ ਬਦਲੇ ਇੱਕ ਲੱਖ ਰੁਪਏ ਵੀ ਦੇਣ ਲਈ ਤਿਆਰ ਹੋ ਸਕਦਾ ਹੈ। ਪਰੰਤੂ ਜਦੋਂ ਉਸ ਨੂੰ 10 ਰੁਪਏ ਖ਼ਰਚ ਕੇ ਹੀ ਬਰੈੱਡ ਤਾਂ ਪ੍ਰਾਪਤ ਹੋ ਗਈ ਹੈ, ਤਾਂ ਕੀ ਇਹ ਕਿਹਾ ਜਾਵੇਗਾ ਕਿ ਉਸ ਉਪਭੋਗੀ ਦੀ ਬੇਸ਼ੀ 1,00,000–10=99,999 ਦੇ ਬਰਾਬਰ ਹੋਵੇਗੀ। ਇਹ ਗੱਲ ਵਿਵਹਾਰਿਕ ਤੌਰ ਤੇ ਬਿਲਕੁਲ ਠੀਕ ਨਹੀਂ ਜਾਪਦੀ।*

***3. ਸਥਾਨਪਤੀ ਵਸਤੂਆਂ ਦੀ ਹੋਂਦ***

**(Existence of Substitutes)**

*ਮਾਰਸ਼ਲ ਅਨੁਸਾਰ ਜਿਸ ਵਸਤੂ ਪ੍ਰਤੀ ਅਸੀਂ ਉਪਭੋਗੀ ਦੀ ਬੇਸ਼ੀ ਦੀ ਮਾਤਰਾ ਜਾਣਨਾ ਚਾਹੁੰਦੇ ਹਾਂ ਉਸ ਵਸਤੂ ਦੀ ਕੋਈ ਸਥਾਨਪਤੀ ਵਸਤੂ ਨਹੀਂ ਹੁੰਦੀ। ਕਿਉਂਕਿ ਜੇ ਚਾਹ ਦੀ ਸਥਾਨਪਤੀ ਵਸਤੂ ਕੌਫ਼ੀ ਹੈ, ਤਾਂ ਦੋਹਾਂ ਵਸਤੂਆਂ ਸੰਬੰਧੀ ਉਪਭੋਗੀ ਦੀ ਬੇਸ਼ੀ ਨੂੰ ਮਾਪਣਾ ਬੇਹੱਦ ਮੁਸ਼ਕਲ ਹੋ ਜਾਵੇਗਾ। ਇਸ ਮੁਸ਼ਕਿਲ ਨੂੰ ਧਿਆਨ ਵਿੱਚ ਰੱਖ ਕੇ ਮਾਰਸ਼ਲ ਨੇ ਆਪਸ ਵਿੱਚ ਸਥਾਨਪਤੀ ਦੋਵਾਂ ਵਸਤੂਆਂ ਨੂੰ ਇੱਕ ਗਰੁੱਪ ਵਿੱਚ ਰੱਖਕੇ ਉਸਨੂੰ ਇੱਕ ਵਸਤੂ ਵੱਜੋਂ ਮੰਨਿਆ ਹੈ। ਅਜਿਹਾ ਕਰਨ ਨਾਲ ਉਪਭੋਗੀ ਦੀ ਬੇਸ਼ੀ ਦਾ ਸਿਧਾਂਤ ਹੋਰ ਵੀ ਅਵਿਵਹਾਰਿਕ* (Unrealistic) *ਬਣ ਜਾਂਦਾ ਹੈ।*

*4. ਸੀਮਾਂਤ ਤੋਂ ਪਹਿਲੀਆਂ ਵਸਤੂਆਂ ਦਾ ਤੁਸ਼ਟੀਗੁਣ ਵੀ ਘਟ ਕੇ ਸੀਮਾਂਤ ਤੁਸ਼ਟੀਗੁਣ ਦੇ ਬਰਾਬਰ ਹੋ ਜਾਂਦਾ ਹੈ। ਮਾਰਸ਼ਲ ਅਨੁਸਾਰ ਜਿਉਂ ਜਿਉਂ ਕਿਸੇ ਉਪਭੋਗੀ ਕੋਲ ਇੱਕ ਵਸਤੂ ਦੀ ਮਾਤਰਾ ਵਧਦੀ ਜਾਂਦੀ ਹੈ ਤਿਉਂ ਤਿਉਂ ਉਪਭੋਗੀ ਦਾ, ਵਸਤੂ ਦੀ ਹਰ ਨਵੀਂ ਸੀਮਾਂਤ ਇਕਾਈ ਪ੍ਰਤੀ ਤੁਸ਼ਟੀਗੁਣ ਘਟਦਾ ਜਾਂਦਾ ਹੈ। ਉਪਭੋਗੀ ਦਾ ਸੰਤੁਲਨ ਉਸ ਬਿੰਦੂ ਤੇ ਹੋਵੇਗਾ ਜਿਸ ਇਕਾਈ ਤੇ ਪਹੁੰਚ ਕੇ ਵਸਤੂ ਦਾ ਤੁਸ਼ਟੀਗੁਣ ਅਤੇ ਉਸ ਦੀ ਕੀਮਤ ਇੱਕ ਦੂਜੇ ਦੇ ਬਰਾਬਰ ਹੋ ਜਾਣਗੇ। ਮਾਰਸ਼ਲ ਅਨੁਸਾਰ ਇਸ ਸੀਮਾਂਤ ਇਕਾਈ ਤੋਂ ਪਹਿਲਾਂ ਖ਼ਰੀਦੀਆਂ ਇਕਾਈਆਂ ਜਿਨ੍ਹਾਂ ਦਾ ਤੁਸ਼ਟੀਗੁਣ ਸੀਮਾਂਤ ਇਕਾਈ ਅਤੇ ਕੀਮਤ ਨਾਲੋਂ ਜ਼ਿਆਦਾ ਸੀ, ਤੋਂ ਉਪਭੋਗੀ ਨੂੰ ਬੇਸ਼ੀ ਮਿਲੇਗੀ। ਪਰੰਤੂ ਪ੍ਰੋ. ਪੈਟਨ ਅਨੁਸਾਰ ਜਿਉਂ ਜਿਉਂ ਵਿਅਕਤੀ ਕੋਲ ਵਸਤੂਆਂ ਦੀ ਮਾਤਰਾ ਵਧਦੀ ਜਾਂਦੀ ਹੈ ਤਾਂ ਉਸਦਾ ਵਾਧੂ ਇਕਾਈਆਂ ਤੋਂ ਹੀ ਨਹੀਂ, ਸਗੋਂ ਸਾਰੀਆਂ ਇਕਾਈਆਂ ਤੋਂ ਹੀ ਤੁਸ਼ਟੀਗੁਣ ਘਟਦਾ ਹੈ। ਸਿੱਟੇ ਵੱਜੋਂ ਉਪਭੋਗੀ ਨੂੰ ਕਿਸੇ ਇਕਾਈ ਤੋਂ ਵੀ ਬੇਸ਼ੀ ਪ੍ਰਾਪਤ ਨਹੀਂ ਹੁੰਦੀ।*

*5. ਇਹ ਨਹੀਂ ਜਾਣਿਆਂ ਜਾ ਸਕਦਾ ਕਿ ਉਪਭੋਗੀ ਕਿਤਨੀ ਕੀਮਤ ਦੇਣ ਨੂੰ ਤਿਆਰ ਹੈ। ਉਪਭੋਗੀ ਦੀ ਮੰਗ ਵਕਰ ਸੰਬੰਧੀ ਇੱਕ ਸਮੱਸਿਆ ਇਹ ਹੈ ਕਿ ਉਪਭੋਗੀ ਦੀ ਮੰਗ ਅਨੁਸੂਚੀ, ਜਿਸ ਉੱਪਰ ਇਹ ਮੰਗ ਵਕਰ ਆਧਾਰਤ ਹੈ, ਨੂੰ ਹੀ ਨਹੀਂ ਜਾਣਿਆ ਜਾ ਸਕਦਾ। ਇਹ ਜਾਣਨਾ ਵੀ ਸੰਭਵ ਨਹੀਂ ਕਿ ਉਪਭੋਗੀ ਵਸਤੂ ਦੀਆਂ ਵੱਖ ਵੱਖ ਇਕਾਈਆਂ ਬਦਲੇ ਕਿਤਨੀ ਕਿਤਨੀ ਕੀਮਤ ਦੇਣ ਨੂੰ ਤਿਆਰ ਹੈ। ਅਸਲ ਵਿੱਚ ਉਪਭੋਗੀ ਦੀ ਬੇਸ਼ੀ ਨੂੰ ਮਿਣਨ ਲੱਗਿਆਂ ਉਸ ਵੱਲੋਂ ਵਸਤੂ ਦੀਆਂ ਵੱਖ ਵੱਖ ਇਕਾਈਆਂ ਲਈ ਦਿੱਤੀਆਂ ਜਾਣ ਵਾਲੀਆਂ ਕੀਮਤਾਂ ਸਿਰਫ਼ ਅੰਦਾਜ਼ੇ ਦੇ ਆਧਾਰ ਤੇ ਹੀ ਲਈਆਂ ਜਾਂਦੀਆਂ ਹਨ ਨਾ ਕਿ ਅਸਲੀਅਤ ਦੇ ਆਧਾਰ ਤੇ। ਇਸ ਕਰਕੇ ਉਪਭੋਗੀ ਦੀ ਬੇਸ਼ੀ ਦੀ ਧਾਰਨਾ ਦੀ ਵਿਵਹਾਰਿਕਤਾ ਦੀ ਆਲੋਚਨਾ ਕੀਤੀ ਜਾਂਦੀ ਹੈ।*

*6. ਜਿਹੜੀਆਂ ਵਸਤੂਆਂ ਮਨੁੱਖੀ ਜ਼ਿੰਦਗੀ ਲਈ ਅਤਿਅੰਤ ਜ਼ਰੂਰੀ* (Necessaries) *ਹਨ ਜਿਵੇਂ - ਰੋਟੀ, ਕੱਪੜਾ, ਪਾਣੀ ਆਦਿ, ਉਨ੍ਹਾਂ ਨੂੰ ਖ਼ਰੀਦਣ ਲਈ ਉਪਭੋਗੀ ਵੱਧ ਤੋਂ ਵੱਧ ਕੀਮਤ ਦੇਣ ਨੂੰ ਤਿਆਰ ਹੁੰਦਾ ਹੈ ਪਰੰਤੂ ਉਹ ਵਸਤੂਆਂ ਉਪਭੋਗੀ ਨੂੰ ਜਦੋਂ ਘੱਟ ਕੀਮਤ ਵਿੱਚ ਮਿਲ ਜਾਂਦੀਆਂ ਹਨ ਤਾਂ ਉਪਭੋਗੀ ਨੂੰ ਬੇਹੱਦ* (Indefinite) *ਬੇਸ਼ੀ ਪ੍ਰਾਪਤ ਹੁੰਦੀ ਹੈ।*

*7. ਮਾਰਸ਼ਲ ਨੇ ਇਹ ਮਨੌਤ ਲਈ ਕਿ ਖ਼ਰੀਦ-ਵੇਚ ਦੀ ਪ੍ਰਕ੍ਰਿਆ ਦੌਰਾਨ ਮੁਦਰਾ ਦਾ ਸੀਮਾਂਤ ਤੁਸ਼ਟੀਗੁਣ ਸਮਾਨ* (Constant) *ਰਹਿੰਦਾ ਹੈ। ਪਰੰਤੂ ਅਜਿਹਾ ਨਹੀਂ ਹੁੰਦਾ। ਜਦੋਂ ਇੱਕ ਉਪਭੋਗੀ ਕਿਸੇ ਵਸਤੂ ਦੀਆਂ ਵੱਖ ਵੱਖ ਇਕਾਈਆਂ ਨੂੰ ਖ਼ਰੀਦਦਾ ਚਲਿਆ ਜਾਂਦਾ ਹੈ ਤਾਂ ਉਸ ਕੋਲ ਉਪਲੱਬਧ ਮੁਦਰਾ ਦੀ ਮਾਤਰਾ ਵੀ ਘਟਦੀ ਚਲੀ ਜਾਂਦੀ ਹੈ। ਜਦੋਂ ਉਪਭੋਗੀ ਕੋਲ ਮੁਦਰਾ ਦੀ ਮਾਤਰਾ ਘਟਦੀ ਜਾਂਦੀ ਹੈ ਤਾਂ ਉਪਭੋਗੀ ਦਾ ਮੁਦਰਾ ਪ੍ਰਤੀ ਸੀਮਾਂਤ ਤੁਸ਼ਟੀਗੁਣ ਵਧਦਾ ਚਲਾ ਜਾਂਦਾ ਹੈ। ਇਸ ਤਰ੍ਹਾਂ ਜਦੋਂ ਮੁਦਰਾ ਦਾ ਸੀਮਾਂਤ ਤੁਸ਼ਟੀਗੁਣ ਸਥਿਰ ਨਹੀਂ ਰਹਿੰਦਾ ਤਾਂ ਉਪਭੋਗੀ ਦੀ ਬੇਸ਼ੀ ਨੂੰ ਸਹੀ ਤੌਰ ਤੇ ਮਿਣਿਆਂ ਵੀ ਨਹੀਂ ਜਾ ਸਕਦਾ।*

*8. ਆਲੋਚਕਾਂ ਅਨੁਸਾਰ ਇਹ ਕਿਹਾ ਜਾਂਦਾ ਹੈ ਕਿ ਦਿਖਾਵੇ ਵਾਲੀਆਂ, ਵਿਲਾਸਤਾ ਵਾਲੀਆਂ* (Luxury) *ਵਸਤੂਆਂ ਦੇ ਸੰਬੰਧ ਵਿੱਚ ਉਪਭੋਗੀ ਦੀ ਬੇਸ਼ੀ ਨੂੰ ਨਹੀਂ ਮਿਣਿਆਂ ਜਾ ਸਕਦਾ। ਪ੍ਰੋ. ਟਾਜ਼ਿੰਗ* (Tausing) *ਅਨੁਸਾਰ ਜੇ ਕਿਸੇ ਦਿਖਾਵੇ ਵਾਲੀ ਵਸਤੂ (ਹੀਰੇ) ਦੀ ਕੀਮਤ ਘੱਟ ਜਾਂਦੀ ਹੈ ਤਾਂ ਜਿਸ ਕੋਲ ਹੀਰੇ ਹਨ, ਉਸਦਾ ਹੀਰਿਆਂ ਪ੍ਰਤੀ ਤੁਸ਼ਟੀਗੁਣ ਘਟ ਜਾਂਦਾ ਹੈ, ਭਾਵ ਉਸ ਦੀ ਹੀਰਿਆਂ ਤੋਂ ਉਪਭੋਗੀ ਦੀ ਬੇਸ਼ੀ ਵੀ ਘਟ ਜਾਂਦੀ ਹੈ।*

*9. ਪ੍ਰੋ. ਨਿਕਲਸਨ* (Nicholson) *ਅਨੁਸਾਰ ਉਪਭੋਗੀ ਦੀ ਬੇਸ਼ੀ ਦੀ ਧਾਰਨਾ ਪਰਿਕਲਪਿਤ* (Hypothetical), *ਅਵਾਸਤਵਿਕ*

(Unreal) *ਅਤੇ ਖ਼ਿਆਲੀ* (Imaginary) *ਹੈ। ਪ੍ਰੋ. ਨਿਕਲਸਨ ਉਪਭੋਗੀ ਦੀ ਬੇਸ਼ੀ ਦੀ ਧਾਰਨਾ ਦੀ ਆਲੋਚਨਾ ਕਰਦਾ ਹੋਇਆ ਮਾਰਸ਼ਲ ਨੂੰ ਪੁੱਛਦਾ ਹੈ ਕਿ ਇਹ ਗੱਲ ਕਰਨ ਦਾ ਕੀ ਫ਼ਾਇਦਾ ਕਿ ਸਾਲਾਨਾ 100 ਪੌਂਡ ਆਮਦਨ ਤੋਂ ਤੁਸ਼ਟੀਗੁਣ ਸਾਲਾਨਾ 100 ਪੌਂਡ ਦੇ ਬਰਾਬਰ ਹੁੰਦਾ ਹੈ।* ("Of what avail is it to (say) that the utility of an income (say) £ 100 a year is worth (say) £ 100 a year?") *ਨਿਕਲਸਨ ਉਪਭੋਗੀ ਦੀ ਧਾਰਨਾ ਨੂੰ ਪਰਿਕਲਪਿਤ, ਅਵਾਸਤਵਿਕ ਅਤੇ ਖ਼ਿਆਲੀ ਇਸ ਕਰਕੇ ਕਹਿੰਦਾ ਸੀ ਕਿਉਂਕਿ ਇਸ ਧਾਰਨਾ ਵਿੱਚ ਲਈਆਂ ਗਈਆਂ ਮਨੌਤਾਂ ਹੀ ਅਵਾਸਤਵਿਕ ਹਨ।*

***9. ਉਪਭੋਗੀ ਦੀ ਬੇਸ਼ੀ ਦੀ ਮਹੱਤਤਾ***

**(Importance of Consumer's Surplus)**

*ਉਪਭੋਗੀ ਦੀ ਬੇਸ਼ੀ ਦੀ ਧਾਰਨਾ ਦੀ ਭਾਵੇਂ ਕਈ ਵਿਦਵਾਨਾਂ ਨੇ ਆਲੋਚਨਾ ਕੀਤੀ ਹੈ ਪਰੰਤੂ ਫਿਰ ਵੀ ਇਸ ਦੀ ਵਿਵਹਾਰਿਕ ਜੀਵਨ ਵਿੱਚ ਬਹੁਤ ਮਹੱਤਤਾ ਹੈ ਜਿਵੇਂ ਕਿ ਸਰਕਾਰ ਵੱਲੋਂ ਆਰਥਿਕ ਨੀਤੀਆਂ ਬਣਾਉਣ ਵਿੱਚ, ਏਕਾਧਿਕਾਰੀ ਵੱਲੋਂ ਆਪਣੀ ਵਸਤੂ ਦੀ ਕੀਮਤ ਨਿਰਧਾਰਣ ਕਰਨ ਵਿੱਚ, ਆਦਿ। ਉਪਭੋਗੀ ਦੀ ਬੇਸ਼ੀ ਦੀ ਮਹੱਤਤਾ ਦੇ ਹੇਠਾਂ ਕੁਝ ਮਹੱਤਵਪੂਰਨ ਨੁਕਤੇ ਦਿੱਤੇ ਜਾ ਰਹੇ ਹਨ।*

***1. ਏਕਾਧਿਕਾਰੀ ਲਈ ਮਹੱਤਤਾ :***

**(Importance for a Monopolist)**

*ਜਦੋਂ ਇੱਕ ਏਕਾਧਿਕਾਰੀ ਆਪਣੀ ਵਸਤੂ ਦੀ ਕੀਮਤ ਨਿਰਧਾਰਤ ਕਰਦਾ ਹੈ ਤਾਂ ਉਹ ਇਹ ਵੇਖਦਾ ਹੈ ਕਿ ਜੇ ਲੋਕ ਉਸਦੀ ਵਸਤੂ ਦੀ ਬਹੁਤ ਕੀਮਤ ਦੇਣ ਲਈ ਤਿਆਰ ਹਨ, ਭਾਵ ਲੋਕ ਉਸ ਵਸਤੂ ਦੀ ਹੁਣ ਵਾਲੀ ਘੱਟ ਕੀਮਤ ਦੇਣ ਨਾਲ ਬਹੁਤ ਜ਼ਿਆਦਾ ਉਪਭੋਗੀ ਦੀ ਬੇਸ਼ੀ ਪ੍ਰਾਪਤ ਕਰ ਰਹੇ ਹਨ ਤਾਂ ਏਕਾਧਿਕਾਰੀ ਉਸ ਵਸਤੂ ਦੀ ਕੀਮਤ ਵਧਾ ਸਕਦਾ ਹੈ। ਇਸ ਵਧੀ ਹੋਈ ਕੀਮਤ ਤੇ ਵੀ ਲੋਕ ਉਸ ਵਸਤੂ ਦੀ ਮੰਗ ਨਹੀਂ ਘਟਾਉਣਗੇ। ਦੂਸਰੇ ਪਾਸੇ ਜੇ ਏਕਾਧਿਕਾਰੀ ਵੱਲੋਂ ਪਹਿਲਾਂ ਹੀ ਵਸਤੂ ਦੀ ਕਾਫ਼ੀ ਉੱਚੀ ਕੀਮਤ ਰੱਖੀ ਹੋਈ ਹੈ ਅਤੇ ਉਪਭੋਗੀ ਉਸ ਤੋਂ ਬਹੁਤ ਹੀ ਘੱਟ ਉਪਭੋਗੀ ਦੀ ਬੇਸ਼ੀ, ਪ੍ਰਾਪਤ ਕਰ ਰਹੇ ਹਨ ਤਾਂ ਏਕਾਧਿਕਾਰੀ ਆਪਣੀ ਵਸਤੂ ਦੀ ਕੀਮਤ ਨਹੀਂ ਵਧਾਏਗਾ। ਇਸ ਤਰ੍ਹਾਂ ਏਕਾਧਿਕਾਰੀ ਨੂੰ ਉਪਭੋਗੀ ਦੀ ਬੇਸ਼ੀ ਆਪਣੀ ਵਸਤੂ ਦੀ ਕੀਮਤ ਨਿਰਧਾਰਨ ਕਰਨ ਵਿੱਚ ਸਹਾਇਕ ਸਿੱਧ ਹੁੰਦੀ ਹੈ।*

***2. ਅੰਤਰ-ਰਾਸ਼ਟਰੀ ਵਪਾਰ ਵਿੱਚੋਂ ਫ਼ਾਇਦਾ*** *: ਉਪਭੋਗੀ ਦੀ ਬੇਸ਼ੀ ਦੀ ਧਾਰਨਾ ਨਾਲ ਅੰਤਰ-ਰਾਸ਼ਟਰੀ ਵਪਾਰ ਵਿਚੋਂ ਫ਼ਾਇਦਾ ਪ੍ਰਾਪਤ ਕੀਤਾ ਜਾ ਸਕਦਾ ਹੈ। ਫ਼ਰਜ ਕਰੋ ਕਿਸੇ ਦੇਸ਼ ਨਾਲ ਕਿਸੇ ਵਸਤੂ ਦੇ ਵਪਾਰ ਸੰਬੰਧੀ ਸਮਝੌਤੇ ਤੋਂ ਪਹਿਲਾਂ ਅਸੀਂ ਉਸ ਦੇਸ਼ ਤੋਂ ਮੰਗਵਾਈ* (Import) *ਕਿਸੇ ਵਸਤੂ ਦੀ ਪ੍ਰਤੀ ਇਕਾਈ ਕੀਮਤ 10,000 ਰੁਪਏ ਦੇਣ ਨੂੰ ਤਿਆਰ ਹੁੰਦੇ ਹਾਂ। ਪਰੰਤੂ ਉਸ ਦੇਸ਼ ਨਾਲ ਵਪਾਰਕ ਸਮਝੌਤੇ ਤੋਂ ਬਾਅਦ ਸਾਨੂੰ ਉਹੀ ਵਸਤੂ 9000 ਰੁ: ਪ੍ਰਤੀ ਇਕਾਈ ਪ੍ਰਾਪਤ ਹੁੰਦੀ ਹੈ ਤਾਂ ਸਾਡੇ ਦੇਸ਼ ਦੇ ਖ਼ਰੀਦਾਰਾਂ (ਉਪਭੋਗੀਆਂ) ਨੂੰ ਵਸਤੂ ਤੋਂ ਪ੍ਰਤੀ ਇਕਾਈ 1000 ਰੁ: ਉਪਭੋਗੀ ਦੀ ਬੇਸ਼ੀ ਪ੍ਰਾਪਤ ਹੁੰਦੀ ਹੈ। ਅਸਲ ਵਿੱਚ ਜੇ ਧਿਆਨ ਨਾਲ ਸੋਚਿਆ ਜਾਵੇ ਤਾਂ ਐਡਮ ਸਮਿੱਥ ਦੁਆਰਾ ਦਿੱਤਾ 'ਅੰਤਰ-ਰਾਸ਼ਟਰੀ ਵਪਾਰ ਦਾ ਨਿਯਮ' ਵੀ ਅਸਿੱਧੇ ਤੌਰ ਤੇ ਉਪਭੋਗੀ ਦੀ ਬੇਸ਼ੀ ਦੀ ਧਾਰਨਾ ਉੱਪਰ ਹੀ ਆਧਾਰਿਤ ਸੀ।*

*3. ਇਹ ਧਾਰਨਾ ਚੰਗੇ ਵਾਤਾਵਰਣ ਤੋਂ ਮਿਲਣ ਵਾਲੇ ਫ਼ਾਇਦਿਆਂ ਬਾਰੇ ਵੀ ਜਾਣਕਾਰੀ ਦਿੰਦੀ ਹੈ। ਇੱਕ ਵਿਅਕਤੀ, ਜੋ ਚੰਗੇ ਖੇਤਰ, (ਸ਼ਹਿਰ, ਕਾਲੋਨੀ, ਦੇਸ਼) ਵਿੱਚ ਰਹਿੰਦਾ ਹੈ, ਉਸ ਵਿਅਕਤੀ ਨਾਲੋਂ ਵੱਧ ਉਪਭੋਗੀ ਦੀ ਬੇਸ਼ੀ ਪ੍ਰਾਪਤ ਕਰਦਾ ਹੈ, ਜੋ ਇੱਕ ਪਛੜੇ ਹੋਏ ਇਲਾਕੇ ਜਾਂ ਦੇਸ਼ ਜਾਂ ਸ਼ਹਿਰ ਵਿੱਚ ਹੀ ਗੰਦੇ ਖੇਤਰ ਵਿੱਚ ਰਹਿੰਦਾ ਹੈ, ਕਿਉਂਕਿ ਚੰਗੇ ਖੇਤਰ ਜਾਂ ਚੰਗੇ ਦੇਸ਼ ਵਿੱਚ ਰਹਿਣ ਵਾਲਾ ਵਿਅਕਤੀ ਬਹੁਤ ਸਾਰੀਆਂ ਸਹੂਲਤਾਂ, ਜਿਵੇਂ ਬਿਜਲੀ, ਪਾਣੀ, ਚੰਗੀਆਂ ਸੜਕਾਂ, ਚੰਗੀਆਂ ਡਾਕਟਰੀ ਸਹੂਲਤਾਂ ਆਦਿ ਸਸਤੀ ਦਰ ਤੇ ਅਤੇ ਸੌਖਿਆਂ ਹੀ ਪ੍ਰਾਪਤ ਕਰ ਸਕਦਾ ਹੈ। ਪਛੜੇ ਹੋਏ ਇਲਾਕਿਆਂ ਵਿੱਚ ਜਾਂ ਤਾਂ ਇਹ ਸਹੂਲਤਾਂ ਮਿਲਦੀਆਂ ਹੀ ਨਹੀਂ ਅਤੇ ਜਾਂ ਫਿਰ ਬਹੁਤ ਹੀ ਮਹਿੰਗੇ ਭਾਅ ਤੇ ਮਿਲਦੀਆਂ ਹਨ, ਜਿਨ੍ਹਾਂ ਤੋਂ ਉਪਭੋਗੀ ਨੂੰ ਬੇਸ਼ੀ ਮਿਲਣ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ।*


*4. ਵਸਤੂ ਦੇ ਵਰਤੋਂ ਮੁੱਲ* (Value-in-Use) *ਅਤੇ ਤਬਾਦਲਾ ਮੁੱਲ* (Value-in-Exchange) *ਵਿੱਚ ਅੰਤਰ ਦਰਸਾਉਣ ਲਈ*

*ਉਪਭੋਗੀ ਦੀ ਬੇਸ਼ੀ ਦੀ ਧਾਰਨਾ ਬਹੁਤ ਮਹੱਤਵਪੂਰਣ ਹੈ। ਉਪਭੋਗੀ ਦੀ ਬੇਸ਼ੀ ਇਹ ਦਰਸਾਉਂਦੀ ਹੈ ਕਿ ਕਿਸੇ ਵਸਤੂ ਦੀ ਖ਼ਰੀਦ ਦੇ ਬਦਲੇ ਦਿੱਤੀ ਗਈ ਕੀਮਤ ਉਸ ਵਸਤੂ ਤੋਂ ਮਿਲਣ ਵਾਲੇ ਤੁਸ਼ਟੀਗੁਣ ਦਾ ਸਹੀ ਮਾਪ ਨਹੀਂ ਹੁੰਦੀ। ਐਡਮ ਸਮਿੱਥ ਨੇ ਵਸਤੂ ਦੇ ਵਰਤੋਂ ਮੁੱਲ ਅਤੇ ਤਬਾਦਲੇ ਮੁੱਲ ਵਿੱਚ ਅੰਤਰ ਕਰਦਿਆਂ ਕਿਹਾ ਕਿ ਕਿਸੇ ਵਸਤੂ ਦਾ ਵਰਤੋਂ ਮੁੱਲ ਉਸ ਦੇ ਤਬਾਦਲੇ ਮੁੱਲ ਤੋਂ ਕਿਤੇ ਜ਼ਿਆਦਾ ਹੁੰਦਾ ਹੈ। ਵਸਤੂ ਦਾ ਵਰਤੋਂ ਮੁੱਲ ਉਪਭੋਗੀ ਨੂੰ ਮਿਲਣ ਵਾਲੇ ਤੁਸ਼ਟੀਗੁਣ (ਸੰਤੁਸ਼ਟੀ) ਨੂੰ ਦਰਸਾਉਂਦਾ ਹੈ ਜਦ ਕਿ ਵਟਾਂਦਰਾ ਮੁੱਲ ਉਪਭੋਗੀ ਦੁਆਰਾ ਦਿੱਤੀ ਗਈ ਕੀਮਤ ਨੂੰ ਦਰਸਾਉਂਦਾ ਹੈ। ਦੋਹਾਂ ਵਿਚਕਾਰ ਅੰਤਰ ਉਪਭੋਗੀ ਦੁਆਰਾ ਵਸਤੂ ਦੇ ਉਪਭੋਗ ਤੋਂ ਪ੍ਰਾਪਤ ਉਪਭੋਗੀ ਦੀ ਬੇਸ਼ੀ ਦੀ ਮਾਤਰਾ ਹੁੰਦੀ ਹੈ। ਸਾਡੀ ਰੋਜ਼-ਮਰਹਾ ਦੀ ਜ਼ਿੰਦਗੀ ਵਿੱਚ ਬਹੁਤ ਸਾਰੀਆਂ ਵਸਤੂਆਂ, ਜਿਵੇਂ ਸਾਧਾਰਨ ਨਮਕ, ਸੀਖਾਂ ਦੀ ਡੱਬੀ* (Match Box), *ਅਖ਼ਬਾਰ ਆਦਿ ਜਿਨ੍ਹਾਂ ਤੋਂ ਪ੍ਰਾਪਤ ਤੁਸ਼ਟੀਗੁਣ ਜਾਂ ਵਰਤੋਂ ਮੁੱਲ ਉਨ੍ਹਾਂ ਨੂੰ ਖ਼ਰੀਦਣ ਲਈ ਦਿੱਤੀ ਕੀਮਤ ਤੋਂ ਬਹੁਤ ਜ਼ਿਆਦਾ ਹੁੰਦਾ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਇਨ੍ਹਾਂ ਵਸਤੂਆਂ ਦੀ ਵਰਤੋਂ ਤੋਂ ਲੋਕਾਂ ਨੂੰ ਅਤਿਅੰਤ ਉਪਭੋਗੀ ਦੀ ਬੇਸ਼ੀ ਪ੍ਰਾਪਤ ਹੁੰਦੀ ਹੈ।*

***5. ਕਰ (Tax) ਨੀਤੀ ਨੂੰ ਬਣਾਉਣ ਵਿੱਚ ਮਹੱਤਤਾ :***


*ਪ੍ਰੋ. ਮਾਰਸ਼ਲ ਨੇ ਉਪਭੋਗੀ ਦੀ ਬੇਸ਼ੀ ਦੀ ਧਾਰਨਾ ਨੂੰ ਸਰਕਾਰ ਦੁਆਰਾ ਉੱਚਿਤ ਕਰ ਨੀਤੀ ਬਣਾਉਣ ਸੰਬੰਧੀ ਵਰਤਣ ਦਾ ਸੁਝਾਅ ਦਿੱਤਾ ਜਿਹੜੀ (ਨੀਤੀ) ਲੋਕਾਂ ਦੀ ਭਲਾਈ ਨੂੰ ਵੱਧ ਤੋਂ ਵੱਧ ਕਰੇਗੀ। ਮਾਰਸ਼ਲ ਅਨੁਸਾਰ ਪੂਰਣ ਮੁਕਾਬਲੇ ਵਾਲੀ ਅਰਥ ਵਿਵਸਥਾ ਵਿੱਚ, ਲੰਮੇ ਸਮੇਂ ਵਿੱਚ ਸੰਤੁਲਨ ਸਥਿਤੀ ਵੱਧ ਤੋਂ ਵੱਧ ਸੰਤੁਸ਼ਟੀ ਪ੍ਰਦਾਨ ਕਰਦੀ ਹੈ। ਇਸ ਕਥਨ ਦੇ ਨਾਲ ਉਸਨੇ ਇਹ ਸਬੂਤ ਦਿੱਤਾ ਕਿ ਕਿਸੇ ਸਮੁਦਾਇ* (Community) *ਦਾ ਕੁੱਲ ਕਲਿਆਣ* (Welfare) *ਉਸ ਵਕਤ ਵਧੇਗਾ ਜਦ ਵਧਦੀਆਂ ਲਾਗਤਾਂ ਵਾਲੇ ਉਦਯੋਗ ਤੋਂ ਬਣੀ ਵਸਤੂ ਉੱਪਰ ਕਰ ਲਾਇਆ ਜਾਵੇਗਾ ਅਤੇ ਘਟਦੀ ਲਾਗਤ ਵਾਲੇ* (Decreasing cost Industry) *ਉਦਯੋਗ ਦੁਆਰਾ ਬਣੀ ਵਸਤੂ ਉੱਪਰ ਅਨੁਦਾਨ* (Subsidy) *ਦਿੱਤਾ ਜਾਵੇ। ਘਟਦੀ ਲਾਗਤ ਵਾਲਾ ਉਦਯੋਗ ਉਹ ਹੁੰਦਾ ਹੈ ਜਿਥੇ ਉਤਪਾਦਨ ਵਧਾਉਣ ਨਾਲ ਹਰ ਨਵੀਂ ਪੈਦਾ ਕੀਤੀ ਵਸਤੂ ਦੀ ਪ੍ਰਤੀ ਇਕਾਈ ਕੁੱਲ ਲਾਗਤ ਘਟਦੀ ਜਾਂਦੀ ਹੈ। ਇਸ ਨੂੰ ਵਧਦੇ ਪ੍ਰਤੀਫ਼ਲ ਦੇ ਨਿਯਮ ਵਾਲਾ ਉਦਯੋਗ* (Increasing Returns to Scale) *ਵੀ ਕਿਹਾ ਜਾਂਦਾ ਹੈ।*

*ਅਸੀਂ ਪਹਿਲਾਂ ਸਮਾਨ ਲਾਗਤਾਂ ਵਾਲੇ ਉਦਯੋਗ ਉੱਪਰ ਕਰ ਲਗਾਉਣ ਦੇ ਪ੍ਰਭਾਵ ਨੂੰ ਵਿਚਾਰਾਂਗੇ। ਰੇਖਾ ਚਿੱਤਰ ਨੰ: 7 ਵਿੱਚ* DD *ਮੰਗ ਵਕਰ ਹੈ ਅਤੇ* SS *ਪੂਰਤੀ ਵਕਰ ਹੈ ਅਤੇ ਇਹ ਵਕਰਾਂ ਇੱਕ ਦੂਜੇ ਨੂੰ ਬਿੰਦੂ* P *ਉੱਤੇ ਕੱਟਦੀਆਂ ਹਨ। ਇਸ ਤਰ੍ਹਾਂ ਸੰਤੁਲਨ ਕੀਮਤ* QP *ਅਤੇ ਵਸਤੂ ਦੀ ਮੰਗੀ ਗਈ ਮਾਤਰਾ* OQ *ਹੈ। ਇਹ ਵੱਧ ਤੋਂ ਵੱਧ ਕਲਿਆਣ (ਭਲਾਈ) ਦੀ ਸਥਿਤੀ ਹੈ। ਜਦੋਂ ਸਰਕਾਰ ਵੱਲੋਂ ਕੋਈ ਦਖ਼ਲ- ਅੰਦਾਜ਼ੀ ਨਹੀਂ ਕੀਤੀ ਜਾਂਦੀ। ਹੁਣ ਫ਼ਰਜ ਕਰੋ ਸਰਕਾਰ ਵਸਤੂ ਉੱਪਰ* SS' *ਦੇ ਬਰਾਬਰ ਟੈਕਸ ਲਗਾ ਦਿੰਦੀ ਹੈ ਤਾਂ* SS *ਵਕਰ ਬਦਲ ਕੇ* S'S' *ਹੋ ਜਾਂਦੀ ਹੈ। ਮੰਗ ਵਕਰ ਸਮਾਨ ਰਹਿਣ ਤੇ ਵਸਤੂ ਦੀ ਕੀਮਤ ਵਧ ਕੇ* $Q_1P_1$ *ਹੋ ਜਾਂਦੀ ਹੈ ਜੋ ਕਿ ਟੈਕਸ ਲਗਾਉਣ ਦੇ ਸਿੱਟੇ ਵੱਜੋਂ ਵਧੀ ਹੈ। ਰੇਖਾ-ਚਿੱਤਰ ਤੋਂ ਸਪੱਸ਼ਟ ਹੈ ਕਿ ਵਸਤੂ ਦੀ ਕੀਮਤ ਵਧਣ ਕਾਰਨ ਉਪਭੋਗੀ ਨੂੰ* $SPP_1S'$ *ਦੇ ਬਰਾਬਰ ਉਪਭੋਗੀ ਦੀ ਬੇਸ਼ੀ ਵਿੱਚ ਘਾਟਾ ਪਿਆ ਹੈ। ਵੇਚੀ ਗਈ ਵਸਤੂ ਦੀ ਮਾਤਰਾ ਵੀ ਘਟਕੇ* OQ *ਤੋਂ* OQ1 *ਹੋ ਗਈ। ਇਹ ਸਾਫ਼ ਹੈ ਕਿ ਸਰਕਾਰ ਨੂੰ ਟੈਕਸ ਲਗਾਉਣ ਨਾਲ ਜਿਤਨੀ ਆਮਦਨ* ($SKP_1S'$) *ਹੋਈ ਹੈ ਉਸ ਤੋਂ ਵੱਧ ਉਪਭੋਗੀ ਦੀ ਬੇਸ਼ੀ ਵਿੱਚ ਘਾਟਾ ਪਿਆ ਹੈ। ਇਸ ਇੱਕ ਸਮਾਨ ਲਾਗਤ ਵਾਲੇ ਉਦਯੋਗ ਉੱਪਰ ਸਰਕਾਰ ਵੱਲੋਂ ਟੈਕਸ ਲਗਾਉਣਾ ਠੀਕ ਨਹੀਂ ਹੈ ਕਿਉਂਕਿ ਇਸ ਨਾਲ ਲੋਕਾਂ ਦੀ ਭਲਾਈ ਘਟਦੀ ਹੈ।*





*ਰੇਖਾ-ਚਿੱਤਰ ਨੰ: 7*

*ਹੁਣ ਅਸੀਂ ਰੇਖਾ-ਚਿੱਤਰ ਨੰ: 8 ਦੀ ਸਹਾਇਤਾ ਨਾਲ ਵਧਦੀ ਲਾਗਤ ਵਾਲੇ ਉਦਯੋਗ, ਜਿਸ ਦੀ ਪੂਰਤੀ ਵਕਰ ਉੱਪਰ ਵੱਲ ਨੂੰ ਢਲਾਨ ਵਾਲੀ ਹੁੰਦੀ ਹੈ, ਨੂੰ ਸਰਕਾਰ ਵੱਲੋਂ ਟੈਕਸ ਲਗਾਉਣ ਨਾਲ ਉਪਭੋਗੀ ਦੀ ਬੇਸ਼ੀ ਸੰਬੰਧੀ ਵਿਚਾਰਾਂਗੇ। ਫ਼ਰਜ ਕਰੋ ਇਸ ਉਦਯੋਗ ਦੁਆਰਾ ਬਣੀ ਵਸਤੂ ਉੱਪਰ* SS *ਦੇ ਬਰਾਬਰ ਟੈਕਸ ਲਗਾਇਆ ਜਾਂਦਾ ਹੈ ਅਤੇ ਸਿੱਟੇ ਵੱਜੋਂ ਪੂਰਤੀ ਵਕਰ ਬਦਲ ਕੇ* S'S' *ਬਣ ਜਾਂਦੀ ਹੈ ਅਤੇ ਕੀਮਤ* QP *ਤੋਂ ਵਧ ਕੇ* $Q_1P_1$ *ਹੋ ਜਾਂਦੀ ਹੈ। ਰੇਖਾ ਚਿੱਤਰ ਤੋਂ ਸਾਫ਼ ਹੈ ਕਿ ਉਪਭੋਗੀ ਨੂੰ ਉਪਭੋਗੀ ਦੀ ਬੇਸ਼ੀ ਵਿੱਚ* $KPP_1T$ *ਦੇ ਖੇਤਰ ਦੇ ਬਰਾਬਰ ਨੁਕਸਾਨ ਹੋਇਆ ਹੈ। ਪਰੰਤੂ ਵਸਤੂ ਦੀ ਪੂਰਤੀ ਅਤੇ ਮੰਗ ਘਟ ਕੇ* $OQ_1$ *ਜਾਂ* FB *ਦੇ ਬਰਾਬਰ ਹੋ ਗਈ। ਇਸੇ ਕਾਰਨ ਸਰਕਾਰ ਦੁਆਰਾ ਕਰ ਲਗਾਉਣ ਤੋਂ ਪ੍ਰਾਪਤ ਆਮਦਨ* $GBP_1T$ *ਦੇ ਬਰਾਬਰ ਹੈ ਜੋ ਕਿ ਉਪਭੋਗੀ ਦੀ ਬੇਸ਼ੀ* ($KPP_1T$) *ਨਾਲੋਂ ਜ਼ਿਆਦਾ ਹੈ। ਇਸ ਲਈ ਵਧਦੀ ਲਾਗਤ ਵਾਲੇ ਉਦਯੋਗ ਉੱਪਰ ਸਰਕਾਰ ਨੂੰ ਕਰ ਲਗਾਉਣਾ ਚਾਹੀਦਾ ਹੈ ਅਤੇ ਇਸ ਕਰ ਦੁਆਰਾ ਇਕੱਠੀ ਕੀਤੀ ਰਕਮ ਨੂੰ ਅਨੁਦਾਨ* (Subsidy) *ਦੇ ਰੂਪ ਵਿੱਚ ਘਟਦੀ ਲਾਗਤ ਵਾਲੇ ਉਦਯੋਗ ਨੂੰ ਦੇਣੀ ਚਾਹੀਦੀ ਹੈ ਤਾਂ ਕਿ ਦੇਸ਼ ਵਿੱਚ ਘੱਟ ਲਾਗਤ ਨਾਲ ਉਤਪਾਦਨ ਵੱਧਣ ਨਾਲ ਕੁੱਲ ਕਲਿਆਣ ਵਿੱਚ ਵਾਧਾ ਹੋਵੇ ਕਿਉਂਕਿ ਇਸ ਤਰ੍ਹਾਂ ਕਰਨ ਨਾਲ ਵਸਤੂਆਂ ਦੀਆਂ ਕੀਮਤਾਂ ਵੀ ਸਾਪੇਖਿਕ* (Relatively) *ਤੌਰ ਤੇ ਘੱਟ ਹੋਣਗੀਆਂ। ਜਿਸ ਨਾਲ ਮਨੁੱਖੀ ਕਲਿਆਣ ਵਿੱਚ ਵਾਧਾ ਹੋਵੇਗਾ।*




*ਇਸ ਤੋਂ ਬਾਅਦ ਘਟਦੀ ਲਾਗਤ ਦੇ ਉਦਯੋਗ ਦੁਆਰਾ ਬਣਾਈ ਗਈ ਵਸਤੂ ਉੱਪਰ ਟੈਕਸ ਲਗਾਉਣ ਨਾਲ ਪੈਦਾ ਹੋਈ ਸਥਿਤੀ ਬਾਰੇ ਅਧਿਐਨ ਕੀਤਾ ਜਾਵੇਗਾ। ਰੇਖਾ ਚਿੱਤਰ ਨੰ: 9 ਤੋਂ ਪਤਾ ਚੱਲਦਾ ਹੈ ਕਿ ਸਰਕਾਰ ਵੱਲੋਂ ਵਸਤੂ ਉੱਪਰ ਪ੍ਰਤੀ ਇਕਾਈ* SS' *ਦੇ ਬਰਾਬਰ ਕਰ ਲਗਾਉਣ ਨਾਲ ਪੂਰਤੀ ਵਕਰ* SS *ਤੋਂ ਬਦਲ ਕੇ* S'S' *ਬਣ ਜਾਂਦਾ ਹੈ। ਵਸਤੂ ਦੀ ਕੀਮਤ* QP *ਤੋਂ ਵਧ ਕੇ* $Q_1P_1$ *ਹੋ ਜਾਂਦੀ ਹੈ ਅਤੇ ਵਸਤੂ ਦੀ ਖ਼ਰੀਦੀ ਅਤੇ ਵੇਚੀ*




*ਜਾਣ ਵਾਲੀ ਮਾਤ* ... *ੀ ਕੀਤੀ ਗਈ*


***ਰੇਖਾ ਚਿੱਤਰ ਨੰ: 9***

ਕਰ (Tax) ਦੀ ਰਕਮ $FBP_1T$ ਦੇ ਬਰਾਬਰ ਹੈ ਜੋ ਕਿ ਉਪਭੋਗੀ ਦੀ ਬੇਸ਼ੀ ਵਿੱਚ ਹੋਈ ਕਮੀ KP ਨਾਲੋਂ ਘੱਟ ਹੈ। ਇਸ ਕਰਕੇ ਘਟਦੀ ਲਾਗਤ ਵਾਲੇ ਉਦਯੋਗ ਦੁਆਰਾ ਬਣਾਈਆਂ ਗਈਆਂ ਵਸਤੂਆਂ ਉੱਪਰ ਕਰ ਨਹੀਂ ਲਗਾਉਣਾ ਚਾਹੀਦਾ ਕਿਉਂਕਿ ਇਸ ਨਾਲ ਸਮਾਜਿਕ ਕਲਿਆਣ ਉੱਪਰ ਮਾੜਾ ਅਸਰ ਪੈਂਦਾ ਹੈ।

### 6. ਅਨੁਦਾਨ ਦੇਣ ਵਿੱਚ ਮਹੱਤਤਾ

**(Importance in Granting Subsidy) :**


ਵੱਖ ਵੱਖ ਉਦਯੋਗਾਂ ਵਿਚੋਂ ਅਨੁਦਾਨ ਕਿਸ ਉਦਯੋਗ ਨੂੰ ਦੇਣਾ ਲਾਹੇਵੰਦ ਹੈ ਜਾਂ ਕਿਸ ਉਦਯੋਗ ਨੂੰ ਅਨੁਦਾਨ ਦੇਣਾ ਠੀਕ ਨਹੀਂ, ਬਾਰੇ ਅਸੀਂ ਹੇਠਾਂ ਦਿੱਤੇ ਰੇਖਾ-ਚਿੱਤਰਾਂ ਦੀ ਸਹਾਇਤਾ ਨਾਲ ਵਿਚਾਰ ਕਰਾਂਗੇ। ਰੇਖਾ ਚਿੱਤਰ ਨੰ: 10 ਵਿੱਚ ਸਮਾਨ ਲਾਗਤ ਵਾਲੇ ਉਦਯੋਗ ਨੂੰ ਲਿਆ ਗਿਆ ਹੈ। ਅਨੁਦਾਨ ਦੇਣ ਤੋਂ ਪਹਿਲਾਂ ਮੰਗ ਵਕਰ DD ਹੈ ਅਤੇ ਪੂਰਤੀ ਵਕਰ SS ਹੈ। ਸੰਤੁਲਨ ਦੀ ਸਥਿਤੀ P ਬਿੰਦੂ ਤੇ ਹੈ ਜਿਥੇ ਵਸਤੂ ਦੀ ਮੰਗ ਵਕਰ ਅਤੇ ਪੂਰਤੀ ਵਕਰ ਇੱਕ ਦੂਜੇ ਨੂੰ ਕੱਟਦੇ ਹਨ।




ਇਸ ਸੰਤੁਲਨ ਦੀ ਸਥਿਤੀ ਉੱਪਰ ਵਸਤੂ ਦੀ ਕੀਮਤ QP ਅਤੇ ਵਸਤੂ ਦੀ ਮੰਗੀ ਗਈ ਮਾਤਰਾ OQ ਹੈ। ਫ਼ਰਜ ਕਰੋ ਕਿ ਸਰਕਾਰ ਵੱਲੋਂ ਉਦਯੋਗ ਨੂੰ ਵਸਤੂ ਦੀ ਪ੍ਰਤੀ ਇਕਾਈ ਉੱਪਰ SS' ਦੇ ਬਰਾਬਰ ਅਨੁਦਾਨ ਦਿੱਤਾ ਜਾਂਦਾ ਹੈ। ਇਸ ਕਾਰਨ ਪੂਰਤੀ ਵਕਰ SS ਤੋਂ ਉੱਪਰ ਤੋ ਬਦਲ ਕੇ SS' ਹੋ ਜਾਂਦੀ ਹੈ ਅਤੇ ਕੀਮਤ ਘਟ ਕੇ $Q_1P_1$ ਹੋ ਜਾਂਦੀ ਹੈ ਅਤੇ ਵਸਤੂ ਦੀ ਮੰਗੀ ਗਈ ਮਾਤਰਾ OQ ਤੋਂ ਵਧਕੇ $OQ_1$ ਹੋ ਜਾਂਦੀ ਹੈ। ਇਸ ਉਪਭੋਗੀ ਨੂੰ ਪ੍ਰਾਪਤ ਉਪਭੋਗੀ ਦੀ ਬੇਸ਼ੀ $SPP_1S^1$ ਦੇ ਬਰਾਬਰ ਹੋ ਜਾਂਦੀ ਹੈ ਪਰੰਤੂ OQ ਵਸਤੂ ਦੀ ਖ਼ਰੀਦ ਨਾਲ ਸਰਕਾਰ ਵੱਲੋਂ ਦਿੱਤਾ ਅਨੁਦਾਨ $STP_1S'$ ਦੇ ਬਰਾਬਰ ਹੈ ਜਿਹੜਾ ਕਿ ਉਪਭੋਗੀ ਨੂੰ ਮਿਲਣ ਵਾਲੀ ਉਪਭੋਗੀ ਦੀ ਬੇਸ਼ੀ ਨਾਲੋਂ ਜ਼ਿਆਦਾ ਹੈ। ਇਸ ਲਈ ਸਮਾਨ ਲਾਗਤ ਵਾਲੇ ਉਦਯੋਗ ਦੁਆਰਾ ਬਣਾਈ ਵਸਤੂ ਉੱਪਰ ਅਨੁਦਾਨ ਦੇਣਾ ਠੀਕ ਨਹੀਂ, ਕਿਉਂਕਿ ਇਹ ਸਮਾਜਿਕ ਕਲਿਆਣ (Welfare) ਵਿੱਚ ਵਾਧਾ ਨਹੀਂ ਕਰਦਾ।

ਹੁਣ ਅਸੀਂ ਰੇਖਾ ਚਿੱਤਰ ਨੰ: 11 ਦੀ ਸਹਾਇਤਾ ਨਾਲ ਵਧਦੀਆਂ ਲਾਗਤਾਂ ਵਾਲੇ ਉਦਯੋਗ ਨੂੰ ਅਨੁਦਾਨ ਦੇਣ ਦੇ ਮਸਲੇ ਨੂੰ ਘੋਖਾਂਗੇ। ਅਨੁਦਾਨ ਦੇਣ ਤੋਂ ਪਹਿਲਾਂ ਦੇ ਸੰਤੁਲਨ ਦੀ ਸਥਿਤੀ ਵਿੱਚ ਵਸਤੂ ਦੀ ਕੀਮਤ QP ਅਤੇ ਮੰਗੀ


*ਗਈ ਮਾਤਰਾ* OQ *ਦੇ ਬਰਾਬਰ ਹੈ।* SS *ਪੂਰਤੀ ਵਕਰ ਹੈ ਅਤੇ* DD *ਰੇਖਾ ਵਸਤੂ ਦੀ ਮੰਗੀ ਗਈ ਮਾਤਰਾ ਨੂੰ ਪ੍ਰਗਟ ਕਰਦੀ ਹੈ। ਫ਼ਰਜ ਕਰੋ ਸਰਕਾਰ ਵੱਲੋਂ ਵਸਤੂ ਦੀ ਪ੍ਰਤੀ ਇਕਾਈ ਉੱਪਰ* SS' *ਦੇ ਬਰਾਬਰ ਅਨੁਦਾਨ ਦਿੱਤਾ ਜਾਂਦਾ ਹੈ, ਜਿਸ ਦੇ ਸਿੱਟੇ ਵੱਜੋਂ ਪੂਰਤੀ ਵਕਰ ਥੱਲੇ ਨੂੰ ਖਿਸਕ ਕੇ* S'S' *ਬਣ ਜਾਂਦੀ ਹੈ। ਇਸ ਕਾਰਣ ਵਸਤੂ ਦੀ ਪ੍ਰਤੀ ਇਕਾਈ ਕੀਮਤ ਘਟਕੇ* $P_1Q_1$ *ਹੋ ਜਾਂਦੀ ਹੈ, ਜਦ ਕਿ ਵਸਤੂ ਦੀ ਵੇਚੀ ਅਤੇ ਖ਼ਰੀਦੀ ਗਈ ਮਾਤਰਾ* OQ *ਤੋਂ ਵਧ ਕੇ* $OQ_1$ *ਹੋ ਜਾਂਦੀ ਹੈ। ਰੇਖਾ ਚਿੱਤਰ ਤੋਂ ਇਹ ਸਪੱਸ਼ਟ ਹੈ ਕਿ ਸਰਕਾਰ ਵੱਲੋਂ ਦਿੱਤੇ ਗਏ ਕੁੱਲ ਅਨੁਦਾਨ ਦੀ ਰਕਮ* $KTP_1G$ *ਦੇ ਬਰਾਬਰ ਹੈ,*




*ਰੇਖਾ ਚਿੱਤਰ ਨੰ: 11*

*ਜਦੋਂ ਕਿ ਉਪਭੋਗੀਆਂ ਨੂੰ ਮਿਲਣ ਵਾਲੀ ਉਪਭੋਗੀ ਦੀ ਕੁੱਲ ਬੇਸ਼ੀ* $APP_1G$ *ਦੇ ਬਰਾਬਰ ਹੈ ਜੋ ਕਿ ਉਪਭੋਗੀ ਸਰਕਾਰ ਵੱਲੋਂ ਦਿੱਤੇ ਅਨੁਦਾਨ ਦੀ ਕੁੱਲ ਰਕਮ (ਰਾਸ਼ੀ) ਤੋਂ ਘੱਟ ਹੈ। ਸੋ ਇਸ ਲਈ ਸਰਕਾਰ ਨੂੰ ਵਧਦੀ ਲਾਗਤ ਵਾਲੇ ਉਦਯੋਗ ਨੂੰ ਅਨੁਦਾਨ ਨਹੀਂ ਦੇਣਾ ਚਾਹੀਦਾ ਕਿਉਂਕਿ ਇਸ ਨਾਲ ਸਮਾਜਿਕ ਕਲਿਆਣ ਵਿੱਚ ਵਾਧਾ ਨਹੀਂ ਹੁੰਦਾ।*

*ਤੀਸਰੇ, ਜਦੋਂ ਘਟਦੀ ਲਾਗਤ ਦਾ ਉਦਯੋਗ ਹੋਵੇ ਤਾਂ ਅਸੀਂ ਵਿਚਾਰਾਂਗੇ ਕਿ ਕੀ ਇਸ ਉਦਯੋਗ ਨੂੰ ਅਨੁਦਾਨ ਦੇਣਾ ਸਮਾਜਿਕ ਭਲਾਈ ਵਿੱਚ ਵਾਧਾ ਕਰੇਗਾ ਜਾਂ ਨਹੀਂ? ਰੇਖਾ ਚਿੱਤਰ ਨੰ: 12 ਵਿੱਚ ਦਿਖਾਇਆ ਗਿਆ ਹੈ ਕਿ ਅਨੁਦਾਨ ਦੇਣ ਤੋਂ ਪਹਿਲਾਂ ਉਪਭੋਗੀ ਦੇ ਸੰਤੁਲਨ ਦੀ ਸਥਿਤੀ ਬਿੰਦੂ* P *ਉੱਪਰ ਸਥਾਪਿਤ ਹੋ ਗਈ ਸੀ, ਜਿਥੇ ਵਸਤੂ ਦੀ ਕੀਮਤ* QP *ਦੇ ਬਰਾਬਰ ਸੀ। ਜਦ ਕਿ ਵਸਤੂ ਦੀ ਮੰਗੀ ਗਈ ਮਾਤਰਾ* OQ *ਦੇ ਬਰਾਬਰ ਸੀ। ਹੁਣ ਜਦੋਂ ਸਰਕਾਰ ਵੱਲੋਂ ਵਸਤੂ ਦੀ ਪ੍ਰਤੀ ਇਕਾਈ ਉੱਪਰ* SS' *ਦੇ ਬਰਾਬਰ ਅਨੁਦਾਨ ਦਿੱਤਾ ਜਾਂਦਾ ਹੈ ਤਾਂ ਪੂਰਤੀ ਵਕਰ ਹੇਠਾਂ ਨੂੰ ਖਿਸਕ ਕੇ* S'S' *ਬਣ ਜਾਂਦੀ ਹੈ। ਸਰਕਾਰ ਵੱਲੋਂ ਅਨੁਦਾਨ ਦਿੱਤੀ ਕੁੱਲ ਰਾਸ਼ੀ* $KTP_1G$, *ਹੈ ਪਰੰਤੂ ਉਪਭੋਗੀ ਦੀ ਕੁੱਲ ਬੇਸ਼ੀ* $APP_1G$ *ਦੇ ਬਰਾਬਰ ਹੈ। ਸਪੱਸ਼ਟ ਹੈ ਕਿ ਉਪਭੋਗੀ ਦੀ ਬੇਸ਼ੀ ਵਿੱਚ ਵਾਧਾ ਸਰਕਾਰ ਵੱਲੋਂ ਦਿੱਤੀ ਅਨੁਦਾਨ ਰਾਸ਼ੀ ਨਾਲੋਂ ਘੱਟ ਹੈ। ਸੋ ਘਟਦੀ ਲਾਗਤ ਦੇ ਉਦਯੋਗ ਨੂੰ ਅਨੁਦਾਨ ਦੇਣਾ ਚਾਹੀਦਾ, ਕਿਉਂਕਿ ਇਸ ਨਾਲ ਕੁੱਲ ਸਮਾਜਿਕ ਕਲਿਆਣ ਵਿੱਚ ਵਾਧਾ ਨਹੀਂ ਹੁੰਦਾ।*




ਰੇਖਾ ਚਿੱਤਰ ਨੰ: 12

### *10. ਸਵੈ-ਮੁਲਾਂਕਣ ਪ੍ਰਸ਼ਨ*

**(Self-Check Questions)**

(i) *ਉਪਭੋਗੀ ਦੀ ਬੇਸ਼ੀ ਨੂੰ ਉਦਾਸੀਨ ਵਕਰਾਂ ਦੁਆਰਾ ਮਾਪਣ ਦਾ ਯਤਨ................ਨੇ ਕੀਤਾ।*

(ii) *ਉਪਭੋਗੀ ਦੀ ਬੇਸ਼ੀ ਸਰਕਾਰ ਵੱਲੋਂ ਵੱਖ-ਵੱਖ ਸੀਮਾਂਤ ਲਾਗਤਾਂ ਵਾਲੇ ਉਦਯੋਗਾਂ ਵਿਚਕਾਰ.........ਵੰਡਣ ਵਿੱਚ ਸਹਾਇਤਾ ਕਰਦੀ ਹੈ।*

(iii) *ਘਟਦੀ ਲਾਗਤ ਵਾਲੇ ਉਦਯੋਗ ਨੂੰ ਸਰਕਾਰ ਵੱਲੋਂ ................ਦੇਣਾ ਚਾਹੀਦਾ ਹੈ।*

(iv) *.................ਲਾਗਤ ਵਾਲੇ ਉਦਯੋਗ ਉੱਪਰ ਸਰਕਾਰ ਨੂੰ ਟੈਕਸ ਲਗਾਉਣਾ ਚਾਹੀਦਾ ਹੈ।*

(v) *ਉਪਭੋਗੀ ਦੀ ਬੇਸ਼ੀ ਦਾ ਮਾਪ ਉਦਾਸੀਨ ਵਕਰਾਂ ਦੁਆਰਾ.....................ਨੇ ਕੀਤਾ।*

(vi) *ਉਦਾਸੀਨ ਵਕਰਾਂ ਦੀ ਸਹਾਇਤਾ ਨਾਲ ਉਪਭੋਗੀ ਦੀ ਬੇਸ਼ੀ ਨੂੰ ਮਾਪਣ ਵਾਲੇ ਅਰਥ-ਸ਼ਾਸਤਰੀ ......... ਤੁਸ਼ਟੀਗੁਣ ਦੀ ਮਨੌਤ ਲੈਂਦੇ ਹਨ।*

### *10.1 ਸਵੈ-ਮੁਲਾਂਕਣ ਪ੍ਰਸ਼ਨਾਂ ਦੇ ਉੱਤਰ :*

(i) *ਜੇ. ਆਰ. ਹਿਕਸ* (ii) *ਅਨੁਦਾਨ* (iii) *ਅਨੁਦਾਨ* (iv) *ਵਧਦੀ* (v) *ਹਿਕਸ* (vi) *ਘਟਦੇ*

### IV. *ਸਾਰ ਅੰਸ਼* (Summary)

*ਉਪਭੋਗੀ ਦੀ ਬੇਸ਼ੀ ਦੀ ਧਾਰਨਾ ਬਾਰੇ ਭਾਵੇਂ ਪ੍ਰੋ. ਮਾਰਸ਼ਲ ਤੋਂ ਪਹਿਲਾਂ ਦੇ ਵਿਦਵਾਨਾਂ ਨੇ ਵੀ ਕਿਸੇ ਨਾ ਕਿਸੇ ਰੂਪ ਵਿੱਚ ਲਿਖਣ ਦੇ ਸੰਕੇਤ ਦਿੱਤੇ ਪਰੰਤੂ ਇਹ ਮਾਰਸ਼ਲ ਹੀ ਸੀ, ਜਿਸ ਨੇ ਉਪਭੋਗੀ ਦੀ ਬੇਸ਼ੀ ਦੀ ਧਾਰਨਾ ਨੂੰ ਇੱਕ ਤਰਤੀਬਬੱਧ ਢੰਗ ਨਾਲ ਆਪਣੀ ਪੁਸਤਕ* "Principles of Economics" *ਵਿੱਚ ਪੇਸ਼ ਕੀਤਾ। ਜਦੋਂ ਕੋਈ ਉਪਭੋਗੀ ਕਿਸੇ ਵਸਤੂ ਦੀ ਵੱਧ ਕੀਮਤ ਦੇਣ ਨੂੰ ਤਿਆਰ ਹੁੰਦਾ ਹੈ ਪਰੰਤੂ ਵਸਤੂ ਉਸਨੂੰ ਘੱਟ ਕੀਮਤ ਵਿੱਚ ਹੀ ਮਿਲ ਜਾਂਦੀ ਹੈ ਤਾਂ ਦੋਵਾਂ ਕੀਮਤਾਂ ਵਿਚਲੇ ਅੰਤਰ ਨੂੰ ਉਪਭੋਗੀ ਦੀ ਬੇਸ਼ੀ ਕਿਹਾ ਜਾਂਦਾ ਹੈ। ਮਾਰਸ਼ਲ ਦੁਆਰਾ ਉਪਭੋਗੀ ਦੀ ਬੇਸ਼ੀ ਨੂੰ ਤੁਸ਼ਟੀਗੁਣ ਦੀ ਸਹਾਇਤਾ ਨਾਲ ਮਿਣਨ ਦਾ ਕਾਫ਼ੀ ਹੱਦ ਤੱਕ ਸਫ਼ਲ ਯਤਨ ਕੀਤਾ ਗਿਆ। ਵਸਤੂ ਦੀ ਕੀਮਤ ਬਦਲਣ ਨਾਲ ਵੀ ਮਾਰਸ਼ਲ ਦੁਆਰਾ ਦਿੱਤੇ ਤੁਸ਼ਟੀਗੁਣ ਦੀ ਸਹਾਇਤਾ ਨਾਲ ਉਪਭੋਗੀ ਦੀ ਬੇਸ਼ੀ ਵਿੱਚ ਆਈ ਤਬਦੀਲੀ ਨੂੰ ਮਿਣਿਆ ਗਿਆ। ਹਿਕਸ ਨੇ ਉਪਭੋਗੀ ਦੀ ਬੇਸ਼ੀ ਨੂੰ ਉਦਾਸੀਨ ਵਕਰਾਂ ਦੁਆਰਾ ਮਾਪਣ*

ਦਾ ਢੰਗ ਵਰਤਿਆ। ਵਸਤੂ ਦੀ ਕੀਮਤ ਜਾਂ ਉਪਭੋਗੀ ਦੀ ਆਮਦਨ ਵਿੱਚ ਤਬਦੀਲੀ ਆਉਣ ਨਾਲ ਵੀ ਉਪਭੋਗੀ ਦੀ ਬੇਸ਼ੀ ਵਿੱਚ ਜੋ ਅੰਤਰ ਆਉਂਦਾ ਹੈ, ਨੂੰ ਵੀ ਉਦਾਸੀਨ ਵਕਰਾਂ ਦੀ ਸਹਾਇਤਾ ਨਾਲ ਮਿਣਿਆ ਗਿਆ ਹੈ। ਉਪਭੋਗੀ ਦੀ ਬੇਸ਼ੀ ਦੀ ਧਾਰਨਾ ਵਿੱਚ ਕੁਝ ਊਣਤਾਈਆਂ ਦੇ ਬਾਵਜੂਦ ਇਹ ਸਮਾਜ ਲਈ ਬਹੁਤ ਉਪਯੋਗੀ ਸਿੱਧ ਹੋਈ ਹੈ। ਇਹ ਧਾਰਨਾ ਖ਼ਾਸ ਤੌਰ ਤੇ ਸਰਕਾਰ ਵੱਲੋਂ ਕਿਸੇ ਵਸਤੂ ਤੇ ਕਰ (Tax) ਲਗਾਉਣ ਲਈ ਅਤੇ ਏਕਾਧਿਕਾਰੀ ਦੁਆਰਾ ਉਸ ਵੱਲੋਂ ਵੇਚੀ ਜਾਣ ਵਾਲੀ ਵਸਤੂ ਦੀ ਕੀਮਤ ਨਿਰਧਾਰਨ ਲਈ ਬਹੁਤ ਹੀ ਲਾਹੇਵੰਦ ਸਿੱਧ ਹੁੰਦੀ ਹੈ।

**V. *ਮਹੱਤਵਪੂਰਣ ਧਾਰਨਾਵਾਂ***

**(Key-Concepts)**

**(i) *ਉਪਭੋਗੀ ਦੀ ਬੇਸ਼ੀ* (Consumer's Surplus) :** *ਜਦੋਂ ਕੋਈ ਉਪਭੋਗੀ ਕਿਸੇ ਵਸਤੂ ਦੀ ਜਿਤਨੀ ਕੀਮਤ ਦੇਣ ਲਈ ਤਿਆਰ ਹੁੰਦਾ ਹੈ ਪਰੰਤੂ ਉਹ ਵਸਤੂ ਉਸਨੂੰ ਘੱਟ ਕੀਮਤ ਤੇ ਮਿਲ ਜਾਂਦੀ ਹੈ ਤਾਂ ਉਪਭੋਗੀ ਵਸਤੂ ਦੀ ਜਿਤਨੀ (ਵੱਧ) ਕੀਮਤ ਦੇਣ ਨੂੰ ਤਿਆਰ ਸੀ, ਪਰ ਉਸਨੇ ਜੋ ਅਸਲ ਕੀਮਤ (ਘੱਟ), ਦੋਹਾਂ ਕੀਮਤਾਂ ਵਿਚਕਾਰ ਅੰਤਰ ਨੂੰ ਉਪਭੋਗੀ ਦੀ ਬੇਸ਼ੀ ਕਿਹਾ ਜਾਂਦਾ ਹੈ।*

**(ii) *ਸਮਾਨ ਲਾਗਤਾਂ ਵਾਲਾ ਉਦਯੋਗ*** *: ਜਿਸ ਉਦਯੋਗ ਵਿੱਚ ਉਤਪਾਦਨ ਦੀ ਇੱਕ ਇਕਾਈ ਹੋਰ ਵਧਾਉਣ ਨਾਲ ਇਸਦੀ ਲਾਗਤ ਪਹਿਲੀਆਂ ਇਕਾਈਆਂ ਜਿੰਨੀ ਹੀ ਰਹੇ, ਭਾਵ ਸੀਮਾਂਤ ਲਾਗਤ ਵਿੱਚ ਕੋਈ ਤਬਦੀਲੀ ਨਾ ਆਵੇ, ਉਸਨੂੰ ਸੀਮਾਂਤ ਲਾਗਤ ਵਾਲਾ ਉਦਯੋਗ ਕਿਹਾ ਜਾਂਦਾ ਹੈ।*

**(iii) *ਵਧਦੀਆਂ ਲਾਗਤਾਂ ਵਾਲਾ ਉਦਯੋਗ*** *: ਜਿਸ ਉਦਯੋਗ ਵਿੱਚ ਉਤਪਾਦਨ ਦੀ ਇੱਕ ਇਕਾਈ ਹੋਰ ਵਧਾਉਣ ਨਾਲ ਲਾਗਤ ਵਿੱਚ ਵਾਧਾ, ਭਾਵ ਸੀਮਾਂਤ ਲਾਗਤ ਵਿੱਚ ਵਾਧਾ ਹੋਵੇ, ਉਸਨੂੰ ਵਧਦੀਆਂ ਸੀਮਾਂਤ ਲਾਗਤਾਂ ਵਾਲਾ ਉਦਯੋਗ ਕਿਹਾ ਜਾਂਦਾ ਹੈ।*

**(iv) *ਅਨੁਦਾਨ* (Subsidy)** *: ਸਰਕਾਰ ਵੱਲੋਂ ਕਿਸੇ ਉਦਯੋਗ ਨੂੰ ਦਿੱਤੀ ਜਾਣ ਵਾਲੀ ਉਹ ਮੁਦਰਿਕ ਰਾਸ਼ੀ, ਆਪਣੀ ਵਸਤੂ ਦੀ ਕੀਮਤ ਘੱਟ ਰੱਖ ਸਕਣ, ਜਿਸ ਨਾਲ ਉਪਭੋਗੀ ਜਿਸ ਕਰਕੇ (ਓ) ਉਤਪਾਦਕ ਆਪਣੇ ਉਪਭੋਗ ਦੇ ਪੱਧਰ ਨੂੰ ਕਾਇਮ ਰੱਖ ਸਕਣ ਅਤੇ ਜਾਂ ਫਿਰ ਉਤਪਾਦਕ ਨੂੰ ਦਿੱਤੀ ਜਾਣ ਵਾਲੀ ਰਾਸ਼ੀ, ਜਿਸ ਨਾਲ ਫਰਮਾਂ ਆਪਣੇ ਉਤਪਾਦਨ ਦਾ ਪੱਧਰ ਕਾਇਮ ਰੱਖ ਸਕਣ।*

**(v) *ਕਰ* (Tax)** *: ਉਹ ਉਗਰਾਹੀ* (Levy) *ਜੋ ਸਰਕਾਰ ਵੱਲੋਂ ਲੋਕਾਂ ਦੀ ਆਮਦਨ, ਕਾਰੋਬਾਰ, ਵਸਤੂਆਂ ਅਤੇ ਸੇਵਾਵਾਂ ਤੋਂ ਪ੍ਰਾਪਤ ਕੀਤੀ ਜਾਂਦੀ ਹੈ। ਜੋ ਉਗਰਾਹੀ ਲੋਕਾਂ ਦੀ ਆਮਦਨ ਅਤੇ ਵਸਤੂਆਂ ਤੋਂ ਪ੍ਰਾਪਤ ਹੁੰਦੀ ਹੈ ਉਸਨੂੰ ਸਿੱਧਾ ਕਰ* (Direct Tax) *ਅਤੇ ਜੋ ਉਗਰਾਹੀ ਲੋਕਾਂ ਦੀ ਆਮਦਨ ਅਤੇ ਵਸਤੂਆਂ ਤੋਂ ਸਿੱਧੇ ਤੌਰ ਤੇ ਪ੍ਰਾਪਤ ਨਹੀਂ ਹੁੰਦੀ, ਉਸਨੂੰ ਅਸਿੱਧੇ ਕਰ* (Indirect Tax) *ਕਿਹਾ ਜਾਂਦਾ ਹੈ।*

**VI. *ਪੁਸਤਕ ਸੂਚੀ***


1. B.K. Sharma and Gulshan Kumar : *Price Theory and Distribution, (Punjabi Medium).*
2. *ਐਚ. ਕੇ. ਮਨਮੋਹਨ ਸਿੰਘ* : *ਮੰਗ ਸਿਧਾਂਤ ਅਤੇ ਮਿਸ਼ਰਿਤ ਅਰਥ-ਵਿਵਸਥਾ ਵਿੱਚ ਆਰਥਿਕ ਗਣਨਾ।*
3. Joginder Singh, P.N. Chopra and P.S. Grewal : *Price Theory and Distribution, (Punjabi Medium).*
4. M.L. Jhingan : *MICRO ECONOMIC THEORY.*
5. K.P.M Sundharam and M.C. Vaish : *MICRO ECONOMIC THEORY.*


**VII. *ਵਿਆਪਕ ਉੱਤਰ ਪੱਤਰ*** *:*

(i) *ਲੰਮੇ ਉੱਤਰਾਂ ਵਾਲੇ ਪ੍ਰਸ਼ਨ*

(ii) *ਛੋਟੇ ਉੱਤਰਾਂ ਵਾਲੇ ਪ੍ਰਸ਼ਨ*

**(i) *ਲੰਮੇ ਉੱਤਰਾਂ ਵਾਲੇ ਪ੍ਰਸ਼ਨ :***

1. *ਉਪਭੋਗੀ ਦੀ ਬੇਸ਼ੀ ਦੀ ਧਾਰਨਾ ਦਾ ਵਰਣਨ ਕਰੋ। ਇਸ ਦੀ ਆਲੋਚਨਾ ਵੀ ਲਿਖੋ।*
2. *ਵਸਤੂ ਦੀ ਕੀਮਤ ਵਿੱਚ ਤਬਦੀਲੀ ਆਉਣ ਨਾਲ ਉਪਭੋਗੀ ਦੀ ਬੇਸ਼ੀ ਵਿੱਚ ਆਉਣ ਵਾਲੀ ਤਬਦੀਲੀ ਦਾ ਵਰਣਨ ਕਰੋ।*
3. *ਉਦਾਸੀਨ ਵਕਰਾਂ ਦੀ ਸਹਾਇਤਾ ਨਾਲ ਦਰਸਾਉ ਕਿ ਉਪਭੋਗੀ ਦੀ ਆਮਦਨ ਵਿੱਚ ਤਬਦੀਲੀ ਆਉਣ ਨਾਲ ਉਪਭੋਗੀ ਦੀ ਬੇਸ਼ੀ ਉੱਪਰ ਕੀ ਪ੍ਰਭਾਵ ਪੈਂਦਾ ਹੈ।*
4. *ਸਰਕਾਰ ਵੱਲੋਂ ਕਰ* (Tax) *ਲਗਾਉਣ ਜਾਂ ਅਨੁਦਾਨ* (Subsidy) *ਦੇਣ ਨਾਲ ਉਪਭੋਗੀ ਦੀ ਬੇਸ਼ੀ ਉੱਪਰ ਪੈਣ ਵਾਲੇ ਪ੍ਰਭਾਵ ਬਾਰੇ ਰੇਖਾ ਚਿੱਤਰਾਂ ਦੀ ਸਹਾਇਤਾ ਨਾਲ ਵਰਣਨ ਕਰੋ।*

**(ii) *ਛੋਟੇ ਉੱਤਰਾਂ ਵਾਲੇ ਪ੍ਰਸ਼ਨ :***

1. *ਵਿਗਿਆਨਕ ਢੰਗ ਨਾਲ ਉਪਭੋਗੀ ਦੀ ਬੇਸ਼ੀ ਦੀ ਧਾਰਨਾ ਮਾਰਸ਼ਲ ਨੇ ਦਿੱਤੀ ਸੀ, ਇਸ ਧਾਰਨਾ ਬਾਰੇ ਸੰਖੇਪ ਵਿੱਚ ਲਿਖੋ।*
2. *ਮਾਰਸ਼ਲ ਦੁਆਰਾ ਦਿੱਤੀ ਉਪਭੋਗੀ ਦੀ ਬੇਸ਼ੀ ਦੀਆਂ ਕੋਈ ਚਾਰ ਮਨੌਤਾਂ ਲਿਖੋ।*
3. *ਉਪਭੋਗੀ ਦੀ ਬੇਸ਼ੀ ਨੂੰ ਪ੍ਰਿਭਾਸ਼ਤ* (Define) *ਕਰੋ।*
4. *ਕੀ ਉਪਭੋਗੀ ਦੀ ਬੇਸ਼ੀ ਨੂੰ ਮੁਦਰਾ ਦੁਆਰਾ ਮਾਪਣਾ ਠੀਕ ਹੈ ਜਾਂ ਨਹੀ, ਸੰਬੰਧੀ ਸੰਖਿਪਤ* (Brief) *ਰੂਪ ਵਿੱਚ ਆਪਣੇ ਵਿਚਾਰ ਲਿਖੋ?*

***ਨੋਟ*** *: ਇਹ ਪਾਠ ਡਿਸਟੈਂਸ ਐਜੂਕੇਸ਼ਨ ਕੌਂਸਲ ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।*

ਪਾਠ ਨੰ. 1.6 ਲੇਖਕ : ਡਾ. ਬਲਬੀਰ ਸਿੰਘ

## ਉਤਪਾਦਨ ਦਾ ਸਿਧਾਂਤ ਅਤੇ ਬਦਲਦੇ ਅਨੁਪਾਤਾਂ ਦਾ ਨਿਯਮ
## (Theory of Production and Law of Variable Proportions)

ਪਾਠ ਦੀ ਰੂਪ-ਰੇਖਾ

I. ਭੂਮਿਕਾ (Introduction)
II. ਪਾਠ ਦੇ ਉਦੇਸ਼ (Objectives)
III. ਪਾਠ ਦਾ ਵਿਸ਼ਾ (Subject Matter)
IV. ਸਾਰ-ਅੰਸ਼ (Summary)
V. ਮਹੱਤਵਪੂਰਣ ਧਾਰਨਾਵਾਂ (Key-Concepts)
VI. ਪੁਸਤਕ ਸੂਚੀ
VII. ਵਿਆਪਕ ਉੱਤਰ-ਪੱਤਰ
   (i) ਲੰਮੇ ਉੱਤਰਾਂ ਵਾਲੇ ਪ੍ਰਸ਼ਨ
   (ii) ਛੋਟੇ ਉੱਤਰਾਂ ਵਾਲੇ ਪ੍ਰਸ਼ਨ

**I. ਭੂਮਿਕਾ (Introduction):**

ਲੋਕਾਂ ਨੂੰ ਸਮਾਜ ਵਿਚ ਵੱਖ-ਵੱਖ ਤਰ੍ਹਾਂ ਦੇ ਧੰਦਿਆਂ ਵਿਚ ਰੁੱਝੇ ਹੋਏ ਰੋਜ਼ਾਨਾ ਹੀ ਵੇਖਿਆ ਜਾ ਸਕਦਾ ਹੈ। ਇਹ ਲੋਕ ਆਪਣੀਆਂ-ਆਪਣੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਦਿਨ ਰਾਤ ਕੰਮ ਕਰ ਕੇ ਲੋੜੀਂਦੀਆਂ ਵਸਤੂਆਂ ਪੈਦਾ ਕਰਦੇ ਹਨ ਜਿਨ੍ਹਾਂ ਨੂੰ ਉਤਪਾਦਨ ਕਿਹਾ ਜਾਂਦਾ ਹੈ। ਇਹ ਵੀ ਕੋਈ ਅਤਿਕਥਨੀ ਨਹੀ ਹੋਵੇਗੀ ਜੇ ਇਹ ਕਿਹਾ ਜਾਵੇ ਕਿ ਇਕ ਅਰਥ ਵਿਵਸਥਾ ਦੀ ਹੋਂਦ ਹੀ ਉਤਪਾਦਨ ਉੱਪਰ ਨਿਰਭਰ ਕਰਦੀ ਹੈ। ਸੋ ਕਿਸੇ ਵੀ ਅਰਥ ਵਿਵਸਥਾ ਵਿਚ ਉਤਪਾਦਨ ਕਰਨਾ ਇਕ ਬਹੁਤ ਹੀ ਮਹੱਤਵਪੂਰਨ ਪ੍ਰਕਿਰਿਆ ਹੈ। ਕੀ ਪੈਦਾ ਕੀਤਾ ਜਾਵੇ ਅਤੇ ਕਿਵੇਂ ਪੈਦਾ ਕੀਤਾ ਜਾਵੇ, ਦੇ ਸੰਬੰਧ ਵਿਚ ਨਿਰਣੇ ਲੈਣਾ ਅਤੇ ਇਨ੍ਹਾਂ ਨਿਰਣਿਆਂ ਨੂੰ ਲਾਗੂ ਕਰਨਾ ਕਿਸੇ ਵੀ ਆਰਥਿਕ ਪ੍ਰਬੰਧ ਲਈ ਮਹੱਤਵਪੂਰਣ ਹੁੰਦਾ ਹੈ। ਅਪਣਾਈ ਜਾਣ ਵਾਲੀ ਉਤਪਾਦਨ ਦੀ ਵਿਧੀ ਕਾਫੀ ਹੱਦ ਤੱਕ ਉਤਪਾਦਨ ਦੀ ਪੈਦਾ ਕੀਤੀ ਜਾਣ ਵਾਲੀ ਮਾਤਰਾ ਦੁਆਰਾ ਨਿਰਧਾਰਿਤ ਹੁੰਦੀ ਹੈ। ਉਤਪਾਦਨ ਦੀ ਇਹ ਵਿਧੀ ਆਮਦਨ ਵੰਡ ਤੇ ਵੀ ਪ੍ਰਭਾਵ ਪਾਉਂਦੀ ਹੈ। ਜਿਸ ਦੇ ਸਿੱਟੇ ਵਜੋ ਉਤਪਾਦਨ ਕੀਤੀਆਂ ਜਾਣ ਵਾਲੀਆਂ ਵਸਤੂਆਂ ਦੀ ਚੋਣ ਤੇ ਪ੍ਰਭਾਵ ਪੈਦਾ ਹੈ। ਉਤਪਾਦਨ ਪ੍ਰਕਿਰਿਆ ਉਪਭੋਗੀ ਦੀ ਤਰਜੀਹ ਅਤੇ ਮੰਡੀ ਦੀ ਮੰਗ ਨੂੰ ਪ੍ਰਭਾਵਿਤ ਕਰ ਸਕਦੀ ਹੈ। ਉਤਪਾਦਨ ਕਿਰਿਆ ਵਿਚ ਸਾਧਨਾਂ ਦੇ ਵੱਖ-ਵੱਖ ਜੋੜਾਂ ਵਿਚ ਸਾਧਨਾਂ ਦੀ ਉਤਪਾਦਿਕਤਾ ਅਤੇ ਲਗਾਏ ਗਏ ਸਾਧਨਾਂ ਦੀਆਂ ਕੀਮਤਾਂ ਆਮ ਤੌਰ ਤੇ ਕਿਸੇ ਵਸਤੂ ਦੇ ਉਤਪਾਦਨ ਸਿਧਾਂਤ ਅਰਥ-ਸ਼ਾਸਤਰ ਵਿਚ ਪੜ੍ਹੇ ਜਾਣ ਵਾਲੇ ਬਹੁਤ ਹੀ ਮਹੱਤਵਪੂਰਣ ਵਿਸ਼ਿਆਂ ਵਿਚੋਂ ਇਕ ਹੈ।

**II. ਪਾਠ ਦੇ ਉਦੇਸ਼ :**

(i) ਉਤਪਾਦਨ ਫਲਨ ਬਾਰੇ ਜਾਣਕਾਰੀ ਪ੍ਰਾਪਤ ਕਰਨੀ।
(To know about Production Function)

(ii) ਉਤਪਾਦਨ ਦੇ ਨਿਯਮਾਂ ਬਾਰੇ ਜਾਣਕਾਰੀ ਪ੍ਰਾਪਤ ਕਰਨੀ
(To know about the Laws of Production)

(iii) ਪੈਮਾਨੇ ਦੀਆਂ ਬੱਚਤਾਂ ਬਾਰੇ ਜਾਣਕਾਰੀ ਪ੍ਰਾਪਤ ਕਰਨੀ
(To know about the Economies of Scale)

**III. ਪਾਠ ਦਾ ਵਿਸ਼ਾ :**

1. ਉਤਪਾਦਨ ਫਲਨ
2. ਉਤਪਾਦਨ ਦੇ ਨਿਯਮ
   - (ੳ) ਬਦਲਦੇ ਅਨੁਪਾਤਾਂ ਦਾ ਨਿਯਮ
   - (ਅ) ਪੈਮਾਨੇ ਅਨੁਸਾਰ ਪ੍ਰਤੀਫਲ
     - (i) ਪੈਮਾਨੇ ਅਨੁਸਾਰ ਵਧਦਾ ਪ੍ਰਤੀਫਲ
     - (ii) ਪੈਮਾਨੇ ਅਨੁਸਾਰ ਸਮਾਨ ਪ੍ਰਤੀਫਲ
     - (iii) ਪੈਮਾਨੇ ਅਨੁਸਾਰ ਘਟਦਾ ਪ੍ਰਤੀਫਲ
3. (i) ਘਟਦੇ ਪ੍ਰਤੀਫਲ ਦਾ ਨਿਯਮ
   (ii) ਘਟਦੇ ਪ੍ਰਤੀਫਲ ਦੇ ਨਿਯਮ ਦੀ ਮਹੱਤਤਾ
4. ਪੈਮਾਨੇ ਦੀ ਬੱਚਤਾਂ
   - 4.1 ਅੰਦਰੂਨੀ ਬੱਚਤਾਂ
   - 4.2 ਬਾਹਰੀ ਬੱਚਤਾਂ
5. ਪੈਮਾਨੇ ਦੀਆਂ ਹਾਨੀਆਂ
   - 5.1 ਅੰਦਰੂਨੀ ਹਾਨੀਆਂ
   - 5.2 ਬਾਹਰੀ ਹਾਨੀਆਂ
6. ਸਵੈ-ਮੁਲਾਂਕਣ ਪ੍ਰਸ਼ਨ

1. **ਉਤਪਾਦਨ ਫਲਨ (Production Function) :** ਕਿਸੇ ਵਸਤੂ ਨੂੰ ਪੈਦਾ ਕਰਨ ਲਈ ਉਤਪਾਦਨ ਦੇ ਚਾਰ ਸਾਧਨਾਂ (ਭੂਮੀ, ਕਿਰਤ, ਪੂੰਜੀ ਅਤੇ ਉੱਦਮੀ) ਦਾ ਸਹਿਯੋਗ ਹੁੰਦਾ ਹੈ। ਉਤਪਾਦਨ ਫਲਨ ਭੌਤਿਕ ਆਦਾਨਾਂ (inputs) ਅਤੇ ਭੌਤਿਕ ਉਤਪਾਦਨ ਵਿਚਕਾਰ ਕਾਰਜਾਤਮਕ (functional) ਸੰਬੰਧ ਨੂੰ ਦਰਸਾਉਂਦਾ ਹੈ। ਗਣਿਤ ਰੂਪ ਵਿਚ ਇਸ ਨੂੰ ਹੇਠ ਲਿਖੇ ਅਨੁਸਾਰ ਲਿਖਿਆ ਜਾ ਸਕਦਾ ਹੈ :

$$P=f(L, Lr, K, O)$$

P ਤੋਂ ਭਾਵ ਪੈਦਾ ਕੀਤੀ ਜਾਣ ਵਾਲੀ ਮਾਤਰਾ ਹੈ। L, Lr, K ਅਤੇ O ਤੋਂ ਕ੍ਰਮਵਾਰ ਮਤਲਬ ਭੂਮੀ, ਕਿਰਤ, ਪੂੰਜੀ ਅਤੇ ਸੰਗਠਨ ਤੋਂ ਹੈ। f ਉਤਪਾਦਨ ਦੇ ਸਾਧਨਾਂ ਦੀਆਂ ਲਗਾਈਆਂ ਗਈਆਂ ਮਾਤਰਾਵਾਂ ਅਤੇ ਉਤਪਾਦਤ ਕੀਤੀ ਜਾਣ ਵਾਲੀ ਵਸਤੂ ਦੀ ਮਾਤਰਾ ਵਿਚਕਾਰ ਸੰਬੰਧਾਂ ਦਾ ਸੂਚਕ ਹੈ। ਭਾਵ ਉਤਪਾਦਨ ਵੱਖ-ਵੱਖ ਸਾਧਨਾਂ ਦੇ ਆਦਾਨਾਂ (inputs) ਨਾਲ ਕਿਵੇਂ ਜੁੜਿਆ ਹੋਇਆ ਹੈ। ਕੋਟਸੋਈਨਿਸ ਅਨੁਸਾਰ, 'ਉਤਪਾਦਨ ਫਲਨ ਕੇਵਲ ਇਕ ਤਕਨੀਕੀ ਸੰਬੰਧ ਹੈ ਜਿਹੜਾ ਸਾਧਨਾਂ ਦੇ ਆਦਾਨਾਂ ਨੂੰ ਉਤਪਾਦਨ ਨਾਲ ਜੋੜਦਾ ਹੈ।' ਸੋ ਉਤਪਾਦਨ ਫਲਨ ਉਤਪਾਦਨ ਦੀ ਮਾਤਰਾ ਅਤੇ ਉਤਪਾਦਨ ਕਰਨ ਲਈ ਵਰਤੇ ਗਏ ਵੱਖ-ਵੱਖ ਆਦਾਨਾਂ ਦੀਆਂ ਮਾਤਰਾਵਾਂ ਵਿਚਕਾਰ ਸੰਬੰਧ ਨੂੰ ਦਰਸਾਉਂਦਾ ਹੈ। ਇਹ ਸੰਬੰਧ ਦਿੱਤੀਆਂ ਹੋਈਆਂ ਵੱਖ-ਵੱਖ ਤਕਨੀਕੀ ਸੰਭਾਵਨਾਵਾਂ ਉਪਰ ਨਿਰਭਰ ਕਰਦੇ ਹਨ।

2. **ਉਤਪਾਦਨ ਦੇ ਨਿਯਮ (Laws of Production) :** ਉਤਪਾਦਨ ਦੇ ਨਿਯਮਾਂ ਤੋਂ ਭਾਵ ਉਤਪਾਦਨ ਦੇ ਪੱਧਰ ਨੂੰ ਵਧਾਉਣ ਵਿਚ ਲੱਗੇ ਵੱਖ-ਵੱਖ ਸਾਧਨਾਂ ਦੀਆਂ ਮਾਤਰਾਵਾਂ ਦੇ ਅਨੁਪਾਤ ਵਿਚ ਤਬਦੀਲੀ ਕਰਕੇ ਉਤਪਾਦਨ ਦੇ ਪੱਧਰ ਨੂੰ ਬਦਲਿਆ ਜਾ ਸਕਦਾ ਹੈ। ਉਤਪਾਦਨ ਦੇ ਸਾਰੇ ਸਾਧਨਾਂ ਦੀ ਮਾਤਰਾ ਵਿਚ ਤਬਦੀਲੀ ਕਰਕੇ ਉਤਪਾਦਨ ਦੀ ਮਾਤਰਾ ਨੂੰ ਵਧਾਉਣਾ ਕੇਵਲ ਲੰਮੇ ਸਮੇਂ ਵਿਚ ਹੀ ਸੰਭਵ ਹੈ। ਉਤਪਾਦਨ ਦੇ ਸਾਰੇ ਸਾਧਨਾਂ ਵਿਚ ਤਬਦੀਲੀ ਕਰਕੇ ਉਤਪਾਦਨ ਦੇ ਪੱਧਰ ਵਿਚ ਤਬਦੀਲੀ ਕਰਨ ਦੀ ਕਿਰਿਆ ਨੂੰ ਪੈਮਾਨੇ ਅਨੁਸਾਰ 'ਪ੍ਰਤੀਫਲ ਦੇ ਨਿਯਮ' ਅਧੀਨ ਪੜ੍ਹਦੇ ਹਾਂ। ਉਤਪਾਦਨ ਨੂੰ ਵਧਾਉਣਾ ਦਾ ਦੂਸਰਾ ਢੰਗ ਇਹ ਹੈ ਕਿ ਇਕ ਸਾਧਨ ਦੀਆਂ ਮਾਤਰਾਵਾਂ ਨੂੰ ਸਥਿਰ ਰੱਖਿਆ ਜਾਵੇ। ਇਸ ਤਰ੍ਹਾਂ ਕੁਝ ਸਾਧਨ ਜਾਂ ਘੱਟੋ ਘੱਟ ਇਕ ਸਾਧਨ ਦੀ ਮਾਤਰਾ ਨੂੰ ਸਥਿਰ

ਰੱਖ ਕੇ ਉਤਪਾਦਨ ਦੀ ਮਾਤਰਾ ਵਧਾਉਣ ਦੀ ਕਿਰਿਆ ਨੂੰ 'ਬਦਲਦੇ ਅਨੁਪਾਤ ਦੇ ਨਿਯਮ' ਅਧੀਨ ਪੜ੍ਹਿਆ ਜਾਂਦਾ ਹੈ। ਇਸ ਤਰ੍ਹਾਂ ਸਾਡੇ ਕੋਲ ਉਤਪਾਦਨ ਦੇ ਦੋ ਨਿਯਮ ਹਨ, ਭਾਵ ਪੈਮਾਨੇ ਅਨੁਸਾਰ ਪ੍ਰਤੀਫਲ ਦਾ ਨਿਯਮ ਅਤੇ ਬਦਲਦੇ ਅਨੁਪਾਤਾਂ ਦਾ ਨਿਯਮ। ਅਸੀਂ ਇਨ੍ਹਾਂ ਦੋਨਾਂ ਨਿਯਮਾਂ ਦਾ ਇਕ-ਇਕ ਕਰਕੇ ਹੇਠਾਂ ਵਿਸਥਾਰ ਨਾਲ ਅਧਿਐਨ ਕਰਾਂਗੇ।

2.(ੳ) **ਬਦਲਦੇ ਅਨੁਪਾਤਾਂ ਦਾ ਨਿਯਮ (The Law of Variable Proportions) :** ਜੇਕਰ ਥੋੜ੍ਹੇ ਸਮੇਂ ਵਿਚ ਉਤਪਾਦਨ ਦੇ ਇਕ ਜਾਂ ਇਕ ਤੋਂ ਵੱਧ ਸਾਧਨ/ਆਦਾਨ ਸਥਿਰ ਰਹਿੰਦੇ ਹਨ ਜਦੋਂ ਕਿ ਇਕ ਜਾਂ ਇਕ ਤੋਂ ਵੱਧ ਸਾਧਨਾਂ ਨੂੰ ਸਥਿਰ ਸਾਧਨਾਂ ਦੇ ਸੰਬੰਧ ਵਿਚ ਬਦਲਿਆ ਜਾ ਸਕਦਾ ਹੈ। ਬਦਲਦੇ ਅਨੁਪਾਤਾਂ ਦਾ ਨਿਯਮ ਉਤਪਾਦਨ ਦੇ ਬਾਕੀ ਸਾਧਨਾਂ ਨੂੰ ਸਥਿਰ ਰੱਖ ਕੇ ਕਿਸੇ ਇਕ ਸਾਧਨ ਵਿਚ ਤਬਦੀਲੀ ਆਉਣ ਕਾਰਨ ਉਤਪਾਦਨ ਵਿਚ ਹੋਣ ਵਾਲੀ ਤਬਦੀਲੀ ਦਾ ਅਧਿਐਨ ਕਰਦਾ ਹੈ। ਇਸ ਨਿਯਮ ਅਨੁਸਾਰ ਜੇਕਰ ਇਕ ਸਾਧਨ/ਆਦਾਨ ਦੀ ਮਾਤਰਾ ਨੂੰ ਵਧਾਇਆ ਜਾਵੇ ਅਤੇ ਬਾਕੀ ਸਾਧਨਾਂ ਦੀ ਮਾਤਰਾ ਨੂੰ ਸਥਿਰ ਰੱਖਿਆ ਜਾਵੇ ਤਾਂ ਇਕ ਹੱਦ ਤੋਂ ਬਾਅਦ ਉਤਪਾਦਨ ਵਿਚ ਹੋਣ ਵਾਲਾ ਵਾਧਾ ਘਟਦਾ ਜਾਵੇਗਾ। ਇਸ ਤੋਂ ਭਾਵ ਹੈ ਕਿ ਅੰਤ ਵਿਚ ਸੀਮਾਂਤ ਅਤੇ ਔਸਤ ਉਤਪਾਦਨ ਘਟਣਾ ਸ਼ੁਰੂ ਹੋ ਜਾਵੇਗਾ।

ਇਹ ਨਿਯਮ ਹੇਠਾਂ ਦਿੱਤੀਆਂ ਤਿੰਨ ਮਨੌਤਾਂ (Assumptions) ਤੇ ਆਧਾਰਤ ਹੈ। ਪਹਿਲੀ ਉਤਪਾਦਨ ਤਕਨੀਕ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਦੂਜੀ, ਵਰਤੋਂ ਵਿਚ ਲਿਆਂਦੇ ਗਏ ਸਾਧਨਾਂ ਵਿਚੋਂ ਕੁਝ ਜਾਂ ਘੱਟੋ ਘੱਟ ਇਕ ਦੀ ਮਾਤਰਾ ਸਥਿਰ ਰਹਿਣੀ ਚਾਹੀਦੀ ਹੈ ਅਤੇ ਤੀਜੀ, ਉਤਪਾਦਨ ਕਰਨ ਲਈ ਲਗਾਏ ਗਏ ਸਾਧਨਾਂ ਦੇ ਆਪਸੀ ਅਨੁਪਾਤਾਂ ਨੂੰ ਬਦਲਿਆ ਜਾ ਸਕਦਾ ਹੈ। ਹੇਠਾਂ ਦਿੱਤੀ ਸਾਰਣੀ ਨੰ. 1 ਇਸ ਨਿਯਮ ਦੀ ਵਿਆਖਿਆ ਕਰਨ ਲਈ ਸਹਾਈ ਹੋਵੇਗੀ।

*ਸਾਰਣੀ ਨੰ. 1*


| *ਕਾਮਿਆਂ ਦੀ ਗਿਣਤੀ* | *ਕੁੱਲ ਉਤਪਾਦਨ* | *ਸੀਮਾਂਤ ਉਤਪਾਦਨ* | *ਔਸਤ ਉਤਪਾਦਨ* |
|---|---|---|---|
| 1 | 5 | 5 | 5 |
| 2 | 12 | 7 | 6 |
| 3 | 24 | 12 | 8 |
| 4 | 32 | 8 | 8 |
| 5 | 37 | 5 | 7.40 |
| 6 | 39 | 2 | 6.49 |
| 7 | 39 | 0 | 5.57 |
| 8 | 37 | –2 | 4.62 |
| 9 | 32 | –5 | 3.54 |

ਨੋਟ : ਇਸ ਸਾਰਣੀ ਵਿਚ ਕੇਵਲ ਕਿਰਤ ਨੂੰ ਹੀ ਬਦਲਿਆ ਗਿਆ ਹੈ ਜਦੋਂ ਕਿ ਬਾਕੀ ਸਾਧਨਾਂ ਨੂੰ ਸਥਿਰ ਮੰਨਿਆ ਗਿਆ ਹੈ।

ਉਪਰ ਦਿੱਤੀ ਸਾਰਣੀ ਤੋਂ ਇਹ ਸਪੱਸ਼ਟ ਹੈ ਕਿ ਤੀਸਰੇ ਕਾਮੇ ਨੂੰ ਲਗਾਉਣ ਤੱਕ ਸੀਮਾਂਤ ਉਤਪਾਦਨ ਵਧਦਾ ਜਾਂਦਾ ਹੈ ਅਤੇ ਜੇਕਰ ਹੋਰ ਕਾਮੇ ਲਗਾਏ ਜਾਣ ਤਾਂ ਇਸ ਤੋਂ ਬਾਅਦ ਸੀਮਾਂਤ ਉਤਪਾਦਨ ਘਟਣਾ ਸ਼ੁਰੂ ਹੋ ਜਾਂਦਾ ਹੈ ਅਤੇ ਸੱਤਵਾਂ ਕਿਰਤੀ ਲਗਾਉਣ ਨਾਲ ਇਹ ਸਿਫਰ ਹੋ ਜਾਂਦਾ ਹੈ। ਜੇਕਰ ਸੱਤਵੇਂ ਕਿਰਤੀ ਤੋਂ ਬਾਅਦ ਵੀ ਕਿਰਤੀਆਂ ਦੀ ਗਿਣਤੀ ਵਧਾਈ ਜਾਵੇ ਤਾਂ ਸੀਮਾਂਤ ਉਤਪਾਦਨ ਰਿਣਾਤਮਕ ਹੋ ਜਾਂਦਾ ਹੈ। ਜਿਵੇਂ ਕਿ ਸਾਰਣੀ ਤੋਂ ਪਤਾ ਚਲਦਾ ਹੈ। ਜਦੋਂ ਤੱਕ ਸੀਮਾਂਤ ਉਤਪਾਦਨ ਵੱਧ ਤੋਂ ਵੱਧ ਨਹੀਂ ਹੋ ਜਾਂਦਾ ਹੈ, ਕੁਲ ਉਤਪਾਦਨ ਵੱਧਦੀ ਦਰ ਨਾਲ ਵਧਦਾ ਜਾਂਦਾ ਹੈ ਪਰੰਤੂ ਇਸ ਤੋਂ ਬਾਅਦ ਜਿਤਨਾ ਚਿਰ ਤੱਕ ਸੀਮਾਂਤ ਉਤਪਾਦਨ ਸਿਫਰ ਨਹੀਂ ਹੋ ਜਾਂਦਾ, ਕੁੱਲ ਉਤਪਾਦਨ ਘਟਦੀ ਦਰ ਨਾਲ ਵਧਦਾ ਜਾਂਦਾ ਹੈ। ਜਿਥੇ ਸੀਮਾਂਤ ਉਤਪਾਦਨ ਸਿਫਰ ਹੋਵੇ ਉਥੇ ਕੁੱਲ ਉਤਪਾਦਨ ਵੱਧ ਤੋਂ ਵੱਧ (Maximum) ਹੋਵੇਗਾ। ਸਾਰਣੀ ਤੋਂ ਸਾਫ ਜ਼ਾਹਿਰ ਹੈ ਕਿ ਅੱਠਵਾਂ ਕਿਰਤੀ ਲਗਾਉਣ ਨਾਲ ਸੀਮਾਂਤ ਉਤਪਾਦਨ ਰਿਣਾਤਮਕ ਹੋ ਜਾਂਦਾ ਹੈ ਅਤੇ ਕੁੱਲ ਉਤਪਾਦਨ ਵੀ ਘਟਦਾ ਹੈ। ਇਸ ਨਿਯਮ ਦੇ ਤਿੰਨ ਪੜਾਅ ਹਨ। ਪਹਿਲੇ ਪੜਾਅ ਵਿਚ ਔਸਤ ਉਤਪਾਦਨ ਵੱਧਦਾ ਹੈ ਅਤੇ ਦੂਜੇ ਪੜਾਅ ਵਿਚ ਔਸਤ ਅਤੇ ਸੀਮਾਂਤ ਉਤਪਾਦਨ ਦੋਵੇਂ ਹੀ ਘੱਟਦੇ ਹਨ। ਪਰੰਤੂ ਇਹ

ਸਾਕਾਰਾਤਮਕ ਹੁੰਦੇ ਹਨ। ਜਦੋਂ ਸੀਮਾਂਤ ਰਿਣਾਤਮਕ ਹੋ ਜਾਵੇ ਤਾਂ ਇਹ ਤੀਸਰਾ ਪੜਾਅ ਹੁੰਦਾ ਹੈ।

ਇਸ ਨਿਯਮ ਨੂੰ ਚਿੱਤਰ ਰਾਹੀਂ ਦਰਸਾ ਕੇ ਹੋਰ ਸਪੱਸ਼ਟ ਕੀਤਾ ਜਾ ਸਕਦਾ ਹੈ।




*ਰੇਖਾ ਚਿੱਤਰ ਨੰ. 1*

ਇਸ ਚਿੱਤਰ ਨੰ. 1 ਤੋਂ ਪਤਾ ਚਲਦਾ ਹੈ ਕਿ ਪਹਿਲੇ ਪੜਾਅ ਵਿਚ ਸੀਮਾਂਤ ਉਤਪਾਦਨ ਔਸਤ ਉਤਪਾਦਨ ਨਾਲੋਂ ਵੱਧ ਹੈ ਜਿਥੇ ਔਸਤ ਉਤਪਾਦਨ ਵੱਧ ਤੋਂ ਵੱਧ ਹੋ ਜਾਵੇ ਉਥੇ ਜਾ ਕੇ ਪਹਿਲਾ ਪੜਾਅ ਖਤਮ ਹੋ ਜਾਂਦਾ ਹੈ ਜਿਵੇਂ ਚਿੱਤਰ ਵਿਚ R ਬਿੰਦੂ ਦਰਸਾਉਂਦਾ ਹੈ। ਪਰੰਤੂ ਸੀਮਾਂਤ ਉਤਪਾਦਨ ਦੇ ਪਹਿਲੇ ਪੜਾਅ ਦੇ ਖਾਤਮੇ ਤੋਂ ਪਹਿਲਾਂ ਹੀ ਵੱਧ ਤੋਂ ਵੱਧ ਹੋਣ ਤੋਂ ਬਾਅਦ ਘਟਣਾ ਸ਼ੁਰੂ ਹੋ ਜਾਂਦਾ ਹੈ। ਦੂਜੇ ਪੜਾਅ ਦੇ ਖਤਮ ਹੋਣ ਤੱਕ ਕੁੱਲ ਉਤਪਾਦਨ ਵੱਧਦਾ ਚਲਿਆ ਜਾਂਦਾ ਹੈ ਜਿਵੇਂ ਕਿ ਬਿੰਦੂ K ਤੋਂ ਪਤਾ ਚਲਦਾ ਹੈ।

ਹੁਣ ਅਸੀਂ ਇਹ ਵੇਖਣਾ ਹੈ ਕਿ ਉਤਪਾਦਨ ਦੇ ਤਿੰਨ ਪੜਾਵਾਂ ਵਿਚੋਂ ਉਤਪਾਦਕ ਕਿਸ ਪੜਾਅ ਵਿਚ ਉਤਪਾਦਨ ਕਰਨਾ ਪਸੰਦ ਕਰੇਗਾ। ਕੋਈ ਵੀ ਉਤਪਾਦਕ ਤੀਜੇ ਪੜਾਅ ਵਿਚ ਉਤਪਾਦਨ ਕਰਨਾ ਨਹੀਂ ਚਾਹੇਗਾ ਕਿਉਂਕਿ ਇਸ ਪੜਾਅ ਵਿਚ ਬਦਲੀਯੋਗ ਸਾਧਨ ਦਾ ਸੀਮਾਂਤ ਉਤਪਾਦਨ ਰਿਣਾਤਮਕ ਹੈ। ਇਕ ਵਿਵੇਕਸ਼ੀਲ ਉਤਪਾਦਕ ਪਹਿਲੇ ਪੜਾਅ ਵਿਚ ਉਤਪਾਦਨ ਨਹੀਂ ਕਰੇਗਾ। ਕਿਉਂਕਿ ਬਦਲੀ ਯੋਗ ਸਾਧਨ ਦੀਆਂ ਹੋਰ ਵਧੇਰੇ ਇਕਾਈਆਂ ਨੂੰ ਕੰਮ ਉਪਰ ਲਗਾਉਣਾ ਉਸ ਉਤਪਾਦਕ ਲਈ ਲਾਭਦਾਇਕ ਹੁੰਦਾ ਹੈ। ਇਸ ਪੜਾਅ ਵਿਚ ਸੀਮਾਂਤ ਉਤਪਾਦਨ ਔਸਤ ਉਤਪਾਦਨ ਨਾਲੋਂ ਵੱਧ ਹੁੰਦਾ ਹੈ ਅਤੇ ਪਰਿਵਰਤਨਸ਼ੀਲ ਸਾਧਨ ਦੀ ਮਾਤਰਾ ਵਧਾਉਣ ਨਾਲ ਔਸਤ ਉਤਪਾਦਨ ਵਧਦਾ ਰਹਿੰਦਾ ਹੈ। ਆਰਥਿਕ ਪੱਖ ਤੋਂ ਦੂਸਰਾ ਪੜਾਅ ਸਭ ਤੋਂ ਮਹੱਤਵਪੂਰਣ ਹੁੰਦਾ ਹੈ ਕਿਉਂਕਿ ਇਸ ਵਿਚ ਔਸਤ ਉਤਪਾਦਨ ਸੀਮਾਂਤ ਉਤਪਾਦਨ ਤੋਂ ਵੱਧ ਹੁੰਦਾ ਹੈ ਅਤੇ ਇਸ ਤੋਂ ਇਲਾਵਾ ਔਸਤ ਉਤਪਾਦਨ ਅਤੇ ਸੀਮਾਂਤ ਉਤਪਾਦਨ ਦੋਵੇਂ ਹੀ ਸਾਕਾਰਾਤਮਕ ਹੁੰਦੇ ਹਨ। ਪਹਿਲੇ ਪੜਾਅ ਵਿਚ ਸਥਿਰ ਕਾਰਕ ਦਾ ਸੀਮਾਂਤ ਉਤਪਾਦਨ ਰਿਣਾਤਮਕ ਹੁੰਦਾ ਹੈ। ਜੇਕਰ ਇਕ ਉਤਪਾਦਨ ਪਹਿਲੇ ਪੜਾਅ ਵਿਚ ਉਤਪਾਦਨ ਕਰਦਾ ਹੈ ਤਾਂ ਇਸ ਦਾ ਭਾਵ ਇਹ ਹੈ ਕਿ ਉਹ ਪਰਿਵਰਤਨਸ਼ੀਲ ਸਾਧਨ ਨੂੰ ਵਧਾ ਕੇ ਉਤਪਾਦਨ ਨੂੰ ਵਧਾਉਣ ਦਾ ਮੌਕਾ ਨਹੀਂ ਲੈ ਰਿਹਾ ਹੈ। ਇਸ ਲਈ ਇਕ ਉਤਪਾਦਨ ਲਈ ਦੂਜੇ ਪੜਾਅ ਵਿਚ ਹੀ ਉਤਪਾਦਨ ਕਰਨਾ ਲਾਭਦਾਇਕ ਹੁੰਦਾ ਹੈ ਜਿਥੇ ਕਿ ਘਟਦੇ ਪ੍ਰਤੀਫਲ ਦਾ ਨਿਯਮ ਲਾਗੂ ਹੁੰਦਾ ਹੈ। ਇਸ ਪੜਾਅ ਵਿਚ ਸਥਿਰ ਅਤੇ ਪਰਿਵਰਤਨਸ਼ੀਲ ਸਾਧਨਾਂ ਨੂੰ ਕਿਸ ਅਨੁਪਾਤ ਵਿਚ ਵਰਤਿਆ ਜਾਵੇ, ਇਸ ਗੱਲ ਤੇ ਨਿਰਭਰ ਕਰੇਗਾ ਕਿ ਉਨ੍ਹਾਂ ਦੀਆਂ ਮੁਕਾਬਲਤਨ

ਲਾਗਤਾਂ ਕਿੰਨੀਆਂ ਹਨ।

ਹੁਣ ਅਸੀਂ ਉਨ੍ਹਾਂ ਕਾਰਕਾਂ ਦਾ ਅਧਿਐਨ ਕਰਾਂਗੇ ਜਿਹੜੇ ਉਪਰ ਦਿੱਤੇ ਉਤਪਾਦਨ ਦੇ ਤਿੰਨ ਪੜਾਵਾਂ ਦੇ ਵਾਪਰਨ ਲਈ ਜ਼ਿੰਮੇਵਾਰ ਹਨ। ਪਹਿਲੇ ਪੜਾਅ ਜਾਂ ਵੱਧਦੇ ਪ੍ਰਤੀਫਲ ਦਾ ਨਿਯਮ ਮੁੱਖ ਤੌਰ ਤੇ ਦੋ ਕਾਰਨਾਂ ਕਰਕੇ ਵਾਪਰਦਾ ਹੈ। ਪਹਿਲੇ, ਜਦੋਂ ਅਸੀਂ ਸਥਿਰ ਸਾਧਨ ਦੀ ਮੁਕਾਬਲਤਨ ਬਦਲਵੇਂ ਸਾਧਨ ਦੀ ਮਾਤਰਾ ਨੂੰ ਵਧਾਉਂਦੇ ਜਾਂਦੇ ਹਾਂ ਤਾਂ ਸਥਿਰ ਸਾਧਨ ਦੀ ਪਹਿਲਾ ਨਾਲੋਂ ਉਚਿਤ ਵਰਤੋਂ ਹੁੰਦੀ ਹੈ ਅਤੇ ਇਸ ਤਰ੍ਹਾਂ ਸਥਿਰ ਸਾਧਨ ਦੀ ਕਾਰਜ ਕੁਸ਼ਲਤਾ ਵੱਧ ਜਾਂਦੀ ਹੈ। ਆਮ ਤੌਰ ਤੇ ਸਥਿਰ ਸਾਧਨ ਅਵੰਡਣ ਯੋਗ ਹੁੰਦੇ ਹਨ ਅਤੇ ਸ਼ੁਰੂ ਵਿਚ ਬਦਲਵੇਂ ਸਾਧਨ ਦੀ ਮਾਤਰਾ ਸਥਿਰ ਸਾਧਨ ਦੀ ਮਾਤਰਾ ਦੇ ਮੁਕਾਬਲੇ ਘੱਟ ਹੁੰਦੀ ਹੈ। ਇਸ ਲਈ ਸਥਿਰ ਸਾਧਨ ਦੀ ਕੁਝ ਮਾਤਰਾ ਅਣਵਰਤੀ ਰਹਿ ਜਾਂਦੀ ਹੈ। ਜਦੋਂ ਬਦਲਵੇਂ ਸਾਧਨ ਦੀ ਮਾਤਰਾ ਨੂੰ ਵਧਾਇਆ ਜਾਂਦਾ ਹੈ ਤਾਂ ਸਥਿਰ ਸਾਧਨ ਦੀ ਪੂਰਣ ਵਰਤੋਂ ਸੰਭਵ ਹੋ ਜਾਂਦੀ ਹੈ ਅਤੇ ਇਸ ਨਾਲ ਵਧਦੇ ਪ੍ਰਤੀਫਲ ਦਾ ਨਿਯਮ ਲਾਗੂ ਹੋ ਜਾਂਦਾ ਹੈ। ਦੂਸਰੇ ਜਦੋਂ ਬਦਲਵੇਂ ਸਾਧਨ ਦੀ ਮਾਤਰਾ ਨੂੰ ਵਧਾਇਆ ਜਾਂਦਾ ਹੈ ਤਾਂ ਬਦਲਵੇਂ ਸਾਧਨ ਦੀ ਕਾਰਜ ਕੁਸ਼ਲਤਾ ਵੱਧ ਜਾਂਦੀ ਹੈ। ਇਸ ਦਾ ਕਾਰਨ ਇਹ ਹੈ ਕਿ ਬਦਲਵੇਂ ਸਾਧਨ ਦੀ ਮਾਤਰਾ ਦੇ ਵਧਣ ਕਰਕੇ ਮੁਹਾਰਤ ਜਾਂ ਕਿਰਤ ਦੀ ਵੰਡ ਦੇ ਮੌਕੇ ਵੱਧ ਜਾਂਦੇ ਹਨ।

ਘਟਦੇ ਪ੍ਰਤੀਫਲ ਦਾ ਨਿਯਮ ਸਥਿਰ ਸਾਧਨ ਨਾਲ ਬਦਲਵੇਂ ਸਾਧਨ ਦੀ ਮਾਤਰਾ ਨੂੰ ਇਕ ਖਾਸ ਹੱਦ ਤੱਕ ਵਧਾਉਣ ਤੋਂ ਬਾਅਦ ਲਾਗੂ ਹੁੰਦਾ ਹੈ। ਬਦਲਵੇਂ ਸਾਧਨ ਦੀ ਪ੍ਰਤੀ ਇਕਾਈ ਉਤਪਾਦਿਕਤਾ ਇਕ ਹੱਦ ਤੋਂ ਬਾਅਦ ਘੱਟਣ ਲੱਗ ਜਾਂਦੀ ਹੈ ਕਿਉਂਕਿ ਬਦਲਵੇਂ ਸਾਧਨ ਨਾਲ ਕੰਮ ਕਰਨ ਲਈ ਸਥਿਰ ਸਾਧਨ ਦੀ ਮਾਤਰਾ ਘਟਦੀ ਜਾਂਦੀ ਹੈ। ਇਸ ਤਰ੍ਹਾਂ ਸਥਿਰ ਸਾਧਨਾਂ ਦੀ ਵਰਤੋਂ ਉਸ ਦੀ ਆਪਣੀ ਸਮਰੱਥਾ ਤੋਂ ਵਧੇਰੇ ਹੁੰਦੀ ਹੈ ਅਤੇ ਬਦਲਵੇਂ ਸਾਧਨ ਦੀ ਵਰਤੋਂ ਪੂਰੀ ਨਹੀਂ ਹੁੰਦੀ ਭਾਵ ਅੰਸ਼ਿਕ ਰੂਪ ਵਿਚ ਹੁੰਦੀ ਹੈ। ਇਸ ਦਾ ਮੁੱਖ ਕਾਰਨ ਸਥਿਰ ਸਾਧਨ ਦੀ ਅਵੰਡਣ ਯੋਗਤਾ ਹੈ। ਘਟਦੇ ਪ੍ਰਤੀਫਲ ਦਾ ਨਿਯਮ ਉਸ ਵਕਤ ਹੋਂਦ ਵਿਚ ਆਉਂਦਾ ਹੈ ਜਦੋਂ ਅਸੀਂ ਬਦਲਵੇਂ ਸਾਧਨ ਅਤੇ ਸਥਿਰ ਸਾਧਨ ਦਰਮਿਆਨ ਉਚਿਤ ਜੋੜ ਪ੍ਰਾਪਤ ਹੋਣ ਤੋਂ ਬਾਅਦ ਵੀ ਬਦਲਵੇਂ ਸਾਧਨ ਦੀ ਮਾਤਰਾ ਨੂੰ ਵਧਾਉਂਦੇ ਜਾਂਦੇ ਹਾਂ। ਸ੍ਰੀਮਤੀ ਜਾਨ ਰੋਬਿਨਸਨ ਅਨੁਸਾਰ ਘਟਦੇ ਪ੍ਰਤੀਫਲ ਦੇ ਨਿਯਮ ਦੇ ਵਾਪਰਨ ਦਾ ਕਾਰਨ ਉਤਪਾਦਨ ਦੇ ਸਾਧਨਾਂ ਦੇ ਇਕ ਦੂਜੇ ਪ੍ਰਤੀ ਅਪੂਰਣ ਸਥਾਨਪਤੀ ਹੋਣਾ ਹੈ। ਅਸੀਂ ਇਕ ਸਾਧਨ ਨੂੰ ਦੂਸਰੇ ਦੀ ਥਾਂ ਅਸੀਮਤ (Infinite) ਹੱਦ ਤੱਕ ਨਹੀਂ ਵਰਤ ਸਕਦੇ, ਭਾਵ ਇਕ ਸਾਧਨ ਨੂੰ ਦੂਸਰੇ ਸਾਧਨ ਦੀ ਥਾਂ ਇਕ ਹੱਦ ਤੱਕ ਹੀ ਵਰਤਿਆ ਜਾ ਸਕਦਾ ਹੈ। ਇਸ ਕਰਕੇ ਹੀ ਘਟਦੇ ਪ੍ਰਤੀਫਲ ਦਾ ਨਿਯਮ ਲਾਗੂ ਹੁੰਦਾ ਹੈ।

ਉਤਪਾਦਨ ਦਾ ਤੀਜਾ ਪੜਾਅ ਉਸ ਵਕਤ ਸ਼ੁਰੂ ਹੁੰਦਾ ਹੈ ਜਦੋਂ ਬਦਲਵੇਂ ਸਾਧਨ ਦੀਆਂ ਇਕਾਈਆਂ ਸਥਿਰ ਸਾਧਨ ਦੇ ਮੁਕਾਬਲਤਨ ਇੰਨੀਆਂ ਜ਼ਿਆਦਾ ਹੋ ਜਾਂਦੀਆਂ ਹਨ ਕਿ ਇਹ ਦੂਜੇ ਦੇ ਕੰਮ ਵਿਚ ਅੜਿੱਕਾ ਜਾਂ ਅੜਚਣ ਬਣਨ ਲੱਗ ਜਾਂਦੀਆਂ ਹਨ ਅਤੇ ਇਸ ਕਾਰਨ ਕੁੱਲ ਉਤਪਾਦਨ ਘਟਣ ਲੱਗ ਜਾਂਦਾ ਹੈ। ਬਦਲਵੇਂ ਸਾਧਨ ਦੀਆਂ ਇਨ੍ਹਾਂ ਇਕਾਈਆਂ ਦਾ ਇਕ ਦੂਜੇ ਦੇ ਕੰਮ ਵਿਚ ਅੜਿੱਕਾ ਬਣਨ ਕਾਰਨ ਹੀ ਬਦਲਵੇਂ ਸਾਧਨ ਦੀਆਂ ਇਨ੍ਹਾਂ ਇਕਾਈਆਂ ਦਾ ਸੀਮਾਂਤ ਉਤਪਾਦਨ ਰਿਣਾਤਮਕ ਹੋ ਜਾਂਦਾ ਹੈ। ਇਸ ਲਈ ਇਸ ਪੜਾਅ ਨੂੰ ਰਿਣਾਤਮਕ ਪ੍ਰਤੀਫਲ ਦਾ ਨਿਯਮ ਵੀ ਕਿਹਾ ਜਾਂਦਾ ਹੈ।

**2.ਅ ਪੈਮਾਨੇ ਅਨੁਸਾਰ ਪ੍ਰਤੀਫਲ (Returns to Scale) :** ਉਪਰ ਅਸੀਂ ਇਕ ਅਜਿਹੇ ਉਤਪਾਦਨ ਦੀ ਵਿਆਖਿਆ ਕੀਤੀ ਹੈ ਜਿਸ ਵਿਚ ਇਕ ਸਾਧਨ ਸਥਿਰ ਅਤੇ ਦੂਸਰਾ ਪਰਿਵਰਤਨਸ਼ੀਲ ਸੀ ਅਤੇ ਇਸ ਨੂੰ ਬਦਲਵੇਂ ਅਨੁਪਾਤਾਂ ਦਾ ਨਿਯਮ ਕਿਹਾ ਗਿਆ ਸੀ। ਹੁਣ ਅਸੀਂ ਉਤਪਾਦਨ ਫਲਨ ਦੀ ਇਕ ਹੋਰ ਕਿਸਮ ਜਿਸ ਨੂੰ ਕਿ ਪੈਮਾਨੇ ਅਨੁਸਾਰ ਪ੍ਰਤੀਫਲ ਕਿਹਾ ਜਾਂਦਾ ਹੈ, ਦੀ ਵਿਆਖਿਆ ਕਰਾਂਗੇ। ਪੈਮਾਨੇ ਅਨੁਸਾਰ ਪ੍ਰਤੀਫਲ ਵਿਚ ਸਾਰੇ ਸਾਧਨਾਂ ਨੂੰ ਹੀ ਪਰਿਵਰਤਨਸ਼ੀਲ ਮੰਨਿਆ ਜਾਂਦਾ ਹੈ ਅਤੇ ਕੋਈ ਸਾਧਨ ਬੱਧਾ ਹੋਇਆ ਜਾਂ ਸਥਿਰ ਨਹੀਂ ਹੁੰਦਾ। ਇਸ ਉਤਪਾਦਨ ਫਲਨ ਵਿਚ ਅਸੀਂ ਉਸ ਹਾਲਤ ਵਿਚ ਉਤਪਾਦਨ ਦੇ ਵਿਵਹਾਰ ਨੂੰ ਜਾਨਣ ਦਾ ਯਤਨ ਕਰਦੇ ਹਾਂ ਜਦੋਂ ਉਤਪਾਦਨ ਦੇ ਸਾਰੇ ਸਾਧਨਾਂ ਦੀ ਮਾਤਰਾ ਨੂੰ ਤਬਦੀਲ ਕਰਨਾ ਸੰਭਵ ਹੋਵੇ। ਇਸ ਤੋਂ ਭਾਵ ਹੈ ਕਿ ਉਤਪਾਦਨ ਦੇ ਸਾਧਨਾਂ ਦੇ ਪੈਮਾਨੇ ਵਿਚ ਹੋਣ ਵਾਲੀਆਂ ਤਬਦੀਲੀਆਂ ਕਾਰਨ ਉਤਪਾਦਨ ਦੇ ਵਿਵਹਾਰ ਵਿਚ ਆਉਣ ਵਾਲੀਆਂ ਤਬਦੀਲੀਆਂ ਦੀ ਵਿਆਖਿਆ ਕਰਨ ਦਾ ਯਤਨ ਕੀਤਾ ਜਾਂਦਾ ਹੈ। ਪੈਮਾਨੇ ਵਿਚ ਤਬਦੀਲੀ ਦਾ ਅਰਥ ਹੈ ਕਿ ਉਤਪਾਦਨ ਦੇ ਸਾਰੇ ਸਾਧਨਾਂ ਦੀ ਮਾਤਰਾ ਨੂੰ ਇਕੋ ਅਨੁਪਾਤ ਵਿਚ ਹੀ ਤਬਦੀਲ ਕੀਤਾ ਜਾਂਦਾ ਹੈ। ਹੇਠਾਂ ਦਿੱਤੀ ਸਾਰਣੀ ਪੈਮਾਨੇ ਅਨੁਸਾਰ ਪ੍ਰਤੀਫਲ ਦੀ ਵਿਆਖਿਆ ਕਰਨ ਵਿਚ ਸਹਾਈ ਹੋਵੇਗੀ।

*ਸਾਰਣੀ ਨੰ. 2*

| *ਸਾਰੇ ਸਾਧਨਾਂ ਦੀਆਂ ਵਰਤੀਆਂ ਗਈਆਂ ਇਕਾਈਆਂ* | *ਕੁੱਲ ਪ੍ਰਤੀਫਲ (ਕੁਇੰਟਲਾਂ ਵਿਚ)* | *ਔਸਤ ਪ੍ਰਤੀਫਲ (ਕੁਇੰਟਲਾਂ ਵਿਚ)* | *ਸੀਮਾਂਤ ਪ੍ਰਤੀਫਲ (ਕੁਇੰਟਲਾਂ ਵਿਚ)* | |
|---|---|---|---|---|
| ਪਹਿਲੀ | 10 | 10 | 10 | |
| ਦੂਜੀ | 22 | 11 | 12 | ਵਧਦਾ |
| ਤੀਜੀ | 35 | 11.66 | 13 | |
| ਚੌਥੀ | 60 | 15 | 25 | ਸਮਾਨ |
| ਪੰਜਵੀਂ | 85 | 17 | 25 | |
| ਛੇਵੀਂ | 102 | 17 | 17 | ਘੱਟਦਾ |
| ਸੱਤਵੀਂ | 114 | 16.28 | 12 | |

ਉਪਰ ਦਿੱਤੀ ਸਾਰਣੀ ਤੋਂ ਪਤਾ ਲਗਦਾ ਹੈ ਕਿ ਜਦੋਂ ਸਾਰੇ ਸਾਧਨਾਂ ਦੀਆਂ ਇਕਾਈਆਂ ਨੂੰ ਇਕੋ ਅਨੁਪਾਤ ਵਿਚ ਵਧਾਇਆ ਜਾਂਦਾ ਹੈ ਤਾਂ ਕੁੱਲ ਉਤਪਾਦਨ ਵੱਖ-ਵੱਖ ਦਰਾਂ ਨਾਲ ਵਧਦਾ ਹੈ। ਭਾਵ ਕੁੱਲ ਉਤਪਦਾਨ ਵਿਚ ਵਾਧਾ ਵਧਦੀ ਦਰ, ਸਮਾਨ ਦਰ ਅਤੇ ਘਟਦੀ ਦਰ ਨਾਲ ਹੁੰਦਾ ਹੈ। ਹੁਣ ਅਸੀਂ ਹੇਠਾਂ ਪੈਮਾਨੇ ਅਨੁਸਾਰ ਵਧਦੇ ਪ੍ਰਤੀਫਲ, ਪੈਮਾਨੇ ਅਨੁਸਾਰ ਸਮਾਨ ਪ੍ਰਤੀਫਲ ਅਤੇ ਪੈਮਾਨੇ ਅਨੁਸਾਰ ਘਟਦੇ ਪ੍ਰਤੀਫਲ ਦੀ ਵਿਆਖਿਆ ਕਰਾਂਗੇ।


**(i) ਪੈਮਾਨੇ ਅਨੁਸਾਰ ਪ੍ਰਤੀਫਲ (Increasing Returns to Scale) :** ਇਸ ਤੋਂ ਭਾਵ ਹੈ ਕਿ ਉਤਪਾਦਨ ਵਿਚ ਵਾਧੇ ਦੀ ਦਰ ਉਤਪਾਦਨ ਦੇ ਲਗਾਏ ਗਏ ਸਾਧਨਾਂ ਵਿਚ ਵਾਧੇ ਦੀ ਦਰ ਨਾਲੋਂ ਜ਼ਿਆਦਾ ਹੁੰਦੀ ਹੈ। ਆਮ ਤੌਰ ਤੇ ਵਧਦਾ ਪ੍ਰਤੀਫਲ ਉਤਪਾਦਨ ਕਿਰਿਆ ਦੇ ਮੁੱਢਲੇ ਪੜਾਵਾਂ ਵਿਚ ਲਾਗੂ ਹੁੰਦਾ ਹੈ। ਚੈਂਬਰਲਿਨ ਦੇ ਵਿਚਾਰ ਵਿਚ ਪੈਮਾਨੇ ਅਨੁਸਾਰ ਵਧਦੇ ਪ੍ਰਤੀਫਲ ਦਾ ਕਾਰਨ ਉਤਪਾਦਨ ਕਿਰਿਆ ਵਿਚ ਵਿਸ਼ੇਸ਼ੀਕਰਨ (Specialisation) ਦਾ ਆਉਣਾ ਹੈ। ਜਿਉਂ ਹੀ ਕਾਰੋਬਾਰ ਦਾ ਆਕਾਰ ਵੱਡਾ ਹੁੰਦਾ ਜਾਂਦਾ ਹੈ ਤਾਂ ਕਿਰਤ ਦੀ ਵੰਡ ਕਰਨੀ ਸੰਭਵ ਹੋ ਜਾਂਦੀ ਹੈ ਅਤੇ ਇਸ ਕਾਰਨ ਸੀਮਾਂਤ ਪ੍ਰਤੀਫਲ ਵਧਦਾ ਹੈ। ਪੈਮਾਨੇ ਅਨੁਸਾਰ ਵਧਦਾ ਪ੍ਰਤੀਫਲ ਉਨ੍ਹਾਂ ਉਦਯੋਗਾਂ ਵਿਚ ਹੀ ਪ੍ਰਾਪਤ ਹੁੰਦਾ ਹੈ ਜਿਥੇ ਸਮਰੱਥਾ ਆਕਾਰ (Dimension) ਦੀ ਘਣਤਾ ਜਾਂ ਤ੍ਰੈਹਰ (Cube) ਅਨੁਸਾਰ ਵਧਦੀ ਹੈ ਅਤੇ ਪੂੰਜੀ ਵਸਤੂ ਨੂੰ ਬਨਾਉਣ ਲਈ ਮਾਲ ਦੀ ਜ਼ਰੂਰਤ ਸਮਰੱਥਾ ਆਕਾਰ (Dimension) ਦੇ ਵਰਗਾਕਾਰ (Square) ਅਨੁਸਾਰ ਹੁੰਦੀ ਹੈ। ਇਕ $2\times2\times2$ ਫੁੱਟ ਵਾਲੇ ਡੱਬੇ ਵਿਚ $1\times1\times1$ ਫੁੱਟ ਵਾਲੇ ਡੱਬੇ ਨਾਲੋਂ ਅੱਠ ਗੁਣਾ ਕਣਕ ਪਾਈ ਜਾ ਸਕਦੀ ਹੈ ਜਦ ਕਿ $2\times2\times2$ ਫੁੱਟ ਡੱਬੇ ਨੂੰ ਬਨਾਉਣ ਲਈ $1\times1\times1$ ਫੁੱਟ ਵਾਲੇ ਡੱਬੇ ਤੋਂ ਸਿਰਫ ਚਾਰ ਗੁਣਾਂ ਵੱਧ ਸਮਾਨ ਚਾਹੀਦਾ ਹੈ।

**(ii) ਪੈਮਾਨੇ ਅਨੁਸਾਰ ਪ੍ਰਤੀਫਲ (Constant Returns of Scale) :** ਇਸ ਤੋਂ ਭਾਵ ਹੈ ਕਿ ਕੁੱਲ ਉਤਪਾਦਨ ਉਸ ਦਰ ਨਾਲ ਹੀ ਵਧਦਾ ਹੈ ਜਿਸ ਦਰ ਨਾਲ ਉਤਪਾਦਨ ਦੇ ਸਾਧਨਾਂ ਦੀ ਮਾਤਰਾ ਨੂੰ ਵਧਾਇਆ ਜਾਂਦਾ ਹੈ। ਜੇਕਰ ਉਤਪਾਦਨ ਦੇ ਸਾਧਨਾਂ ਦੀ ਮਾਤਰਾ ਨੂੰ ਦੁੱਗਣਾ ਕਰ ਦਿੱਤਾ ਜਾਵੇ ਤਾਂ ਕੁੱਲ ਉਤਪਾਦਨ ਵੀ ਦੁੱਗਣਾ ਹੋ ਜਾਵੇਗਾ ਅਤੇ ਜੇ ਸਾਧਨਾਂ ਦੀ ਮਾਤਰਾ ਨੂੰ ਤਿੱਗਣਾ (ਤਿੰਨ ਗੁਣਾਂ) ਕਰ ਦਿੱਤਾ ਜਾਵੇ ਤਾਂ ਕੁੱਲ ਉਤਪਾਦਨ ਵੀ ਤਿੱਗਣਾ ਹੋ ਜਾਵੇਗਾ। ਉਪਰ ਦਿੱਤੀ ਸਾਰਣੀ ਵਿਚ ਜਦੋਂ ਸਾਧਨਾਂ ਦੀ ਚੌਥੀ ਅਤੇ ਪੰਜਵੀ ਮਿਕਦਾਰ (Dose) ਨੂੰ ਲਗਾਇਆ ਜਾਂਦਾ ਹੈ ਤਾਂ ਸੀਮਾਂਤ-ਪ੍ਰਤੀਫਲ ਸਮਾਨ ਰਹਿੰਦਾ ਹੈ। ਗਣਿਤ ਭਾਸ਼ਾ ਵਿਚ ਇਸ ਰੇਖਾ ਨੂੰ ਰੇਖਾਂਕਿਤ (Linear) ਅਤੇ ਸਮਰੂਪ (Homogeneous) ਉਤਪਾਦਨ ਫਲਨ ਜਾਂ ਪਹਿਲੇ ਦਰਜੇ ਦਾ ਉਤਪਾਦਨ ਫਲਨ ਕਿਹਾ ਜਾਂਦਾ ਹੈ। ਕਈ ਅਮਲੀ ਪ੍ਰਮਾਣਾਂ (Empirical Evidences) ਤੋਂ ਪਤਾ ਚਲਦਾ ਹੈ ਕਿ ਅਰਥ-ਵਿਵਸਥਾ ਦਾ ਉਤਪਾਦਨ ਫਲਨ ਲਗਭਗ ਪਹਿਲੇ ਦਰਜੇ ਦਾ ਸਮਰੂਪ ਹੀ ਹੁੰਦਾ ਹੈ। ਇਹ ਵਿਚਾਰ ਕਿ ਵਿਅਕਤੀਗਤ ਫਰਮ ਵਿਚ ਸਮਾਨ ਪ੍ਰਤੀਫਲ ਦਾ ਨਿਯਮ ਕਾਫੀ ਲੰਮੇ ਸਮੇਂ ਤੱਕ ਲਾਗੂ ਰਹਿੰਦਾ ਹੈ, ਵੀ ਅਮਲੀ ਪ੍ਰਮਾਣ ਤੇ ਆਧਾਰਿਤ ਹੈ।

**(iii) ਪੈਮਾਨੇ ਅਨੁਸਾਰ ਘਟਦਾ ਪ੍ਰਤੀਫਲ (Decreasing Returns to Scale) :** ਇਸ ਤੋਂ ਭਾਵ ਹੈ ਕਿ ਜਿਸ ਅਨੁਪਾਤਕ ਦਰ ਨਾਲ ਉਤਪਾਦਨ ਦੇ ਸਾਰੇ ਸਾਧਨਾਂ ਦੀ ਮਾਤਰਾ ਨੂੰ ਵਧਾਇਆ ਜਾਂਦਾ ਹੈ ਉਤਪਾਦਨ ਵਿਚ ਵਾਧਾ ਉਸ ਅਨੁਪਾਤਕ ਦਰ ਨਾਲੋਂ ਘੱਟ ਹੁੰਦਾ ਹੈ। ਇਹ ਆਮ ਤੌਰ ਤੇ ਫਰਮ ਦੇ ਆਕਾਰ ਵਧਣ ਨਾਲ ਵੱਡੇ ਪੈਮਾਨੇ ਦੇ ਪ੍ਰਬੰਧ ਵਿਚ ਆਉਣ ਵਾਲੀਆਂ

ਗੁੰਝਲਾਂ ਜਾਂ ਮੁਸ਼ਕਲਾਂ ਕਾਰਨ ਵਾਪਰਦਾ ਹੈ। ਜਦੋਂ ਕਿਸੇ ਫਰਮ ਦਾ ਆਕਾਰ ਬਹੁਤ ਵੱਡਾ ਹੋ ਜਾਂਦਾ ਹੈ ਤਾਂ ਪ੍ਰਬੰਧਕੀ ਸੰਗਠਨ ਵੀ ਬਹੁਤ ਵਿਸ਼ਾਲ ਹੋ ਜਾਂਦਾ ਹੈ। ਪ੍ਰਬੰਧ ਨੂੰ ਬਦਲਦੀਆਂ ਹੋਈਆਂ ਮੰਗ ਅਤੇ ਲਾਗਤ ਦੀਆਂ ਹਾਲਤਾਂ ਅਨੁਸਾਰ ਢਾਲਣਾ ਮੁਸ਼ਕਲ ਹੋ ਜਾਂਦਾ ਹੈ। ਫਰਮ ਦੇ ਆਕਾਰ ਵਿਚ ਬਹੁਤ ਵਾਧਾ ਆ ਜਾਣ ਕਾਰਨ ਵੱਡੇ ਪੈਮਾਨੇ ਦੀਆਂ ਹਾਨੀਆਂ ਹੋਂਦ ਵਿਚ ਆ ਜਾਂਦੀਆਂ ਹਨ ਅਤੇ ਇਸ ਕਾਰਨ, ਪੈਮਾਨੇ ਅਨੁਸਾਰ ਘਟਦਾ ਪ੍ਰਤੀਫਲ ਲਾਗੂ ਹੋ ਜਾਂਦਾ ਹੈ। ਪੈਮਾਨੇ ਅਨੁਸਾਰ ਘਟਦੇ ਪ੍ਰਤੀਫਲ ਅਤੇ ਘਟਦੇ ਸੀਮਾਂਤ ਪ੍ਰਤੀਫਲ ਵਿਚ ਅੰਤਰ ਹੈ। ਪੈਮਾਨੇ ਅਨੁਸਾਰ ਘਟਦਾ ਪ੍ਰਤੀਫਲ ਵੱਡੇ ਸੰਗਠਨ ਦੀਆਂ ਗੁੰਝਲਾਂ ਕਾਰਨ ਵਾਪਰਦਾ ਹੈ ਜਦ ਕਿ ਘਟਦਾ ਸੀਮਾਂਤ ਪ੍ਰਤੀਫਲ ਇਕ ਬੱਧੇ ਸਾਧਨ ਦੇ ਸਾਪੇਖਿਕ (Relative) ਜਾਂ ਮੁਕਾਬਲਤਨ ਬਦਲਵੇਂ ਸਾਧਨ ਦੀਆਂ ਬਹੁਤ ਜ਼ਿਆਦਾ ਇਕਾਈਆਂ ਨੂੰ ਲਗਾਉਣ ਕਾਰਨ ਵਾਪਰਦਾ ਹੈ। ਪੈਮਾਨੇ ਅਨੁਸਾਰ ਘਟਦਾ ਪ੍ਰਤੀਫਲ ਸਾਡੀ ਉਪਰ ਦਿੱਤੀ ਸਾਰਣੀ ਨੰ. 2 ਵਿਚ ਛੇਵੀਂ ਮਿਕਦਾਰ (Dose) ਦੇਣ ਤੋਂ ਬਾਅਦ ਵਾਪਰਨਾ ਸ਼ੁਰੂ ਹੁੰਦਾ ਹੈ।

ਪੈਮਾਨੇ ਅਨੁਸਾਰ ਵਧਦੇ, ਸਮਾਨ ਅਤੇ ਘਟਦੇ ਪ੍ਰਤੀਫਲ ਨੂੰ ਹੇਠ ਦਿੱਤੇ ਚਿੱਤਰ-2 ਰਾਹੀਂ ਦਰਸਾਇਆ ਗਿਆ ਹੈ।




*ਚਿੱਤਰ ਨੰ.2 ਪਾਠ ਨੰ.6*

ਚਿੱਤਰ-2 ਤੋਂ ਪਤਾ ਚਲਦਾ ਹੈ ਕਿ ਜਿਉਂ-ਜਿਉਂ ਉਤਪਾਦਨ ਦੇ ਸਾਧਨ ਦੀਆਂ ਇਕਾਈਆਂ ਵਿਚ ਵਾਧਾ ਕੀਤਾ ਜਾਂਦਾ ਹੈ ਤਾਂ ਸ਼ੁਰੂ ਵਿਚ ਸੀਮਾਂਤ ਉਤਪਾਦਨ ਵਧਦਾ ਹੈ ਅਤੇ R ਅਤੇ T ਤੱਕ ਵਕਰ ਵਧਦੇ ਪ੍ਰਤੀਫਲ ਨੂੰ ਦਰਸਾਉਂਦੀ ਹੈ। ਇਸ ਤਰ੍ਹਾਂ T ਤੋਂ K ਤੱਕ ਸਮਾਨ ਪ੍ਰਤੀਫਲ ਅਤੇ K ਤੋਂ S ਤੱਕ ਘਟਦਾ ਸੀਮਾਂਤ ਪ੍ਰਤੀਫਲ ਪ੍ਰਾਪਤ ਹੁੰਦਾ ਹੈ।

3. **ਘੱਟਦੇ ਪ੍ਰਤੀਫਲ ਦੇ ਨਿਯਮ ਦਾ ਲਾਗੂ ਹੋਣਾ (Applicability of the Law of Diminishing Returns) :** ਬਦਲਵੇਂ ਅਨੁਪਾਤਾਂ ਦੇ ਨਿਯਮ ਅਨੁਸਾਰ ਉਤਪਾਦਨ ਕਿਰਿਆ ਦੇ ਸ਼ੁਰੂ ਵਿਚ ਪਰਿਵਰਤਨਸ਼ੀਲ ਸਾਧਨ ਦੀ ਮਾਤਰਾ ਵਧਣ ਨਾਲ ਸੀਮਾਂਤ ਭੌਤਿਕ ਉਤਪਾਦਨ ਵਧਦਾ ਹੈ ਪਰੰਤੂ ਜਦੋਂ ਸਥਿਰ ਸਾਧਨ ਦੇ ਮੁਕਾਬਲਤਨ ਬਦਲਵੇਂ ਸਾਧਨ ਦੀ ਮਾਤਰਾ ਇਕ ਹੱਦ ਤੋਂ ਵੱਧ ਜਾਂਦੀ ਹੈ ਤਾਂ ਇਹ ਸੀਮਾਂਤ ਭੌਤਿਕ ਉਤਪਾਦਨ ਘਟਣਾ ਸ਼ੁਰੂ ਹੋ ਜਾਂਦਾ ਹੈ। ਪ੍ਰੋ. ਮਾਰਸ਼ਲ ਦੇ ਸਮੇਂ ਵਿਚ ਇਹ ਮੰਨਿਆ ਜਾਂਦਾ ਸੀ ਕਿ ਘਟਦੇ ਪ੍ਰਤੀਫਲ ਦਾ ਨਿਯਮ ਕੇਵਲ ਖੇਤੀ ਉਪਰ ਹੀ ਲਾਗੂ ਹੁੰਦਾ ਹੈ ਅਤੇ ਨਿਰਮਾਣਕਾਰੀ (Manufacturing) ਉਦਯੋਗ ਵਿਚ ਵਧਦੇ ਜਾਂ ਸਮਾਨ ਪ੍ਰਤੀਫਲ ਦੇ ਨਿਯਮ ਲਾਗੂ ਹੁੰਦੇ ਹਨ। ਪਰੰਤੂ ਅੱਜ ਕੱਲ ਅਰਥ-ਸ਼ਾਸਤਰੀ ਇਹ ਗੱਲ ਮੰਨਦੇ ਹਨ ਕਿ ਘਟਦੇ ਪ੍ਰਤੀਫਲ ਦਾ ਨਿਯਮ

ਖੇਤੀ ਦੇ ਉਦਯੋਗ ਦੋਵਾਂ ਵਿਚ ਹੀ ਲਾਗੂ ਹੁੰਦਾ ਹੈ। ਮਾਰਸ਼ਲ ਦੇ ਵਿਚਾਰ ਅਨੁਸਾਰ ਇਹ ਨਿਯਮ ਉਨ੍ਹਾਂ ਉਤਪਾਦਨ ਕਿਰਿਆਵਾਂ ਵਿਚ ਤੇਜ਼ੀ ਨਾਲ ਲਾਗੂ ਹੁੰਦਾ ਹੈ ਜਿਥੇ ਕੁਦਰਤ ਦਾ ਯੋਗਦਾਨ ਮਨੁੱਖ ਨਾਲੋਂ ਜ਼ਿਆਦਾ ਹੁੰਦਾ ਹੈ ਅਤੇ ਇਸੇ ਕਾਰਨ ਹੀ ਇਹ ਕਿਹਾ ਜਾਂਦਾ ਹੈ ਕਿ ਘਟਦੇ ਸੀਮਾਂਤ ਪ੍ਰਤੀਫਲ ਦਾ ਨਿਯਮ ਖੇਤੀ ਵਿਚ ਉਦਯੋਗਾਂ ਨਾਲੋਂ ਵਧੇਰੇ ਤੇਜ਼ੀ ਨਾਲ ਹੋਂਦ ਵਿਚ ਆਉਂਦਾ ਹੈ। ਇਹ ਹੇਠ ਲਿਖੇ ਚਾਰ ਮੁੱਖ ਕਾਰਨਾਂ ਕਰਕੇ ਹੁੰਦਾ ਹੈ। ਪਹਿਲੇ, ਵਿਸ਼ੇਸ਼ੀਕਰਣ ਅਤੇ ਕਿਰਤੀ ਵੰਡ ਉਦਯੋਗਾਂ ਵਿਚ ਖੇਤੀ ਨਾਲੋਂ ਸੌਖੇ ਲਾਗੂ ਕੀਤੇ ਜਾ ਸਕਦੇ ਹਨ। ਦੂਜੇ, ਤਕਨੀਕੀ ਕਾਢਾਂ ਖੇਤੀ ਵਿਚ ਉਦਯੋਗ ਨਾਲੋਂ ਹੌਲੀ-ਹੌਲੀ ਨਿਕਲਦੀਆਂ ਹਨ। ਤੀਜੇ, ਕੁਦਰਤ ਦਾ ਯੋਗਦਾਨ ਖੇਤੀ ਵਿਚ ਉਦਯੋਗਾਂ ਦੇ ਮੁਕਾਬਲੇ ਵੱਧ ਹੁੰਦਾ ਹੈ। ਚੌਥੇ, ਮਨੁੱਖੀ ਨਿਗਰਾਨੀ ਖੇਤੀ ਵਿਚ ਉਦਯੋਗ ਦੇ ਮੁਕਾਬਲੇ ਵੱਧ ਕਰਨੀ ਪੈਂਦੀ ਹੈ ਕਿਉਂਕਿ ਖੇਤੀ ਖੇਤਰ ਉਦਯੋਗਾਂ ਦੇ ਮੁਕਾਬਲਤਨ ਦੂਰ ਦੁਰਾਡੇ ਖੇਤਰਾਂ ਵਿਚ ਫੈਲਿਆ ਹੋਇਆ ਹੈ।

ਘਟਦੇ ਪ੍ਰਤੀਫਲ ਦਾ ਨਿਯਮ ਕੁਝ **ਮਨੌਤਾਂ (Assumptions)** ਤੇ ਆਧਾਰਿਤ ਹੈ। ਪਹਿਲੇ, ਉਤਪਾਦਨ ਕਰਨ ਦੀ ਵਿਧੀ ਜਾਂ ਤਕਨੀਕ ਸਮਾਨ ਜਾਂ ਸਥਿਰ ਰਹਿੰਦੀ ਹੈ। ਦੂਜੇ ਇਹ ਨਿਯਮ ਉਤਪਾਦਨ ਦੇ ਇਕ ਖਾਸ ਪੜਾਅ ਤੋਂ ਬਾਅਦ ਹੀ ਲਾਗੂ ਹੁੰਦਾ ਹੈ। ਤੀਜੇ, ਖੇਤੀਕਰਨ ਲਈ ਵਰਤੀ ਜਾਣ ਵਾਲੀ ਜ਼ਮੀਨ ਨਵੀਂ ਹੋਣੀ ਚਾਹੀਦੀ ਹੈ।

3.1 **ਮਹੱਤਤਾ (Importance)** : ਜਿਵੇਂ ਕਿ ਇਸ ਅਧਿਆਇ ਦੇ ਸ਼ੁਰੂ ਵਿਚ ਦੱਸਿਆ ਗਿਆ ਹੈ ਕਿ ਉਤਪਾਦਨ ਦੇ ਸਿਧਾਂਤ ਦੀ ਅਰਥ-ਵਿਗਿਆਨ ਵਿਚ ਬਹੁਤ ਮਹੱਤਤਾ ਹੈ। ਕਿਸੇ ਵਸਤੂ ਦੇ ਉਤਪਾਦਨ ਦੀ ਲਾਗਤ ਉਸ ਉਦਯੋਗ ਵਿਚ ਲਾਗੂ ਉਤਪਾਦਨ ਦੇ ਨਿਯਮ ਤੋਂ ਪ੍ਰਭਾਵਿਤ ਹੁੰਦੀ ਹੈ। ਇਹ ਲਾਗਤਾਂ ਹੀ ਵਸਤੂ ਦੀ ਪੂਰਤੀ ਰਾਹੀਂ ਵਸਤੂ ਦੀ ਕੀਮਤ ਨੂੰ ਪ੍ਰਭਾਵਿਤ ਕਰਦੀਆਂ ਹਨ। ਉਤਪਾਦਨ ਦੇ ਨਿਯਮ ਕਿਸੇ ਉਦਯੋਗ ਨੂੰ ਅਨੁਦਾਨ (Subsidy) ਦੇਣ ਜਾਂ ਉਸ ਉਪਰ ਕਰ ਲਾਉਣ ਦੇ ਫੈਸਲੇ ਨੂੰ ਪ੍ਰਭਾਵਿਤ ਕਰਦੇ ਹਨ। ਪਰੰਤੂ ਇਨ੍ਹਾਂ ਨਿਯਮ ਘੱਟਦੇ ਪ੍ਰਤੀਫਲ ਦਾ ਨਿਯਮ ਬਹੁਤ ਹੀ ਮੌਲਿਕ ਨਿਯਮ ਹੈ। ਮਾਲਥਸ ਨੇ ਆਪਣਾ 'ਆਬਾਦੀ ਦਾ ਸਿਧਾਂਤ' ਬਨਾਉਣ ਲੱਗਿਆਂ ਇਸ ਨਿਯਮ ਤੋਂ ਬਹੁਤ ਮੱਦਦ ਲਈ ਸੀ। ਰਿਕਾਰਡੋ ਨੇ ਆਪਣੇ ਲਗਾਨ ਦੇ ਸਿਧਾਂਤ ਲਈ ਤਕਨੀਕਾਂ (ਵਿਧੀਆਂ) ਵਿਚ ਸੁਧਾਰ ਲਿਆਉਣ ਦੀ ਲੋੜ ਵੀ ਵਿਆਖਿਆ ਵੀ ਘਟਦੇ ਪ੍ਰਤੀਫਲ ਦੇ ਨਿਯਮ ਦੁਆਰਾ ਹੀ ਕੀਤੀ ਜਾਂਦੀ ਹੈ।

4. **ਪੈਮਾਨੇ ਦੀਆਂ ਬੱਚਤਾਂ ਅਤੇ ਹਾਨੀਆਂ (Economies and Diseconomies of Scale) :** ਅਸੀਂ ਉਪਰ ਦੱਸਿਆ ਹੈ ਕਿ ਉਤਪਾਦਨ ਦੇ ਨਿਯਮ ਕਿਸ ਤਰ੍ਹਾਂ ਪੈਮਾਨੇ ਦੀਆਂ ਬੱਚਤਾਂ ਅਤੇ ਹਾਨੀਆਂ ਨੂੰ ਪ੍ਰਭਾਵਿਤ ਕਰਦੇ ਹਨ। ਹੁਣ ਇਹ ਵੇਖਣਾ ਉਚਿਤ ਹੋਵੇਗਾ ਕਿ ਪੈਮਾਨੇ ਦੀਆਂ ਬੱਚਤਾਂ ਅਤੇ ਹਾਨੀਆਂ ਕੀ ਹੁੰਦੀਆਂ ਹਨ ਅਤੇ ਇਹ ਫਰਮਾਂ ਨੂੰ ਕਿਸ ਤਰ੍ਹਾਂ ਪ੍ਰਾਪਤ ਹੁੰਦੀਆਂ ਹਨ।

ਜਦੋਂ ਕੋਈ ਫਰਮ ਆਪਣਾ ਉਤਪਾਦਨ ਦਾ ਪੈਮਾਨਾ ਵਧਾਉਂਦੀ ਹੈ ਤਾਂ ਉਸ ਨੂੰ ਕਈ ਪ੍ਰਕਾਰ ਦੇ ਲਾਭ ਵੀ ਹੁੰਦੇ ਹਨ ਅਤੇ ਹਾਨੀਆਂ ਵੀ। ਫਰਮ ਦੇ ਆਕਾਰ ਜਾਂ ਪੈਮਾਨੇ ਵਿਚ ਤਬਦੀਲੀ ਆਉਣ ਕਾਰਨ ਹੋਣ ਵਾਲੇ ਕੁੱਲ ਲਾਭਾਂ ਅਤੇ ਹਾਨੀਆਂ ਨੂੰ ਕ੍ਰਮਵਾਰ ਅੰਦਰੂਨੀ ਬੱਚਤਾਂ ਅਤੇ ਅੰਦਰੂਨੀ ਹਾਨੀਆਂ ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਹੀ ਜਦੋਂ ਕੁਝ ਖਾਸ ਕਿਸਮ ਦੀਆਂ ਫਰਮਾਂ ਇਕ ਸਥਾਨ ਤੇ ਕੇਂਦਰਿਤ ਹੋ ਜਾਣ ਤਾਂ ਇਸ ਕਾਰਨ ਵੀ ਫਰਮਾਂ ਨੂੰ ਕੁਝ ਲਾਭ ਅਤੇ ਹਾਨੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਕ੍ਰਮਵਾਰ ਬਾਹਰੀ ਬੱਚਤਾਂ ਅਤੇ ਬਾਹਰੀ ਹਾਨੀਆਂ ਕਿਹਾ ਜਾਂਦਾ ਹੈ।

4.1 **ਅੰਦਰੂਨੀ ਬੱਚਤਾਂ (Internal Economies) :** ਜਦੋਂ ਇਕ ਫਰਮ ਨੂੰ ਆਪਣਾ ਉਤਪਾਦਨ ਪੈਮਾਨਾ ਵੱਡਾ ਕਰਨ ਕਾਰਣ ਕੁਝ ਬੱਚਤਾਂ ਪ੍ਰਾਪਤ ਹੁੰਦੀਆਂ ਹਨ ਤਾਂ ਉਨ੍ਹਾਂ ਬੱਚਤਾਂ ਨੂੰ ਅੰਦਰੂਨੀ ਬੱਚਤਾਂ ਕਿਹਾ ਜਾਂਦਾ ਹੈ। ਇਹ ਬੱਚਤ ਮੁੱਖ ਰੂਪ ਵਿਚ ਹੇਠਾਂ ਦਿੱਤੀਆਂ ਹਨ :

**(i)** **ਕਿਰਤ ਦੀ ਵੰਡ ਦੀਆਂ ਬੱਚਤਾਂ** : ਜਿਉਂ-ਜਿਉਂ ਕਿਸੇ ਫਰਮ ਦੇ ਉਤਪਾਦਨ ਦਾ ਪੈਮਾਨਾ ਵੱਡਾ ਹੁੰਦਾ ਜਾਂਦਾ ਹੈ, ਕਿਰਤ ਦੀ ਵੰਡ ਕਰਨੀ ਸੌਖੀ ਹੁੰਦੀ ਜਾਂਦੀ ਹੈ। ਕਿਰਤ ਦੀ ਵੰਡ ਦੇ ਕਈ ਫਾਇਦੇ ਹੁੰਦੇ ਹਨ ਜਿਵੇਂ ਕਿ ਕਾਰਜ-ਕੁਸ਼ਲਤਾ ਦਾ ਵਧਣਾ, ਸੰਦਾਂ ਦਾ ਬੱਚਤ, ਸਮੇਂ ਦੀ ਬੱਚਤ, ਆਦਿ। ਸੋ ਇਸ ਕਾਰਨ ਪ੍ਰਤੀ ਇਕਾਈ ਲਾਗਤ ਘੱਟ ਜਾਂਦੀ ਹੈ।

**(ii)** **ਤਕਨੀਕੀ ਬੱਚਤਾਂ** : ਕਈ ਵਾਰੀ ਇਕ ਵੱਡੀ ਮਸ਼ੀਨ ਛੋਟੀ ਮਸ਼ੀਨ ਨਾਲੋਂ ਕੰਮ ਵਧੀਆ ਅਤੇ ਸਸਤਾ ਕਰਦੀ ਹੈ। ਮੰਨ ਲਓ ਇਕ ਟਰੈਕਟਰ ਇਕ ਦਿਨ ਵਿਚ 15 ਏਕੜ ਜ਼ਮੀਨ ਵਾਹੁੰਦਾ ਹੈ ਜਦ ਕਿ ਦੂਜਾ ਵੱਡਾ ਟਰੈਕਟਰ ਇਤਨੇ ਹੀ ਸਮੇਂ ਵਿਚ 30 ਏਕੜ ਜ਼ਮੀਨ ਵਾਹੁੰਦਾ ਹੈ। ਪਰੰਤੂ ਆਮ ਤੌਰ ਤੇ ਇਹ ਵੇਖਿਆ ਗਿਆ ਹੈ ਕਿ ਵੱਡੇ ਟਰੈਕਟਰਾਂ ਦੀ ਕੀਮਤ ਛੋਟੇ ਨਾਲੋਂ ਦੁੱਗਣੀ ਨਹੀਂ ਹੁੰਦੀ ਸਗੋਂ ਕੀਮਤ ਵਿਚ ਥੋੜ੍ਹਾ ਫਰਕ ਹੁੰਦਾ ਹੈ। ਇਸ ਤਰ੍ਹਾਂ ਉਤਪਾਦਨ ਦਾ ਪੈਮਾਨਾ ਵੱਡਾ ਕਰਨ ਨਾਲ ਅਤੇ ਵੱਡੀਆਂ ਮਸ਼ੀਨਾਂ ਦੀ ਵਰਤੋਂ ਕਰਨ ਨਾਲ ਪ੍ਰਤੀ ਇਕਾਈ ਲਾਗਤ ਘੱਟ ਜਾਂਦੀ ਹੈ।

**(iii)** **ਪ੍ਰਬੰਧਕੀ ਬੱਚਤਾਂ** : ਜਿਉਂ-ਜਿਉਂ ਫਰਮ ਦਾ ਆਕਾਰ ਵਧਦਾ ਹੈ ਤਾਂ ਫਰਮ ਵੱਧ ਤਨਖਾਹ ਦੇ ਕੇ ਇਕ ਚੰਗੇ

ਮੈਨੇਜਰ ਦੀਆਂ ਸੇਵਾਵਾਂ ਪ੍ਰਾਪਤ ਕਰ ਸਕਦੀ ਹੈ। ਕੁਸ਼ਲ ਅਤੇ ਯੋਗ ਮੈਨੇਜਰ ਚੰਗਾ ਪ੍ਰਬੰਧ ਕਰਕੇ ਫਰਮ ਦੀਆਂ ਇਕਾਈ ਲਾਗਤਾਂ ਘਟਾ ਦਿੰਦਾ ਹੈ। ਇਸ ਤੋਂ ਇਲਾਵਾ ਫਰਮ ਦਾ ਆਕਾਰ ਵੱਡਾ ਹੋਣ ਨਾਲ ਮੈਨੇਜਰ ਦੀ ਤਨਖਾਹ ਆਦਿ ਉਪਰ ਆਇਆ ਖਰਚ ਵਧੇਰੇ ਉਤਪਾਦਨ ਉਪਰ ਵੰਡੇ ਜਾਣ ਨਾਲ ਪ੍ਰਤੀ ਇਕਾਈ ਲਾਗਤ ਘੱਟ ਜਾਵੇਗੀ।

**(iv)** **ਮੰਡੀ ਦੀਆਂ ਬੱਚਤਾਂ** : ਫਰਮ ਦਾ ਪੈਮਾਨਾ ਵੱਡਾ ਹੋਣ ਨਾਲ ਕੱਚਾ ਮਾਲ ਆਦਿ ਥੋਕ ਭਾਅ ਉਪਰ ਖਰੀਦਿਆ ਜਾ ਸਕਦਾ ਹੈ ਅਤੇ ਮਾਲ ਸਸਤਾ ਮਿਲ ਜਾਂਦਾ ਹੈ। ਇਸੇ ਤਰ੍ਹਾਂ ਵਸਤੂਆਂ ਵੇਚਣ ਵਕਤ ਜ਼ਿਆਦਾ ਉਤਪਾਦਨ ਨੂੰ ਦੂਰ ਦੀਆਂ ਮੰਡੀਆਂ ਜਿਥੇ ਕੀਮਤਾਂ ਜ਼ਿਆਦਾ ਹੋਵੇ, ਵਿਚ ਵੀ ਟਰੱਕ ਵਗੈਰਾ ਕਿਰਾਏ ਉਪਰ ਕਰਕੇ ਵੇਚਿਆ ਜਾ ਸਕਦਾ ਹੈ। ਜੇਕਰ ਉਤਪਾਦਨ ਥੋੜ੍ਹਾ ਹੋਵੇਗਾ ਤਾਂ ਪ੍ਰਤੀ ਇਕਾਈ ਢੋਆ-ਢੁਆਈ ਦਾ ਖਰਚ ਵੱਧ ਜਾਵੇਗਾ।

**(v)** **ਵਿੱਤ ਸੰਬੰਧੀ ਬੱਚਤਾਂ** : ਜਿਹੜੀਆਂ ਫਰਮਾਂ ਦਾ ਪੈਮਾਨਾ ਛੋਟਾ ਹੁੰਦਾ ਹੈ ਉਨ੍ਹਾਂ ਨੂੰ ਜੋ ਵੀ ਪੈਸਾ ਮੰਡੀ ਵਿਚੋਂ ਪ੍ਰਾਪਤ ਹੁੰਦਾ ਹੈ ਉਸ ਉਪਰ ਵਿਆਜ ਦੀ ਦਰ ਬਹੁਤ ਹੁੰਦੀ ਹੈ ਕਿਉਂਕਿ ਉਧਾਰ ਦੇਣ ਵਾਲਾ ਵਿਅਕਤੀ ਛੋਟੀ ਫਰਮ ਕੋਲ ਸੰਪਤੀ ਘੱਟ ਹੋਣ ਕਰਕੇ ਉਸ ਦਾ ਮੰਡੀ ਵਿਚ ਨਾਮ ਨਾ ਹੋਣ ਕਰਕੇ ਪੈਸਾ ਦੇਣ ਤੋਂ ਕੰਨੀ ਕਤਰਾਉਂਦਾ ਹੈ। ਪਰੰਤੂ ਵੱਡੀ ਫਰਮ ਨੂੰ ਉਸ ਦੀ ਸੰਪਤੀ ਅਤੇ ਮੰਡੀ ਵਿਚ ਨਾਮ ਹੋਣ ਕਰਕੇ ਪੈਸਾ ਸੌਖਾ ਅਤੇ ਸਸਤੀ ਵਿਆਜ ਦਰ ਉਤੇ ਉਧਾਰ ਮਿਲ ਜਾਂਦਾ ਹੈ।

**(vi)** **ਆਕਾਰ ਸੰਬੰਧੀ ਕਿਰਿਆਵਾਂ ਦੀ ਬੱਚਤਾਂ** : ਜਦੋਂ ਫਰਮ ਦਾ ਆਕਾਰ ਵੱਡਾ ਹੋ ਜਾਂਦਾ ਹੈ ਤਾਂ ਕਈ ਕੰਮ ਉਹ ਆਪਣੇ ਆਪ ਹੀ ਕਰ ਲੈਂਦੀ ਹੈ। ਜਿਵੇਂ ਕਪੜੇ ਦੇ ਕਾਰਖਾਨੇ ਵਿਚ ਰੰਗਾਈ ਦਾ ਕੰਮ ਅਤੇ ਫਰਮ ਦਾ ਆਕਾਰ ਵੱਡਾ ਹੋਣ ਨਾਲ ਕਈ ਵਾਰ ਫਰਮ ਫਜ਼ੂਲ ਬਚੀਆਂ ਵਸਤੂਆਂ (ByProducts) ਤੋਂ ਹੋਰ ਕਈ ਚੀਜ਼ਾਂ ਤਿਆਰ ਕਰ ਸਕਦੀ ਹੈ ਜਿਵੇਂ ਖੰਡ ਦੇ ਕਾਰਖਾਨੇ ਤੋਂ ਬਚੇ ਸ਼ੀਰੇ ਨੂੰ ਸ਼ਰਾਬ ਬਣਾਉਣ ਲਈ ਵਰਤਿਆ ਜਾ ਸਕਦਾ ਹੈ। ਸੋ ਇਸ ਤਰ੍ਹਾਂ ਉਤਪਾਦਨ ਦਾ ਪੈਮਾਨਾ ਵੱਡਾ ਹੋ ਜਾਣ ਨਾਲ ਕਈ ਕਿਸਮ ਦੀਆਂ ਬੱਚਤਾਂ ਪ੍ਰਾਪਤ ਹੋ ਸਕਦੀਆਂ ਹਨ।

4.2 **ਬਾਹਰੀ ਬੱਚਤਾਂ (External Economies) :** ਇਹ ਉਹ ਬੱਚਤਾਂ ਹੁੰਦੀਆਂ ਹਨ ਜਿਹੜੀਆਂ ਕਿਸੇ ਉਦਯੋਗ ਦਾ ਆਕਾਰ ਵਧਣ ਤੇ ਉਸ ਉਦਯੋਗ ਵਿਚ ਸ਼ਾਮਲ ਸਾਰੀਆਂ ਹੀ ਫਰਮਾਂ ਨੂੰ ਪ੍ਰਾਪਤ ਹੁੰਦੀਆਂ ਹਨ। ਜਦੋਂ ਉਦਯੋਗ ਵਿਚ ਸ਼ਾਮਲ ਫਰਮਾਂ ਦੀ ਗਿਣਤੀ ਵਧ ਜਾਵੇ ਤਾਂ ਇਸ ਨਾਲ ਉਦਯੋਗ ਦਾ ਆਕਾਰ ਜਾਂ ਪੈਮਾਨਾ ਵਧਦਾ ਹੈ। ਬਾਹਰੀ ਬੱਚਤਾਂ ਹੇਠ ਲਿਖੀਆਂ ਗੱਲਾਂ ਕਾਰਨ ਹੁੰਦੀਆਂ ਹਨ :

**(i)** **ਕੇਂਦਰੀਕਰਨ ਦੀਆਂ ਬੱਚਤਾਂ** : ਜੇਕਰ ਇਕ ਖਾਸ ਖੇਤਰ ਵਿਚ ਫਰਮਾਂ ਦੀ ਗਿਣਤੀ ਬਹੁਤ ਵੱਧ ਜਾਵੇ ਤਾਂ ਫਰਮ ਨੂੰ ਕਈ ਕਿਸਮ ਦੀਆਂ ਸਹੂਲਤਾਂ ਮਿਲਦੀਆਂ ਹਨ ਜਿਵੇਂ ਕਿ ਬੈਂਕਾਂ ਵੱਲੋਂ ਸ਼ਾਖ, ਸੰਚਾਰ, ਮਜ਼ਦੂਰਾਂ ਦੀ ਸਿਖਲਾਈ ਆਦਿ। ਇਨ੍ਹਾਂ ਸਹੂਲਤਾਂ ਨਾਲ ਸਾਰੀਆਂ ਫਰਮਾਂ ਨੂੰ ਹੀ ਲਾਭ ਪ੍ਰਾਪਤ ਹੁੰਦੇ ਹਨ।

**(ii)** **ਸੂਚਨਾ ਸੰਬੰਧੀ ਬੱਚਤਾਂ** : ਜਦੋਂ ਇਕ ਉਦਯੋਗ ਇਕ ਥਾਂ ਤੇ ਕੇਂਦਰਿਤ ਹੋ ਜਾਂਦਾ ਹੈ ਤਾਂ ਫਰਮ ਨੂੰ ਆਪਣੀ ਵਸਤੂ ਦੀ ਮੰਗ ਸੰਬੰਧੀ ਸੂਚਨਾ ਸੌਖਿਆਂ ਹੀ ਮਿਲ ਜਾਂਦੀ ਹੈ। ਇਸੇ ਤਰ੍ਹਾਂ ਕੱਚੇ ਮਾਲ ਸੰਬੰਧੀ ਵੀ ਸੂਚਨਾ ਆਸਾਨੀ ਨਾਲ ਮਿਲ ਜਾਂਦੀ ਹੈ। ਉਦਾਹਰਣ ਵਜੋਂ ਕਿਨ੍ਹਾਂ-ਕਿਨ੍ਹਾਂ ਦੇਸ਼ਾਂ ਵਿਚ ਕਿਸ ਕਿਸਮ ਦੇ ਖੇਡਾਂ ਦਾ ਸਾਮਾਨ ਦੀ ਵੰਡ ਹੈ, ਸੰਬੰਧੀ ਸੂਚਨਾ ਜਲੰਧਰ ਵਿਚ ਸੌਖਿਆਂ ਹੀ ਪ੍ਰਾਪਤ ਹੋ ਜਾਂਦੀ ਹੈ ਕਿਉਂਕਿ ਉਥੇ ਖੇਡਾਂ ਦੇ ਸਾਮਾਨ ਬਣਾਉਣ ਵਾਲੀਆਂ ਫਰਮਾਂ ਕੇਂਦਰਿਤ ਹੈ।

**(iii)** **ਉਤਪਾਦਨਾਂ ਦੇ ਸਾਧਨਾਂ ਦੀ ਪ੍ਰਾਪਤੀ ਸੰਬੰਧੀ ਬੱਚਤਾਂ** : ਜੇਕਰ ਇਕ ਉਦਯੋਗ ਦੀਆਂ ਫਰਮਾਂ ਦੀ ਗਿਣਤੀ ਇਕ ਥਾਂ ਤੇ ਵੱਧ ਜਾਵੇ ਤਾਂ ਉਥੇ ਸਿਖਿਅਕ ਮਜ਼ਦੂਰ, ਮਸ਼ੀਨਾਂ ਆਦਿ ਦੀ ਪ੍ਰਾਪਤੀ ਸੌਖੀ ਹੋ ਜਾਂਦੀ ਹੈ। ਜਿਵੇਂ ਕੱਪੜੇ ਦੇ ਉਦਯੋਗ ਲਈ ਸਿੱਖਿਅਕ ਮਜ਼ਦੂਰ ਅਹਿਮਦਾਬਾਦ ਅਤੇ ਬੰਬਈ ਵਿਚ ਸੌਖੇ ਮਿਲ ਜਾਂਦੇ ਹਨ।

**(iv)** **ਵਿਸ਼ੇਸ਼ੀਕਰਣ ਸੰਬੰਧੀ ਬੱਚਤਾਂ** : ਜਿਸ ਸਮੇਂ ਇਕ ਖਾਸ ਵਸਤੂ ਨੂੰ ਪੈਦਾ ਕਰਨ ਵਾਲੀਆਂ ਫਰਮਾਂ ਇਕ ਖਾਸ ਥਾਂ ਤੇ ਕੇਂਦਰਿਤ ਹੋ ਜਾਂਦੀਆਂ ਹਨ ਤਾਂ ਉਥੇ ਉਸ ਵਸਤੂ ਨੂੰ ਬਣਾਉਣ ਲਈ ਫਰਮਾਂ ਵਿਚਕਾਰ ਕਿਰਤ ਦੀ ਵੰਡ ਸ਼ੁਰੂ ਹੋ ਜਾਂਦੀ ਹੈ। ਉਦਾਹਰਣ ਵਜੋਂ ਜੇ ਸਾਈਕਲ ਬਣਾਉਣ ਦੀਆਂ ਫਰਮਾਂ ਇਕ ਥਾਂ ਕੇਂਦਰਿਤ ਹੋਣ ਤਾਂ ਕੁਝ ਫਰਮਾਂ ਰੰਗ ਕਰਨ ਦਾ ਕੰਮ ਕਰਨਗੀਆਂ, ਕੁਝ ਰਬੜ ਨਾਲ ਸੰਬੰਧਿਤ ਕੰਮ ਵੀ ਕਰਨਗੀਆਂ ਅਤੇ ਕੁਝ ਫਰਮਾਂ ਕੇਵਲ ਇਕ ਖਾਸ ਕਿਸਮ ਦਾ ਪੁਰਜਾ ਬਨਾਉਣ ਦਾ ਕੰਮ ਹੀ ਕਰਨਗੀਆਂ। ਸੋ ਇਸ ਤਰ੍ਹਾਂ ਉਤਪਾਦਨ ਕੰਮ ਵੱਖ-ਵੱਖ ਫਰਮਾਂ ਵਿਚ ਵੰਡੇ ਜਾਣ ਨਾਲ ਉਨ੍ਹਾਂ ਦੀ ਕਾਰਜ ਕੁਸ਼ਲਤਾ ਵਧਣ ਕਰਕੇ ਵਿਸ਼ੇਸ਼ੀਕਰਣ ਦੀਆਂ ਬੱਚਤਾਂ ਪ੍ਰਾਪਤ ਹੁੰਦੀਆਂ ਹਨ।

**(v)** **ਖੋਜ ਸੰਬੰਧੀ ਬੱਚਤਾਂ** : ਜਿਥੇ ਇਕ ਖਾਸ ਉਦਯੋਗ ਦੀਆਂ ਫਰਮਾਂ ਦੀ ਗਿਣਤੀ ਬਹੁਤ ਵੱਧ ਜਾਂਦੀ ਹੈ ਉਥੇ ਖੋਜ ਸੰਸਥਾਵਾਂ ਹੋਂਦ ਵਿਚ ਆ ਜਾਂਦੀਆਂ ਹਨ। ਉਤਪਾਦਨ ਜਾਂ ਮੰਡੀਕਰਣ ਸੰਬੰਧੀ ਹਰ ਖੋਜ ਦਾ ਫਰਮਾਂ ਨੂੰ ਜਲਦੀ ਹੀ ਪਤਾ ਲਗ ਜਾਂਦਾ

ਹੈ ਅਤੇ ਉਹ ਇਸ ਨਵੀਂ ਖੋਜ ਰਾਹੀਂ ਵੱਧ ਲਾਭ ਕਮਾ ਸਕਦੀਆਂ ਹਨ। ਇਹ ਖੋਜ ਸੰਸਥਾਵਾਂ ਕਈ ਵਾਰੀ ਫਰਮਾਂ ਰਾਹੀਂ ਇਕੱਠੇ ਹੋ ਕੇ ਜਾਂ ਸਰਕਾਰ ਰਾਹੀਂ ਵੀ ਸਥਾਪਤ ਕੀਤੀਆਂ ਜਾਂਦੀਆਂ ਹਨ।

5. **ਅੰਦਰੂਨੀ ਹਾਨੀਆਂ (Internal Diseconomies) :** ਇਕ ਫਰਮ ਦੇ ਉਤਪਾਦਨ ਦਾ ਪੈਮਾਨਾ ਇਕ ਖਾਸ ਹੱਦ ਤੋਂ ਬਾਅਦ ਵਧਣ ਨਾਲ ਫਰਮ ਨੂੰ ਕਈ ਕਿਸਮ ਦੀਆਂ ਹਾਨੀਆਂ ਹੋਣ ਲੱਗ ਜਾਂਦੀਆਂ ਹਨ ਜਿਨ੍ਹਾਂ ਨੂੰ ਅੰਦਰੂਨੀ ਕਿਹਾ ਜਾਂਦਾ ਹੈ। ਇਹ ਹਾਨੀਆਂ ਹੇਠ ਲਿਖੀਆਂ ਹੋ ਸਕਦੀਆਂ ਹਨ :

**(i)** **ਪ੍ਰਬੰਧਕੀ ਮੁਸ਼ਕਲਾਂ** : ਜਿਉਂ-ਜਿਉਂ ਕਿਸੇ ਫਰਮ ਦੇ ਉਤਪਾਦਨ ਦਾ ਪੈਮਾਨਾ ਵੱਡਾ ਹੁੰਦਾ ਜਾਂਦਾ ਹੈ ਤਿਉਂ-ਤਿਉਂ ਫਰਮ ਦਾ ਪ੍ਰਬੰਧ ਕਰਨਾ ਮੁਸ਼ਕਲ ਹੋ ਜਾਂਦਾ ਹੈ। ਫਰਮ ਦੀ ਚੰਗੀ ਦੇਖ-ਰੇਖ ਨਹੀਂ ਹੋ ਸਕਦੀ ਭਾਵੇਂ ਵੱਡੀ ਫਰਮ ਵਿਚ ਇਕ ਤੋਂ ਵੱਧ ਮੈਨੇਜਰ ਰੱਖ ਲਏ ਜਾਂਦੇ ਹਨ ਪਰੰਤੂ ਫਰਮ ਦੇ ਸਾਰੇ ਕੰਮਾਂ ਵਿਚ ਤਾਲਮੇਲ ਲਈ ਕਈ ਤਰ੍ਹਾਂ ਦੇ ਅੰਤਿਮ ਫੈਸਲੇ ਇਕੱਲੇ ਮੁੱਖ ਮੈਨੇਜਰ ਨੇ ਹੀ ਲੈਣੇ ਹੁੰਦੇ ਹਨ। ਸੋ ਫਰਮ ਦਾ ਪੈਮਾਨਾ ਬਹੁਤ ਵੱਡਾ ਹੋ ਜਾਣ ਤੇ ਚੰਗੀ ਦੇਖ-ਰੇਖ ਦੀ ਘਾਟ ਕਾਰਨ ਕਈ ਪ੍ਰਕਾਰ ਦੀਆਂ ਹਾਨੀਆਂ ਹੋ ਜਾਂਦੀਆਂ ਹਨ।

**(ii)** **ਤਕਨੀਕੀ ਹਾਨੀਆਂ** : ਕਈ ਵਾਰ ਉਤਪਾਦਨ ਦਾ ਪੈਮਾਨਾ ਇਕ ਹੱਦ ਤੋਂ ਬਾਅਦ ਵਧਾਉਣ ਨਾਲ ਤਕਨੀਕ ਸੰਬੰਧੀ ਹਾਨੀਆਂ ਵੀ ਹੋਣ ਲੱਗ ਜਾਂਦੀਆਂ ਹਨ। ਮੰਨ ਲਓ ਕਿ ਖਾਦ ਦੇ ਉਦਯੋਗ ਵਿਚ ਇਕ ਕਿਸਮ ਦੀ ਹੀ ਮਸ਼ੀਨ ਹੈ ਅਤੇ ਇਹ ਮਸ਼ੀਨ ਇਕ ਦਿਨ ਵਿਚ 2000 ਬੋਰੀ ਖਾਦ ਤਿਆਰ ਕਰ ਸਕਦੀ ਹੈ। ਜੇਕਰ ਫਰਮ ਨੇ ਇਕ ਦਿਨ ਵਿਚ 3000 ਬੋਰੀ ਪੈਦਾ ਕਰਨੀ ਹੋਵੇ ਤਾਂ ਉਸ ਨੂੰ ਇਕ ਹੋਰ ਮਸ਼ੀਨ ਖਰੀਦਣੀ ਪਵੇਗੀ। ਇਸ ਤਰ੍ਹਾਂ ਕੁੱਲ ਉਤਪਾਦਨ ਵਿਚ ਤਾਂ ਡੇਢ ਗੁਣਾਂ ਵਾਧਾ ਹੋਵੇਗਾ ਪਰੰਤੂ ਮਸ਼ੀਨਰੀ ਉਪਰ ਖਰਚ ਦੁੱਗਣਾ ਹੋ ਜਾਵੇਗਾ।

**(iii)** **ਉਦਯੋਗਿਕ ਝਗੜੇ** : ਜਦੋਂ ਫਰਮਾਂ ਦਾ ਆਕਾਰ ਬਹੁਤ ਵੱਡਾ ਹੋ ਜਾਵੇ ਤਾਂ ਕਾਮਿਆਂ ਦੀ ਗਿਣਤੀ ਵਿਚ ਕਾਫੀ ਵੱਧ ਜਾਂਦੀ ਹੈ। ਆਪਣੀਆਂ ਮੰਗਾਂ ਨੂੰ ਲੈ ਕੇ ਕਈ ਵਾਰੀ ਮਜ਼ਦੂਰ ਸੰਘ ਬਣਾ ਕੇ ਹੜਤਾਲ, ਮੁਜ਼ਾਹਰੇ ਆਦਿ ਕਰਦੇ ਹਨ ਜਿਸ ਨਾਲ ਉਤਪਾਦਨ ਤੇ ਮਾੜਾ ਅਸਰ ਪੈਂਦਾ ਹੈ।

**(iv)** **ਮੰਡੀ ਸੰਬੰਧੀ ਹਾਨੀਆਂ** : ਵੱਡੀ ਫਰਮ ਵਿਚ ਉਤਪਾਦਨ ਦੀ ਮਾਤਰਾ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਕਈ ਵਾਰੀ ਵੇਚੀ ਵੀ ਦੂਰ ਦੁਰਾਡੇ ਮੰਡੀਆਂ ਵਿਚ ਜਾਂਦੀ ਹੈ। ਜੇਕਰ ਕਿਸੇ ਕਾਰਨ ਫਰਮ ਦੀ ਬਣੀ ਵਸਤੂ ਦੀ ਮੰਗ ਘੱਟ ਜਾਵੇ ਅਤੇ ਫਰਮ ਨੂੰ ਸਮੇਂ ਸਿਰ ਪਤਾ ਨਾਲ ਲੱਗੇ ਤਾਂ ਫਰਮ ਦਾ ਬਹੁਤ ਸਾਰਾ ਬਣਿਆ ਮਾਲ ਮੰਡੀ ਵਿਚ ਨਹੀਂ ਵਿਕਦਾ। ਇਸ ਨਾਲ ਵੀ ਫਰਮ ਨੂੰ ਹਾਨੀ ਹੈ। ਜਦੋਂ ਕਿ ਛੋਟੀਆਂ ਫਰਮਾਂ ਦੇ ਸੰਬੰਧ ਵਿਚ ਅਜਿਹਾ ਉਤਪਾਦਨ ਆਮ ਤੌਰ ਤੇ ਸਥਾਨਕ ਮੰਡੀ ਵਿਚ ਵੀ ਵਿਕਦਾ ਹੈ।

5.1 **ਬਾਹਰੀ ਹਾਨੀਆਂ (External Diseconomies) :** ਜੇਕਰ ਕਿਸੇ ਉਦਯੋਗ ਦੀਆਂ ਫਰਮਾਂ ਇਕ ਥਾਂ ਤੇ ਕੇਂਦਰਿਤ ਹੋਣ ਤਾਂ ਇਸ ਨਾਲ ਵੀ ਫਰਮਾਂ ਨੂੰ ਕਈ ਕਿਸਮਾਂ ਦੀਆਂ ਹਾਨੀਆਂ ਝਲਣੀਆਂ ਹੈਂਦੀਆਂ ਹਨ ਅਤੇ ਇਨ੍ਹਾਂ ਹਾਨੀਆਂ ਨੂੰ ਫਰਮ ਦੀਆਂ ਬਾਹਰੀ ਹਾਨੀਆਂ ਕਿਹਾ ਜਾਂਦਾ ਹੈ। ਇਹ ਹਾਨੀਆਂ ਮੁੱਖ ਰੂਪ ਵਿਚ ਹੇਠ ਲਿਖੀਆਂ ਹਨ :

1. **ਉਤਪਾਦਨ ਦੇ ਸਾਧਨਾਂ ਦੀ ਕਮੀ** : ਕਿਸੇ ਖਾਸ ਖੇਤਰ ਵਿਚ ਇਕ ਕਿਸਮ ਦੀਆਂ ਫਰਮਾਂ ਦੀ ਗਿਣਤੀ ਵੱਧ ਜਾਣ ਨਾਲ ਉਤਪਾਦਨ ਦੇ ਸਾਧਨ ਜਿਵੇਂ ਪੂੰਜੀ, ਮਜ਼ਦੂਰ ਆਦਿ ਦੀ ਮੰਗ ਵੀ ਵੱਧ ਜਾਂਦੀ ਹੈ ਅਤੇ ਸਾਧਨਾਂ ਦੀ ਥੁੜ੍ਹਤਾ ਪੈਦਾ ਹੋਣ ਕਾਰਨ ਉਨ੍ਹਾਂ ਦੀਆਂ ਕੀਮਤਾਂ ਵੱਧ ਜਾਂਦੀਆਂ ਹਨ ਅਤੇ ਫਰਮਾਂ ਨੂੰ ਸਾਧਨ ਲਗਾਉਣ ਲਈ ਵੱਧ ਕੀਮਤ ਦੇਣੀ ਪੈਂਦੀ ਹੈ।
2. **ਮੁਕਾਬਲੇ ਦੀਆਂ ਹਾਨੀਆਂ** : ਜਦੋਂ ਕਿਸੇ ਥਾਂ ਤੇ ਫਰਮਾਂ ਦੀ ਗਿਣਤੀ ਬਹੁਤ ਵੱਧ ਜਾਵੇ ਤਾਂ ਮੰਡੀ ਵਿਚ ਆਪਣਾ ਬਣਿਆ ਮਾਲ ਵੇਚਣ ਲਈ ਫਰਮਾਂ ਵਿਚ ਮੁਕਾਬਲਾ ਬਹੁਤ ਵੱਧ ਜਾਂਦਾ ਹੈ। ਇਸ ਕਾਰਨ ਉਨ੍ਹਾਂ ਨੂੰ ਕਈ ਵਾਰੀ ਮੁਕਾਬਲੇ ਕਾਰਨ ਵਸਤੂ ਘੱਟ ਕੀਮਤ ਤੇ ਵੇਚਣੀ ਪੈਂਦੀ ਹੈ। ਕਈ ਵਾਰੀ ਅਪੂਰਣ ਮੁਕਾਬਲੇ ਵਾਲੀਆਂ ਫਰਮਾਂ ਨੂੰ ਆਪਣਾ ਮਾਲ ਵੇਚਣ ਲਈ ਇਸ਼ਤਿਹਾਰਬਾਜ਼ੀ ਉਪਰ ਬਹੁਤ ਖਰਚਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਦੇ ਮੁਕਾਬਲੇ ਕਾਰਨ ਫਰਮਾਂ ਦੇ ਪ੍ਰਤੀ ਇਕਾਈ ਲਾਭ ਘੱਟ ਜਾਂਦੇ।
3. **ਕੇਂਦਰੀਕਰਨ ਦੀਆਂ ਹਾਨੀਆਂ** : ਜੇਕਰ ਬਹੁਤ ਫਰਮਾਂ ਇਕ ਥਾਂ ਇਕੱਠੀਆਂ ਹੋ ਜਾਣ ਤਾਂ ਕਈ ਵਾਰੀ ਵਾਤਾਵਰਣ ਜ਼ਿਆਦਾ ਗੰਦਾ ਹੋ ਜਾਂਦਾ ਹੈ ਅਤੇ ਪ੍ਰਦੂਸ਼ਨ ਫੈਲਦਾ ਹੈ ਜਿਵੇਂ ਕਿ ਚਿਮਨੀਆਂ ਦੇ ਧੂੰਏਂ ਅਤੇ ਫਰਮਾਂ ਦੇ ਗੰਦੇ ਪਾਣੀ ਆਦਿ ਨਾਲ ਵਾਤਾਵਰਣ ਗੰਦਾ ਹੋ ਜਾਂਦਾ ਹੈ। ਮਜ਼ਦੂਰਾਂ ਦੀ ਉਸ ਸਥਾਨ ਤੇ ਗਿਣਤੀ ਵਧਣ ਨਾਲ ਮਕਾਨਾਂ ਦੀ ਸਮੱਸਿਆ ਵੀ ਪੈਦਾ ਹੋ ਜਾਂਦੀ ਹੈ। ਇਨ੍ਹਾਂ ਗੱਲਾਂ ਨਾਲ ਮਜ਼ਦੂਰਾਂ ਦੀ ਕਾਰਜ਼-ਕੁਸ਼ਲਤਾ ਘਟਦੀ ਹੈ ਅਤੇ ਉਹ ਫਰਮਾਂ ਵਿਚ ਉਤਪਾਦਨ ਵੀ ਘੱਟ ਕਰ ਸਕਦੇ ਹਨ।

6. **ਸਵੈ-ਮੁਲਾਂਕਣ ਪ੍ਰਸ਼ਨ (Self Check Questions) :**

**(i)** ਜਦੋਂ ਕਿਸੇ ਵਸਤੂ ਉਪਰ ਕਿਰਤ ਅਤੇ ਉਸ ਦੇ ਔਜ਼ਾਰ ਕੰਮ ਕਰਕੇ ਉਸ ਵਸਤੂ ਦੇ.............................ਨੂੰ ਵਧਾ ਦਿੰਦੇ ਹਨ ਤਾਂ ਉਸ ਨੂੰ.......................................ਕਿਹਾ ਜਾਂਦਾ ਹੈ।

**(ii)** ਬਦਲਦੇ ਅਨੁਪਾਤਾਂ ਦਾ ਨਿਯਮ ਤਾਂ ਹੀ ਲਾਗੂ ਹੁੰਦਾ ਹੈ ਜੇ ਉਤਪਾਦਨ ਦੇ ਸਾਧਨਾਂ ਵਿਚੋਂ ਕੁਝ ਜਾਂ ਘੱਟੋ ਘੱਟ ਇਕ ਨੂੰ.................................ਰੱਖਿਆ ਜਾ ਸਕੇ।

**(iii)** ਜਦੋਂ ਸੀਮਾਂਤ ਉਤਪਾਦਨ............................ਹੋ ਜਾਂਦਾ ਹੈ ਤਾਂ ਕੁੱਲ ਉਤਪਾਦਨ........................... ਲੱਗ ਜਾਂਦਾ ਹੈ।

**(iv)** ਪੈਮਾਨੇ ਦੇ ਘੱਟਦੇ ਪ੍ਰਤੀਫਲ ਦੇ ਨਿਯਮ ਦੇ ਲਾਗੂ ਹੋਣ ਦਾ ਕਾਰਨ ਸਾਧਨਾਂ ਵਿਚ..........................ਸਥਾਨਪਤੀ ਦਾ ਹੋਣਾ ਹੈ।

**(v)** ਜਦੋਂ ਜਿਸ ਅਨੁਪਾਤ ਨਾਲ ਉਤਪਾਦਨ ਦੇ ਸਾਧਨਾਂ ਦੀ ਇਕਾਈਆਂ ਵਾਧਾ ਕੀਤਾ ਜਾਂਦਾ ਹੈ ਉਸੇ ਅਨੁਪਾਤ ਨਾਲ ਉਤਪਾਦਨ ਵਿਚ ਵਾਧਾ ਹੁੰਦਾ ਹੈ ਤਾਂ ਉਸ ਨੂੰ ਪੈਮਾਨੇ ਦਾ................................ਪ੍ਰਤੀਫਲ ਦਾ ਨਿਯਮ ਕਿਹਾ ਜਾਂਦਾ ਹੈ।

**(vi)** ਜਦੋਂ ਕੋਈ ਫਰਮ ਨੂੰ ਆਪਣੇ ਉਤਪਾਦਨ ਦਾ ਪੈਮਾਨਾ ਵੱਡਾ ਕਰਨ ਨਾਲ ਕੁਝ ਬੱਚਤਾਂ ਪ੍ਰਾਪਤ ਹੁੰਦੀਆਂ ਹਨ ਤਾਂ ਉਨ੍ਹਾਂ ਨੂੰ................................ਬੱਚਤਾਂ ਕਿਹਾ ਜਾਂਦਾ ਹੈ।

**(vii)** ਘਟਦੇ ਪ੍ਰਤੀਫਲ ਦੇ ਨਿਯਮ ਦੀ ਇਕ ਮਨੌਤ ਇਹ ਹੈ ਕਿ ਖੇਤੀ ਕਰਨ ਲਈ ਜ਼ਮੀਨ......................ਹੋਣੀ ਚਾਹੀਦੀ ਹੈ।

**(viii)** ਬਦਲਦੇ ਅਨੁਪਾਤਾਂ ਦੇ ਨਿਯਮ ਅਨੁਸਾਰ ਇਕ ਵਿਵੇਕਸ਼ੀਲ ਉਤਪਾਦਕ ਉਤਪਾਦਨ..........................ਪੜਾਅ ਵਿਚ ਕਰੇਗਾ।

6.1 **ਸਵੈ-ਮੁਲਾਂਕਣ ਪ੍ਰਸ਼ਨਾਂ ਦੇ ਉੱਤਰ** :

**(i)** ਤੁਸ਼ਟੀਗੁਣ, ਉਤਪਾਦਨ

**(ii)** ਸਥਿਰ।

**(iii)** ਰਿਣਾਤਮਕ (Negative), ਘਟਣ

**(iv)** ਅਪੂਰਣ।

**(v)** ਸਮਾਨ।

**(vi)** ਅੰਦਰੂਨੀ।

**(vii)** ਨਵੀਂ।

**(viii)** ਦੂਸਰੇ।

**IV. ਸਾਰ-ਅੰਸ਼**

ਕਿਸੇ ਵੀ ਅਰਥ ਵਿਵਸਥਾ ਵਿਚ ਉਤਪਾਦਨ ਕਰਨਾ ਇਕ ਬਹੁਤ ਹੀ ਜ਼ਰੂਰੀ ਅਤੇ ਮਹੱਤਵਪੂਰਣ ਪ੍ਰਕਿਰਿਆ ਹੈ। ਉਤਪਾਦਨ-ਫਲਨ ਉਤਪਾਦਨ ਦੇ ਸਾਧਨਾਂ (ਭੂਮੀ, ਕਿਰਤ, ਪੂੰਜੀ ਅਤੇ ਉੱਦਮੀ) ਅਤੇ ਭੌਤਿਕ ਉਤਪਾਦਨ ਵਿਚਕਾਰ ਕਾਰਜਾਤਮਕ ਸੰਬੰਧ (Functional Relationship) ਨੂੰ ਦਰਸਾਉਂਦਾ ਹੈ। ਉਤਪਾਦਨ ਦੇ ਦੋ ਨਿਯਮ ਹਨ ਜਿਨ੍ਹਾਂ ਵਿਚੋਂ ਇਕ ਹੈ ਬਦਲਦੇ ਅਨੁਪਾਤਾਂ ਦਾ ਨਿਯਮ ਅਤੇ ਦੂਸਰਾ ਹੈ ਪੈਮਾਨੇ ਅਨੁਸਾਰ ਪ੍ਰਤੀਫਲ ਦਾ ਨਿਯਮ। ਬਦਲਵੇਂ ਅਨੁਪਾਤਾਂ ਦੇ ਨਿਯਮ ਅਨੁਸਾਰ ਜੇ ਇਕ ਸਾਧਨ ਦੀ ਮਾਤਰਾ ਨੂੰ ਵਧਾਇਆ ਜਾਵੇ ਅਤੇ ਬਾਕੀ ਸਾਧਨਾਂ ਦੀਆਂ ਮਾਤਰਾਵਾਂ ਨੂੰ ਸਥਿਰ ਰੱਖਿਆ ਜਾਵੇ ਤਾਂ ਇਕ ਹੱਦ ਤੋਂ ਬਾਅਦ ਉਤਪਾਦਨ ਦੀਆਂ ਇਕਾਈਆਂ ਵਿਚ ਹੋਣ ਵਾਲਾ ਵਾਧਾ ਘਟਣ ਲੱਗ ਜਾਂਦਾ ਹੈ। ਜਦੋਂ ਉਤਪਾਦਨ ਦੇ ਸਾਰੇ ਸਾਧਨਾਂ ਨੂੰ ਇਕੋ ਅਨੁਪਾਤ ਵਿਚ ਬਦਲਿਆ ਜਾਵੇ ਤਾਂ ਸਿੱਟੇ ਵਜੋਂ ਉਤਪਾਦਨ ਵਿਚ ਆਉਣ ਵਾਲੀਆਂ ਤਬਦੀਲੀਆਂ ਨੂੰ ਪੈਮਾਨੇ ਅਨੁਸਾਰ ਪ੍ਰਤੀਫਲ ਦਾ ਨਿਯਮ ਕਿਹਾ ਜਾਂਦਾ ਹੈ। ਜੇ ਉਤਪਾਦਨ ਦੇ ਸਾਰੇ ਸਾਧਨਾਂ ਨੂੰ ਇਕੋ ਅਨੁਪਾਤ ਵਿਚ ਵਧਾਉਣ ਨਾਲ ਉਤਪਾਦਨ ਦੀ ਮਾਤਰਾ ਵਿਚ ਵਾਧਾ, ਘਾਟਾ ਜਾਂ ਸਮਾਨ ਰਹੇ ਤਾਂ ਇਨ੍ਹਾਂ ਨੂੰ ਕ੍ਰਮਵਾਰ ਵਧਦੇ ਪ੍ਰਤੀਫਲ ਦਾ ਨਿਯਮ ਵਧੇਰੇ ਕਰਕੇ ਖੇਤੀ ਵਿਚ ਹੀ ਲਾਗੂ ਹੁੰਦਾ ਹੈ ਪਰੰਤੂ ਬਾਅਦ ਦੇ ਅਰਥ-ਸ਼ਾਸਤਰੀਆਂ ਨੇ ਇਹ ਕਿਹਾ ਕਿ ਇਹ ਨਿਯਮ ਉਦਯੋਗਾਂ ਵਿਚ ਵੀ ਲਾਗੂ ਹੁੰਦਾ ਹੈ ਪਰੰਤੂ ਖੇਤੀ ਦੇ ਮੁਕਾਬਲੇ ਹੌਲੀ-ਹੌਲੀ ਲਾਗੂ ਹੁੰਦਾ ਹੈ। ਜਦੋਂ ਕੋਈ ਫਰਮ ਆਪਣੇ ਉਤਪਾਦਨ ਕਰਨ ਦੇ ਪੈਮਾਨੇ ਨੂੰ ਵਧਾਉਂਦੀ ਹੈ ਤਾਂ ਇਸ ਤਰ੍ਹਾਂ ਕਰਨ ਨਾਲ ਉਸ ਨੂੰ ਕਈ ਕਿਸਮ ਦੀਆਂ ਬੱਚਤਾਂ ਜਿਵੇਂ ਕਿ ਤਕਨੀਕੀ ਬੱਚਤਾਂ, ਪ੍ਰਬੰਧਕੀ ਬੱਚਤਾਂ ਆਦਿ ਹੁੰਦੀਆਂ ਹਨ ਅਤੇ ਪੈਮਾਨਾ ਵਧਾਉਣ ਨਾਲ ਕਈ

ਕਿਸਮ ਦੀਆਂ ਹਾਨੀਆਂ ਵੀ ਹੁੰਦੀਆਂ ਹਨ ਜਿਵੇਂ ਕਿ ਤਕਨੀਕੀ ਹਾਨੀਆਂ, ਉਦਯੋਗਿਕ ਝਗੜੇ, ਮੁਕਾਬਲੇ ਦੀਆਂ ਹਾਨੀਆਂ ਆਦਿ ਵੀ ਮਿਲਦੀਆਂ ਹਨ।

**V. ਮਹੱਤਵਪੂਰਣ ਧਾਰਨਾਵਾਂ (Key Concepts) :**

1. **ਉਤਪਾਦਨ (Production) :** ਜਦੋਂ ਉਤਪਾਦਨ ਦੇ ਸਾਧਨ ਇਕੱਠੇ ਹੋ ਕੇ ਕਿਸੇ ਪਦਾਰਥ ਉਪਰ ਕੰਮ ਕਰਕੇ ਉਸ ਪਦਾਰਥ ਤੋਂ ਮਿਲਣ ਵਾਲੇ ਤੁਸ਼ਟੀਗੁਣ ਜਾਂ ਸੰਤੁਸ਼ਟੀ ਨੂੰ ਵਧਾ ਦਿੰਦੇ ਹਨ, ਇਸ ਤੁਸ਼ਟੀਗੁਣ ਵਿਚ ਹੋਏ ਵਾਧੇ ਨੂੰ ਉਤਪਾਦਨ ਕਿਹਾ ਜਾਂਦਾ ਹੈ। (To add utility to something is called production) ਵਿਗਿਆਨ ਅਨੁਸਾਰ ਮਨੁੱਖ ਪਦਾਰਥ ਨੂੰ ਪੈਦਾ (Create) ਨਹੀਂ ਕਰ ਸਕਦਾ ਪਰੰਤੂ ਉਸ ਦੇ ਵਿਚ ਤਬਦੀਲੀ ਕਰਕੇ ਉਸ ਨੂੰ ਮਨੁੱਖ ਲਈ ਲਾਭਦਾਇਕ ਬਣਾ ਸਕਦਾ ਹੈ। ਉਦਾਹਰਣ ਦੇ ਤੌਰ ਤੇ ਇਕ ਲੱਕੜ ਦੇ ਟੁਕੜੇ (Log) ਉਪਰ ਇਕ ਕਾਰੀਗਰ ਆਪਣੇ ਔਜ਼ਾਰਾਂ ਦੀ ਸਹਾਇਤਾ ਨਾਲ ਕੰਮ ਕਰ ਕੇ ਇਕ ਕੁਰਸੀ ਤਿਆਰ ਕਰ ਦਿੰਦਾ ਹੈ, ਜੋ ਕਿ ਮਨੁੱਖ ਲਈ ਬੈਠਣ ਲਈ ਆਰਾਮਦਾਇਕ ਹੁੰਦੀ ਹੈ। ਭਾਵ ਇਹ ਕਿ ਕਾਰੀਗਰ ਨੇ ਲੱਕੜ ਦੇ ਟੁਕੜੇ ਉਪਰ ਕੰਮ ਕਰਕੇ ਉਸ ਤੋਂ ਮਿਲਣ ਵਾਲੇ ਤੁਸ਼ਟੀਗੁਣ ਵਿਚ ਵਾਧਾ ਕੀਤਾ ਹੈ। ਤੁਸ਼ਟੀਗੁਣ ਦੇ ਇਸ ਵਾਧੇ ਨੂੰ ਹੀ ਉਤਪਾਦਨ ਕਿਹਾ ਜਾਂਦਾ ਹੈ।
2. **ਉਤਪਾਦਨ ਦਾ ਸੰਤੁਲਨ (Production Equilibrium) :** ਜਦੋਂ ਉਤਪਾਦਨ ਦੇ ਸਾਧਨਾਂ ਦੀ ਸਥਿਰ ਮਾਤਰਾ ਨਾਲ ਉਤਪਾਦਕ ਵੱਧ ਤੋਂ ਵੱਧ ਉਤਪਾਦਨ ਪੈਦਾ ਕਰਦਾ ਹੈ, ਉਸ ਸਥਿਤੀ ਨੂੰ ਹੀ ਉਤਪਾਦਕ ਦਾ ਸੰਤੁਲਨ ਕਿਹਾ ਜਾਂਦਾ ਹੈ।
3. **ਉਤਪਾਦਨ ਫਲਨ (Production Function) :** ਉਤਪਾਦਨ ਦੇ ਵੱਖ-ਵੱਖ ਸਾਧਨਾਂ ਨੂੰ ਇਕ ਖਾਸ ਅਨੁਪਾਤ ਵਿਚ ਉਤਪਾਦਨ ਪ੍ਰਕਿਰਿਆ ਵਿਚ ਲਗਾਉਣ ਤੇ ਜੋ ਉਤਪਾਦਨ ਕੀਤਾ ਜਾਂਦਾ ਹੈ ਭਾਵ ਉਤਪਾਦਨ ਦੇ ਸਾਧਨਾਂ ਦੀ ਵਰਤੀਆਂ ਇਕਾਈਆਂ ਦੀ ਮਾਤਰਾ ਅਤੇ ਉਤਪਾਦਿਤ ਵਸਤੂ ਦੀ ਮਾਤਰਾ ਵਿਚ ਕਾਰਜਾਤਮਿਕ ਸੰਬੰਧ ਨੂੰ ਹੀ ਉਤਪਾਦਨ ਫਲਨ ਕਿਹਾ ਜਾਂਦਾ ਹੈ।
4. **ਪੈਮਾਨੇ ਅਨੁਸਾਰ ਸਮਾਨ ਪ੍ਰਤੀਫਲ (Constant Returns to Scale) :** ਜਦੋਂ ਉਤਪਾਦਨ ਦੇ ਸਾਰੇ ਸਾਧਨਾਂ (inputs) ਨੂੰ ਇਕੋ ਅਨੁਪਾਤ ਨਾਲ ਵਧਾਇਆ ਜਾਂਦਾ ਹੈ ਅਤੇ ਸਿੱਟੇ ਵਜੋਂ ਉਤਪਾਦਨ ਵਿਚ ਵਾਧਾ ਵੀ ਉਸੇ ਅਨੁਪਾਤ ਨਾਲ ਹੁੰਦਾ ਹੈ, ਇਸ ਨੂੰ ਹੀ ਸਮਾਨ ਪ੍ਰਤੀਫਲ ਦਾ ਨਿਯਮ ਕਿਹਾ ਜਾਂਦਾ ਹੈ।
5. **ਪੈਮਾਨੇ ਅਨੁਸਾਰ ਵਧਦਾ ਪ੍ਰਤੀਫਲ (Increasing Returns to Scale) :** ਜਦੋਂ ਉਤਪਾਦਨ ਦੇ ਸਾਰੇ ਸਾਧਨਾਂ ਨੂੰ ਇਕੋ ਅਨੁਪਾਤ ਵਿਚ ਵਧਾਇਆ ਜਾਵੇ ਅਤੇ ਜੇ ਉਤਪਾਦਨ ਵਿਚ ਵਾਧਾ ਸਾਧਨਾਂ ਦੇ ਅਨੁਪਾਤ ਵਿਚ ਹੋਏ ਵਾਧੇ ਨਾਲੋਂ ਜ਼ਿਆਦਾ ਹੋਵੇ ਤਾਂ ਉਸ ਨੂੰ ਪੈਮਾਨੇ ਦੇ ਵਧਦੇ ਪ੍ਰਤੀਫਲ ਦਾ ਨਿਯਮ ਕਿਹਾ ਜਾਂਦਾ ਹੈ।
6. **ਪੈਮਾਨੇ ਅਨੁਸਾਰ ਘਟਦੇ ਪ੍ਰਤੀਫਲ (Decreasing Returns to Scale) :** ਅਜਿਹੀ ਹਾਲਤ ਜਿਥੇ ਉਤਪਾਦਨ ਅਨੁਪਾਤਕ ਤੌਰ ਤੇ ਸਾਧਨਾਂ ਦੇ ਵਾਧੇ ਨਾਲੋਂ ਘੱਟ ਵਧਦਾ ਹੈ ਉਸ ਨੂੰ ਘਟਦੇ ਪ੍ਰਤੀਫਲ ਦਾ ਨਿਯਮ ਕਿਹਾ ਜਾਂਦਾ ਹੈ।
7. **ਘਟਦੇ ਪ੍ਰਤੀਫਲ ਦਾ ਨਿਯਮ (Law of Diminshing Returns) :** ਇਕ ਦਿੱਤੇ ਹੋਏ ਸਮੇਂ ਦੌਰਾਨ ਜਦੋਂ ਇਕ ਆਦਾਨ (input) ਦੀਆਂ ਇਕਾਈਆਂ ਇਕੋ ਖਾਸ ਮਾਤਰਾ ਵਿਚ ਵਧਾਈਆਂ ਜਾਣ ਅਤੇ ਦੂਸਰੇ ਆਦਾਨ ਨੂੰ ਸਥਿਰ ਰੱਖਿਆ ਜਾਵੇ, ਤਾਂ ਇਕ ਸਮੇਂ ਤੋਂ ਬਾਅਦ ਬਦਲਦੇ (variable) ਆਦਾਨ ਦਾ ਸੀਮਾਂਤ ਤੁਸ਼ਟੀਗੁਣ ਘਟਣਾ ਸ਼ੁਰੂ ਹੋ ਜਾਂਦਾ ਹੈ, ਉਸ ਨੂੰ ਹੀ ਘਟਦੇ ਪ੍ਰਤੀਫਲ ਦਾ ਨਿਯਮ ਕਿਹਾ ਜਾਂਦਾ ਹੈ।
8. **ਸੀਮਾਂਤ ਉਤਪਾਦਨ (Marginal Product) :** ਕਿਸੇ ਸਾਧਨ ਦੀ ਇਕ ਇਕਾਈ ਵਧਾਉਣ ਨਾਲ ਕੁੱਲ ਉਤਪਾਦਨ ਵਿਚ ਜੋ ਵਾਧਾ ਹੁੰਦਾ ਹੈ ਉਸ ਨੂੰ ਸੀਮਾਂਤ ਉਤਪਾਦਨ ਕਿਹਾ ਜਾਂਦਾ ਹੈ।
9. **ਥੋੜ੍ਹਾ ਸਮਾਂ (Short Period) :** ਸਮੇਂ ਦੀ ਅਜਿਹੀ ਅਵਧੀ (Period) ਜਿਸ ਵਿਚ ਘੱਟੋ ਘੱਟ ਇਕ ਸਾਧਨ ਦੀ ਮਾਤਰਾ ਨੂੰ ਵਧਾਇਆ ਜਾਂ ਘਟਾਇਆ ਜਾ ਸਕਦਾ ਹੈ।
10. **ਲੰਮਾ ਸਮਾਂ (Long Period) :** ਸਮੇਂ ਦੀ ਅਜਿਹੀ ਅਵਧੀ ਜਿਸ ਦੌਰਾਨ ਉਤਪਾਦਨ ਦੇ ਸਾਰੇ ਹੀ ਸਾਧਨਾਂ ਦੀ ਮਾਤਰਾ ਨੂੰ ਵਧਾਇਆ ਜਾਂ ਘਟਾਇਆ ਜਾ ਸਕਦਾ ਹੈ।

**VI. ਪੁਸਤਕ ਸੂਚੀ**

1. T.R. Jain and others, **ਵਿਅਸ਼ਟੀ ਅਰਥ-ਸ਼ਾਸਤਰ।**
2. B.K. Sharma and Gulshan Kumar, *Price Theory and Distribution* (Punjabi Medium)

3. Joginder Singh, P.N. Chopra & P.S. Grewal, *Price Theory and Distribution* (Punjabi Medium).
4. ਕੇ.ਕੇ. ਡੇਵਿਟ ਅਤੇ ਜੇ.ਡੀ. ਵਰਮਾ, ***ਆਧੁਨਿਕ ਅਰਥ-ਸ਼ਾਸਤਰ।***
5. A.W. Stonier & D.C. Hague, *A Text Book of Economic Theory.*

**VII ਵਿਆਪਕ ਉੱਤਰ-ਪੱਤਰ**

(i) ਲੰਮੇ ਉੱਤਰਾਂ ਵਾਲੇ ਪ੍ਰਸ਼ਨ

(ii) ਛੋਟੇ ਉੱਤਰਾਂ ਵਾਲੇ ਪ੍ਰਸ਼ਨ

**(i) ਲੰਮੇ ਉੱਤਰਾਂ ਵਾਲੇ ਪ੍ਰਸ਼ਨ**

1. ਬਦਲਦੇ ਅਨੁਪਾਤਾਂ ਦੇ ਨਿਯਮ ਦਾ ਰੇਖਾ-ਚਿੱਤਰ ਦੀ ਸਹਾਇਤਾ ਨਾਲ ਵਰਣਨ ਕਰੋ।
2. ਅੰਦਰੂਨੀ ਅਤੇ ਬਾਹਰੀ ਬੱਚਤਾਂ ਤੋਂ ਕੀ ਭਾਵ ਹੈ। ਇਨ੍ਹਾਂ ਦੀ ਵਿਆਖਿਆ ਕਰੋ।
3. ਪੈਮਾਨੇ ਅਨੁਸਾਰ ਪ੍ਰਤੀਫਲ ਦੇ ਨਿਯਮ ਦੀ ਵਿਆਖਿਆ ਕਰੋ।

**(ii) ਛੋਟੇ ਉੱਤਰਾਂ ਵਾਲੇ ਪ੍ਰਸ਼ਨ**

1. ਉਤਪਾਦਨ ਫਲਨ ਤੋਂ ਕੀ ਭਾਵ ਹੈ?
2. ਅੰਦਰੂਨੀ ਬੱਚਤਾਂ।
3. ਅੰਦਰੂਨੀ ਹਾਨੀਆਂ।
4. ਬਾਹਰੀ ਹਾਨੀਆਂ।
5. ਉਦਯੋਗਿਕ ਝਗੜੇ।
6. ਕੀ ਘਟਦੇ ਪ੍ਰਤੀਫਲ ਦਾ ਨਿਯਮ ਖੇਤੀ ਵਿਚ ਹੀ ਲਾਗੂ ਹੁੰਦਾ ਹੈ।

ਨੋਟ : ਇਹ ਪਾਠ ਡਿਸਟੈਂਸ ਐਜੂਕੇਸ਼ਨ ਕੌਂਸਿਲ ਦੀ ਵਿੱਤੀ ਸਹਾਇਤਾ ਨਾਲ ਲਿਖਿਆ ਗਿਆ ਹੈ।

ਪਾਠ ਨੰ : **1.7** ਲੇਖਿਕਾ : ਡਾ. ਹਰਵਿੰਦਰ ਕੌਰ

# ਉਤਪਾਦਨ ਦੀਆਂ ਲਾਗਤਾਂ
# (Costs of Production)


I. ਜਾਣ-ਪਛਾਣ
II. ਉਦੇਸ਼
III. ਲਾਗਤਾਂ ਦਾ ਸਿਧਾਂਤ
1. ਲਾਗਤਾਂ ਦਾ ਅਰਥ
2. ਲਾਗਤਾਂ ਦੀਆਂ ਕਿਸਮਾਂ
(ੳ) ਮੌਦ੍ਰਿਕ ਲਾਗਤਾਂ, ਅਸਲ ਲਾਗਤਾਂ ਅਤੇ ਅਵਸਰ (Opportunity) ਲਾਗਤਾਂ
(ਅ) ਨਿੱਜੀ ਲਾਗਤਾਂ ਅਤੇ ਸਮਾਜਿਕ ਲਾਗਤਾਂ
3. ਲਾਗਤ-ਉਤਪਾਦਨ ਸੰਬੰਧ
(ੳ) ਅਲਪਕਾਲ ਵਿਚ ਲਾਗਤ-ਉਤਪਾਦਨ ਸੰਬੰਧ
(ਅ) ਦੀਰਘਕਾਲ ਵਿਚ ਲਾਗਤ-ਉਤਪਾਦਨ ਸੰਬੰਧ
4. ਉਤਪਾਦਨ ਲਾਗਤਾਂ ਦੀ ਮਹੱਤਤਾ
IV. ਸਾਰਾਂਸ਼
V. ਤਕਨੀਕੀ ਸ਼ਬਦਾਵਲੀ
VI. ਅਭਿਆਸ ਲਈ ਪ੍ਰਸ਼ਨ
VII. ਪੜ੍ਹਨਯੋਗ ਪੁਸਤਕਾਂ


## I. ਜਾਣ - ਪਛਾਣ

ਕੋਈ ਵੀ ਉਤਪਾਦਕ (ਫ਼ਰਮ/ਉਦਯੋਗ) ਕਿਸੇ ਵੀ ਵਸਤੂ ਦੇ ਉਤਪਾਦਨ ਬਾਰੇ ਨਿਰਣਾ ਉਸ ਵਸਤੂ ਦੀ ਮੰਗ ਅਤੇ ਉਸ ਵਸਤੂ ਦੀ ਉਤਪਾਦਨ ਲਾਗਤ ਦੇ ਆਧਾਰ ਤੇ ਕਰਦਾ ਹੈ। ਮੰਗ ਦੇ ਸਿਧਾਂਤ ਬਾਰੇ ਤੁਸੀਂ ਪਹਿਲੇ ਯੂਨਿਟ ਵਿੱਚ ਪੜ੍ਹ ਚੁੱਕੇ ਹੋ। ਇਸ ਪਾਠ ਵਿੱਚ ਤੁਸੀਂ ਲਾਗਤਾਂ ਦੇ ਸਿਧਾਂਤ ਬਾਰੇ ਪੜ੍ਹੋਗੇ। ਤੁਸੀਂ ਵੇਖੋਗੇ ਕਿ ਉਤਪਾਦਨ ਦੀ ਲਾਗਤ ਦੀ ਧਾਰਨਾ ਬਹੁਤ ਮਹੱਤਵਪੂਰਣ ਹੈ ਕਿਉਂਕਿ ਇਹ ਉਤਪਾਦਨ ਦੇ ਪੱਧਰ, ਵਸਤੂ ਦੀ ਪੂਰਤੀ ਅਤੇ ਬਾਜ਼ਾਰ ਵਿੱਚ ਕੀਮਤ ਨਿਰਧਾਰਨ ਨੂੰ ਪ੍ਰਭਾਵਿਤ ਕਰਦੀ ਹੈ। ਇੱਕ ਗੱਲ ਧਿਆਨ ਰੱਖਣਯੋਗ ਹੈ ਕਿ ਫ਼ਰਮ/ਉਦਯੋਗ ਦੇ ਸੰਤੁਲਨ ਲਈ ਲਾਗਤਾਂ ਅਤੇ ਆਮਦਨ ਦੋਵੇਂ ਮਹੱਤਵਪੂਰਣ ਹਨ। ਸੋ ਆਮਦਨ ਦੀਆਂ ਧਾਰਨਾਵਾਂ ਬਾਰੇ ਤੁਹਾਨੂੰ ਪਾਠ ਨੰ: 8 ਵਿੱਚ ਦੱਸਿਆ ਗਿਆ ਹੈ। ਇਸ ਪਾਠ ਵਿੱਚ ਤੁਹਾਨੂੰ ਉਤਪਾਦਨ ਲਾਗਤ ਦੀਆ ਧਾਰਨਾਵਾਂ ਅਤੇ ਲਾਗਤ-ਉਤਪਾਦਨ ਫਲਨ/ਸੰਬੰਧ ਬਾਰੇ ਦੱਸਿਆ ਜਾਵੇਗਾ।

## II. ਉਦੇਸ਼

ਇਸ ਪਾਠ ਦੇ ਮੁੱਖ ਉਦੇਸ਼ ਹੇਠ ਲਿਖੇ ਹਨ :

1. ਉਤਪਾਦਨ ਲਾਗਤ ਦਾ ਅਰਥ ਦੱਸਿਆ ਜਾਵੇਗਾ।
2. ਲਾਗਤ ਦੀਆਂ ਵੱਖ ਵੱਖ ਕਿਸਮਾਂ ਜਿਵੇਂ ਮੌਦ੍ਰਿਕ ਲਾਗਤਾਂ, ਅਸਲ ਲਾਗਤਾਂ, ਅਵਸਰ ਲਾਗਤਾਂ, ਨਿੱਜੀ ਲਾਗਤਾਂ ਅਤੇ ਸਮਾਜਿਕ ਲਾਗਤਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।
3. ਥੋੜ੍ਹੇ ਸਮੇਂ ਅਤੇ ਲੰਬੇ ਸਮੇਂ ਵਿੱਚ ਲਾਗਤ-ਉਤਪਾਦਨ ਸੰਬੰਧ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ।

## III. ਲਾਗਤਾਂ ਦਾ ਸਿਧਾਂਤ

ਲਾਗਤਾਂ ਦੇ ਸਿਧਾਂਤ ਵਿੱਚ ਇਹ ਜਾਨਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਪੈਦਾਵਾਰ ਦੇ ਪੱਧਰ ਵਿੱਚ ਤਬਦੀਲੀ ਲਾਗਤਾਂ ਨੂੰ ਕਿਵੇਂ ਪ੍ਰਭਾਵਿਤ ਕਰਦੀ ਹੈ। ਇਸ ਦਾ ਭਾਵ ਇਹ ਹੈ ਕਿ ਕੋਈ ਵੀ ਉਤਪਾਦਕ ਵਸਤੂ ਦੀ ਕੀਮਤ ਅਤੇ ਉਤਪਾਦਨ ਲਾਗਤਾਂ

ਦੇ ਆਧਾਰ ਤੇ ਹੀ ਵਸਤੂ ਦੀ ਪੈਦਾਵਾਰ ਦੇ ਪੱਧਰ ਭਾਵ ਉਤਪਾਦਨ ਦੀ ਮਾਤਰਾ ਬਾਰੇ ਫੈਸਲਾ ਕਰਦਾ ਹੈ। ਆਓ ਹੁਣ ਦੇਖੀਏ ਕਿ ਇਸ ਮਹੱਤਵਪੂਰਣ ਧਾਰਨਾ ਦਾ ਕੀ ਅਰਥ ਹੈ।

**1. ਲਾਗਤਾਂ ਦਾ ਅਰਥ (Meaning of Costs)**

ਆਮ ਅਰਥਾਂ ਵਿੱਚ ਲਾਗਤ ਤੋਂ ਭਾਵ ਕਿਸੇ ਵਸਤੂ ਦੀ ਨਿਸ਼ਚਿਤ ਮਾਤਰਾ ਤਿਆਰ ਕਰਨ ਲਈ ਉਤਪਾਦਕ ਵਲੋਂ ਕਿਰਾਏ ਤੇ ਲਏ ਉਤਪਾਦਨ ਦੇ ਸਾਧਨਾਂ ਦੀਆਂ ਸੇਵਾਵਾਂ ਦੇ ਇਸਤੇਮਾਲ ਤੇ ਕੀਤੇ ਗਏ ਅਸਲੀ ਮੁਦ੍ਰਿਕ ਖਰਚਿਆਂ ਤੋਂ ਲਿਆ ਜਾਂਦਾ ਹੈ। ਅਰਥ ਵਿਗਿਆਨ ਵਿੱਚ ਇਨ੍ਹਾਂ ਖਰਚਿਆਂ ਨੂੰ ਕੇਵਲ ਬਾਹਰੀ ਲਾਗਤ/ਸਪੱਸ਼ਟ ਲਾਗਤ (Explicit Cost) ਕਿਹਾ ਜਾਂਦਾ ਹੈ। ਅਰਥ ਵਿਗਿਆਨ ਵਿੱਚ ਉਤਪਾਦਨ ਦੀਆਂ ਲਾਗਤਾਂ ਦੇ ਵਿੱਚ ਨਾ ਕੇਵਲ ਬਾਹਰੀ ਲਾਗਤਾਂ ਸਗੋਂ ਨਿਹਿਤ ਲਾਗਤਾਂ (Implicit or Imputed Costs) ਨੂੰ ਵੀ ਸ਼ਾਮਲ ਕੀਤਾ ਜਾਂਦਾ ਹੈ। ਉਤਪਾਦਨ ਪ੍ਰਕ੍ਰਿਆ ਵਿੱਚ ਵਰਤੇ ਜਾਣ ਵਾਲੇ ਉਤਪਾਦਨ ਦੇ ਕੁਝ ਸਾਧਨਾਂ ਤੇ ਉਤਪਾਦਕ/ਫ਼ਰਮ ਦੀ ਆਪਣੀ ਮਾਲਕੀ ਹੁੰਦੀ ਹੈ। ਇਹਨਾਂ ਦੀ ਵਰਤੋਂ ਲਈ ਉਤਪਾਦਕ ਨੂੰ ਜ਼ਾਹਰ ਤੌਰ ਤੇ ਕੋਈ ਅਦਾਇਗੀ ਨਹੀਂ ਕਰਨੀ ਪੈਂਦੀ ਹੈ। ਸੋ ਇਹਨਾਂ ਸਾਧਨਾਂ ਦੀਆਂ ਅਨੁਮਾਨਤ ਲਾਗਤਾਂ ਨੂੰ ਨਿਹਿਤ ਲਾਗਤਾਂ ਜਾਂ ਅਸਪਸ਼ਟ ਲਾਗਤਾਂ ਜਾਂ ਲੁਕਵੀਆਂ ਲਾਗਤਾਂ ਵੀ ਕਿਹਾ ਜਾਂਦਾ ਹੈ। ਲੈਫਟਵਿੱਚ ਦੇ ਸ਼ਬਦਾਂ ਵਿੱਚ ਬਾਹਰੀ ਲਾਗਤਾਂ ਅਤੇ ਲੁਕਵੀਆਂ ਲਾਗਤਾਂ ਦਾ ਅਰਥ ਸਮਝਦੇ ਹਾਂ, ''ਬਾਹਰੀ ਲਾਗਤਾਂ ਉਹ ਨਕਦ ਭੁਗਤਾਨ ਹਨ ਜੋ ਕਿ ਫ਼ਰਮਾਂ ਦੁਆਰਾ ਬਾਹਰੀ ਵਿਅਕਤੀ ਨੂੰ ਉਨ੍ਹਾਂ ਦੀਆਂ ਵਸਤਾਂ ਅਤੇ ਸੇਵਾਵਾਂ ਦੇ ਲਈ ਕੀਤੇ ਜਾਂਦੇ ਹਨ।'' ("Explicit Costs are those payments which firms make to outsiders for their services and goods" - Leftwitch). ਦੂਜੇ ਪਾਸੇ ''ਉਤਪਾਦਨ ਦੀਆਂ ਲੁਕਵੀਆਂ ਲਾਗਤਾਂ ਆਪਣੀ ਮਲਕੀਅਤ ਵਾਲੇ ਅਤੇ ਆਪਣੇ ਸਾਧਨਾ ਦੀਆਂ ਲਾਗਤਾਂ ਹਨ।'' ("Implicit Costs are costs of self owned and self employed resources" - Leftwitch).

ਆਓ, ਹੁਣ ਇੱਕ ਉਦਾਹਰਣ ਰਾਹੀਂ ਬਾਹਰੀ ਲਾਗਤਾਂ ਅਤੇ ਲੁਕਵੀਆਂ ਲਾਗਤਾਂ ਵਿਚਲੇ ਭੇਦ ਨੂੰ ਸਪਸ਼ਟ ਕਰਦੇ ਹਾਂ। ਕਿਸੇ ਉਤਪਾਦਕ ਵੱਲੋਂ ਭੂਮੀ ਦਾ ਲਗਾਨ, ਪੂੰਜੀ ਦਾ ਵਿਆਜ਼, ਮਜ਼ਦੂਰਾਂ ਨੂੰ ਮਜ਼ਦੂਰੀ, ਕੱਚਾ ਮਾਲ, ਬਿਜਲੀ ਦਾ ਖਰਚਾ ਆਦਿ ਭੁਗਤਾਨ ਬਾਹਰੀ ਲਾਗਤਾਂ ਹਨ। ਦੂਜੇ ਪਾਸੇ ਉਤਪਾਦਕ ਵਲੋਂ ਪ੍ਰਯੋਗ ਕੀਤੀ ਜਾਣ ਵਾਲੀ ਆਪਣੀ ਹੀ ਭੂਮੀ ਦਾ ਲਗਾਨ, ਉਸ ਦੀ ਆਪਣੀ ਹੀ ਪੂੰਜੀ ਦਾ ਵਿਆਜ਼, ਉਸ ਦੀ ਆਪਣੀ ਮਿਹਨਤ ਦੀ ਮਜ਼ਦੂਰੀ ਅਤੇ ਉਸ ਦੇ ਆਪਣੇ ਉੱਦਮ ਦੇ ਲਾਭ ਉਤਪਾਦਕ ਨੂੰ ਮਿਲਣੇ ਚਾਹੀਦੇ ਹਨ। ਸੋ ਇਹਨਾਂ ਲਾਗਤਾਂ ਦਾ ਵੀ ਹਿਸਾਬ ਲਗਾਇਆ ਜਾਂਦਾ ਹੈ ਅਤੇ ਇਹਨਾਂ ਨੂੰ ਲੁਕਵੀਆਂ ਲਾਗਤਾਂ ਕਿਹਾ ਜਾਂਦਾ ਹੈ।

ਸੋ ਹੁਣ ਤੁਹਾਨੂੰ ਸਪਸ਼ਟ ਹੋ ਗਿਆ ਹੋਵੇਗਾ ਕਿ ਅਰਥ ਸ਼ਾਸਤਰ ਵਿੱਚ ਉਤਪਾਦਨ ਲਾਗਤਾਂ ਦੇ ਵਿੱਚ ਬਾਹਰੀ ਲਾਗਤਾਂ ਅਤੇ ਲੁਕਵੀਆਂ ਲਾਗਤਾਂ ਦੋਵੇਂ ਹੀ ਸ਼ਾਮਲ ਹੁੰਦੀਆਂ ਹਨ।

**2. ਲਾਗਤਾਂ ਦੀਆਂ ਕਿਸਮਾਂ (Types of Costs)**

ਲਾਗਤਾਂ ਕਈ ਕਿਸਮ ਦੀਆਂ ਹੁੰਦੀਆਂ ਹਨ। ਕਿਸੇ ਵਸਤੂ ਨੂੰ ਬਣਾਉਣ ਲਈ ਕੀਤੇ ਮੌਦ੍ਰਿਕ ਖਰਚੇ, ਅਸਲ ਮਿਹਨਤ, ਕਿਸੇ ਹੋਰ ਵਸਤੂ ਦਾ ਤਿਆਗ ਆਦਿ ਦੇ ਆਧਾਰ ਤੇ ਲਾਗਤਾਂ ਵਿੱਚ ਭਿੰਨਤਾ ਕੀਤੀ ਜਾਂਦੀ ਹੈ। ਜੋ ਕਿ ਨਿਮਨ ਅਨੁਸਾਰ ਹੈ :

**(ੳ) ਮੌਦ੍ਰਿਕ ਲਾਗਤਾਂ, ਅਸਲ ਲਾਗਤਾਂ ਅਤੇ ਅਵਸਰ ਲਾਗਤਾਂ (Money Cost, Real Cost and Opportunity Cost) :**

**ਮੌਦ੍ਰਿਕ ਲਾਗਤਾਂ (Money Cost) :**

ਕਿਸੇ ਉਤਪਾਦਕ ਵੱਲੋਂ ਕਿਸੇ ਵਸਤੂ ਦੀ ਨਿਸ਼ਚਿਤ ਮਾਤਰਾ ਦਾ ਉਤਪਾਦਨ ਕਰਨ ਲਈ ਜੋ ਕੁੱਲ ਖਰਚਾ ਕੀਤਾ ਜਾਂਦਾ ਹੈ ਉਸ ਨੂੰ ਮੌਦ੍ਰਿਕ ਲਾਗਤ ਕਿਹਾ ਜਾਂਦਾ ਹੈ। ਇਸ ਵਿੱਚ ਸਪਸ਼ਟ ਲਾਗਤਾਂ (Explicit Cost) ਅਤੇ ਨਿਹਿਤ ਲਾਗਤਾਂ (Implicit Costs) ਦੋਵੇਂ ਹੀ ਸ਼ਾਮਲ ਹੁੰਦੀਆਂ ਹਨ। ਉਤਪਾਦਨ ਦੇ ਸਾਧਨਾਂ (ਬਾਹਰਲੇ ਅਤੇ ਆਪਣੇ) ਦੀ ਵਰਤੋਂ ਲਈ ਕੀਤੀਆਂ ਜਾਣ ਵਾਲੀਆਂ ਅਦਾਇਗੀਆਂ, ਉਤਪਾਦਨ ਦਾ ਪੱਧਰ ਅਤੇ ਉਤਪਾਦਨ ਦਾ ਸਮਾਂ (ਥੋੜ੍ਹਾ ਜਾਂ ਲੰਬਾ) ਤਿੰਨੇ ਮਿਲ ਕੇ ਕਿਸੇ ਵੀ ਵਸਤੂ ਦੇ ਉਤਪਾਦਨ ਦੀਆਂ ਮੌਦ੍ਰਿਕ ਲਾਗਤਾਂ ਨੂੰ ਨਿਰਧਾਰਤ ਕਰਦੇ ਹਨ।

**ਅਸਲ ਲਾਗਤਾਂ (Real Cost) :**

ਉਤਪਾਦਨ ਕਰਨ ਲਈ ਉਤਪਾਦਨ ਦੇ ਸਾਧਨਾਂ ਦੁਆਰਾ ਕੀਤੀ ਗਈ ਮਿਹਨਤ, ਤਿਆਗ, ਘਾਲਣਾ ਹੀ ਉਤਪਾਦਨ ਦੀ ਅਸਲ ਲਾਗਤ ਹੈ। ਐਡਮ ਸਮਿਥ ਨੇ ਤਕਲੀਫ਼ਾਂ ਅਤੇ ਕੁਰਬਾਨੀਆਂ ਨੂੰ ਉਤਪਾਦਨ ਦੀ ਅਸਲ ਲਾਗਤ ਕਿਹਾ ਹੈ ਪ੍ਰੰਤੂ ਮਾਰਸ਼ਲ ਨੇ

ਕੋਸ਼ਿਸ਼ਾਂ, ਉਡੀਕ ਅਤੇ ਸੰਜਮ ਨੂੰ ਵਾਸਤਵਿਕ ਲਾਗਤ ਕਿਹਾ ਹੈ।

ਮਾਰਸ਼ਲ ਦੇ ਸ਼ਬਦਾਂ ਵਿੱਚ, ''ਕਿਸੇ ਵਸਤੂ ਦੇ ਉਤਪਾਦਨ ਲਈ ਪ੍ਰਤੱਖ ਅਤੇ ਅਪ੍ਰਤੱਖ ਰੂਪ ਨਾਲ ਕੀਤੀ ਗਈ ਵਿਭਿੰਨ ਤਰ੍ਹਾਂ ਦੀ ਮਿਹਨਤ, ਤਿਆਗ ਅਤੇ ਵਰਤੀ ਗਈ ਪੂੰਜੀ ਨੂੰ ਬਚਾਉਣ ਲਈ ਉਡੀਕ-ਇਹਨਾਂ ਸਾਰੀਆਂ ਕੋਸ਼ਿਸ਼ਾਂ ਅਤੇ ਕੁਰਬਾਨੀਆਂ ਦਾ ਨਾਂ ਵਾਸਤਵਿਕ ਲਾਗਤ ਹੈ।'' ("The exertions of all the different kinds of labour in making it together with the abstinence or rather the waiting required for saving the capital used in making it; all these efforts and sacrifices together will be called the real cost of the commodity" - Marshall).

ਸੋ, ਅਸਲ ਲਾਗਤ ਵਿੱਚ ਕੋਸ਼ਿਸ਼ਾਂ, ਉਡੀਕਾਂ, ਕੁਰਬਾਨੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ ਅਤੇ ਇਹ ਸਾਰੇ ਅੰਤਰਮੁਖੀ ਵਿਚਾਰ ਹਨ ਜਿਨ੍ਹਾਂ ਨੂੰ ਮਾਪਿਆ ਜਾਣਾ ਮੁਸ਼ਕਿਲ ਹੈ।

ਪ੍ਰੰਤੂ ਕਈ ਅਰਥ ਵਿਗਿਆਨੀਆਂ ਦਾ ਵਿਚਾਰ ਹੈ ਕਿ ਵਿਕਲਪੀ ਲਾਗਤਾਂ ਹੀ ਅਸਲ ਲਾਗਤਾਂ ਦਾ ਵਧੇਰੇ ਸਹੀ ਮਾਪ ਹਨ।

**ਵਿਕਲਪੀ ਲਾਗਤ (Opportunity Cost)** :

ਇਹਨਾਂ ਨੂੰ ਵੈਕਲਪਿਕ ਲਾਗਤਾਂ, ਵਿਵਸਥਿਤ ਲਾਗਤਾਂ ਜਾਂ ਹਸਤਾਂਤਰਣ ਲਾਗਤਾਂ ਵੀ ਕਿਹਾ ਜਾਂਦਾ ਹੈ। ਕਿਸੇ ਵਸਤੂ ਦੀ ਅਸਲ ਉਤਪਾਦਨ ਲਾਗਤ ਦਾ ਅਨੁਮਾਨ ਕਿਸੇ ਹੋਰ ਵਸਤੂ ਦੀ ਉਸ ਵੱਧ ਤੋਂ ਵੱਧ ਮਾਤਰਾ ਤੋਂ ਲਗਾਇਆ ਜਾ ਸਕਦਾ ਹੈ ਜਿਸ ਦਾ ਉਤਪਾਦਨ ਇਹਨਾਂ ਹੀ ਸਾਧਨਾਂ ਰਾਹੀਂ ਕੀਤਾ ਜਾ ਸਕਦਾ ਸੀ।

ਪ੍ਰੋ. ਫਰਗੂਸਨ ਦੇ ਅਨੁਸਾਰ, ''ਵਸਤੂ X ਦੀ ਇੱਕ ਇਕਾਈ ਪੈਦਾ ਕਰਨ ਦੀ ਵਿਕਲਪੀ ਲਾਗਤ ਵਸਤੂ Y ਦੀ ਉਹ ਮਾਤਰਾ ਹੈ ਜਿਸਦਾ ਤਿਆਗ ਕਰਨਾ ਜ਼ਰੂਰੀ ਹੈ ਤਾਂ ਕਿ ਸਾਧਨਾਂ ਨੂੰ Y ਵਸਤੂ ਦੇ ਉਤਪਾਦਨ ਦੀ ਬਜਾਇ ਵਸਤੂ X ਦੇ ਉਤਪਾਦਨ ਲਈ ਵਰਤਿਆ ਜਾ ਸਕੇ। ਇਹ ਹੀ ਵਿਕਲਪੀ ਲਾਗਤ ਹੈ।'' (The Alternative or Opportunity Cost of producing one unit of commodity - X is the amount of commodity - Y that must be sacrificed in order to use resources to produce X rather than Y" - Ferguson).

ਫਰਜ਼ ਕਰੋ ਕਿ ਉਤਪਾਦਨ ਦੇ ਸਾਧਨਾਂ ਦੀ ਇੱਕ ਨਿਸ਼ਚਿਤ ਮਾਤਰਾ ਨਾਲ ਇੱਕ ਕੁਇੰਟਲ ਕਣਕ ਪੈਦਾ ਕੀਤੀ ਜਾ ਸਕਦੀ ਹੈ ਪਰ ਜੇ ਇਨ੍ਹਾਂ ਸਾਧਨਾਂ ਨੂੰ ਕਣਕ ਪੈਦਾ ਕਰਨ ਤੇ ਨਾ ਲਗਾਇਆ ਜਾਵੇ ਤਾਂ 75 ਕਿਲੋ ਛੋਲੇ ਪੈਦਾ ਕੀਤੇ ਜਾ ਸਕਦੇ ਹਨ। ਸੋ ਇਸ ਉਦਾਹਰਣ ਅਨੁਸਾਰ ਜੇਕਰ ਇੱਕ ਕੁਇੰਟਲ ਕਣਕ ਪੈਦਾ ਕੀਤੀ ਜਾਵੇ ਤਾਂ 75 ਕਿਲੋ ਛੋਲਿਆਂ ਤੋਂ ਵਾਂਝੇ ਰਹਿਣਾ ਪੈਂਦਾ ਹੈ। ਸੋ ਇੱਕ ਕੁਇੰਟਲ ਕਣਕ ਪੈਦਾ ਕਰਨ ਦੀ ਲਾਗਤ 80 ਕਿਲੋ ਛੋਲੇ ਹਨ ਇਹ ਹੀ ਵਿਕਲਪੀ ਲਾਗਤ ਹੈ।

**(ਅ) ਨਿੱਜੀ ਲਾਗਤਾਂ ਅਤੇ ਸਮਾਜਿਕ ਲਾਗਤਾਂ(Private Cost and Social Cost)** :

ਲਾਗਤਾਂ ਵਿੱਚ ਭੇਦ ਨਿੱਜੀ ਲਾਗਤਾਂ ਅਤੇ ਸਮਾਜਿਕ ਲਾਗਤਾਂ ਦੇ ਆਧਾਰ ਤੇ ਵੀ ਕੀਤਾ ਜਾਂਦਾ ਹੈ। ਉਤਪਾਦਕ ਵੱਲੋਂ ਕੀਤੇ ਗਏ ਹਰ ਪ੍ਰਕਾਰ ਦੇ ਮੌਦ੍ਰਿਕ ਖਰਚ/ਭੁਗਤਾਨ ਜਿਸ ਵਿੱਚ ਬਾਹਰੀ ਲਾਗਤਾਂ, ਨਿਹਿਤ ਲਾਗਤਾਂ ਅਤੇ ਉਸਦੇ ਸਾਧਾਰਨ ਲਾਭ ਸ਼ਾਮਲ ਹੁੰਦੇ ਹਨ, ਇਹਨਾਂ ਲਾਗਤਾਂ ਨੂੰ ਉਤਪਾਦਕ ਦੀਆਂ ਨਿੱਜੀ ਲਾਗਤਾਂ ਕਿਹਾ ਜਾਂਦਾ ਹੈ। ਨਿੱਜੀ ਲਾਗਤਾਂ ਵਿੱਚ ਬਾਹਰਮੁਖੀ ਪ੍ਰਭਾਵ (Externalities) ਸ਼ਾਮਲ ਨਹੀਂ ਹੁੰਦੇ। ਕਿਸੇ ਵਸਤੂ ਦੇ ਉਤਪਾਦਨ ਕਾਰਣ ਸਮਾਜ ਨੂੰ ਜੋ ਨੁਕਸਾਨ ਸਹਿਣ ਕਰਨਾ ਪੈਂਦਾ ਹੈ, ਉਹਨਾਂ ਨੂੰ ਸਮਾਜਕ ਲਾਗਤਾਂ ਕਹਿੰਦੇ ਹਨ। ਕਿਸੇ ਰਿਹਾਇਸ਼ੀ ਇਲਾਕੇ ਦੇ ਨੇੜੇ ਜੇਕਰ ਕੋਈ ਫੈਕਟਰੀ ਬਣ ਜਾਵੇ ਤਾਂ ਫੈਕਟਰੀ ਦੁਆਰਾ ਫੈਲਾਏ ਜਾ ਰਹੇ ਗੰਧਲੇ ਧੂੰਏ ਕਾਰਣ ਵਾਤਾਵਰਣ ਪ੍ਰਦੂਸ਼ਿਤ ਹੋ ਜਾਵੇਗਾ। ਜਿਸ ਕਾਰਣ ਉਸ ਇਲਾਕੇ ਦੇ ਲੋਕ ਬੀਮਾਰ ਪੈ ਜਾਣਗੇ। ਸੋ ਉਹਨਾਂ ਦੀਆਂ ਦਵਾਈਆਂ ਦੇ ਖਰਚੇ ਸਮਾਜਿਕ ਲਾਗਤਾਂ ਹਨ।

**ਸਵੈ-ਮੁਲਾਂਕਣ ਅਭਿਆਸ - 1**

ਮੌਦ੍ਰਿਕ ਲਾਗਤਾਂ ਅਤੇ ਅਸਲ ਲਾਗਤਾਂ ਵਿੱਚ ਭੇਦ ਕਰੋ।

**3. ਲਾਗਤ ਫਲਨ (Cost Function)**

**ਜਾਂ**

**ਲਾਗਤ - ਉਤਪਾਦ ਸੰਬੰਧ (Cost - Output Relationship)**

ਲਾਗਤਾਂ ਅਤੇ ਉਤਪਾਦਨ ਵਿਚਾਲੇ ਸੰਬੰਧ ਲਾਗਤ ਫਲਨ ਰਾਹੀਂ ਦਰਸਾਇਆ ਜਾਂਦਾ ਹੈ।
ਇੱਕ ਸਾਧਾਰਨ ਲਾਗਤ ਫਲਨ ਹੇਠ ਲਿਖੇ ਅਨੁਸਾਰ ਹੋ ਸਕਦਾ ਹੈ।

$C = f\,(Q, W, F, T, K)$

ਇਥੇ Q - ਉਤਪਾਦਨ ਦਾ ਮਾਤਰਾ (Amount of Production)
W - ਉਤਪਾਦਨ ਦੇ ਸਾਧਨਾਂ ਦੀ ਕੀਮਤ
F - ਉਤਪਾਦਨ ਦੇ ਸਾਧਨਾਂ ਦੀ ਉਤਪਾਦਕਤਾ
T - ਉਤਪਾਦਨ ਦੀ ਤਕਨੀਕ ਵਿੱਚ ਸੁਧਾਰਾਤਮਕ ਤਬਦੀਲੀਆਂ ਹਨ
K - ਭੂਮੀ, ਪੂੰਜੀ, ਸਾਜੋ ਸਮਾਨ, ਫੈਕਟਰੀ ਬਿਲਡਿੰਗ, ਪ੍ਰਬੰਧਕੀ ਸਟਾਫ ਆਦਿ ਹੈ
ਇਸ ਤੋਂ ਭਾਵ ਹੈ ਕਿ ਉਤਪਾਦਨ ਦੀ ਲਾਗਤ ਨੂੰ ਪ੍ਰਭਾਵਿਤ ਕਰਨ ਵਾਲੇ ਤੱਤ ਨਿਮਨ ਅਨੁਸਾਰ ਹਨ :

**(i)** **ਉਤਪਾਦਨ ਦੀ ਮਾਤਰਾ** : ਭਾਵ ਜੇਕਰ ਪੈਦਾਵਾਰ ਵਧੇਰੇ ਕੀਤੀ ਜਾਵੇਗੀ ਤਾਂ ਉਤਪਾਦਨ ਦੀ ਲਾਗਤ ਵੀ ਵਧੇਗੀ।

**(ii)** **ਉਤਪਾਦਨ ਦੇ ਸਾਧਨਾਂ ਦੀਆਂ ਕੀਮਤਾਂ** : ਇਹਨਾਂ ਵਿੱਚ ਤਬਦੀਲੀ ਆਉਣ ਤੇ ਲਾਗਤਾਂ ਬਦਲਣਗੀਆਂ।

**(iii)** **ਉਤਪਾਦਨ ਦੀ ਤਕਨੀਕ** : ਵਧੀਆ ਤਕਨੀਕ ਦੀ ਵਰਤੋਂ ਨਾਲ ਉਤਪਾਦਨ ਲਾਗਤ ਘਟੇਗੀ।

**(iv)** **ਉਤਪਾਦਨ ਫਲਨ/ਸਾਧਨਾਂ ਦਾ ਅਨੁਪਾਤ** : ਉਤਪਾਦਨ ਫਲਨ/ਸਾਧਨਾਂ ਦਾ ਅਨੁਪਾਤ ਵੀ ਉਤਪਾਦਨ ਲਾਗਤ ਨੂੰ ਨਿਰਧਾਰਤ ਕਰਦਾ ਹੈ। ਕਈ ਵਾਰੀ ਇੱਕ ਸਾਧਨ ਬਦਲਣਸ਼ੀਲ ਅਤੇ ਬਾਕੀ ਸਾਧਨ ਸਥਿਰ ਹੁੰਦੇ ਹਨ, ਕਈ ਵਾਰੀ ਕੁਝ ਸਾਧਨ ਬਦਲਣਸ਼ੀਲ ਅਤੇ ਕਈ ਵਾਰੀ ਸਾਰੇ ਸਾਧਨ ਬਦਲਣਸ਼ੀਲ ਹੁੰਦੇ ਹਨ। ਇਸ ਆਧਾਰ ਤੇ ਦੋ ਤਰ੍ਹਾਂ ਦੇ ਲਾਗਤ ਫਲਨ ਦਾ ਅਧਿਐਨ ਕੀਤਾ ਜਾਂਦਾ ਹੈ।
(ੳ) ਅਲਪਕਾਲ ਵਿੱਚ ਲਾਗਤ-ਉਤਪਾਦਨ ਸੰਬੰਧ/ਲਾਗਤ ਫਲਨ/ਲਾਗਤ ਵਕਰ।
(ਅ) ਦੀਰਘਕਾਲ ਵਿੱਚ ਲਾਗਤ-ਉਤਪਾਦਨ ਸੰਬੰਧ/ਲਾਗਤ ਫਲਨ/ਲਾਗਤ ਵਕਰ।

**(ੳ) ਅਲਪਕਾਲ ਵਿੱਚ ਲਾਗਤ-ਉਤਪਾਦਨ ਸੰਬੰਧ/ਲਾਗਤ ਫਲਨ/ਲਾਗਤ ਵਕਰ (Short Run Cost Curve):**

ਅਲਪਕਾਲ ਵਿੱਚ ਘੱਟੋ ਘੱਟ ਇੱਕ ਸਾਧਨ ਸਥਿਰ (fixed) ਅਤੇ ਬਾਕੀ ਸਾਧਨ ਬਦਲਣਸ਼ੀਲ (Variable) ਹੁੰਦੇ ਹਨ। ਬਦਲਣਸ਼ੀਲ ਸਾਧਨਾਂ ਦੀ ਮਾਤਰਾ ਬਦਲ ਕੇ ਹੀ ਉਤਪਾਦਨ ਦਾ ਪੱਧਰ ਬਦਲਿਆ ਜਾ ਸਕਦਾ ਹੈ। ਅਲਪਕਾਲ ਵਿੱਚ ਉਤਪਾਦਨ ਦਾ ਪੈਮਾਨਾ ਨਹੀਂ ਬਦਲਿਆ ਜਾ ਸਕਦਾ। ਜਿਉਂ ਹੀ ਬਦਲਣਸ਼ੀਲ ਸਾਧਨਾਂ ਵਿੱਚ ਤਬਦੀਲੀ ਕੀਤੀ ਜਾਂਦੀ ਹੈ ਤਾਂ ਸਥਿਰ (fixed) ਅਤੇ ਬਦਲਣਸ਼ੀਲ (Variable) ਸਾਧਨਾਂ ਦਾ ਅਨੁਪਾਤ ਬਦਲ ਜਾਂਦਾ ਹੈ। ਸੋ ਉਤਪਾਦਨ ਫਲਨ ਬਦਲਦੇ ਅਨੁਪਾਤਾਂ ਦੇ ਨਿਯਮ (Law of Variable Proportions) ਰਾਹੀਂ ਕੰਮ ਕਰਦਾ ਹੈ।

ਅਲਪਕਾਲ ਦਾ ਉਤਪਾਦਨ ਫਲਨ ਇਸ ਤਰ੍ਹਾਂ ਲਿਖਿਆ ਜਾ ਸਕਦਾ ਹੈ

$$C = f\,(Q, W, F, \bar{T}, K)$$

ਇਥੇ $\overline{K}$ ਤੋਂ ਭਾਵ ਉਹ ਸਾਧਨ ਜੋ ਸਥਿਰ ਹਨ।

**ਅਲਪਕਾਲ ਵਿੱਚ ਲਾਗਤਾਂ ਦਾ ਸਿਧਾਂਤ :**

ਅਲਪਕਾਲ ਵਿੱਚ ਕਿਸੇ ਫ਼ਰਮ ਦੀਆਂ ਲਾਗਤਾਂ ਦਾ ਅਧਿਐਨ ਨਿਮਨ ਅਨੁਸਾਰ ਕੀਤਾ ਜਾ ਸਕਦਾ ਹੈ :

(i) ਕੁੱਲ ਲਾਗਤ
(ii) ਔਸਤ ਲਾਗਤ
(iii) ਸੀਮਾਂਤ ਲਾਗਤ

**(i) ਕੁੱਲ ਲਾਗਤ (Total Cost) :**

ਕਿਸੇ ਪ੍ਰਕਾਰ ਦੇ ਉਤਪਾਦਨ ਦੀ ਮਾਤਰਾ ਨੂੰ ਪੈਦਾ ਕਰਨ ਵਿੱਚ ਜੋ ਕੁੱਲ ਮੌਦ੍ਰਿਕ ਖਰਚ ਹੁੰਦਾ ਹੈ ਉਸ ਨੂੰ ਕੁੱਲ ਲਾਗਤ

ਕਹਿੰਦੇ ਹਨ। ਇਸ ਵਿੱਚ ਦੋ ਤਰ੍ਹਾਂ ਦੀਆਂ ਲਾਗਤਾਂ ਸ਼ਾਮਲ ਹੁੰਦੀਆਂ ਹਨ।

(A) ਸਥਿਰ ਲਾਗਤਾਂ (Fixed Costs)

(B) ਬਦਲਣਸ਼ੀਲ ਲਾਗਤਾਂ (Variable Costs)

**(A) ਸਥਿਰ ਲਾਗਤਾਂ / ਪੂਰਕ ਲਾਗਤਾਂ / ਬੱਧੀਆਂ ਲਾਗਤਾਂ (Fixed Costs) :**

ਸਥਿਰ ਲਾਗਤਾਂ ਥੋੜ੍ਹੇ ਸਮੇਂ ਵਿੱਚ ਨਹੀਂ ਬਦਲਦੀਆਂ ਕਿਉਂਕਿ ਅਲਪਕਾਲ ਵਿੱਚ ਉਤਪਾਦਨ ਦੇ ਕੁਝ ਸਾਧਨਾਂ ਨੂੰ ਵਧਾਇਆ ਘਟਾਇਆ ਨਹੀਂ ਜਾ ਸਕਦਾ। ਇਥੋਂ ਤੱਕ ਕਿ ਉਤਪਾਦਨ ਦੇ ਪੱਧਰ ਦੇ ਤਬਦੀਲ ਹੋਣ ਤੇ ਵੀ ਇਹ ਤਬਦੀਲ ਨਹੀਂ ਹੁੰਦੀਆਂ। ਭਾਵ ਇਹ ਹੈ ਕਿ ਭਾਵੇਂ ਇੱਕ ਹਜ਼ਾਰ ਇਕਾਈਆਂ ਦਾ ਉਤਪਾਦਨ ਕੀਤਾ ਜਾਵੇ, ਦੋ ਹਜ਼ਾਰ ਇਕਾਈਆਂ ਦਾ ਉਤਪਾਦਨ ਕੀਤਾ ਜਾਵੇ ਜਾਂ ਬਿਲਕੁਲ ਵੀ ਉਤਪਾਦਨ ਨਾ ਕੀਤਾ ਜਾਵੇ ਤਾਂ ਵੀ ਕੁੱਲ ਸਥਿਰ ਲਾਗਤ ਉਹੀ ਰਹਿੰਦੀ ਹੈ। ਇਮਾਰਤ ਦਾ ਕਿਰਾਇਆ, ਮਸ਼ੀਨਰੀ ਲਗਾਉਣ ਲਈ ਉਧਾਰ ਲਈ ਗਈ ਪੂੰਜੀ ਦਾ ਵਿਆਜ਼, ਸਥਾਈ ਮੁਲਾਜਮਾਂ ਦੀਆਂ ਤਨਖਾਹਾਂ, ਸਾਧਾਰਨ ਲਾਭ, ਪੂੰਜੀ ਕਰ, ਬੀਮੇ ਦੀਆਂ ਕਿਸ਼ਤਾਂ ਆਦਿ ਥੋੜ੍ਹੇ ਸਮੇਂ ਵਿੱਚ ਨਹੀਂ ਬਦਲਦੇ। ਲੰਬੇ ਸਮੇਂ ਵਿੱਚ ਤਾਂ ਇਹਨਾਂ ਵਿੱਚ ਤਬਦੀਲੀ ਆ ਸਕਦੀ ਹੈ। ਸਾਰਣੀ 7.1 ਵਿੱਚ ਕਾਲਮ ਨੰ: 2 ਵਿੱਚ ਸਥਿਰ ਲਾਗਤਾਂ ਦਿਖਾਈਆਂ ਗਈਆਂ ਹਨ। ਇਹ ਲਾਗਤ ਪੈਦਾਵਾਰ ਦੇ ਹਰੇਕ ਪੱਧਰ ਤੇ 50 ਹੀ ਰਹਿੰਦੀ ਹੈ ਇਸੇ ਲਈ ਇਸ ਨੂੰ ਸਥਿਰ ਲਾਗਤਾਂ ਕਿਹਾ ਜਾਂਦਾ ਹੈ।

**(B) ਬਦਲਣਸ਼ੀਲ ਲਾਗਤਾਂ (Variable Costs) :**

ਉਤਪਾਦਨ ਦੇ ਪੱਧਰ ਵਿੱਚ ਤਬਦੀਲੀ ਕਰਨ ਨਾਲ ਤਬਦੀਲ ਹੋ ਜਾਣ ਵਾਲੀਆਂ ਲਾਗਤਾਂ ਨੂੰ ਬਦਲਣਸ਼ੀਲ ਲਾਗਤਾਂ ਕਹਿੰਦੇ ਹਨ। ਉਦਾਹਰਣ ਦੇ ਤੌਰ ਤੇ ਪੈਦਾਵਾਰ ਵਧਾਉਣ ਲਈ/ਘਟਾਉਣ ਲਈ ਕੱਚੇ ਮਾਲ, ਬਿਜਲੀ, ਕੰਮ ਤੇ ਲਗਾਏ ਕਿਰਤੀਆਂ ਦੀ ਮਜ਼ਦੂਰੀ, ਬਾਲਣ, ਆਵਾਜਾਈ ਦਾ ਖਰਚਾ ਵੀ ਵਧਾਉਣਾ ਪਵੇਗਾ/ਘਟਾਉਣਾ ਪਵੇਗਾ। ਇਹ ਲਾਗਤਾਂ ਕੇਵਲ ਤਾਂ ਹੀ ਹੁੰਦੀਆਂ ਹਨ ਜੇਕਰ ਪੈਦਾਵਾਰ ਕੀਤੀ ਜਾਵੇ, ਪੈਦਾਵਾਰ ਬੰਦ ਕਰਨ ਦੀ ਸੂਰਤ ਵਿੱਚ ਇਹ ਲਾਗਤਾਂ ਨਹੀਂ ਹੋਣਗੀਆਂ। ਸਾਰਣੀ 7.2 ਵਿੱਚ ਕਾਲਮ ਨੰ: 3 ਵਿੱਚ ਕੁੱਲ ਬਦਲਣਸ਼ੀਲ ਲਾਗਤਾਂ ਦਿਖਾਈਆਂ ਗਈਆਂ ਹਨ। ਇਹ ਉਤਪਾਦਨ ਦੇ ਹਰੇਕ ਪੱਧਰ ਤੇ ਬਦਲਦੀਆਂ ਹਨ। ਉਤਪਾਦਨ ਦਾ ਪੱਧਰ ਵਧਾਉਣ ਤੇ ਇਹ ਲਗਾਤਾਰ ਵਧਦੀਆਂ ਜਾ ਰਹੀਆਂ ਹਨ। ਇੱਕ ਇਕਾਈ ਪੈਦਾ ਕਰਨ ਤੇ ਇਹ 25 ਰੁ. ਹਨ ਅਤੇ 8 ਇਕਾਈਆਂ ਪੈਦਾ ਕਰਨ ਲਈ ਇਹ 270 ਰੁ. ਹੋ ਗਈਆਂ ਹਨ।

**ਸਾਰਣੀ 7.1 : ਥੋੜ੍ਹੇ ਸਮੇਂ ਦੀਆਂ ਲਾਗਤਾਂ ਦੀਆਂ ਵੱਖ ਵੱਖ ਕਿਸਮਾਂ**

| Output (1) | TFC (2) | TVC (3) | TC (4) | AFC (5) | AVC (6) | AC (7) | MC (8) |
|---|---|---|---|---|---|---|---|
| 0 | 50 | 0 | 50 | -- | -- | -- | -- |
| 1 | 50 | 25 | 75 | 50.0 | 25.0 | 75.0 | 25 |
| 2 | 50 | 45 | 95 | 25.0 | 22.5 | 47.5 | 20 |
| 3 | 50 | 60 | 110 | 16.7 | 20.0 | 36.7 | 15 |
| 4 | 50 | 70 | 120 | 12.5 | 17.5 | 30.0 | 10 |
| 5 | 50 | 95 | 145 | 10.0 | 19.0 | 29.0 | 25 |
| 6 | 50 | 145 | 195 | 8.3 | 24.6 | 32.5 | 50 |
| 7 | 50 | 200 | 250 | 7.10 | 28.6 | 35.7 | 55 |
| 8 | 50 | 270 | 320 | 6.3 | 33.8 | 40.0 | 70 |


ਸਾਰਣੀ 7.1 ਵਿੱਚ ਦਿੱਤੀਆਂ ਗਈਆਂ ਕੁੱਲ ਸਥਿਰ ਲਾਗਤਾਂ, ਕੁੱਲ ਬਦਲਣਸ਼ੀਲ ਲਾਗਤਾਂ ਅਤੇ ਕੁੱਲ ਲਾਗਤਾਂ ਨੂੰ ਚਿੱਤਰ ਨੰ: 7.1 ਵਿੱਚ ਤਿੰਨ ਵਕਰਾਂ TFC, TVC ਅਤੇ TC ਰਾਹੀਂ ਦਿਖਾਇਆ ਗਿਆ ਹੈ।

ਚਿੱਤਰ ਨੰ: 7.1 ਵਿੱਚ TFC ਕੁੱਲ ਸਥਿਰ ਲਾਗਤ ਵਕਰ ਹੈ। ਇਹ X-ਧੁਰੇ ਦੇ ਸਮਾਨਾਂਤਰ ਸਿੱਧੀ ਲੇਟਵੀਂ ਰੇਖਾ ਹੈ ਜੋ ਇਹ ਪ੍ਰਗਟ ਕਰਦੀ ਹੈ ਕਿ ਪੈਦਾਵਾਰ ਦੇ ਵੱਖ ਵੱਖ ਪੱਧਰ ਤੇ ਇਹ ਸਮਾਨ ਰਹਿੰਦੀ ਹੈ। TVC ਕੁੱਲ ਬਦਲਣਸ਼ੀਲ ਲਾਗਤ ਵਕਰ ਹੈ। ਇਹ ਵਕਰ O ਬਿੰਦੂ ਤੋਂ ਸ਼ੁਰੂ ਹੁੰਦਾ ਹੈ ਜਿਸਦਾ ਭਾਵ ਹੈ ਜਦੋਂ ਉਤਪਾਦਨ ਸਿਫ਼ਰ ਹੈ ਤਾਂ ਲਾਗਤਾਂ ਵੀ ਸਿਫ਼ਰ ਹੀ ਹੋਣਗੀਆਂ। ਪੈਦਾਵਾਰ ਵਿੱਚ ਵਾਧੇ ਨਾਲ TVC ਵਧ ਰਹੀ ਹੈ। 0 ਤੋਂ 4 ਇਕਾਈਆਂ ਤੱਕ ਇਹ ਘਟਦੀ ਦਰ ਨਾਲ ਵਧਦੀ ਹੈ। ਇਸ ਤੋਂ ਬਾਦ ਪੈਦਾਵਾਰ ਵਧਣ ਤੇ TVC ਵਧਦੀ ਦਰ ਤੇ ਵਧ ਰਹੀ ਹੈ। TC ਕੁੱਲ ਲਾਗਤ ਵਕਰ ਹੈ ਜੋ ਕਿ TFC ਅਤੇ TVC ਦਾ ਜੋੜ ਹੈ। ਇਸ ਦੀ ਸ਼ਕਲ TVC ਵਕਰ ਵਰਗੀ ਹੈ। ਪਹਿਲਾਂ ਇਹ ਘਟਦੀ ਦਰ ਤੇ ਫਿਰ ਵਧਦੀ ਦਰ ਤੇ ਵਧ ਰਹੀ ਹੈ।


ਸਥਿਰ ਅਤੇ ਬਦਲਣਸ਼ੀਲ ਲਾਗਤਾਂ ਵਿੱਚ ਅੰਤਰ ਕੇਵਲ ਅਲਪਕਾਲ ਵਿੱਚ ਹੁੰਦਾ ਹੈ। ਦੀਰਘਕਾਲ ਵਿੱਚ ਸਾਰੀਆਂ ਲਾਗਤਾਂ ਬਦਲਣਸ਼ੀਲ ਹੁੰਦੀਆਂ ਹਨ ਕਿਉਂਕਿ ਵਪਾਰ ਦਾ ਆਕਾਰ ਵਧਣ ਨਾਲ ਬਿਲਡਿੰਗ, ਯੰਤਰ, ਮਸ਼ੀਨਾਂ ਤੇ ਕਰਮਚਾਰੀਆਂ ਦੀ ਸੰਖਿਆ ਵਿੱਚ ਵਾਧਾ ਕਰਨਾ ਪੈਂਦਾ ਹੈ।

ਆਉ ਹੁਣ ਹੋਰ ਵੀ ਸੌਖੇ ਢੰਗ ਨਾਲ ਸਥਿਰ ਲਾਗਤਾਂ ਅਤੇ ਬਦਲਣਸ਼ੀਲ ਲਾਗਤਾਂ ਵਿੱਚ ਭੇਦ ਕਰਦੇ ਹਾਂ।

| ਸਥਿਰ ਲਾਗਤਾਂ | ਬਦਲਣਸ਼ੀਲ ਲਾਗਤਾਂ |
|---|---|
| ਇਹ ਕਦੇ ਵੀ ਸਿਫਰ ਨਹੀਂ ਹੁੰਦੀਆਂ। | ਉਤਪਾਦਨ ਨਾ ਕਰਨ ਦੀ ਸੂਰਤ ਵਿੱਚ ਇਹ ਸਿਫਰ ਹੁੰਦੀਆਂ ਹਨ। |
| ਇਹ ਸਥਿਰ ਸਾਧਨਾਂ ਦੀਆਂ ਲਾਗਤਾਂ ਹਨ। | ਇਹ ਬਦਲਣਸ਼ੀਲ ਸਾਧਨਾਂ ਦੀਆਂ ਲਾਗਤਾਂ ਹਨ। |
| ਇਹ ਧਾਰਨਾ ਕੇਵਲ ਅਲਪਕਾਲ ਵਿੱਚ ਲਾਗੂ ਹੁੰਦੀ ਹੈ। | ਇਹ ਅਲਪਕਾਲ ਅਤੇ ਦੀਰਘਕਾਲ ਦੋਨੋਂ ਤਰ੍ਹਾਂ ਦੇ ਸਮਾਂ ਕਾਲ ਲਈ ਹੁੰਦੀਆਂ ਹਨ। |
| ਇਹਨਾਂ ਲਾਗਤਾਂ ਦਾ ਉਤਪਾਦਨ ਦੇ ਪੱਧਰ ਨਾਲ ਸੰਬੰਧ ਨਹੀਂ ਹੁੰਦਾ। | ਇਹ ਉਤਪਾਦਨ ਦਾ ਪੱਧਰ ਵਧਣ ਘਟਣ ਨਾਲ ਵਧਦੀਆਂ ਘਟਦੀਆਂ ਹਨ। |




ਚਿੱਤਰ ਨੰ : 7.1




ਚਿੱਤਰ ਨੰ : 7.2 ਔਸਤ ਲਾਗਤ ਵਕਰਾਂ

**(ii) ਔਸਤ ਲਾਗਤ (Average Cost) :**

ਕਿਸੇ ਵਸਤੂ ਦੀ ਪ੍ਰਤੀ ਇਕਾਈ ਲਾਗਤ ਨੂੰ ਔਸਤ ਲਾਗਤ ਕਿਹਾ ਜਾਂਦਾ ਹੈ। ਔਸਤ ਲਾਗਤਾਂ ਦਾ ਪਤਾ ਕਰਨ ਲਈ ਕੁੱਲ ਲਾਗਤ ਨੂੰ ਪੈਦਾ ਕੀਤੀਆਂ ਇਕਾਈਆਂ ਨਾਲ ਵੰਡਿਆ (Divide) ਜਾਂਦਾ ਹੈ। ਥੋੜ੍ਹੇ ਸਮੇਂ ਵਿੱਚ ਔਸਤ ਲਾਗਤਾਂ ਤਿੰਨ ਤਰ੍ਹਾਂ ਦੀਆਂ ਹੁੰਦੀਆਂ ਹਨ।

(A) ਔਸਤ ਸਥਿਰ ਲਾਗਤ (Average Fixed Cost)

(B) ਔਸਤ ਬਦਲਣਸ਼ੀਲ ਲਾਗਤ (Average Variable Cost)

(C) ਔਸਤ ਲਾਗਤ (Average Cost)

**(A) ਔਸਤ ਸਥਿਰ ਲਾਗਤ (Average Fixed Cost) :**

ਇਹ ਉਤਪਾਦਨ ਦੀ ਪ੍ਰਤੀ ਇਕਾਈ ਸਥਿਰ ਲਾਗਤ ਹੈ। ਇਹ ਕੁੱਲ ਸਥਿਰ ਲਾਗਤ ਨੂੰ ਉਤਪਾਦਤ ਕੀਤੀਆਂ ਗਈਆਂ ਇਕਾਈਆਂ ਨਾਲ ਵੰਡ ਕੇ ਹਾਸਲ ਹੁੰਦੀ ਹੈ।

ਔਸਤ ਸਥਿਰ ਲਾਗਤ = ਕੁੱਲ ਸਥਿਰ ਲਾਗਤ/ਉਤਪਾਦਨ ਦੀ ਮਾਤਰਾ (AFC) = TFC/Q

ਸਾਰਣੀ ਦੇ ਕਾਲਮ ਨੰ: 2 ਨੂੰ ਕਾਲਮ ਨੰ: 1 ਨਾਲ ਭਾਗ ਦੇ ਕੇ ਕਾਲਮ ਨੰ: 5 ਵਿੱਚ AFC ਪਤਾ ਕੀਤੀ ਗਈ ਹੈ। ਉਤਪਾਦਨ ਦੀ ਮਾਤਰਾ ਦੇ ਵਧਣ ਦੇ ਨਾਲ ਔਸਤ ਸਥਿਰ ਲਾਗਤ ਘਟਦੀ ਜਾਂਦੀ ਹੈ। ਇਹ ਪਹਿਲਾਂ ਤੇਜ਼ੀ ਨਾਲ ਘਟਦੀ ਹੈ। ਫਿਰ ਹੌਲੀ ਹੌਲੀ ਘਟਦੀ ਹੈ। ਰੇਖਾ ਚਿੱਤਰ 7.2 ਵਿੱਚ AFC ਵਕਰ ਦੇਖੋ। ਇਹ ਵਕਰ ਖੱਬੇ ਤੋਂ ਸੱਜੇ ਵੱਲ ਝੁਕੀ ਹੋਈ ਹੈ। ਇਹ ਔਸਤ ਸਥਿਰ ਲਾਗਤਾਂ ਦੇ ਘਟਣ ਦੀ ਪ੍ਰਵ੍ਰਿਤੀ ਨੂੰ ਦਿਖਾ ਰਹੀ ਹੈ। ਘਟਦੇ ਘਟਦੇ ਇਹ X-ਰੇਖਾ ਦੇ ਸਮਾਨਾਂਤਰ ਹੋ ਜਾਂਦੀ ਹੈ। ਪ੍ਰੰਤੂ X-ਰੇਖਾ ਨੂੰ ਛੂੰਹਦੀ ਨਹੀਂ ਜਿਸਦਾ ਭਾਵ ਹੈ ਕਿ ਇਹ ਕਦੇ ਵੀ ਜ਼ੀਰੋ ਨਹੀਂ ਹੁੰਦੀ।

**(B) ਔਸਤ ਬਦਲਣਸ਼ੀਲ ਲਾਗਤ (Average Variable Cost) :**

ਉਤਪਾਦਨ ਦੀ ਪ੍ਰਤੀ ਇਕਾਈ ਬਦਲਣਸ਼ੀਲ ਲਾਗਤ ਨੂੰ ਔਸਤ ਬਦਲਣਸ਼ੀਲ ਲਾਗਤ AVC ਕਿਹਾ ਜਾਂਦਾ ਹੈ। ਇਹ ਕੁੱਲ ਬਦਲਣਸ਼ੀਲ ਲਾਗਤ ਨੂੰ ਉਤਪਾਦਨ ਦੀਆਂ ਇਕਾਈਆਂ ਨਾਲ ਤਕਸੀਮ ਕਰਕੇ ਪਤਾ ਕੀਤੀ ਜਾਂਦੀ ਹੈ।

ਔਸਤ ਬਦਲਣਸ਼ੀਲ ਲਾਗਤ = ਕੁੱਲ ਬਦਲਣਸ਼ੀਲ ਲਾਗਤ/ਉਤਪਾਦਨ ਦੀ ਮਾਤਰਾ

AVC = TVC/Q

ਸਾਰਣੀ 7.1 ਵਿੱਚ ਕਾਲਮ ਨੰ: 3 ਵਿੱਚ TVC ਨੂੰ ਕਾਲਮ ਨੰ: 1 ਵਿੱਚ ਉਤਪਾਦਨ ਦੀ ਮਾਤਰਾ ਨਾਲ ਵੰਡ ਕੇ ਕਾਲਮ ਨੰ: 6 ਵਿੱਚ AVC ਕੱਢੀ ਗਈ ਹੈ। ਇਹ ਵੀ ਪਹਿਲਾਂ ਘਟਦੀ ਲਾਗਤ ਦੇ ਨਿਯਮ ਅਨੁਸਾਰ ਘੱਟਦੀਆਂ ਹਨ ਅਤੇ ਫਿਰ ਵਧਦੀਆਂ ਲਾਗਤਾਂ ਦੇ ਨਿਯਮ ਅਨੁਸਾਰ ਵਧਦੀਆਂ ਹਨ। ਰੇਖਾ ਚਿੱਤਰ ਨੰ: 7.2 ਵਿੱਚ AVC ਵਕਰ ਔਸਤ ਬਦਲਣਸ਼ੀਲ ਲਾਗਤਾਂ ਨੂੰ ਦਿਖਾਉਂਦੀ ਹੈ। ਇਸ ਵਕਰ ਦਾ ਆਕਾਰ ਅੰਗ੍ਰੇਜ਼ੀ ਭਾਸ਼ਾ ਦੇ U ਸ਼ਬਦ ਵਰਗਾ ਹੈ। ਇਹ ਵਕਰ ਪਹਿਲਾਂ ਹੇਠਾਂ ਵੱਲ ਆਉਂਦਾ ਹੈ ਫੇਰ ਥੋੜ੍ਹੀ ਦੇਰ ਲਗਭਗ ਇਕਸਾਰ ਰਹਿਣ ਪਿੱਛੋਂ ਉੱਪਰ ਵੱਲ ਨੂੰ ਵਧਣ ਲਗਦਾ ਹੈ।

**(C) ਔਸਤ ਲਾਗਤ/ਔਸਤ ਕੁੱਲ ਲਾਗਤ (Average Cost/Average Total Cost) :**

ਔਸਤ ਲਾਗਤ ਉਤਪਾਦਨ ਦੀ ਪ੍ਰਤੀ ਇਕਾਈ ਲਾਗਤ ਹੈ। ਇਹ ਦੋ ਤਰੀਕਿਆਂ ਰਾਹੀਂ ਪ੍ਰਾਪਤ ਕੀਤੀ ਜਾ ਸਕਦੀ ਹੈ। ਪਹਿਲਾਂ ਇਹ ਕਿ AFC + AVC = AC ਜਾਂ ATC

ਦੂਜਾ = TC/Q = AC ਜਾਂ ATC

ਭਾਵ ਇੱਕ ਤਾਂ ਔਸਤ ਸਥਿਰ ਲਾਗਤ ਅਤੇ ਔਸਤ ਬਦਲਣਸ਼ੀਲ ਲਾਗਤ ਦੇ ਜੋੜ ਤੋਂ ਔਸਤ ਲਾਗਤ ਪਤਾ ਕੀਤੀ ਜਾ ਸਕਦੀ ਹੈ। ਦੂਜੇ ਕੁੱਲ ਲਾਗਤ ਨੂੰ ਉਤਪਾਦਨ ਦੀ ਮਾਤਰਾ ਨਾਲ ਵੰਡ ਕੇ ਔਸਤ ਲਾਗਤ ਪਤਾ ਕੀਤੀ ਜਾ ਸਕਦੀ ਹੈ। ਸਾਰਣੀ 7.1 ਦਾ ਸੱਤਵਾਂ ਕਾਲਮ ਔਸਤ ਲਾਗਤ ਨੂੰ ਦਿਖਾ ਰਿਹਾ ਹੈ। ਪੰਜਵੀਂ ਇਕਾਈ ਤੱਕ ਇਹ ਘਟਦੀ ਜਾ ਰਹੀ ਹੈ ਅਤੇ ਉਸ ਤੋਂ ਬਾਅਦ ਇਹ ਵਧਣਾ ਸ਼ੁਰੂ ਕਰ ਦਿੰਦੀ ਹੈ। ਇਸ ਦਾ ਆਕਾਰ ਵੀ U ਵਰਗਾ ਹੈ।

**ਅਲਪਕਾਲ ਵਿੱਚ ਔਸਤ ਲਾਗਤ ਵਕਰ 'U' ਸ਼ਕਲ ਦਾ ਕਿਉਂ ਹੁੰਦਾ ਹੈ ?**

**(Why is an Average Cost Curve 'U' shaped in Short Period?)**

ਤੁਸੀਂ ਚਿੱਤਰ ਨੰ: 7.2 ਵਿੱਚ ਵੇਖਿਆ ਹੈ ਕਿ ਅਲਪਕਾਲ ਵਿੱਚ ਘਟਦੀਆਂ ਲਾਗਤਾਂ ਦੇ ਪ੍ਰਭਾਵ ਕਾਰਣ ਅਲਪਕਾਲੀ ਔਸਤ ਲਾਗਤ ਵਕਰ ਪਹਿਲਾਂ ਤੇਜੀ ਨਾਲ ਘਟਦਾ ਹੈ। ਕੁਝ ਦੇਰ ਲਈ ਪੈਦਾਵਾਰ ਇਕਸਾਰ ਲਾਗਤ ਦੇ ਨਿਯਮ ਅਨੁਸਾਰ ਵੀ ਹੋ ਸਕਦੀ ਹੈ। ਇਸ ਤੋਂ ਬਾਅਦ ਉਤਪਾਦਨ ਵਧਣ ਤੇ ਲਾਗਤ ਵਕਰ ਵਧਦੀਆਂ ਲਾਗਤਾਂ ਦੇ ਨਿਯਮ ਅਨੁਸਾਰ ਉੱਪਰ ਜਾਣ ਲੱਗਦਾ ਹੈ। ਸੋ ਅਲਪਕਾਲੀ ਔਸਤ ਲਾਗਤ ਵਕਰ ਲਾਗਤਾਂ ਹੌਲੀ ਹੌਲੀ ਘਟਣ ਕਾਰਨ 'U' ਸ਼ਕਲ ਦਾ ਬਣ ਜਾਂਦਾ ਹੈ ਪ੍ਰੰਤੂ ਕਈ ਵਾਰੀ ਜਦੋਂ ਲਾਗਤਾਂ ਤੇਜੀ ਨਾਲ ਘਟਣ ਤਾਂ ਇਸ ਦੀ ਸ਼ਕਲ 'V' ਵਰਗੀ ਵੀ ਹੋ ਸਕਦੀ ਹੈ। ਅਲਪਕਾਲੀਨ ਔਸਤ ਲਾਗਤ ਵਕਰ ਦੀ ਇਸ 'U' ਸ਼ਕਲ ਦੇ ਹੇਠ ਲਿਖੇ ਕਾਰਣ ਹਨ :

(i) ਔਸਤ ਲਾਗਤ (AC) ਔਸਤ ਸਥਿਰ ਲਾਗਤਾਂ (AFC) ਅਤੇ ਬਦਲਣਸ਼ੀਲ ਲਾਗਤਾਂ (AVC) ਦਾ ਜੋੜ ਹੈ। ਜਿਉਂ ਜਿਉਂ ਸਥਿਰ ਲਾਗਤਾਂ ਨੂੰ ਵਧ ਰਹੇ ਉਤਪਾਦਨ ਦੀ ਮਾਤਰਾ ਨਾਲ ਵੰਡਿਆ ਜਾਂਦਾ ਹੈ ਤਾਂ ਔਸਤ ਸਥਿਰ ਲਾਗਤਾਂ ਪਹਿਲਾਂ ਤੇਜ਼ੀ ਨਾਲ ਘਟਦੀਆਂ ਫਿਰ ਹੌਲੀ ਘਟਦੀਆਂ ਹਨ।

(ii) ਬਦਲਦੇ ਅਨੁਪਾਤਾਂ ਤੇ ਨਿਯਮ ਦੇ ਲਾਗੂ ਹੋਣ ਕਾਰਣ ਔਸਤ ਲਾਗਤਾਂ ਪਹਿਲਾਂ ਘਟਦੀਆਂ ਹਨ। ਫਿਰ ਅਲਪਤਮ ਬਿੰਦੂ ਤੇ ਪਹੁੰਚਣ ਬਾਅਦ ਵਧਣੀਆਂ ਸ਼ੁਰੂ ਹੋ ਜਾਂਦੀਆਂ ਹਨ।


(iii) ਅੰਦਰੂਨੀ ਬੱਚਤਾਂ (Internal economies) ਦੇ ਕਾਰਣ ਵੀ ਇਸ ਦੀ ਸ਼ਕਲ U ਵਰਗੀ ਹੋ ਜਾਂਦੀ ਹੈ। ਕਿਰਤ ਦੀ ਵੰਡ ਅਤੇ ਵਿਸ਼ੇਸ਼ੀਕਰਣ, ਮੰਡੀਕਰਣ ਦੀਆਂ ਬੱਚਤਾਂ, ਪ੍ਰਬੰਧਕੀ ਅਤੇ ਵਿੱਤੀ ਬੱਚਤਾਂ, ਉੱਨਤ ਤਕਨੀਕਾਂ ਅਤੇ ਵਧੀਆ ਮਸ਼ੀਨਾਂ ਕਾਰਣ ਸ਼ੁਰੂ ਵਿੱਚ ਉਤਪਾਦਨ ਵਧਾਉਣ ਤੇ ਲਾਗਤਾਂ ਘਟਦੀਆਂ ਹਨ ਪ੍ਰੰਤੂ ਜਿਉਂ ਜਿਉਂ ਉਤਪਾਦਨ ਹੋਰ ਵਧੇਰੇ ਵਧਦਾ ਹੈ ਤਾਂ ਇਹ ਬੱਚਤਾਂ ਘਟਦੀਆਂ ਹਨ ਅਤੇ ਲਾਗਤਾਂ ਵਧਣੀਆਂ ਸ਼ੁਰੂ ਹੋ ਜਾਂਦੀਆਂ ਹਨ।

(iv) ਸ਼ੁਰੂ ਵਿੱਚ ਉਤਪਾਦਨ ਦਾ ਪੈਮਾਨਾ ਛੋਟਾ ਹੁੰਦਾ ਹੈ ਸੋ ਸਥਿਰ ਸਾਧਨਾਂ ਜਿਵੇਂ ਪਲਾਂਟ, ਮਸ਼ੀਨਰੀ ਵਗੈਰਾ ਦੀ ਪੂਰੀ ਵਰਤੋਂ ਨਹੀਂ ਹੁੰਦੀ ਅਤੇ ਨਾ ਹੀ ਇਹ ਘਟਾਏ ਜਾ ਸਕਦੇ ਹਨ। ਸੋ ਜਿਵੇਂ ਜਿਵੇਂ ਉਤਪਾਦਨ ਵਧਦਾ ਹੈ ਇਹਨਾਂ ਦੀ ਪੂਰੀ ਵਰਤੋਂ ਹੋਣੀ ਸ਼ੁਰੂ ਹੋ ਜਾਂਦੀ ਹੈ ਤਾਂ ਔਸਤ ਸਥਿਰ ਲਾਗਤਾਂ ਘਟਣੀਆਂ ਸ਼ੁਰੂ ਹੋ ਜਾਂਦੀਆਂ ਹਨ।

**(iii) ਸੀਮਾਂਤ ਲਾਗਤ (Marginal Cost)** :

ਸੀਮਾਂਤ ਲਾਗਤ ਨੂੰ ਤਾਲਿਕਾ ਨੰ: 7.1 ਦੇ ਕਾਲਮ ਨੰ: 8 ਵਿੱਚ ਕੱਢਿਆ ਗਿਆ ਹੈ। ਚੌਥੀ ਇਕਾਈ ਤੱਕ ਇਹ ਘਟਦੀ ਹੈ ਅਤੇ ਉਸ ਤੋਂ ਬਾਅਦ ਵਧਣੀ ਸ਼ੁਰੂ ਹੋ ਜਾਂਦੀ ਹੈ। ਚਿੱਤਰ ਨੰ: 7.3 ਵਿੱਚ MC ਵਕਰ ਦੇਖੋ ਇਸ ਦੀ ਸ਼ਕਲ ਵੀ U ਵਰਗੀ

ਹੈ। ਇਸ ਦਾ ਕਾਰਣ ਵੀ ਬਦਲਦੇ ਅਨੁਪਾਤਾਂ ਦੇ ਨਿਯਮ ਲਾਗੂ ਹੋਣਾ ਹੈ (ਇਹਨਾਂ ਨਿਯਮਾਂ ਦੀ ਵਿਆਖਿਆ ਤੁਸੀਂ ਇਸ ਤੋਂ ਪਹਿਲੇ ਪਾਠ ਵਿੱਚ ਪੜ੍ਹ ਚੁੱਕੇ ਹੋ। ਉਸ ਨੂੰ ਦੁਹਰਾ ਲਉ)। ਕੀਮਤ ਨਿਰਧਾਰਣ ਵਿੱਚ ਸੀਮਾਂਤ ਲਾਗਤ ਦਾ ਬਹੁਤ ਮਹੱਤਵ ਹੈ। ਉਤਪਾਦਕ ਉਸ ਸਮੇਂ ਤੱਕ ਕਿਸੇ ਵਸਤੂ ਦਾ ਉਤਪਾਦਨ ਵਧਾਉਂਦਾ ਰਹਿੰਦਾ ਹੈ ਜਦੋਂ ਤੱਕ ਇਕ ਵਾਧੂ ਇਕਾਈ ਨੂੰ ਵੇਚਣ ਨਾਲ ਪ੍ਰਾਪਤ ਆਮਦਨ ਅਰਥਾਤ (MR) ਉਸ ਵਾਧੂ ਇਕਾਈ ਦੀ ਸੀਮਾਂਤ ਲਾਗਤ (MC) ਦੇ ਬਰਾਬਰ ਨਹੀਂ ਹੋ ਜਾਂਦੀ। ਹਰੇਕ ਫ਼ਰਮ ਉਸ ਬਿੰਦੂ ਤੇ ਕੀਮਤ ਅਤੇ ਉਤਪਾਦਨ ਨਿਸ਼ਚਿਤ ਕਰੇਗੀ ਜਿੱਥੇ MR = MC ਹੋਵੇ।




**ਚਿੱਤਰ** ਨੰ : 7.3

ਔਸਤ ਲਾਗਤ ਅਤੇ ਸੀਮਾਂਤ ਲਾਗਤ ਦਾ ਆਪਸੀ ਸੰਬੰਧ ਆਰਥਿਕ ਸਿਧਾਂਤ ਵਿੱਚ ਬਹੁਤ ਮਹੱਤਵਪੂਰਣ ਸਥਾਨ ਰੱਖਦਾ ਹੈ। ਅਕਸਰ ਔਸਤ ਲਾਗਤ ਅਤੇ ਸੀਮਾਂਤ ਲਾਗਤ ਵਕਰਾਂ ਦੀ ਚਾਲ ਇਕੋ ਜਿਹੀ ਹੁੰਦੀ ਹੈ। ਰੇਖਾ ਚਿੱਤਰ ਨੰ: 7.3 ਵਿੱਚ AC ਅਤੇ MC ਵਕਰ ਬਣਾਏ ਗਏ ਹਨ। ਇਹਨਾਂ ਨੂੰ ਦੇਖਣ ਤੇ ਪਤਾ ਚਲਦਾ ਹੈ ਕਿ :

(ੳ) ਜਦੋਂ ਔਸਤ ਲਾਗਤ ਘਟਦੀ ਹੈ ਸੀਮਾਂਤ ਲਾਗਤ ਵੀ ਘਟਦੀ ਹੈ। ਇਸੇ ਕਾਰਣ ਸੀਮਾਂਤ ਲਾਗਤ ਵਕਰ (MC) ਔਸਤ ਲਾਗਤ ਵਕਰ (AC) ਦੇ ਹੇਠਾਂ ਹੈ। MC ਵਕਰ AC ਵਕਰ ਨਾਲੋਂ ਜ਼ਿਆਦਾ ਤੇਜ਼ੀ ਨਾਲ ਘਟਦੀ ਹੈ।

(ਅ) ਜਦੋਂ ਔਸਤ ਲਾਗਤ ਘੱਟ ਤੋਂ ਘੱਟ ਹੁੰਦੀ ਹੈ ਤਾਂ ਸੀਮਾਂਤ ਲਾਗਤ ਵੀ ਉਸ ਦੇ ਬਰਾਬਰ ਹੈ। ਚਿੱਤਰ ਵਿੱਚ ਦੇਖੋ ਔਸਤ ਲਾਗਤ ਵਕਰ ਦੇ ਸਭ ਤੋਂ ਹੇਠਲੇ ਬਿੰਦੂ E ਤੇ ਸੀਮਾਂਤ ਲਾਗਤ ਵਕਰ (MC) ਔਸਤ ਲਾਗਤ ਵਕਰ (AC) ਨੂੰ ਕੱਟ ਰਹੀ ਹੈ। ਇਸ ਬਿੰਦੂ ਤੇ ਉਤਪਾਦਨ ਪੱਧਰ ਨੂੰ Optimum Output Level ਮੰਨਿਆ ਜਾਂਦਾ ਹੈ।

(ੲ) ਜਦੋਂ ਔਸਤ ਲਾਗਤ ਵਕਰ (AC) ਵਧ ਰਹੀ ਹੈ ਤਾਂ ਸੀਮਾਂਤ ਲਾਗਤ ਵਕਰ (MC) ਉਸ ਤੋਂ ਵੀ ਤੇਜ਼ੀ ਨਾਲ ਵਧ ਜਾਂਦੀ ਹੈ। MC ਵਕਰ AC ਵਕਰ ਨਾਲੋਂ ਉੱਤੇ ਹੁੰਦੀ ਹੈ।

(ਸ) ਔਸਤ ਲਾਗਤ ਅਤੇ ਸੀਮਾਂਤ ਲਾਗਤ ਦੋਵਾਂ ਨੂੰ ਹੀ ਕੁੱਲ ਲਾਗਤ ਤੋਂ ਪਤਾ ਕੀਤਾ ਜਾ ਸਕਦਾ ਹੈ। ਔਸਤ ਲਾਗਤ ਦਾ ਪਤਾ ਕਰਨ ਲਈ ਕੁੱਲ ਲਾਗਤ ਨੂੰ ਪੈਦਾਵਾਰ ਦੀਆਂ ਇਕਾਈਆਂ ਨਾਲ ਵੰਡਿਆ ਜਾਂਦਾ ਹੈ। ਕਿਸੇ ਵੀ ਹੋਰ ਇਕਾਈ ਪੈਦਾ ਕਰਨ ਲਈ ਕੁੱਲ ਲਾਗਤ ਵਿੱਚ ਜੋ ਵਾਧਾ ਹੁੰਦਾ ਹੈ ਉਸਨੂੰ ਸੀਮਾਂਤ ਲਾਗਤ ਕਿਹਾ ਜਾਂਦਾ ਹੈ।

(ਹ) ਔਸਤ ਲਾਗਤ ਅਤੇ ਸੀਮਾਂਤ ਲਾਗਤ ਦੋਵਾਂ ਤੇ ਹੀ ਪ੍ਰਤੀਫਲ ਦੇ ਤਿੰਨੇ ਨਿਯਮ ਲਾਗੂ ਹੁੰਦੇ ਹਨ। ਵਧਦੇ ਪ੍ਰਤੀਫਲ ਜਾਂ ਘਟਦੀਆਂ ਲਾਗਤਾਂ ਦਾ ਨਿਯਮ, ਸਥਿਰ ਪ੍ਰਤੀਫਲ ਜਾਂ ਸਮਾਨ ਲਾਗਤਾਂ ਦਾ ਨਿਯਮ ਅਤੇ ਘਟਦੇ ਪ੍ਰਤੀਫਲ ਜਾਂ ਵਧਦੀਆਂ ਲਾਗਤਾਂ ਦਾ ਨਿਯਮ। ਇਹਨਾਂ ਕਾਰਣ ਹੀ ਦੋਵਾਂ ਦੀ ਸ਼ਕਲ U ਵਰਗੀ ਹੁੰਦੀ ਹੈ।

**ਸਵੈ-ਮੁਲਾਂਕਣ ਅਭਿਆਸ - 2**

ਔਸਤ ਲਾਗਤ ਅਤੇ ਸੀਮਾਂਤ ਲਾਗਤ ਵਿਚਾਲੇ ਕੀ ਸੰਬੰਧ ਹੈ ? ਚਿੱਤਰ ਬਣਾ ਕੇ ਵੀ ਦੱਸਿਆ ਜਾਵੇ।

(ਅ) **ਦੀਰਘਕਾਲ/ਲੰਬੇ ਸਮੇਂ ਵਿੱਚ ਲਾਗਤ-ਉਤਪਾਦਨ ਸੰਬੰਧ/ਲਾਗਤ ਫਲਨ/ਲਾਗਤ ਵਕਰ (Long Run Cost Curve):**

ਲੰਬੇ ਸਮੇਂ ਵਿੱਚ ਸਾਰੇ ਸਾਧਨ ਬਦਲਣਸ਼ੀਲ ਹੁੰਦੇ ਹਨ। ਉਤਪਾਦਨ ਫਲਨ ਵਿੱਚ ਕੋਈ ਸਾਧਨ ਸਥਿਰ ਨਹੀਂ ਹੁੰਦਾ, ਉਤਪਾਦਨ ਦੀਆਂ ਸਾਰੀਆਂ ਲਾਗਤਾਂ ਬਦਲਣਸ਼ੀਲ ਹੁੰਦੀਆਂ ਹਨ। ਇਸ ਲਈ ਲੰਬੇ ਸਮੇਂ ਵਿੱਚ ਅਲਪਕਾਲ ਦੀ ਤਰ੍ਹਾਂ ਸਥਿਰ ਲਾਗਤਾਂ ਅਤੇ ਬਦਲਣਸ਼ੀਲ ਲਾਗਤਾਂ ਵਿੱਚ ਭੇਦ ਕਰਨ ਦੀ ਲੋੜ ਨਹੀਂ। ਦੀਰਘਕਾਲ ਵਿੱਚ ਪੈਦਾਵਾਰ ਦਾ ਪੱਧਰ ਵਧਾਉਣ ਲਈ ਸਾਰੇ ਸਾਧਨ ਵਧਾਏ ਜਾ ਸਕਦੇ ਹਨ। ਇਥੋਂ ਤੱਕ ਕਿ ਪਲਾਂਟ ਦਾ ਆਕਾਰ ਵੀ ਵਧਾਇਆ ਜਾ ਸਕਦਾ ਹੈ ਅਤੇ ਨਤੀਜੇ ਵੱਜੋਂ ਪੈਮਾਨੇ ਦਾ ਵਿਸਤਾਰ ਹੋ ਜਾਂਦਾ ਹੈ।

ਕੋਟਸੋਇਨਿਸ ਦੇ ਅਨੁਸਾਰ, ''ਦੀਰਘਕਾਲ ਉਹ ਅਵਧੀ ਹੈ ਜਿਸ ਵਿੱਚ ਸਾਰੇ ਸਾਧਨ ਬਦਲਣਸ਼ੀਲ ਹੁੰਦੇ ਹਨ।'' (The Long Run is the period in which all factors are variable - Koutsoyiannis).

ਥੋੜ੍ਹੇ ਸਮੇਂ ਦੀਆਂ ਲਾਗਤਾਂ ਵਾਂਗ, ਲੰਬੇ ਸਮੇਂ ਵਿੱਚ ਵੀ ਲਾਗਤਾਂ ਦੀਆਂ ਤਿੰਨ ਧਾਰਨਾਵਾਂ ਹਨ :


(A) ਦੀਰਘਕਾਲੀਨ ਕੁੱਲ ਲਾਗਤ (LTC)

(B) ਦੀਰਘਕਾਲੀਨ ਔਸਤ ਲਾਗਤ (LAC)

(C) ਦੀਰਘਕਾਲੀਨ ਸੀਮਾਂਤ ਲਾਗਤ (LMC)

**(A) ਦੀਰਘਕਾਲੀਨ ਕੁੱਲ ਲਾਗਤ (LTC) :**

ਦੀਰਘਕਾਲ ਵਿੱਚ ਉਤਪਾਦਨ ਦੇ ਸਾਰੇ ਸਾਧਨ ਬਦਲਣਸ਼ੀਲ ਹੁੰਦੇ ਹਨ। ਇਸ ਲਈ ਫ਼ਰਮ ਦੀ ਕੁੱਲ ਬਦਲਣਸ਼ੀਲ ਲਾਗਤ ਹੀ ਕੁਲ ਲਾਗਤ ਕਹਾਉਂਦੀ ਹੈ। ਦੀਰਘਕਾਲੀਨ ਉਤਪਾਦਨ ਲਾਗਤ ਅਲਪਕਾਲੀਨ ਉਤਪਾਦਨ ਲਾਗਤ ਤੋਂ ਹਮੇਸ਼ਾ ਘੱਟ ਹੁੰਦੀ ਹੈ ਕਿਉਂਕਿ ਦੀਰਘਕਾਲ ਵਿੱਚ ਫ਼ਰਮ ਹਮੇਸ਼ਾ ਘੱਟ ਲਾਗਤ ਤੇ ਉਤਪਾਦਨ ਕਰਦੀ ਹੈ। ਦੀਰਘਕਾਲੀਨ ਕੁੱਲ ਲਾਗਤ ਵਕਰ ਕਈ ਪ੍ਰਕਾਰ ਦੀ ਹੋ ਸਕਦੀ ਹੈ। ਇਸ ਨੂੰ ਚਿੱਤਰ ਨੰ: 7.4 ਰਾਹੀਂ ਦਿਖਾਇਆ ਗਿਆ ਹੈ। LTC ਵਕਰਾਂ O ਬਿੰਦੂ ਤੋਂ ਸ਼ੁਰੂ ਹੋ ਰਹੀਆਂ ਹਨ ਇਸ ਦਾ ਭਾਵ ਜੇਕਰ ਉਤਪਾਦਨ ਨਹੀਂ ਤਾਂ ਉਤਪਾਦਨ ਲਾਗਤ ਵੀ ਨਹੀਂ। $LTC_1$ ਵਿੱਚ ਉਤਪਾਦਨ ਵਿੱਚ ਵਾਧਾ ਹੋਣ ਤੇ ਪਹਿਲਾਂ ਲਾਗਤ ਘਟਦੀ ਦਰ ਨਾਲ ਵਧਦੀ ਹੈ ਅਤੇ ਫਿਰ ਵਧਦੀ ਦਰ ਨਾਲ ਵਧਣਾ ਸ਼ੁਰੂ ਕਰ ਦਿੰਦੀ ਹੈ ਅਜਿਹਾ ਥੋੜ੍ਹੇ ਸਮੇਂ ਦੇ ਬਦਲਣਸ਼ੀਲ ਲਾਗਤ (SAVC) ਅਨੁਸਾਰ ਹੁੰਦਾ ਹੈ। $LTC_2$ ਅਨੁਸਾਰ ਉਤਪਾਦਨ ਵਿੱਚ ਵਾਧੇ ਦੇ ਨਾਲ ਨਾਲ ਲਾਗਤ ਵਿੱਚ ਵਾਧਾ ਸਥਿਰ ਦਰ ਨਾਲ ਹੁੰਦਾ ਹੈ। $LTC_3$ ਅਨੁਸਾਰ ਉਤਪਾਦਨ ਵਿੱਚ ਵਾਧੇ ਕਾਰਣ ਲਾਗਤ ਵਿੱਚ ਵਾਧਾ ਘਟਦੀ ਦਰ ਤੇ ਹੁੰਦਾ ਹੈ।




ਚਿੱਤਰ ਨੰ : 7.4

**(B) ਦੀਰਘਕਾਲੀਨ ਔਸਤ ਲਾਗਤ (LAC) :**

ਦੀਰਘਕਾਲੀਨ ਕੁੱਲ ਲਾਗਤ ਨੂੰ ਉਤਪਾਦਨ ਦੇ ਪੱਧਰ ਨਾਲ ਤਕਸੀਮ (Divide) ਕਰਨ ਤੇ ਦੀਰਘਕਾਲੀਨ ਔਸਤ ਲਾਗਤ (LAC) ਦਾ ਪਤਾ ਕੀਤਾ ਜਾਂਦਾ ਹੈ। ਜਦੋਂ ਸਾਰੇ ਸਾਧਨ (ਪਲਾਂਟ ਦਾ ਆਕਾਰ ਵੀ) ਬਦਲਣਸ਼ੀਲ ਹੋਣ ਤਾਂ ਪੈਦਾਵਾਰ ਦੇ ਹਰੇਕ ਪੱਧਰ ਦੀ ਘੱਟੋ ਘੱਟ ਔਸਤ ਉਤਪਾਦਨ ਲਾਗਤ ਹੀ ਲੰਬੇ ਸਮੇਂ ਦੀ ਔਸਤ ਉਤਪਾਦਨ ਲਾਗਤ ਹੈ।

ਜੇ. ਐਸ. ਬੈਨ ਅਨੁਸਾਰ, ''ਦੀਰਘਕਾਲੀਨ ਔਸਤ ਲਾਗਤ ਵਕਰ ਦੀਰਘਕਾਲ ਵਿੱਚ ਉਤਪਾਦਨ ਦੇ ਹਰੇਕ ਸੰਭਵ ਪੈਮਾਨੇ ਲਈ ਨਿਊਨਤਮ ਲਾਗਤ ਨੂੰ ਪ੍ਰਗਟ ਕਰਦੀ ਹੈ।'' (The Long Run Average Cost Curve shows for each possible output at the lowest cost of producing that output in the long run. - J.S. Bain).

ਆਓ ਦੀਰਘਕਾਲੀਨ ਔਸਤ ਲਾਗਤ ਨੂੰ ਚਿੱਤਰ ਦੀ ਸਹਾਇਤਾ ਨਾਲ ਸਮਝਦੇ ਹਾਂ। ਦੀਰਘਕਾਲੀਨ ਔਸਤ ਲਾਗਤ ਵਕਰ ਦੀ ਰੂਪ ਰੇਖਾ ਅਤੇ ਤਿਆਰ ਕਰਨ ਦੀ ਵਿਧੀ ਰਾਹੀਂ ਤੁਸੀਂ ਇਸ ਬਾਰੇ ਆਸਾਨੀ ਨਾਲ ਸਮਝ ਜਾਓਗੇ। ਚਿੱਤਰ ਨੰ: 7.5 ਵਿੱਚ LAC ਦੀਰਘਕਾਲੀਨ ਔਸਤ ਲਾਗਤ ਵਕਰ ਹੈ। ਇਸ ਵਕਰ ਨੇ ਸਾਰੀਆਂ ਅਲਪਕਾਲੀਨ ਔਸਤ ਲਾਗਤ ਵਕਰਾਂ ਨੂੰ ਆਪਣੀ ਲਪੇਟ ਵਿੱਚ ਲਿਆ ਹੋਇਆ ਹੈ। ਇਸ ਲਈ LAC ਨੂੰ ਲਿਫਾਫਾ ਵਕਰ (Envelope Curve) ਵੀ ਕਿਹਾ ਜਾਂਦਾ ਹੈ। ਪ੍ਰੰਤੂ ਸਾਰੀਆਂ ਅਲਪਕਾਲੀਨ ਔਸਤ ਲਾਗਤ ਵਕਰਾਂ $SAC_1$, $SAC_2$, $SAC_3$, $SAC_4$, $SAC_5$, (ਜੋ ਕਿ ਵੱਖ ਵੱਖ ਪੈਮਾਨਿਆਂ ਦੇ ਔਸਤ ਲਾਗਤ ਵਕਰ ਹਨ) ਦੇ ਪ੍ਰਤਿ ਇਕਾਈ ਅਲਪਤਮ (ਘੱਟੋ ਘੱਟ) ਲਾਗਤ ਨੂੰ LAC ਵਕਰ ਨਹੀ ਛੂੰਹਦਾ। ਦੀਰਘਕਾਲ ਵਿੱਚ ਉਤਪਾਦਕ J, K, L, M, N ਅਨੁਸਾਰ ਉਤਪਾਦਨ ਕਰੇਗਾ। LAC ਵਕਰ ਦਾ ਨਿਊਨਤਮ ਬਿੰਦੂ L ਹੈ ਜੋ ਕਿ $SAC_3$ ਉੱਪਰ ਸਥਿਤ ਹੈ। ਇਥੇ ਕੁੱਲ ਉਤਪਾਦਨ OQ ਹੈ। L ਬਿੰਦੂ ਤੱਕ LAC ਦੀ ਢਲਾਨ ਰਿਣਾਤਮਕ ਹੈ ਅਤੇ ਸੱਜੇ ਪਾਸੇ ਦੀ ਢਲਾਨ ਧਨਾਤਮਕ ਹੈ। ਇਸ ਦਾ ਭਾਵ ਹੈ L ਬਿੰਦੂ ਤੱਕ LAC ਵਕਰ ਥੱਲੇ ਡਿਗ ਰਿਹਾ ਹੈ ਅਤੇ ਇਸ ਤੋਂ ਬਾਅਦ ਉੱਪਰ ਵੱਲ ਨੂੰ ਵਧ ਰਿਹਾ ਹੈ।

**ਦੀਰਘਕਾਲੀਨ ਔਸਤ ਲਾਗਤ ਵਕਰ ਦੀਆਂ ਵਿਸ਼ੇਸ਼ਤਾਵਾਂ (Characteristics of LAC Curve) :**

LAC ਵਕਰ ਦੀਆਂ ਆਪਣੀਆਂ ਹੀ ਵਿਸ਼ੇਸ਼ਤਾਵਾਂ ਹਨ।


(i) ਦੀਰਘਕਾਲੀਨ ਔਸਤ ਲਾਗਤ ਵਕਰ ਵਿਭਿੰਨ ਅਲਪਕਾਲੀਨ ਔਸਤ ਲਾਗਤ ਵਕਰਾਂ ਤੋਂ ਮਿਲਕੇ ਬਣਿਆ ਹੈ।

(ii) ਕਿਸੇ ਨਾ ਕਿਸੇ ਉਤਪਾਦਨ ਦੇ ਪੱਧਰ ਦੀ ਅਲਪਕਾਲੀਨ ਅਤੇ ਦੀਰਘਕਾਲੀਨ ਔਸਤ ਲਾਗਤ ਜ਼ਰੂਰ ਬਰਾਬਰ ਹੁੰਦੀ ਹੈ। ਚਿੱਤਰ ਨੰ: 7.5 ਵਿੱਚ OQ ਪੈਦਾਵਾਰ ਅਤੇ LQ ਲਾਗਤ ਅਲਪਕਾਲੀਨ ਅਤੇ ਦੀਰਘਕਾਲੀਨ ਵੀ ਹੈ।

(iii) ਅਲਪਕਾਲੀਨ ਔਸਤ ਲਾਗਤ ਕਦੇ ਵੀ ਦੀਰਘਕਾਲੀਨ ਔਸਤ ਲਾਗਤ ਨਾਲੋਂ ਘੱਟ ਨਹੀਂ ਹੋ ਸਕਦੀ ਕਿਉਂਕਿ ਅਲਪਕਾਲੀਨ ਔਸਤ ਲਾਗਤ ਦੇ ਨਿਮਨਤਮ ਬਿੰਦੂ LAC ਜਾਂ ਇਸ ਤੋਂ ਵੀ ਉੱਤੇ ਹੁੰਦੇ ਹਨ।

(iv) ਦੀਰਘਕਾਲੀਨ ਔਸਤ ਲਾਗਤ ਵਕਰ ਸਭ ਤੋਂ ਸੁਯੋਗ ਪਲਾਂਟ ਦੇ ਅਲਪਕਾਲੀਨ ਲਾਗਤ ਵਕਰ ਦੇ ਨਿਊਨਤਮ ਬਿੰਦੂ L ਨੂੰ ਸਪਰਸ਼ ਕਰਦਾ ਹੈ। ਇਹ ਇਸ਼ਟਤਮ ਉਤਪਾਦਨ (Optimum Production) ਹੈ।

(v) ਜਿਥੇ ਅਲਪਕਾਲੀਨ ਔਸਤ ਲਾਗਤ ਵਕਰਾਂ ਦਾ ਆਕਾਰ ਬਿਲਕੁਲ U ਵਰਗਾ ਹੁੰਦਾ ਹੈ ਉੱਥੇ ਦੀਰਘਕਾਲੀਨ ਔਸਤ ਲਾਗਤ ਵਕਰ ਦਾ ਆਕਾਰ ਵਧੇਰੇ ਕਰਕੇ U ਨਾਲੋਂ ਚੌੜਾ/ਚਪਟਾ ਭਾਵ ਤਸ਼ਤਰੀ ਵਰਗਾ ਹੁੰਦਾ ਹੈ।




ਚਿੱਤਰ ਨੰ : 7.5

**ਦੀਰਘਕਾਲੀਨ ਔਸਤ ਲਾਗਤ ਵਕਰ ਦੇ U ਨਾਲੋਂ ਚੌੜਾ/ਚਪਟਾ ਹੋਣ ਦੇ ਕਾਰਣ (Causes of ◡ Shaped LAC Curve) :**

ਦੀਰਘਕਾਲ ਵਿੱਚ ਔਸਤ ਲਾਗਤ ਵਕਰ ਦੇ U ਨਾਲੋਂ ਚਪਟਾ ਹੋਣ ਦੇ ਮੁੱਖ ਕਾਰਣ ਨਿਮਨ ਲਿਖਿਤ ਹਨ :

(i) ਦੀਰਘਕਾਲ ਵਿਚ ਉਤਪਾਦਨ ਦੇ ਸਾਰੇ ਸਾਧਨ ਬਦਲਣਸ਼ੀਲ ਹੁੰਦੇ ਹਨ ਇਸ ਕਰਕੇ ਲਾਗਤਾਂ ਤੇ ਬਦਲਦੇ ਅਨੁਪਾਤਾਂ ਵਾਲਾ ਨਿਯਮ (Law of Variable Proportions) ਲਾਗੂ ਨਹੀਂ ਹੁੰਦਾ ਸਗੋਂ ਲਾਗਤਾਂ ਪੈਮਾਨੇ ਅਨੁਸਾਰ ਪ੍ਰਤੀਫਲ (Return to Scale) ਤੇ ਨਿਰਭਰ ਕਰਦੀਆਂ ਹਨ। ਦੀਰਘਕਾਲ ਵਿੱਚ ਉਤਪਾਦਨ ਵਧਾਉਣ ਲਈ ਬਦਲਣਸ਼ੀਲ ਅਤੇ ਸਥਿਰ ਸਾਧਨਾਂ ਦਾ ਸੁਯੋਗ ਜੋੜ ਲਗਾਇਆ ਜਾ ਸਕਦਾ ਹੈ। ਇਕਸਾਰ ਲਾਗਤਾਂ ਵਾਲਾ ਨਿਯਮ ਵਧੇਰੇ ਸਮੇਂ ਲਈ ਲਾਗੂ ਹੁੰਦਾ ਹੈ। ਇਸ ਲਈ LAC ਵਕਰ ਪਹਿਲਾਂ ਹੌਲੀ ਹੌਲੀ ਹੇਠਾਂ ਆਉਂਦਾ ਹੈ ਫਿਰ ਹੌਲੀ ਹੌਲੀ ਉੱਪਰ ਜਾਂਦਾ ਹੈ।

(ii) LAC ਵਕਰ ਪਹਿਲਾਂ ਹੇਠਾਂ ਨੂੰ ਪੈਮਾਨੇ ਦੇ ਵਧਦੇ ਪ੍ਰਤੀਫਲ ਕਾਰਣ ਜਾਂਦਾ ਹੈ। ਕਿਉਂਕਿ ਪਹਿਲਾਂ ਫ਼ਰਮ ਨੂੰ ਪੈਮਾਨੇ ਦੀਆਂ ਅੰਦਰੂਨੀ ਬੱਚਤਾਂ (Internal Economies of Scale) ਹੁੰਦੀਆਂ ਹਨ। ਇਕ ਖਾਸ ਬਿੰਦੂ ਤੋਂ ਬਾਅਦ ਫ਼ਰਮ ਤੇ ਪੈਮਾਨੇ ਦੇ ਘਟਦੇ ਪ੍ਰਤੀਫਲ ਲਾਗੂ ਹੁੰਦੇ ਹਨ ਅਤੇ ਅੰਦਰੂਨੀ ਅਬੱਚਤਾਂ (Internal Diseconomies) ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸ ਲਈ LAC ਵਕਰ ਉੱਪਰ ਵੱਲ ਨੂੰ ਜਾਂਦਾ ਹੈ।


(ੳ) **ਪੈਮਾਨੇ ਦੀਆਂ ਬੱਚਤਾਂ (Economies of Scale) ਹਨ** : ਕਿਰਤ ਦੀ ਵੰਡ ਅਤੇ ਇਸ ਦਾ ਵਿਸ਼ਸ਼ਟੀਕਰਣ, ਤਕਨੀਕੀ ਉੱਨਤੀ, ਅਵੰਡਣਯੋਗਤਾ, ਖੋਜ ਅਤੇ ਵਿਕਾਸ।

(ਅ) **ਪੈਮਾਨੇ ਦੀਆਂ ਅਬੱਚਤਾਂ (ਹਾਨੀਆਂ) (Diseconomies of Scale) ਹਨ** : ਵੱਡੇ ਪੈਮਾਨੇ ਤੇ ਉਤਪਾਦਨ ਕਰਨ ਕਾਰਣ ਪ੍ਰਬੰਧ, ਤਾਲਮੇਲ ਅਤੇ ਕੁਸ਼ਲਤਾ ਦੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ।

**(C) ਦੀਰਘਕਾਲੀਨ ਸੀਮਾਂਤ ਲਾਗਤ (LMC) :**

ਕਿਸੇ ਵਸਤੂ ਦੀ ਇੱਕ ਵਾਧੂ ਇਕਾਈ ਦੇ ਉਤਪਾਦਨ ਨਾਲ ਕੁੱਲ ਲਾਗਤ ਵਿੱਚ ਹੋਣ ਵਾਲਾ ਵਾਧਾ ਵਸਤੂ ਦੀ ਉਸ ਇਕਾਈ ਦੀ ਸੀਮਾਂਤ ਲਾਗਤ ਹੈ। ਜਿਵੇਂ ਕਿ ਤੁਸੀਂ ਪਹਿਲਾਂ ਵੀ ਪੜ੍ਹ ਚੁੱਕੇ ਹੋ ਦੀਰਘਕਾਲ ਵਿੱਚ ਸਥਿਰ ਲਾਗਤ ਅਤੇ ਬਦਲਣਸ਼ੀਲ ਲਾਗਤ ਦਾ ਅੰਤਰ ਸਮਾਪਤ ਹੋ ਜਾਂਦਾ ਹੈ। ਲੈਫਟਵਿੱਚ ਅਨੁਸਾਰ, ''ਜਦੋਂ ਫ਼ਰਮ ਕੋਲ ਪੈਦਾਵਾਰ ਦੇ ਬਦਲਣ ਲਈ ਸਾਰੇ ਸਾਧਨਾਂ ਨੂੰ ਬਦਲਣ ਵਾਸਤੇ ਖੁੱਲਾ ਸਮਾਂ ਹੁੰਦਾ ਹੈ ਤਾਂ ਲੰਬੇ ਸਮੇਂ ਵਿੱਚ ਫ਼ਰਮ ਦੀ ਪੈਦਾਵਾਰ ਦੀ ਪ੍ਰਤੀ ਇਕਾਈ ਕੁੱਲ ਲਾਗਤ ਵਿੱਚ ਅੰਤਰ ਨੂੰ LMC ਵਕਰ ਦਰਸਾਉਂਦਾ ਹੈ।'' ("The LMC Curve shows the changes in Long Run Total Cost per

unit change in firms output, when the firm has ample time to make the output change by changing all resources" - Leftwitch).




ਚਿੱਤਰ ਨੰ : 7.6

ਦੀਰਘਕਾਲੀਨ ਸੀਮਾਂਤ ਲਾਗਤ ਵਕਰ ਦੀ ਢਾਲ ਕਾਫ਼ੀ ਹੱਦ ਤੱਕ ਦੀਰਘਕਾਲੀਨ ਔਸਤ ਲਾਗਤ ਵਕਰ ਵਰਗੀ ਹੀ ਹੁੰਦੀ ਹੈ। ਇਸ ਦੀਆਂ ਵਿਸ਼ੇਸ਼ਤਾਈਆਂ ਵੀ ਦੀਰਘਕਾਲੀਨ ਔਸਤ ਲਾਗਤ ਵਕਰ ਵਾਲੀਆਂ ਹੀ ਹੁੰਦੀਆਂ ਹਨ। ਦੀਰਘਕਾਲੀਨ ਸੀਮਾਂਤ ਲਾਗਤ ਵਕਰ ਵੀ ਅਲਪਕਾਲੀਨ ਲਾਗਤ ਵਕਰਾਂ ਤੋਂ ਹੀ ਬਣਦੀਆਂ ਹਨ।

ਚਿੱਤਰ ਨੰ: 7.6 ਵਿੱਚ LAC ਅਤੇ LMC ਬਣਾਈਆਂ ਗਈਆਂ ਹਨ। ਇਹਨਾਂ ਦਾ ਆਪਸੀ ਸੰਬੰਧ ਵੀ SAC ਅਤੇ SMC ਵਾਲਾ ਹੀ ਹੈ। ਚਿੱਤਰ ਵਿੱਚ LAC ਅਤੇ LMC ਦੇ ਉੱਤੇ ਉਹਨਾਂ ਦੀਆਂ ਆਪੋ ਆਪਣੀਆਂ ਸਾਰੀਆਂ SAC ਅਤੇ SMC ਵਕਰਾਂ ਨਹੀਂ ਬਣਾਈਆਂ ਗਈਆਂ ਤਾਂ ਕਿ ਸਮਝਣ ਵਿੱਚ ਆਸਾਨੀ ਰਹੇ। ਆਦਰਸ਼ ਬਿੰਦੂ ਤੇ SAC ਅਤੇ SMC ਦੋਨੋਂ ਹੀ ਬਣਾਈਆਂ ਗਈਆਂ ਹਨ। ਇਸ ਬਿੰਦੂ L ਅਤੇ OQ ਉਤਪਾਦਨ ਹੈ ਅਤੇ ਇਥੇ SAC = SMC = LAC = LMC ਹੈ।

**ਲਾਗਤਾਂ ਦਾ ਆਧੁਨਿਕ ਸਿਧਾਂਤ (Modern Theory of Costs) :**

ਆਧੁਨਿਕ ਸਿਧਾਂਤ ਵਿੱਚ ਇਹ ਦੱਸਿਆ ਗਿਆ ਹੈ ਕਿ ਔਸਤ ਬਦਲਣਸ਼ੀਲ ਲਾਗਤਾਂ ਅਤੇ ਔਸਤ ਕੁੱਲ ਲਾਗਤਾਂ ਪਹਿਲਾਂ ਘਟਦੀਆਂ ਹਨ, ਫਿਰ ਥੋੜ੍ਹੀ ਦੇਰ ਫਲੈਟ ਰਹਿੰਦੀਆਂ ਹਨ ਅਤੇ ਉਸ ਤੋਂ ਬਾਅਦ ਵਧਦੀਆਂ ਹਨ। ਭਾਵ ਇਹਨਾਂ ਦਾ ਤਸ਼ਤਰੀ ਵਰਗਾ ਆਕਾਰ ਹੁੰਦਾ ਹੈ। ਕਈ ਵਾਰੀ ਸਾਰੀਆਂ ਲੰਬੇ ਸਮੇਂ ਦੀਆਂ ਔਸਤ ਲਾਗਤ ਵਕਰਾਂ L-ਸ਼ਕਲ ਦੀਆਂ ਹੁੰਦੀਆਂ ਹਨ ਤਾਂ ਲੰਬੇ ਸਮੇਂ ਦੀਆਂ ਸੀਮਾਂਤ ਲਾਗਤ ਵਕਰਾਂ ਵੀ L-ਸ਼ਕਲ ਦੀਆਂ ਹੋਣਗੀਆਂ।

**4. ਉਤਪਾਦਨ ਲਾਗਤਾਂ ਦੀ ਮਹੱਤਤਾ (Importance of Costs of Production)**

ਉਤਪਾਦਨ ਨਾਲ ਸੰਬੰਧਿਤ ਕਈ ਅਹਿਮ ਫੈਸਲੇ ਲੈਣ ਵਿੱਚ ਉਤਪਾਦਨ ਦੀਆਂ ਲਾਗਤਾਂ ਬਹੁਤ ਮਹੱਤਵ ਰੱਖਦੀਆਂ ਹਨ।

(ii) ਫ਼ਰਮਾਂ ਅਤੇ ਉਦਯੋਗ ਦੋਵਾਂ ਦਾ ਸੰਤੁਲਨ ਪੈਦਾਵਾਰ ਅਤੇ ਸੰਤੁਲਨ ਕੀਮਤ ਪਤਾ ਕਰਨ ਲਈ ਉਤਪਾਦਨ ਦੀਆਂ ਲਾਗਤਾਂ ਬਾਰੇ ਗਿਆਨ ਹੋਣਾ ਜ਼ਰੂਰੀ ਹੈ।

(ii) ਉਤਪਾਦਕ ਨੂੰ ਕਿਸੇ ਵਸਤੂ ਤੋਂ ਮੁਨਾਫ਼ਾ ਹੋ ਰਿਹਾ ਹੈ ਜਾਂ ਹਾਨੀ ਇਸ ਦਾ ਪਤਾ ਲਗਾਉਣ ਲਈ ਵੀ ਉਤਪਾਦਨ

ਲਾਗਤਾਂ ਬਾਰੇ ਜਾਣਕਾਰੀ ਲਾਜ਼ਮੀ ਹੈ।

(iii) ਪ੍ਰਬੰਧਕੀ ਫੈਸਲੇ ਲੈਣ ਲਈ ਲਾਗਤਾਂ ਬਾਰੇ ਪਤਾ ਹੋਣਾ ਅਤਿ ਆਵਸ਼ਕ ਹੈ।

**ਸਵੈ-ਮੁਲਾਂਕਣ ਅਭਿਆਸ - 3**

ਦੀਰਘਕਾਲੀਨ ਔਸਤ ਲਾਗਤ ਵਕਰ ਦਾ ਆਕਾਰ ਕਿਹੋ ਜਿਹਾ ਹੁੰਦਾ ਹੈ ? ਚਿੱਤਰ ਵੀ ਬਣਾ ਕੇ ਦਿਖਾਓ।

## IV. ਸਾਰਾਂਸ਼ (Summary)

ਇਸ ਪਾਠ ਵਿੱਚ ਤੁਸੀ ਪੜ੍ਹਿਆ ਹੈ ਕਿ ਅਰਥ ਸ਼ਾਸਤਰ ਵਿੱਚ ਉਤਪਾਦਨ ਦੀਆਂ ਲਾਗਤਾਂ ਵਿੱਚ ਨਾ ਕੇਵਲ ਬਾਹਰੀ ਲਾਗਤਾਂ (ਜਿਵੇਂ ਬਾਹਰੋਂ ਲਏ ਉਤਪਾਦਨ ਦੇ ਸਾਧਨਾਂ ਦਾ ਭੁਗਤਾਨ) ਸਗੋਂ ਨਿਹਿਤ ਲਾਗਤਾਂ ਨੂੰ ਵੀ ਜੋੜਿਆ ਜਾਂਦਾ ਹੈ। ਲਾਗਤਾਂ ਵਿੱਚ ਭੇਦ ਕਰਦਿਆਂ ਤੁਹਾਨੂੰ ਉਤਪਾਦਨ ਦੀ ਮੌਦ੍ਰਿਕ ਲਾਗਤ, ਅਸਲ ਲਾਗਤ ਅਤੇ ਅਵਸਰ ਲਾਗਤ ਬਾਰੇ ਦੱਸਿਆ ਗਿਆ ਹੈ। ਲਾਗਤਾਂ ਦੇ ਸਿਧਾਂਤ ਬਾਰੇ ਦੱਸਦਿਆਂ ਅਲਪਕਾਲੀਨ ਲਾਗਤ-ਉਤਪਾਦਨ ਸੰਬੰਧ ਅਤੇ ਦੀਰਘਕਾਲੀਨ ਲਾਗਤ-ਉਤਪਾਦਨ ਸੰਬੰਧ ਦੀ ਵਿਆਖਿਆ ਕੀਤੀ ਗਈ ਹੈ। ਥੋੜ੍ਹੇ ਸਮੇਂ ਦੀਆਂ ਕੁੱਲ ਲਾਗਤਾਂ ਕੁੱਲ ਸਥਿਰ ਲਾਗਤਾਂ ਅਤੇ ਕੁੱਲ ਬਦਲਣਸ਼ੀਲ ਲਾਗਤਾਂ ਦਾ ਜੋੜ ਹੁੰਦੀਆਂ ਹਨ। ਸਥਿਰ ਲਾਗਤਾਂ ਉਤਪਾਦਨ ਦੀ ਮਾਤਰਾ ਤੋਂ ਪ੍ਰਭਾਵਿਤ ਨਹੀਂ ਹੁੰਦੀਆਂ ਇਥੋਂ ਤੱਕ ਕਿ ਜੇ ਥੋੜ੍ਹੇ ਸਮੇਂ ਵਿੱਚ ਉਤਪਾਦਨ ਰੋਕਿਆ ਜਾਵੇ ਤਾਂ ਵੀ ਕਰਨੀਆਂ ਪੈਂਦੀਆਂ ਹਨ। ਬਦਲਣਸ਼ੀਲ ਲਾਗਤਾਂ ਬਦਲਦੇ ਸਾਧਨਾਂ ਦਾ ਖਰਚਾ ਹੈ ਜੋ ਕਿ ਪੈਦਾਵਾਰ ਵਿੱਚ ਤਬਦੀਲੀ ਕਰਨ ਤੇ ਬਦਲਦੀਆਂ ਰਹਿੰਦੀਆਂ ਹਨ। ਔਸਤ ਲਾਗਤ ਕੁੱਲ ਲਾਗਤ ਨੂੰ ਪੈਦਾਵਾਰ ਨਾਲ ਵੰਡ ਕੇ ਪਤਾ ਕੀਤੀ ਜਾਂਦੀ ਹੈ ਇਹ ਉਤਪਾਦਨ ਦੀ ਪ੍ਰਤੀ ਇਕਾਈ ਲਾਗਤ ਹੁੰਦੀ ਹੈ ਇਹ U ਆਕਾਰ ਦੀਆਂ ਹੁੰਦੀਆਂ ਹਨ। ਤੁਹਾਨੂੰ ਔਸਤ ਸਥਿਰ ਲਾਗਤਾਂ ਅਤੇ ਔਸਤ ਬਦਲਣਸ਼ੀਲ ਲਾਗਤਾਂ ਬਾਰੇ ਵੀ ਦੱਸਿਆ ਗਿਆ ਹੈ। ਇਹ ਵੀ ਦੱਸਿਆ ਗਿਆ ਸੀ ਕਿ ਉਤਪਾਦਨ ਦੀ ਇੱਕ ਹੋਰ ਇਕਾਈ ਪੈਦਾ ਕਰਨ ਤੇ ਲਾਗਤ ਵਿੱਚ ਹੋਣ ਵਾਲੇ ਵਾਧੇ ਨੂੰ ਸੀਮਾਂਤ ਲਾਗਤ ਕਹਿੰਦੇ ਹਨ। ਇਹ ਵੀ U ਆਕਾਰ ਦੀਆਂ ਹੁੰਦੀਆਂ ਹਨ। ਅਲਪਕਾਲੀਨ ਲਾਗਤ ਦੀਆਂ ਸਾਰੀਆਂ ਧਾਰਨਾਵਾਂ - ਕੁੱਲ ਲਾਗਤ, ਕੁੱਲ ਸਥਿਰ ਲਾਗਤ, ਕੁੱਲ ਬਦਲਣਸ਼ੀਲ ਲਾਗਤ, ਔਸਤ ਲਾਗਤ, ਔਸਤ ਸਥਿਰ ਲਾਗਤ, ਔਸਤ ਬਦਲਣਸ਼ੀਲ ਲਾਗਤ ਅਤੇ ਸੀਮਾਂਤ ਲਾਗਤ ਨੂੰ ਤਾਲਿਕਾ ਅਤੇ ਚਿੱਤਰਾਂ ਰਾਹੀਂ ਦਿਖਾਇਆ ਗਿਆ ਹੈ। ਔਸਤ ਲਾਗਤ ਅਤੇ ਸੀਮਾਂਤ ਲਾਗਤ ਦਾ U ਆਕਾਰ ਉਤਪਾਦਨ ਤੇ ਬਦਲਦੇ ਅਨੁਪਾਤਾਂ ਦੇ ਨਿਯਮ ਲਾਗੂ ਹੋਣ ਕਾਰਣ ਹੈ। ਇਹਨਾਂ ਦੋਹਾਂ ਵਿੱਚ ਸੰਬੰਧ ਵੀ ਦੱਸਿਆ ਗਿਆ ਹੈ। ਲੰਬੇ ਸਮੇਂ ਵਿੱਚ ਸਾਰੇ ਸਾਧਨ ਬਦਲਣਸ਼ੀਲ ਹੋ ਜਾਣ ਕਾਰਣ ਸਥਿਰ ਲਾਗਤਾਂ ਅਤੇ ਬਦਲਣਸ਼ੀਲ ਲਾਗਤਾਂ ਵਾਲਾ ਭੇਦ ਨਹੀਂ ਰਹਿੰਦਾ। ਸੋ ਦੀਰਘਕਾਲੀਨ ਔਸਤ ਲਾਗਤਾਂ ਅਤੇ ਦੀਰਘਕਾਲੀਨ ਸੀਮਾਂਤ ਲਾਗਤਾਂ ਦਾ ਅਧਿਐਨ ਕੀਤਾ ਗਿਆ ਹੈ। ਇਹਨਾਂ ਦਾ ਆਕਾਰ ਤਸ਼ਤਰੀ ਵਰਗਾ ਹੁੰਦਾ ਹੈ। ਇਹ ਲਾਗਤਾਂ ਉਤਪਾਦਨ ਦੇ ਪੈਮਾਨੇ ਦੇ ਪ੍ਰਤੀਫਲ ਤੋਂ ਪ੍ਰਭਾਵਿਤ ਹੁੰਦੀਆਂ ਹਨ।

## V. ਤਕਨੀਕੀ ਸ਼ਬਦਾਵਲੀ

**ਉਤਪਾਦਨ ਲਾਗਤ :**

ਕਿਸੇ ਵਸਤੂ ਦਾ ਉਤਪਾਦਨ ਕਰਨ ਲਈ ਉਤਪਾਦਨ ਦੇ ਸਾਧਨਾਂ ਦੇ ਪ੍ਰਯੋਗ ਲਈ ਜੋ ਰਕਮ ਖਰਚ ਕੀਤੀ ਜਾਂਦੀ ਹੈ ਉਸ ਨੂੰ ਉਤਪਾਦਨ ਲਾਗਤ ਕਹਿੰਦੇ ਹਨ। ਇਸ ਵਿੱਚ ਬਾਹਰੀ ਲਾਗਤ ਅਤੇ ਨਿਹਿਤ ਲਾਗਤ ਦੋਵੇਂ ਸ਼ਾਮਲ ਕੀਤੀਆਂ ਜਾਂਦੀਆਂ ਹਨ।

**ਨਿਹਿਤ ਲਾਗਤ :**

ਉਤਪਾਦਕ ਵੱਲੋਂ ਕੁਝ ਅਜਿਹੇ ਸਾਧਨਾਂ ਦੀ ਵਰਤੋਂ ਕੀਤੀ ਜਾਂਦੀ ਹੈ ਜਿਨ੍ਹਾਂ ਤੇ ਉਸਦੀ ਆਪਣੀ ਮਾਲਕੀ ਹੁੰਦੀ ਹੈ ਸੋ ਅਜਿਹੇ ਸਾਧਨਾਂ ਦੀਆਂ ਲਾਗਤਾਂ ਨਿਹਿਤ ਲਾਗਤਾਂ ਹੁੰਦੀਆਂ ਹਨ।

**ਔਸਤ ਲਾਗਤ :**

ਕਿਸੇ ਵਸਤੂ ਦੀ ਪੈਦਾਵਾਰ ਦੀ ਪ੍ਰਤੀ ਇਕਾਈ ਲਾਗਤ ਨੂੰ ਔਸਤ ਲਾਗਤ ਕਿਹਾ ਜਾਂਦਾ ਹੈ।

**ਸੀਮਾਂਤ ਲਾਗਤ :**

ਕਿਸੇ ਵਸਤੂ ਦੀ ਇੱਕ ਹੋਰ ਇਕਾਈ ਦੀ ਪੈਦਾਵਾਰ ਲਈ ਕੁੱਲ ਲਾਗਤ ਵਿੱਚ ਜੋ ਵਾਧਾ ਹੁੰਦਾ ਹੈ ਉਸਨੂੰ ਸੀਮਾਂਤ ਲਾਗਤ ਕਹਿੰਦੇ ਹਨ।

**ਲਪੇਟ ਵਕਰ/ਲਿਫ਼ਾਫਾ** (envelope) **ਵਕਰ** :

ਦੀਰਘਕਾਲੀਨ ਔਸਤ ਲਾਗਤ ਵਕਰ ਜਿਸ ਨੇ ਸਾਰੀਆਂ ਅਲਪਕਾਲੀਨ ਔਸਤ ਵਕਰਾਂ ਨੂੰ ਆਪਣੇ ਵਿੱਚ ਲਪੇਟਿਆ ਹੁੰਦਾ ਹੈ ਉਸ ਨੂੰ ਲਪੇਟ ਵਕਰ/ਲਿਫ਼ਾਫਾ ਵਕਰ ਕਹਿੰਦੇ ਹਨ।

**ਬਦਲਦੇ ਅਨੁਪਾਤਾਂ ਦਾ ਨਿਯਮ** :

ਅਲਪਕਾਲ ਵਿੱਚ ਜਦੋਂ ਵਸਤੂ ਦਾ ਉਤਪਾਦਨ ਵਧਾਉਣ ਲਈ ਇੱਕ ਸਾਧਨ ਵਿੱਚ ਤਬਦੀਲੀ ਕੀਤੀ ਜਾਂਦੀ ਹੈ ਅਤੇ ਬਾਕੀ ਸਾਧਨ ਸਥਿਰ ਰਹਿੰਦੇ ਹਨ ਤਾਂ ਸਾਧਨਾਂ ਦੇ ਅਨੁਪਾਤ ਵਿੱਚ ਅੰਤਰ ਆ ਜਾਂਦਾ ਹੈ। ਇਸ ਨੂੰ ਬਦਲਦੇ ਅਨੁਪਾਤਾਂ ਦਾ ਨਿਯਮ ਕਹਿੰਦੇ ਹਨ।

**ਪੈਮਾਨੇ ਦੇ ਪ੍ਰਤੀਫਲ ਦਾ ਨਿਯਮ** :

ਦੀਰਘਕਾਲ ਵਿੱਚ ਉਤਪਾਦਨ ਦੇ ਸਾਰੇ ਸਾਧਨ ਬਦਲਣਸ਼ੀਲ ਹੁੰਦੇ ਹਨ। ਉਤਪਾਦਨ ਵਿੱਚ ਤਬਦੀਲੀ ਲਿਆਉਣ ਲਈ ਸਾਰੇ ਸਾਧਨ ਬਦਲੇ ਜਾਂਦੇ ਹਨ ਅਤੇ ਉਤਪਾਦਨ ਦਾ ਪੈਮਾਨਾ ਬਦਲ ਜਾਂਦਾ ਹੈ।

## VI. ਅਭਿਆਸ ਲਈ ਪ੍ਰਸ਼ਨ

**(A) ਵੱਡੇ ਉੱਤਰਾਂ ਵਾਲੇ ਪ੍ਰਸ਼ਨ** :

(1) ਉਤਪਾਦਨ ਲਾਗਤ ਦੀਆਂ ਭਿੰਨ ਭਿੰਨ ਧਾਰਨਾਵਾਂ ਦਾ ਅਰਥ ਦਸੋ।

(2) ਅਲਪਕਾਲੀਨ ਅਤੇ ਦੀਰਘਕਾਲੀਨ ਉਤਪਾਦਨ ਲਾਗਤਾਂ ਦੀ ਰੇਖਾ ਚਿੱਤਰਾਂ ਦੀ ਸਹਾਇਤਾ ਨਾਲ ਵਿਆਖਿਆ ਕਰੋ।

(3) ਔਸਤ ਲਾਗਤ ਅਤੇ ਸੀਮਾਂਤ ਲਾਗਤ ਵਿਚਾਲੇ ਸੰਬੰਧ ਦੀ ਵਿਆਖਿਆ ਕਰੋ। ਸੀਮਾਂਤ ਲਾਗਤ ਵਕਰ U ਆਕਾਰ ਦੀ ਕਿਉਂ ਹੁੰਦੀ ਹੈ ?

(4) ਦੀਰਘਕਾਲੀਨ ਲਾਗਤ ਵਕਰਾਂ ਬਾਰੇ ਵਿਸਤਾਰ ਸਹਿਤ ਵਿਆਖਿਆ ਕਰੋ।

**(B) ਛੋਟੇ ਉੱਤਰਾਂ ਵਾਲੇ ਪ੍ਰਸ਼ਨ** :

(1) ਉਤਪਾਦਨ ਦੀ ਮੁਦਰਾ ਲਾਗਤ ਤੋਂ ਕੀ ਭਾਵ ਹੈ ?

(2) ਬਾਹਰੀ ਲਾਗਤ ਅਤੇ ਅੰਦਰੂਨੀ ਲਾਗਤਾਂ ਵਿਚਾਲੇ ਭੇਦ ਕਰੋ।

(3) ਨਿੱਜੀ ਲਾਗਤ ਅਤੇ ਸਮਾਜਿਕ ਲਾਗਤ ਵਿਚਾਲੇ ਫ਼ਰਕ ਕਰੋ।

(4) ਸਥਿਰ ਲਾਗਤਾਂ ਅਤੇ ਬਦਲਣਸ਼ੀਲ ਲਾਗਤਾਂ ਦੀਆਂ ਉਦਾਹਰਣਾਂ ਦਿਓ।

(5) ਔਸਤ ਲਾਗਤ, ਔਸਤ ਸਥਿਰ ਲਾਗਤ ਅਤੇ ਔਸਤ ਬਦਲਣਸ਼ੀਲ ਲਾਗਤ ਦਾ ਚਿੱਤਰ ਬਣਾਓ।

(6) ਸੀਮਾਂਤ ਲਾਗਤ ਕੀ ਹੁੰਦੀ ਹੈ ?

(7) ਅਲਪਕਾਲੀਨ ਔਸਤ ਲਾਗਤ ਵਕਰ ਅਤੇ ਦੀਰਘਕਾਲੀਨ ਔਸਤ ਲਾਗਤ ਵਕਰ ਬਣਾਓ।

(8) ਲਪੇਟ ਵਕਰ ਤੋਂ ਕੀ ਭਾਵ ਹੈ ?

## VII. ਪੜ੍ਹਨਯੋਗ ਪੁਸਤਕਾਂ


| | | | |
|---|---|---|---|
| 1. | P.N. Chopra | : | Micro Economic Theory and Welfare Economics. |
| 2. | S.K. Misra and Puri | : | Micro Economic Theory and Applications Vol.-I. |
| 3. | H.L. Ahuja | : | Principles of Micro Economics |
| 4. | B.K. Sharma & Gulshan Kumar | : | Price Theory & Distribution (Punjabi Medium) |


* ਇਹ ਪਾਠ DEC ਵਲੋਂ ਮਿਲੀ ਗ੍ਰਾਂਟ ਨਾਲ ਲਿਖਿਆ ਗਿਆ ਹੈ।

ਪਾਠ ਨੰ : **1.8** ਲੇਖਿਕਾ : ਡਾ. ਹਰਵਿੰਦਰ ਕੌਰ

## ਬਾਜ਼ਾਰ ਦੀਆਂ ਕਿਸਮਾਂ,ਆਮਦਨ ਦੀਆਂ ਧਾਰਨਾਵਾਂ ਅਤੇ ਆਮਦਨ ਦਾ ਵਿਸ਼ਲੇਸ਼ਣ
## (Market Forms, Concepts of Revenue and Analysis of Revenue)

I. ਜਾਣ - ਪਛਾਣ
II. ਉਦੇਸ਼
III. ਬਾਜ਼ਾਰ ਦੀਆਂ ਕਿਸਮਾਂ
IV. ਆਮਦਨ ਦੀਆਂ ਧਾਰਨਾਵਾਂ
V. ਸਾਰਾਂਸ਼
V. ਤਕਨੀਕੀ ਸ਼ਬਦਾਵਲੀ
VI. ਅਭਿਆਸ ਲਈ ਪ੍ਰਸ਼ਨ
VII. ਪੜ੍ਹਨਯੋਗ ਪੁਸਤਕਾਂ

### I. ਜਾਣ - ਪਛਾਣ :

ਵਿਭਿੰਨ ਵਸਤਾਂ ਦੀਆਂ ਕੀਮਤਾਂ ਅਤੇ ਪੈਦਾਵਾਰ ਦੇ ਪੱਧਰ ਇਸ ਗੱਲ ਤੇ ਨਿਰਭਰ ਕਰਦੇ ਹਨ ਕਿ ਉਹ ਵਸਤਾਂ ਕਿਸ ਕਿਸਮ ਦੀ ਮੰਡੀ/ਬਾਜ਼ਾਰ ਲਈ ਉਤਪਾਦਤ ਕੀਤੀਆਂ ਗਈਆਂ ਹਨ, ਉਸ ਮੰਡੀ ਦੀਆਂ ਵਿਕਰੀ ਅਤੇ ਖ਼ਰੀਦ ਹਾਲਤਾਂ ਕਿਹੋ ਜਿਹੀਆਂ ਹਨ। ਅਰਥ ਸ਼ਾਸਤਰੀਆਂ ਨੇ ਬਾਜ਼ਾਰ ਨੂੰ ਵਿਭਿੰਨ ਹਾਲਤਾਂ ਦੇ ਆਧਾਰ ਤੇ ਪੂਰਣ ਪ੍ਰਤੀਯੋਗਤਾ/ਪੂਰਣ ਮੁਕਾਬਲਾ, ਏਕਾਧਿਕਾਰੀ, ਏਕਾਧਿਕਾਰੀ ਪ੍ਰਤੀਯੋਗਤਾ ਅਤੇ ਦੂਧਿਕਾਰ ਬਾਜ਼ਾਰ ਵਿੱਚ ਵਰਗੀਕਰਣ ਕੀਤਾ ਹੈ। ਆਮ ਤੌਰ ਤੇ ਏਕਾਧਿਕਾਰੀ, ਏਕਾਧਿਕਾਰੀ ਪ੍ਰਤੀਯੋਗਤਾ ਅਤੇ ਦੂਧਿਕਾਰ ਮੰਡੀਆਂ ਨੂੰ ਅਪੂਰਣ ਮੁਕਾਬਲੇ ਦੀਆਂ ਮੰਡੀਆਂ ਕਿਹਾ ਜਾਂਦਾ ਹੈ। ਸੋ ਇਸ ਪਾਠ ਦੇ ਪਹਿਲੇ ਭਾਗ ਵਿੱਚ ਤੁਹਾਨੂੰ ਮੰਡੀਆਂ ਦੀਆਂ ਵਿਭਿੰਨ ਕਿਸਮਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਦੂਜੇ ਭਾਗ ਵਿੱਚ ਆਮਦਨ ਦੀਆਂ ਵਿਭਿੰਨ ਧਾਰਨਾਵਾਂ ਬਾਰੇ ਦੱਸਿਆ ਜਾਵੇਗਾ ਕਿਉਂਕਿ ਹਰੇਕ ਉਤਪਾਦਕ ਕਿਸੇ ਵੀ ਵਸਤੂ ਦੀ ਵਿਕਰੀ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਬਾਰੇ ਜ਼ਰੂਰ ਪਤਾ ਕਰਨਾ ਚਾਹੁੰਦਾ ਹੈ ਅਤੇ ਪ੍ਰਾਪਤ ਹੋਣ ਵਾਲੀ ਆਮਦਨ ਉਸ ਵਸਤੂ ਦੀ ਮੰਗ ਤੇ ਨਿਰਭਰ ਕਰਦੀ ਹੈ। ਕਿਸੇ ਵਸਤੂ ਲਈ ਉਪਭੋਗੀਆਂ ਦੀ ਮੰਗ ਵਕਰ ਹੀ ਵਿਕ੍ਰੇਤਾ ਦੀ ਦ੍ਰਿਸ਼ਟੀ ਤੋਂ ਆਮਦਨ ਵਕਰ ਹੁੰਦੀ ਹੈ ਕਿਉਂਕਿ ਉਪਭੋਗਤਾ ਵੱਲੋਂ ਅਦਾ ਕੀਤੀ ਗਈ ਕੀਮਤ ਹੀ ਵਿਕ੍ਰੇਤਾ ਦੀ ਆਮਦਨ ਹੁੰਦੀ ਹੈ। ਸੋ ਤੁਹਾਨੂੰ ਆਮਦਨ ਦੀਆਂ ਵਿਭਿੰਨ ਧਾਰਨਾਵਾਂ ਬਾਰੇ ਦੱਸਿਆ ਜਾਵੇਗਾ।

### II. ਉਦੇਸ਼ :

ਇਸ ਪਾਠ ਦੇ ਮੁੱਖ ਉਦੇਸ਼ ਨਿਮਨ ਲਿਖਿਤ ਹਨ :

1. ਬਾਜ਼ਾਰ ਸ਼ਬਦ ਦੇ ਅਰਥ ਨਾਲ ਤੁਹਾਨੂੰ ਜਾਣੂ ਕਰਵਾਉਣਾ।
2. ਬਾਜ਼ਾਰ ਦੀਆਂ ਵਿਭਿੰਨ ਕਿਸਮਾਂ - ਜਿਵੇਂ ਪੂਰਣ ਮੁਕਾਬਲਾ, ਏਕਾਧਿਕਾਰ, ਏਕਾਧਿਕਾਰੀ ਮੁਕਾਬਲੇ ਅਤੇ ਦੂਧਿਕਾਰ ਦਾ ਅਰਥ ਅਤੇ ਵਿਸ਼ੇਸ਼ਤਾਵਾਂ ਬਾਰੇ ਦੱਸਿਆ ਜਾਵੇਗਾ।
3. ਆਮਦਨ ਦਾ ਅਰਥ ਦੱਸਣਾ।
4. ਕੁੱਲ ਆਮਦਨ, ਔਸਤ ਆਮਦਨ ਅਤੇ ਸੀਮਾਂਤ ਆਮਦਨ ਦੀਆਂ ਧਾਰਨਾਵਾਂ ਬਾਰੇ ਦੱਸਣਾ ਅਤੇ ਉਹਨਾਂ ਦੀਆਂ ਵਕਰਾਂ ਬਣਾਈਆਂ ਜਾਣਗੀਆਂ।
5. ਤੁਹਾਨੂੰ ਵਿਭਿੰਨ ਮੰਡੀਆਂ ਵਿੱਚ ਆਮਦਨ ਵਕਰਾਂ ਦੇ ਸਰੂਪ ਬਾਰੇ ਦੱਸਿਆ ਜਾਵੇਗਾ।
6. ਮੰਗ ਦੀ ਲਚਕ ਅਤੇ ਔਸਤ ਆਮਦਨ ਅਤੇ ਸੀਮਾਂਤ ਆਮਦਨ ਵਿਚਾਲੇ ਸੰਬੰਧ ਦੱਸਿਆ ਜਾਵੇਗਾ।

### III. ਬਾਜ਼ਾਰ ਦੀਆਂ ਕਿਸਮਾਂ :

ਜਦੋਂ ਵੀ ਅਸੀਂ ਕੋਈ ਵਸਤੂ ਖ਼ਰੀਦਦੇ ਹਾਂ ਤਾਂ ਉਹ ਵਸਤੂ ਕਿਸੇ ਨਾ ਕਿਸੇ ਖ਼ਾਸ ਕਿਸਮ ਦੇ ਬਾਜ਼ਾਰ ਦੀ ਹਾਲਤ ਵਿੱਚ ਵਿਕਰੀ ਲਈ ਉਪਲਬਧ ਹੁੰਦੀ ਹੈ। ਸੋ ਵਸਤਾਂ ਦੀ ਖ਼ਰੀਦ ਵੇਚ ਕਿਸ ਤਰ੍ਹਾਂ ਦੇ ਬਾਜ਼ਾਰ ਵਿੱਚ ਕਿੰਨ੍ਹਾਂ ਸ਼ਰਤਾਂ ਜਾਂ ਹਾਲਤਾਂ ਵਿੱਚ ਹੁੰਦੀ ਹੈ। ਇਹ ਜਾਨਣ ਤੋਂ ਪਹਿਲਾਂ ਆਓ ਦੇਖਿਏ ਕਿ ਬਾਜ਼ਾਰ ਸ਼ਬਦ ਦਾ ਕੀ ਅਰਥ ਹੈ।

**(ੳ) ਬਾਜ਼ਾਰ ਸ਼ਬਦ ਦਾ ਅਰਥ :**

ਸਾਧਾਰਨ ਸ਼ਬਦਾਂ ਵਿੱਚ ਬਾਜ਼ਾਰ ਸ਼ਬਦ ਦਾ ਭਾਵ ਉਸ ਸਥਾਨ ਤੋਂ ਲਿਆ ਜਾਂਦਾ ਹੈ ਜਿੱਥੇ ਵਸਤੂਆਂ ਦੇ ਖ਼ਰੀਦਾਰ ਅਤੇ ਵਿਕ੍ਰੇਤਾ ਦੋਵੇਂ ਪਰਸਪਰ ਸੌਦਾ ਕਰਨ ਲਈ ਇਕੱਠੇ ਹੁੰਦੇ ਹਨ। ਪ੍ਰੰਤੂ ਅਰਥ ਵਿਗਿਆਨ ਵਿੱਚ ਬਾਜ਼ਾਰ ਸ਼ਬਦ ਦੀ ਵਰਤੋਂ ਵਿਆਪਕ ਅਰਥਾਂ ਵਿੱਚ ਕੀਤੀ ਜਾਂਦੀ ਹੈ। ਬਾਜ਼ਾਰ ਦਾ ਅਰਥ ਕਿਸੇ ਵਿਸ਼ੇਸ਼ ਸਥਾਨ, ਖੇਤਰ ਜਾਂ ਇਮਾਰਤ ਤੋਂ ਨਹੀਂ ਬਲਕਿ ਬਾਜ਼ਾਰ ਇਸ ਤਰ੍ਹਾਂ ਦਾ ਵਿਸਤ੍ਰਿਤ ਖੇਤਰ ਹੈ ਜਿੱਥੇ ਕਿਸੇ ਵਸਤੂ ਦੇ ਵਿਕ੍ਰੇਤਾ ਅਤੇ ਖ਼ਰੀਦਦਾਰ ਵਿੱਚ ਪਰਸਪਰ ਸੰਪਰਕ ਰਹਿੰਦਾ ਹੈ ਅਤੇ ਇੱਕ ਵਸਤੂ ਦੀ ਸਾਰੇ ਬਾਜ਼ਾਰ ਵਿੱਚ ਇੱਕ ਹੀ ਕੀਮਤ ਪ੍ਰਚਲਿਤ ਹੋ ਜਾਂਦੀ ਹੈ।

ਉੱਘੇ ਫਰਾਂਸੀਸੀ ਅਰਥ ਵਿਗਿਆਨੀ ਕੂਰਨੋ ਦੇ ਅਨੁਸਾਰ, ''ਅਰਥ ਵਿਗਿਆਨੀ ਮੰਡੀ ਸ਼ਬਦ ਤੋਂ ਭਾਵ ਕਿਸੇ ਵਿਸ਼ੇਸ਼ ਸਥਾਨ ਤੋਂ ਨਹੀਂ ਲੈਂਦੇ ਜਿੱਥੇ ਵਸਤਾਂ ਦੀ ਖ਼ਰੀਦੋ-ਫ਼ਰੋਖਤ ਹੁੰਦੀ ਹੈ ਸਗੋਂ ਉਸ ਸਾਰੇ ਖੇਤਰ ਤੋਂ ਲੈਂਦੇ ਹਨ ਜਿਸ ਵਿੱਚ ਖ਼ਰੀਦਾਰਾਂ ਅਤੇ ਵਿਕ੍ਰੇਤਾਵਾਂ ਵਿੱਚ ਇਸ ਤਰ੍ਹਾਂ ਦਾ ਸੁਤੰਤਰ ਸੰਪਰਕ ਹੁੰਦਾ ਹੈ ਕਿ ਇੱਕ ਤਰ੍ਹਾਂ ਦੀਆਂ ਵਸਤਾਂ ਦੀਆਂ ਕੀਮਤਾਂ ਆਸਾਨੀ ਅਤੇ ਤੇਜ਼ੀ ਨਾਲ ਇੱਕ ਸਮਾਨ ਹੋ ਜਾਂਦੀਆਂ ਹਨ।'' ("Economists understand by the term market not any particular place in which things are bought and sold but the whole of any region in which buyers and sellers are in such free intercourse with one another that the price of the same goods tends to equality easily and quickly" - Cournot).

ਪ੍ਰੋ. ਜੈਵਨਜ਼ ਅਨੁਸਾਰ, ''ਬਾਜ਼ਾਰ ਸ਼ਬਦ ਤੋਂ ਭਾਵ ਉਹਨਾਂ ਵਿਅਕਤੀਆਂ ਦੇ ਸਮੂਹ ਤੋਂ ਲਿਆ ਜਾਂਦਾ ਹੈ ਜਿਨ੍ਹਾਂ ਵਿੱਚ ਆਪਸੀ ਵਪਾਰਕ ਸੰਬੰਧ ਹੁੰਦੇ ਹਨ ਅਤੇ ਉਹ ਕਿਸੇ ਵਸਤੂ ਦਾ ਵਿਸਤ੍ਰਿਤ ਲੈਣ ਦੇਣ ਕਰਦੇ ਹਨ।'' ("The word market has been generalised so as to mean a body of persons who are in intimate business relations and carry extensive transactions in any commodity" -Jevons).

ਪ੍ਰੋ. ਐਡਵਰਡਜ਼ ਦੇ ਅਨੁਸਾਰ, ''ਬਾਜ਼ਾਰ ਇੱਕ ਅਜਿਹੀ ਵਿਵਸਥਾ ਹੈ ਜਿਸ ਰਾਹੀਂ ਖ਼ਰੀਦਦਾਰ ਅਤੇ ਵਿਕ੍ਰੇਤਾ ਇੱਕ ਦੂਜੇ ਦੇ ਸੰਪਰਕ ਵਿੱਚ ਆਉਂਦੇ ਹਨ। ਇਹ ਜ਼ਰੂਰੀ ਤੌਰ ਤੇ ਕੋਈ ਨਿਸ਼ਚਿਤ ਸਥਾਨ ਨਹੀਂ ਹੁੰਦਾ।'' ("A market is that mechanism by which buyers and sellers are brought together. It is not necessary a fixed place" - Edwards)

**ਬਾਜ਼ਾਰ ਦੀ ਵਿਸਤ੍ਰਿਤ ਪਰਿਭਾਸ਼ਾ ਇਸ ਪ੍ਰਕਾਰ ਹੋ ਸਕਦੀ ਹੈ :**

ਬਾਜ਼ਾਰ ਸ਼ਬਦ ਇੱਕ ਅਜਿਹੀ ਪ੍ਰਕ੍ਰਿਆ ਲਈ ਵਰਤਿਆ ਜਾਂਦਾ ਹੈ ਜਿਸ ਰਾਹੀਂ ਉਪਭੋਗਤਾਵਾਂ ਦੇ ਵਸਤਾਂ ਦੇ ਉਪਭੋਗ ਸੰਬੰਧੀ ਫ਼ੈਸਲੇ, ਫ਼ਰਮਾਂ ਦੇ ਕੀ ਅਤੇ ਕਿੰਨੀ ਪੈਦਾਵਾਰ ਕੀਤੀ ਜਾਵੇ ਬਾਰੇ ਫ਼ੈਸਲੇ ਅਤੇ ਕਾਮਿਆਂ ਦੇ ਕਿੰਨਾ ਅਤੇ ਕਿਸ ਲਈ ਕੰਮ ਕਰਨ ਦੇ ਫ਼ੈਸਲੇ ਕੀਮਤਾਂ ਦੇ ਸਮਝਣ ਰਾਹੀਂ ਹੁੰਦੇ ਹਨ।

ਉਪਰੋਕਤ ਪਰਿਭਾਸ਼ਾਵਾਂ ਨੂੰ ਧਿਆਨ ਨਾਲ ਦੁਬਾਰਾ ਪੜ੍ਹੋ। ਤੁਸੀ ਦੇਖੋਗੇ ਕਿ ਕਿਸੇ ਵਸਤੂ ਦਾ ਬਾਜ਼ਾਰ ਲਈ ਨਿਮਨ ਗੱਲਾਂ ਜ਼ਰੂਰੀ ਹਨ :


1. ਇੱਕ ਤਰ੍ਹਾਂ ਦੀਆਂ ਵਸਤੂਆਂ ਲਈ ਇੱਕ ਬਾਜ਼ਾਰ : ਅਰਥ ਵਿਗਿਆਨ ਵਿੱਚ ਹਰੇਕ ਵਸਤੂ ਦੇ ਬਾਜ਼ਾਰ ਅਲੱਗ ਅਲੱਗ ਮੰਨਿਆ ਜਾਂਦਾ ਹੈ ਜਿਵੇਂ ਕਿ ਫਲਾਂ ਦਾ ਬਾਜ਼ਾਰ, ਕੱਪੜਾ ਬਾਜ਼ਾਰ, ਭਾਂਡਿਆਂ ਦਾ ਬਾਜ਼ਾਰ, ਗੁੜ ਮੰਡੀ, ਆਦਿ।
2. ਖ਼ਰੀਦਾਰਾਂ ਅਤੇ ਵਿਕ੍ਰੇਤਾਵਾਂ ਦਾ ਹੋਣਾ ਲਾਜ਼ਮੀ ਹੈ ਪ੍ਰੰਤੂ ਇਹਨਾਂ ਦੀ ਸੰਖਿਆ ਨਿਸ਼ਚਿਤ ਨਹੀਂ ਹੁੰਦੀ ਹੈ। ਇਹ ਘੱਟ ਵੀ ਹੋ ਸਕਦੇ ਹਨ ਅਤੇ ਵੱਧ ਵੀ।
3. ਵਸਤੂ ਦੀ ਵਿਕਰੀ ਦਾ ਸਥਾਨ ਇੱਕ ਖੇਤਰ, ਇੱਕ ਦੇਸ਼ ਜਾਂ ਸਾਰਾ ਸੰਸਾਰ ਵੀ ਹੋ ਸਕਦਾ ਹੈ
4. ਖ਼ਰੀਦਾਰਾਂ ਅਤੇ ਵਿਕ੍ਰੇਤਾਵਾਂ ਵਿੱਚ ਇਸ ਤਰ੍ਹਾਂ ਦਾ ਆਪਸੀ ਸੰਪਰਕ ਕਿ ਇੱਕ ਸਮੇਂ ਤੇ ਇੱਕ ਵਸਤੂ ਦੀ ਇੱਕ ਹੀ ਕੀਮਤ ਹੋਵੇ।

ਬਾਜ਼ਾਰ ਦੀਆਂ ਪਰਿਭਾਸ਼ਾਵਾਂ ਅਤੇ ਵਿਸ਼ੇਸ਼ਤਾਵਾਂ ਤੋਂ ਤੁਹਾਨੂੰ ਸਪੱਸ਼ਟ ਹੋ ਗਿਆ ਹੋਵੇਗਾ ਕਿ ਅਰਥ ਵਿਗਿਆਨ ਵਿੱਚ ਬਾਜ਼ਾਰ ਤੋਂ ਭਾਵ ਉਹ ਨਹੀਂ ਜੋ ਇੱਕ ਆਮ ਵਿਅਕਤੀ ਆਮ ਭਾਸ਼ਾ ਵਿੱਚ ਬਾਜ਼ਾਰ ਜਾ ਕੇ ਖ਼ਰੀਦਾਰੀ ਕਰਨ ਜਿਵੇਂ ਘਿਓ, ਸਬਜੀ, ਫਲ, ਕੱਪੜਾ, ਛਤਰੀ ਆਦਿ ਖ਼ਰੀਦ ਕੇ ਲਿਆਉਣ ਲਈ ਕਰਦਾ ਹੈ। ਸਗੋਂ ਅਰਥ ਵਿਗਿਆਨ ਵਿੱਚ ਬਾਜ਼ਾਰ ਤੋਂ ਭਾਵ ਕਿਸੇ ਇੱਕ ਤਰ੍ਹਾਂ ਦੀਆਂ ਵਸਤੂਆਂ ਦੀ ਖ਼ਰੀਦੋ-ਫ਼ਰੋਖਤ ਲਈ ਉਹ ਸਾਰਾ ਖੇਤਰ ਹੈ ਜਿੱਥੇ ਖ਼ਰੀਦਾਰਾਂ ਅਤੇ ਵਿਕ੍ਰੇਤਾ ਵਿਚਾਲੇ ਕਿਸੇ ਵੀ ਢੰਗ ਰਾਹੀਂ ਆਪਸੀ

ਤਾਲਮੇਲ ਹੋਵੇ ਅਤੇ ਵਸਤੂ ਦੀ ਇੱਕ ਸਮੇਂ ਤੇ ਇੱਕ ਕੀਮਤ ਨਿਰਧਾਰਤ ਹੋਵੇ।

(ਅ) **ਬਾਜ਼ਾਰ ਦਾ ਵਰਗੀਕਰਣ** :

ਕਿਸੇ ਵੀ ਵਸਤੂ ਦੀ ਕੀਮਤ ਅਤੇ ਪੈਦਾਵਾਰ ਉਸ ਵਸਤੂ ਦੇ ਬਾਜ਼ਾਰ ਦੀ ਕਿਸਮ ਤੇ ਨਿਰਭਰ ਕਰਦੀ ਹੈ। ਸੋ ਆਓ ਦੇਖੀਏ ਕਿ ਬਾਜ਼ਾਰ ਦੀਆਂ ਕਿਹੜੀਆਂ ਕਿਹੜੀਆਂ ਕਿਸਮਾਂ ਹੁੰਦੀਆਂ ਹਨ। ਮੰਗ ਅਤੇ ਪੂਰਤੀ ਜਾਂ ਖੇਤਰ ਦੇ ਆਧਾਰ ਤੇ ਬਾਜ਼ਾਰ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਜਾਂਦਾ ਹੈ। ਸਮੇਂ ਦੇ ਅਨੁਸਾਰ ਬਾਜ਼ਾਰ ਨੂੰ ਚਾਰ ਹਿੱਸਿਆਂ ਵਿੱਚ ਵਰਗੀਕ੍ਰਿਤ ਕੀਤਾ ਜਾਂਦਾ ਹੈ। ਆਓ ਇੱਕ ਚਾਰਟ ਦੀ ਸਹਾਇਤਾ ਨਾਲ ਬਾਜ਼ਾਰ ਦੀਆਂ ਕਿਸਮਾਂ ਬਾਰੇ ਗਿਆਨ ਪ੍ਰਾਪਤ ਕਰੀਏ।




ਆਓ ਹੁਣ ਇਸ ਚਾਰਟ ਵਿੱਚ ਦਿੱਤੇ ਬਾਜ਼ਾਰ ਦੇ ਵਰਗੀਕਰਣ ਅਨੁਸਾਰ ਵਿਭਿੰਨ ਮੰਡੀਆਂ ਬਾਰੇ ਜਾਣਕਾਰੀ ਪ੍ਰਾਪਤ ਕਰੀਏ।

1. **ਖੇਤਰ ਦੇ ਆਧਾਰ ਤੇ ਬਾਜ਼ਾਰ ਦਾ ਵਰਗੀਕਰਣ (On the Basis of Area) ਨਿਮਨ ਅਨੁਸਾਰ ਕੀਤਾ ਜਾਂਦਾ ਹੈ** :

    1.1 **ਸਥਾਨਕ ਬਾਜ਼ਾਰ (Local Market)** : ਜਦੋਂ ਕੋਈ ਵਸਤੂ ਥੋੜ੍ਹੇ ਜਿਹੇ ਖੇਤਰ ਵਿੱਚ ਹੀ ਵੇਚੀ ਅਤੇ ਖ਼ਰੀਦੀ ਜਾਂਦੀ ਹੈ।

    1.2 **ਰਾਸ਼ਟਰੀ ਬਾਜ਼ਾਰ (National Market)** : ਜਦੋਂ ਕਿਸੇ ਵਸਤੂ ਦੀ ਖ਼ਰੀਦੋ-ਫ਼ਰੋਖਤ ਸਾਰੇ ਦੇਸ਼ ਵਿੱਚ ਹੁੰਦੀ ਹੈ।

    1.3 **ਅੰਤਰ ਰਾਸ਼ਟਰੀ ਬਾਜ਼ਾਰ (International Market)** : ਜਦੋਂ ਵਸਤੂ ਨੂੰ ਵਿਦੇਸ਼ਾ ਵਿੱਚ ਵੀ ਵੇਚਿਆ ਜਾਵੇ। ਉਹ ਅੰਤਰਰਾਸ਼ਟਰੀ ਬਾਜ਼ਾਰ ਕਹਾਉਂਦਾ ਹੈ।

2. **ਸਮੇਂ ਦੇ ਅਨੁਸਾਰ ਵਰਗੀਕਰਣ (On the Basis of Time)** :

    2.1 **ਅਤਿ ਅਲਪਕਾਲੀਨ ਬਾਜ਼ਾਰ** : ਨਾਸ਼ਵਾਨ ਵਸਤਾਂ ਜਿਵੇਂ ਦੁੱਧ, ਸਬਜ਼ੀ ਆਦਿ ਦਾ ਬਾਜ਼ਾਰ ਅਤਿ ਅਲਪਕਾਲੀਨ

ਬਾਜ਼ਾਰ ਹੁੰਦਾ ਹੈ। ਇਹਨਾਂ ਵਸਤਾਂ ਦੀ ਕੀਮਤ ਮੰਗ ਨਾਲ ਪ੍ਰਭਾਵਿਤ ਹੁੰਦੀ ਹੈ।

2.2 **ਅਲਪਕਾਲੀਨ ਬਾਜ਼ਾਰ** : ਇਹਨਾਂ ਵਸਤਾਂ ਦੀ ਪੂਰਤੀ ਮੰਗ ਵਧਣ ਤੇ ਕੁਝ ਹੱਦ ਤੱਕ ਵਧਾਈ ਜਾ ਸਕਦੀ ਹੈ।

2.3 **ਦੀਰਘਕਾਲੀਨ ਬਾਜ਼ਾਰ** : ਇਸ ਬਾਜ਼ਾਰ ਵਿੱਚ ਮੰਗ ਵਿੱਚ ਤਬਦੀਲੀ ਆਉਣ ਤੇ ਪੂਰਤੀ ਵਿੱਚ ਤਬਦੀਲੀ ਲਿਆਂਦੀ ਜਾਂਦੀ ਹੈ। ਮੰਗ ਅਤੇ ਪੂਰਤੀ ਦੋਵੇਂ ਕੀਮਤ ਨਿਰਧਾਰਣ ਕਰਦੇ ਹਨ।

2.4 **ਅਤਿ ਦੀਰਘਕਾਲੀਨ ਬਾਜ਼ਾਰ** : ਇਸ ਵਿੱਚ ਸਮਾਂ ਬਹੁਤ ਲੰਬਾ ਹੁੰਦਾ ਹੈ। ਮੰਗ ਅਨੁਸਾਰ ਨਵੇਂ ਉਦਯੋਗ ਵੀ ਸਥਾਪਿਤ ਹੋ ਸਕਦੇ ਹਨ।

3. **ਪ੍ਰਤੀਯੋਗਤਾ ਦੇ ਆਧਾਰ ਤੇ ਬਾਜ਼ਾਰ ਦਾ ਵਰਗੀਕਰਣ (On the Basis of Competition)** :

ਪ੍ਰਤੀਯੋਗਤਾ ਦੇ ਆਧਾਰ ਤੇ ਬਾਜ਼ਾਰ ਦਾ ਵਰਗੀਕਰਣ ਕਰਨ ਲੱਗਿਆਂ ਕੁਝ ਮਹੱਤਵਪੂਰਣ ਗੱਲਾਂ ਦਾ ਧਿਆਨ ਰੱਖਿਆ ਜਾਂਦਾ ਹੈ। ਜਿਵੇਂ ਕਿ (i) ਉਸ ਵਸਤੂ ਨੂੰ ਉਤਪਾਦਤ ਕਰਨ ਲਈ ਉਤਪਾਦਕਾਂ/ਫ਼ਰਮਾਂ ਦੀ ਸੰਖਿਆ; (ii) ਵਸਤੂ ਦੀ ਕਿਸਮ ਕਿਹੋ ਜਿਹੀ ਹੈ ਭਾਵ ਇਹ ਵਸਤੂ ਇੱਕ ਸਮਾਨ (Homogeneous) ਹੈ ਜਾਂ ਵਸਤੂ ਵਿਭੇਦ (Differentiation) ਦਾ ਅੰਸ਼ ਪਾਇਆ ਜਾਂਦਾ ਹੈ; (iii) ਕੀਮਤ ਤੇ ਨਿਯੰਤਰਣ ਦੀ ਮਾਤਰਾ, (iv) ਉਦਯੋਗ ਵਿੱਚ ਫ਼ਰਮਾਂ ਦੇ ਦਾਖਲੇ ਦੀਆਂ ਸ਼ਰਤਾਂ; ਵਿਅਕਤੀਗਤ ਫ਼ਰਮ ਦੀ ਵਸਤੂ ਲਈ ਮੰਗ ਦੀ ਕੀਮਤ ਲਚਕ।

ਆਓ ਹੁਣ ਇਹਨਾਂ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਕੇ ਮੰਡੀ ਬਣਤਰ ਦੀਆਂ ਕਿਸਮਾਂ ਬਾਰੇ ਜਾਣਕਾਰੀ ਪ੍ਰਾਪਤ ਕਰਦੇ ਹਾਂ।

3.1 ਪੂਰਣ ਮੁਕਾਬਲਾ

3.2 ਏਕਾਧਿਕਾਰ

3.3 ਅਪੂਰਣ ਮੁਕਾਬਲਾ - (i) ਏਕਾਧਿਕਾਰ ਮੁਕਾਬਲਾ (ii) ਸ਼ੁੱਧ ਅਲਪਅਧਿਕਾਰ (iii) ਵਿਭੇਦੀ ਅਲਪਅਧਿਕਾਰ।

3.1 **ਪੂਰਣ ਮੁਕਾਬਲਾ (Perfect Competition)** : ਇਹ ਅਜਿਹੀ ਮੰਡੀ ਹਾਲਤ ਹੈ ਜਿਸ ਵਿੱਚ ਇੱਕ ਸਮਾਨ ਵਸਤੂ ਹੁੰਦੀ ਹੈ ਜਿਸਦੇ ਵੱਡੀ ਗਿਣਤੀ ਵਿੱਚ ਵਿਕ੍ਰੇਤਾ ਅਤੇ ਵੱਡੀ ਗਿਣਤੀ ਵਿੱਚ ਖ਼ਰੀਦਾਰ ਹੁੰਦੇ ਹਨ। ਵਸਤੂ ਦੀ ਕੀਮਤ ਉਦਯੋਗ ਰਾਹੀਂ ਨਿਰਧਾਰਤ ਹੁੰਦੀ ਹੈ ਨਾ ਕੋਈ ਇਕੱਲਾ ਵਿਕ੍ਰੇਤਾ ਅਤੇ ਨਾ ਹੀ ਇਕੱਲਾ ਖ਼ਰੀਦਾਰ ਵਸਤੂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਉਦਯੋਗ ਵਿੱਚ ਫ਼ਰਮਾਂ ਦੇ ਪ੍ਰਵੇਸ਼ ਅਤੇ ਛੱਡ ਕੇ ਜਾਣ ਤੇ ਕੋਈ ਰੋਕ ਨਹੀਂ ਹੁੰਦੀ। ਖ਼ਰੀਦਾਰਾਂ ਅਤੇ ਵਿਕ੍ਰੇਤਾਵਾਂ ਨੂੰ ਬਾਜ਼ਾਰ ਕੀਮਤ ਬਾਰੇ ਪੂਰੀ ਜਾਣਕਾਰੀ ਹੁੰਦੀ ਹੈ। ਵਸਤੂ ਦੀ ਵਿਕਰੀ ਵਿੱਚ ਵਾਧੇ ਲਈ ਕੋਈ ਵਿਗਿਆਪਨ ਖ਼ਰਚੇ ਨਹੀਂ ਕੀਤੇ ਜਾਂਦੇ। ਵਸਤੂ ਦੀ ਮੰਗ ਦੀ ਕੀਮਤ ਲਚਕ ਪੂਰਣ ਲਚਕਦਾਰ ਹੁੰਦੀ ਹੈ।

ਸਾਰੀਆਂ ਖੇਤੀ ਵਸਤਾਂ ਇਸ ਮੰਡੀ ਦੇ ਅਧੀਨ ਆ ਜਾਂਦੀਆਂ ਹਨ।

(ਇਸ ਮੰਡੀ ਬਾਰੇ ਵਿਸਤਾਰ ਤੁਸੀਂ ਪਾਠ ਨੰ: 9 ਵਿੱਚ ਪੜ੍ਹੋਂਗੇ)

3.2 **ਏਕਾਧਿਕਾਰ (Monopoly)** : ਜਦੋਂ ਕਿਸੇ ਵਸਤੂ ਦਾ ਇੱਕੋ ਉਤਪਾਦਕ/ਇੱਕੋ ਵਿਕ੍ਰੇਤਾ ਹੋਵੇ, ਵਸਤੂ ਦਾ ਕੋਈ ਨਜ਼ਦੀਕੀ ਪ੍ਰਤੀਸਥਾਪਨ (Close Substitute) ਨਾ ਹੋਵੇ। ਉਤਪਾਦਕ ਦਾ ਵਸਤੂ ਦੀ ਪੂਰਤੀ ਅਤੇ ਕੀਮਤ ਤੇ ਪੂਰਾ ਨਿਯੰਤਰਣ ਹੁੰਦਾ ਹੈ ਕਿਉਂਕਿ ਉਸ ਦਾ ਕੋਈ ਪ੍ਰਤੀਯੋਗੀ ਜਾਂ ਵਿਰੋਧੀ ਨਹੀਂ ਹੁੰਦਾ। ਫ਼ਰਮ ਹੀ ਉਦਯੋਗ ਹੁੰਦੀ ਹੈ। ਏਕਾਧਿਕਾਰੀ ਆਪਣਾ ਏਕਾਧਿਕਾਰ ਸਥਾਪਿਤ ਕਰਨ ਲਈ ਨਵੀਆਂ ਫ਼ਰਮਾਂ ਦੇ ਦਾਖ਼ਲੇ ਨੂੰ ਰੋਕਣ ਲਈ ਕਈ ਢੰਗ ਤਰੀਕੇ ਵਰਤਦਾ ਹੈ। ਸਰਕਾਰੀ ਵਸਤਾਂ ਅਤੇ ਸੇਵਾਵਾਂ ਜਿਵੇਂ ਬਿਜਲੀ, ਗੈਸ, ਜਲ ਆਦਿ ਏਕਾਧਿਕਾਰ ਮੰਡੀ ਦੀਆਂ ਉਦਾਹਰਣਾਂ ਹਨ। ਏਕਾਧਿਕਾਰ ਸਾਧਾਰਨ ਵੀ ਹੋ ਸਕਦਾ ਹੈ ਅਤੇ ਕੀਮਤ-ਵਿਭੇਦ ਵਾਲਾ ਵੀ ਹੋ ਸਕਦਾ ਹੈ। ਸਾਧਾਰਨ ਏਕਾਧਿਕਾਰ (Simple Monopoly) ਤੋਂ ਭਾਵ ਹੈ ਜਦੋਂ ਏਕਾਧਿਕਾਰੀ ਸਾਰਿਆਂ ਗ੍ਰਾਹਕਾਂ ਤੋਂ ਵਸਤੂ ਦੀ ਇੱਕ ਕੀਮਤ ਵਸੂਲ ਕਰਦਾ ਹੈ। ਦੂਜੇ ਪਾਸੇ ਕੀਮਤ ਵਿਭੇਦੀ ਏਕਾਧਿਕਾਰ (Discriminating Monopoly) ਵਿੱਚ ਏਕਾਧਿਕਾਰੀ ਵੱਖਰੇ ਗ੍ਰਾਹਕਾਂ ਕੋਲੋਂ ਵੱਖਰੀ ਮੰਗ ਲਚਕ ਦੀ ਹਾਲਤ ਵਿੱਚ ਜਾਂ ਵੱਖਰੀਆਂ ਮੰਡੀਆਂ ਵਿੱਚ ਵੱਖਰੀ ਵੱਖਰੀ ਕੀਮਤ ਉਗਰਾਉਂਦਾ ਹੈ (ਏਕਾਧਿਕਾਰ ਬਾਰੇ ਵਿਸਤਾਰ ਸਹਿਤ ਜਾਣਕਾਰੀ ਪਾਠ ਨੰ: 10 ਵਿੱਚ ਦਿੱਤੀ ਗਈ ਹੈ)।

3.3 **ਅਪੂਰਣ ਮੁਕਾਬਲਾ (Imperfect Competition)** : ਅਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਇੱਕ ਵਿਅਕਤੀਗਤ ਫ਼ਰਮ ਦਾ ਵਸਤੂ ਦੀ ਕੀਮਤ ਤੇ ਕੁਝ ਹੱਦ ਤੱਕ ਨਿਯੰਤਰਣ ਹੁੰਦਾ ਹੈ। ਫ਼ਰਮਾਂ ਦੀ ਘੱਟ ਸੰਖਿਆ

(Fewness) ਜਾਂ ਵਸਤੂ ਵਿਭੇਦ (Product Differentiation) ਕਾਰਣ ਅਪੂਰਣ ਮੁਕਾਬਲਾ ਪਾਇਆ ਜਾਂਦਾ ਹੈ। ਅਪੂਰਣ ਮੁਕਾਬਲੇ ਵਾਲਿਆਂ ਹਾਲਤਾਂ ਅਧੀਨ ਤਿੰਨ ਕਿਸਮਾਂ ਦੀਆਂ ਮੰਡੀਆਂ ਹੁੰਦੀਆਂ ਹਨ :

(i) ਏਕਾਧਿਕਾਰ ਮੁਕਾਬਲਾ

(ii) ਅਲਪਧਿਕਾਰ

(iii) ਦੂਅਧਿਕਾਰ।

**(i) ਏਕਾਧਿਕਾਰ ਮੁਕਾਬਲਾ (Monopolistic Competition) :** ਏਕਾਧਿਕਾਰੀ ਮੁਕਾਬਲੇ ਵਾਲੀ ਮੰਡੀ ਵਿੱਚ ਫ਼ਰਮਾਂ ਦੀ ਵੱਡੀ ਗਿਣਤੀ ਹੁੰਦੀ ਹੈ (ਪ੍ਰੰਤੂ ਪੂਰਣ ਮੁਕਾਬਲੇ ਨਾਲੋਂ ਘੱਟ), ਨੇੜੇ ਦੀਆਂ ਪ੍ਰਤੀਸਥਾਪਕ (Close Substitute) ਪ੍ਰੰਤੂ ਵਿਭਿੰਨਤਾ ਵਾਲੀਆਂ (Differentiated) ਵਸਤਾਂ ਦਾ ਉਤਪਾਦਨ ਅਤੇ ਵਿਕਰੀ ਕੀਤੀ ਜਾਂਦੀ ਹੈ। ਇਸ ਕਿਸਮ ਦੀ ਮੰਡੀ ਵਿੱਚ ਏਕਾਧਿਕਾਰੀ ਮੰਡੀ ਅਤੇ ਪ੍ਰਤੀਯੋਗੀ ਮੰਡੀ ਵਾਲੇ ਮਿਲੇ ਜੁਲੇ ਅੰਸ਼ ਪਾਏ ਜਾਂਦੇ ਹਨ। ਹਰੇਕ ਵਿਕ੍ਰੇਤਾ ਆਪਣੀ ਵਸਤੂ ਨੂੰ ਇਸ਼ਤਿਹਾਰਬਾਜ਼ੀ ਕਰਕੇ, ਪ੍ਰਾਪੇਗੰਡਾ ਕਰਕੇ, ਪ੍ਰਦਰਸ਼ਨੀਆਂ ਲਗਾ ਕੇ ਗ੍ਰਾਹਕ ਨੂੰ ਆਪਣੀ ਵਸਤੂ ਵੱਲ ਆਕਰਸ਼ਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਹਰੇਕ ਫ਼ਰਮ/ਵਿਕ੍ਰੇਤਾ ਆਪਣੀ ਵਸਤੂ ਵਿੱਚ ਕੁਆਲਟੀ, ਪੈਕਿੰਗ, ਆਕਾਰ, ਮਾਪ, ਰੰਗ, ਬ੍ਰਾਂਡ ਪੱਖੋਂ ਭਿੰਨਤਾ ਲਿਆ ਕੇ ਦੂਜਿਆਂ ਦੀਆਂ ਵਸਤੂਆਂ ਨਾਲੋਂ ਅਲੱਗ ਕਰਨਾ ਚਾਹੁੰਦਾ ਹੈ। ਨਹਾਉਣ ਵਾਲੇ ਸਾਬਣ, ਤੇਲ, ਘਿਓ, ਟੈਲੀਵਿਜ਼ਨ, ਸਕੂਟਰ ਆਦਿ ਇਸ ਦੀਆਂ ਉਦਾਹਰਣਾਂ ਹਨ (ਏਕਾਧਿਕਾਰੀ ਮੁਕਾਬਲੇ ਵਾਲੀ ਮੰਡੀ ਬਾਰੇ ਵਿਸਤ੍ਰਿਤ ਜਾਣਕਾਰੀ ਪਾਠ ਨੰ: 11 ਵਿੱਚ ਦਿੱਤੀ ਗਈ ਹੈ)।

**(ii) ਅਲਪ-ਅਧਿਕਾਰ (Oligopoly)** : ਅਲਪ-ਅਧਿਕਾਰ ਬਾਜ਼ਾਰ ਦੀ ਉਹ ਹਾਲਤ ਹੈ ਜਿਸ ਵਿੱਚ ਵਸਤੂ ਨੂੰ ਵੇਚਣ ਵਾਲਿਆਂ ਦੀ ਗਿਣਤੀ ਬਹੁਤ ਥੋੜ੍ਹੀ ਹੁੰਦੀ ਹੈ। ਇੱਕ ਫ਼ਰਮ ਦੀ ਕੀਮਤ ਉਤਪਾਦਨ ਨੀਤੀ ਦੂਜੀਆਂ ਫ਼ਰਮਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਅਲਪ ਅਧਿਕਾਰ ਦੋ ਕਿਸਮ ਦਾ ਹੋ ਸਕਦਾ ਹੈ।

**a) ਸ਼ੁੱਧ ਅਲਪ-ਅਧਿਕਾਰ (Pure Oligopoly)** : ਜਦੋਂ ਸਾਰੀਆਂ ਫ਼ਰਮਾਂ ਸਮਰੂਪ ਵਸਤੂ ਦਾ ਉਤਪਾਦਨ ਕਰਦੀਆਂ ਹਨ।

**b) ਵਿਭੇਦੀ ਅਲਪ-ਅਧਿਕਾਰ (Differentiated Oligopoly)** : ਜਦੋਂ ਅਲੱਗ ਅਲੱਗ ਫ਼ਰਮਾਂ ਨੇੜੇ ਦੀਆਂ ਪ੍ਰਤੀਸਥਾਪਕ ਵਸਤਾਂ ਵਿਭੇਦ ਕਰਕੇ ਭਾਵ ਥੋੜ੍ਹਾ ਬਹੁਤਾ ਫ਼ਰਕ ਪਾ ਕੇ ਉਤਪਾਦਤ ਕਰਦੀਆਂ ਹਨ।

**(iii) ਦੂਅਧਿਕਾਰ (Duopoly)** : ਇਹ ਅਲਪ ਅਧਿਕਾਰ ਬਾਜ਼ਾਰ ਦੀ ਹੀ ਇੱਕ ਅਵਸਥਾ ਹੈ ਅਤੇ ਇਹ ਸਥਿਤੀ ਆਮ ਤੌਰ ਤੇ ਨਹੀਂ ਪਾਈ ਜਾਂਦੀ। ਇਸ ਕਿਸਮ ਦੇ ਬਾਜ਼ਾਰ ਵਿੱਚ ਕੇਵਲ ਦੋ ਵਿਕ੍ਰੇਤਾ ਹੁੰਦੇ ਹਨ ਅਤੇ ਇੱਕ ਵਿਕ੍ਰੇਤਾਂ ਦੂਜੇ ਵਿਕ੍ਰੇਤਾ ਦੁਆਰਾ ਨਿਰਧਾਰਤ ਕੀਮਤ ਉਪਰ ਪ੍ਰਤੀਕ੍ਰਿਆ (Reaction) ਕਰਦਾ ਹੈ।

**ਸਵੈ-ਮੁਲਾਂਕਣ ਅਭਿਆਸ - 1**

- ਪੂਰਣ ਮੁਕਾਬਲੇ ਅਤੇ ਅਪੂਰਣ ਮੁਕਾਬਲੇ ਵਿੱਚ ਕੀ ਭੇਦ ਹਨ ?
- ਏਕਾਧਿਕਾਰੀ ਮੁਕਾਬਲੇ ਵਾਲੇ ਬਾਜ਼ਾਰ ਵਿੱਚ ਵਸਤੂ ਵਿਭੇਦ ਕਿਸ ਕਿਸਮ ਦਾ ਹੁੰਦਾ ਹੈ? ਉਦਾਹਰਣ ਦੇ ਕੇ ਲਿਖੋ।

ਆਓ ਹੁਣ ਮੰਡੀ ਦੀਆਂ ਵਿਭਿੰਨ ਕਿਸਮਾਂ ਬਾਰੇ ਜਾਣਕਾਰੀ ਇੱਕ ਚਾਰਟ ਦੀ ਸਹਾਇਤਾ ਨਾਲ ਪ੍ਰਾਪਤ ਕਰਦੇ ਹਾਂ।

**ਬਾਜ਼ਾਰ/ਮੰਡੀ ਦੀਆਂ ਕਿਸਮਾਂ**

| ਮੰਡੀ ਦੀ ਕਿਸਮ **Forms of Market** | ਫ਼ਰਮਾਂ ਦੀ ਸੰਖਿਆ **Number of Firms** | ਵਸਤੂ ਦੀ ਕਿਸਮ **Nature of Product** | ਉਦਯੋਗ ਵਿਚ ਦਾਖ਼ਲੇ ਤੇ ਰੋਕ **Barriers to Entry** | ਵਸਤੂ ਲਈ ਮੰਗ ਦੀ ਕੀਮਤ ਲਚਕ **Price Elasticity** | ਕੀਮਤ ਉੱਤੇ ਨਿਯੰਤਰਣ ਦੀ ਮਾਤਰਾ **Degree of Control Over Price** | ਗੈਰ-ਕੀਮਤ ਮੁਕਾਬਲਾ **Non-Price Competition** |
|---|---|---|---|---|---|---|
| 1.ਪੂਰਣ ਮੁਕਾਬਲਾ | ਜ਼ਿਆਦਾ | ਇੱਕ ਸਮਾਨ | ਕੋਈ ਨਹੀਂ | ਅਸੀਮ | ਬਿਲਕੁੱਲ ਨਹੀਂ | ਕੋਈ ਨਹੀਂ |
| 2.ਅਪੂਰਣ ਮੁਕਾਬਲਾ | | | | | | |
| i)ਏਕਾਧਿਕਾਰ ਮੁਕਾਬਲਾ | ਜ਼ਿਆਦਾ | ਭਿੰਨਤਾ ਵਾਲੀਆਂ ਪਰ ਨੇੜੇ ਦੀਆਂ ਪ੍ਰਤਿਸਥਾਪਕ | ਘੱਟ | ਜ਼ਿਆਦਾ | ਕੁਝ ਕੁਝ | ਵਸਤੂ ਭਿੰਨਤਾ ਅਤੇ ਇਸ਼ਤਿਹਾਰਬਾਜ਼ੀ |
| ii)ਸ਼ੁੱਧ ਅਲਪ-ਅਧਿਕਾਰ | ਥੋੜ੍ਹੀ | ਇੱਕ ਸਮਾਨ | ਜ਼ਿਆਦਾ | ਥੋੜ੍ਹੀ | ਕੁਝ ਕੁ | ਨਹੀਂ |
| iii)ਵਿਭੇਦੀ ਅਲਪ-ਅਧਿਕਾਰ | ਥੋੜ੍ਹੀ | ਭਿੰਨਤਾ ਵਾਲੀਆਂ ਪਰ ਨੇੜੇ ਦੀਆਂ ਪ੍ਰਤਿਸਥਾਪਕ | ਜ਼ਿਆਦਾ | ਬਹੁਤ ਥੋੜ੍ਹੀ | ਜ਼ਿਆਦਾ | ਵਸਤੂ ਵਿਭੇਦ ਅਤੇ ਇਸ਼ਤਿਹਾਰਬਾਜ਼ੀ |
| 3.ਏਕਾਧਿਕਾਰ | ਇੱਕ | ਵਿਸ਼ੇਸ਼ ਵਸਤੂ (ਬਿਨਾਂ ਕਿਸੇ ਨਜ਼ਦੀਕੀ ਪ੍ਰਤੀਸਥਾਪਨ ਤੋਂ) | ਜ਼ਿਆਦਾ | ਬਹੁਤ ਘੱਟ | ਬਹੁਤ ਜ਼ਿਆਦਾ | ਕੋਈ ਨਹੀਂ |

### IV. ਆਮਦਨ ਦੀਆਂ ਧਾਰਨਾਵਾਂ (Concepts of Revenue) :

ਜਿਸ ਤਰ੍ਹਾਂ ਉਤਪਾਦਕ ਲਈ ਉਤਪਾਦਨ ਦੀਆਂ ਲਾਗਤਾਂ ਮਹੱਤਵਪੂਰਣ ਸਥਾਨ ਰੱਖਦੀਆਂ ਹਨ ਉਸੇ ਤਰ੍ਹਾਂ ਉਤਪਾਦਤ ਵਸਤੂਆਂ ਦੀ ਵਿਕਰੀ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਦਾ ਅਨੁਮਾਨ ਲਗਾਉਣਾ ਜ਼ਰੂਰੀ ਹੁੰਦਾ ਹੈ। ਇੱਕ ਫ਼ਰਮ ਦੁਆਰਾ ਉਤਪਾਦਤ ਮਾਲ ਦੀ ਵਿਕਰੀ ਉਸ ਵਸਤੂ ਦੀ ਮੰਗ ਤੇ ਨਿਰਭਰ ਕਰਦੀ ਹੈ। ਇਸ ਲਈ ਉਤਪਾਦਕ ਇਹ ਜਾਣਨਾ ਚਾਹੁੰਦਾ ਹੈ ਕਿ ਉਸਦੀ ਵਸਤੂ ਲਈ ਮੰਗ ਵਕਰ ਕਿਹੋ ਜਿਹੀ ਹੋਵੇਗੀ। ਕਿਸੇ ਵਸਤੂ ਲਈ ਉਪਭੋਗੀਆਂ ਦੀ ਮੰਗ ਵਕਰ ਉਤਪਾਦਕ ਦੀ ਦ੍ਰਿਸ਼ਟੀ ਤੋਂ ਉਸ ਦੀ ਔਸਤ ਆਮਦਨ ਵਕਰ ਹੈ, ਕਿਉਂਕਿ ਉਪਭੋਗੀਆਂ ਵਲੋਂ ਅਦਾ ਕੀਤੀ ਗਈ ਕੀਮਤ ਹੀ ਉਸ ਦੀ ਆਮਦਨ ਹੈ। ਔਸਤ ਆਮਦਨ ਤੋਂ ਇਲਾਵਾ ਕੁੱਲ ਆਮਦਨ ਅਤੇ ਸੀਮਾਂਤ ਆਮਦਨ ਵੀ ਆਮਦਨ ਦੀਆਂ ਧਾਰਨਾਵਾਂ ਹਨ।

**1. ਕੁੱਲ ਆਮਦਨ, ਔਸਤ ਆਮਦਨ ਅਤੇ ਸੀਮਾਂਤ ਆਮਦਨ**

**(i) ਕੁੱਲ ਆਮਦਨ (Total Revenue) :**

ਫ਼ਰਮ ਦੀ ਕੁੱਲ ਵਿਕਰੀ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਫ਼ਰਮ ਦੀ ਕੁੱਲ ਆਮਦਨ ਹੈ। ਇਸ ਨੂੰ ਪ੍ਰਾਪਤ ਕਰਨ ਲਈ ਫ਼ਰਮ ਦੇ ਕੁੱਲ ਵਿਕੇ ਉਤਪਾਦਨ ਨੂੰ ਕੀਮਤ ਨਾਲ ਗੁਣਾ ਕਰਨਾ ਹੁੰਦਾ ਹੈ। ਉਤਪਾਦਨ ਦੀ ਵਿਕਰੀ ਵਿੱਚ ਤਬਦੀਲੀ ਆਉਣ ਤੇ ਕੁੱਲ ਆਮਦਨ ਵੀ ਬਦਲ ਜਾਂਦੀ ਹੈ।

$$TR = P \times Q$$ ਜਾਂ

$$TR = AR \times Q \quad (\therefore AR = P)$$

ਪੂਰਣ ਪ੍ਰਤੀਯੋਗੀ ਮੰਡੀ ਵਿੱਚ ਫ਼ਰਮ ਉਦਯੋਗ ਵੱਲੋਂ ਨਿਰਧਾਰਤ ਕੀਮਤ ਤੇ ਹੀ ਮਾਲ ਵੇਚ ਸਕਦੀ ਹੈ। ਇਸ ਮੰਡੀ ਵਿੱਚ ਪ੍ਰਤੀ ਇਕਾਈ ਕੀਮਤ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ ਸੋ ਵਿਕਰੀ ਵਿੱਚ ਵਾਧਾ ਉਸੇ ਅਨੁਪਾਤ ਵਿੱਚ ਹੀ ਕੁੱਲ ਆਮਦਨ ਨੂੰ ਵਧਾਏਗਾ। ਤਾਲਿਕਾ - 8.1 ਦੇ ਕਾਲਮ ਨੰ: 2 ਵਿੱਚ ਇਹ ਸਪੱਸ਼ਟ ਹੈ ਕਿ ਹਰ ਇਕਾਈ ਦੀ ਕੀਮਤ ਬਰਾਬਰ ਹੁੰਦੀ ਹੈ। ਸੋ ਕਾਲਮ ਨੰ: 3 ਵਿੱਚ ਕੁੱਲ ਆਮਦਨ ਉਸੇ ਦਰ ਤੇ ਵਧਦੀ ਜਾ ਰਹੀ ਹੈ। ਅਪੂਰਣ ਪ੍ਰਤੀਯੋਗਤਾ ਵਿੱਚ ਫ਼ਰਮ ਨੂੰ ਆਪਣੀ ਹੋਰ ਉਪਜ ਵੇਚਣ ਲਈ ਕੀਮਤ ਘਟਾਉਣੀ ਪੈਂਦੀ ਹੈ। ਦੇਖੋ ਤਾਲਿਕਾ - 8.2 ਦਾ ਕਾਲਮ ਨੰ: 2 ਕੁੱਲ ਆਮਦਨ ਘਟਦੀ ਦਰ ਨਾਲ ਵਧ ਰਹੀ ਹੈ।

**(i) ਔਸਤ ਆਮਦਨ (Average Revenue) :**

ਵੇਚੀਆਂ ਗਈਆਂ ਵਸਤਾਂ ਦੀ ਪ੍ਰਤੀ ਇਕਾਈ ਤੋਂ ਪ੍ਰਾਪਤ ਰਕਮ ਔਸਤ ਆਮਦਨ ਹੈ। ਸੋ ਔਸਤ ਆਮਦਨ ਉਤਪਾਦਨ ਦੀ ਵਿਕਰੀ ਤੋਂ ਪ੍ਰਤੀ ਇਕਾਈ ਆਮਦਨ ਜਾਂ ਦੂਜੇ ਸ਼ਬਦਾਂ ਵਿੱਚ ਪ੍ਰਤੀ ਇਕਾਈ ਕੀਮਤ ਹੈ। ਪ੍ਰਤੀ ਇਕਾਈ ਆਮਦਨ ਪਤਾ ਕਰਨ ਲਈ ਕੁੱਲ ਆਮਦਨ ਨੂੰ ਵਿਕਰੀ ਕੀਤੇ ਉਤਪਾਦਨ ਦੀਆਂ ਇਕਾਈਆਂ ਨਾਲ ਤਕਸੀਮ ਕਰਨਾ ਚਾਹੀਦਾ ਹੈ। ਔਸਤ ਆਮਦਨ ਵਕਰ, ਫ਼ਰਮ ਦੀ ਉਪਜ ਲਈ ਉਪਭੋਗੀ ਦੀ ਮੰਗ ਦਰਸਾਉਂਦਾ ਹੈ।

$$\text{ਔਸਤ ਆਮਦਨ (AR)} = \frac{\text{ਕੁੱਲ ਆਮਦਨ (TR)}}{\text{ਕੁੱਲ ਵਿਕਰੀ ਦੀ ਮਾਤਰਾ (Q)}} = \frac{\text{ਕੀਮਤ} \times \text{ਉਤਪਾਦਨ ਦੀ ਮਾਤਰਾ}}{\text{ਉਤਪਾਦਨ ਦੀ ਮਾਤਰਾ}}$$

$$AR = \frac{TR}{Q} = \frac{P \times Q}{Q} = P$$

ਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਵਸਤੂ ਦੀਆਂ ਸਾਰੀਆਂ ਇਕਾਈਆਂ ਲਈ ਕੀਮਤ/ਔਸਤ ਆਮਦਨ ਇੱਕੋ ਜਿੰਨੀ ਰਹਿੰਦੀ ਹੈ। ਫ਼ਰਮ ਪ੍ਰਚਲਿਤ ਕੀਮਤ ਤੇ ਜਿੰਨੀ ਉਪਜ ਚਾਹੇ ਵੇਚ ਸਕਦੀ ਹੈ। ਤਾਲਿਕਾ - 1 ਵਿੱਚ ਕਾਲਮ 2 ਵਿੱਚ ਦੇਖੋ ਉਤਪਾਦਨ ਦੀ ਹਰਕੇ ਇਕਾਈ ਦੀ ਕੀਮਤ 24 ਰੁ. ਹੈ ਤਾਂ ਔਸਤ ਆਮਦਨ ਵੀ 24 ਰੁ. ਹੀ ਹੈ। ਕਿਉਂਕਿ ਕੀਮਤ = ਔਸਤ ਆਮਦਨ। ਇਸੇ ਸਾਰਣੀ ਦੇ ਆਧਾਰ ਤੇ ਔਸਤ ਆਮਦਨ ਵਕਰ ਦੀ ਰੂਪ ਰੇਖਾ ਬਣਾਈਏ ਤਾਂ ਤੁਸੀ ਦੇਖੋਗੇ ਕਿ ਇਹ X-ਧੁਰੇ ਦੇ ਸਮਾਨਾਂਤਰ (Parallel) ਬਣੇਗੀ। ਚਿੱਤਰ ਨੰ: 8.1 ਦੇ ਭਾਗ - ਅ ਵਿੱਚ ਦੇਖੋ ਔਸਤ ਆਮਦਨ ਵਕਰ X-ਧੁਰੇ ਦੇ ਸਮਾਨਾਂਤਰ ਸਿੱਧੀ ਰੇਖਾ ਹੈ ਅਤੇ ਸੀਮਾਂਤ ਆਮਦਨ ਵੀ ਇਸ ਦੇ ਬਰਾਬਰ ਹੈ। ਇਸ ਦਾ ਭਾਵ ਹੈ ਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਵਸਤੂ ਦੀ ਮੰਗ ਪੂਰਣ ਲਚਕਦਾਰ ਹੈ।


ਪ੍ਰੰਤੂ ਅਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਕਿਸੇ ਫ਼ਰਮ ਦੀ ਵਸਤੂ ਦੀ ਮੰਗ ਪੂਰਣ ਲਚਕਦਾਰ ਨਹੀਂ ਹੁੰਦੀ ਅਤੇ ਫ਼ਰਮ ਦੀ ਔਸਤ ਆਮਦਨ ਇੱਕ ਸਮਾਨ ਨਹੀਂ ਹੁੰਦੀ। ਸਗੋਂ ਫ਼ਰਮ ਨੂੰ ਵਧੇਰੇ ਉਪਜ ਵੇਚਣ ਲਈ ਕੀਮਤ ਘਟਾਉਣੀ ਪੈਂਦੀ ਹੈ। ਤਾਲਿਕਾ - 8.2 ਦੇ ਕਾਲਮ 3 ਵਿੱਚ ਦੇਖੋ ਔਸਤ ਆਮਦਨ ਲਗਾਤਾਰ ਘਟਦੀ ਜਾ ਰਹੀ ਹੈ। ਇਸੇ ਆਧਾਰ ਤੇ ਜਦੋਂ ਚਿੱਤਰ ਬਣਾਉਂਦੇ ਹਾਂ ਤਾਂ ਇਹ ਪੂਰਣ ਮੁਕਾਬਲੇ ਵਾਂਗ X-ਧੁਰੇ ਦੇ ਸਮਾਨਾਂਤਰ ਨਹੀਂ ਬਣੇਗਾ ਸਗੋਂ ਇਸ ਦੀ ਢਾਲ ਖੱਬਿਓਂ ਸੱਜੇ ਹੇਠਾਂ ਵੱਲ

ਨੂੰ ਹੋਵੇਗੀ। ਇਸ ਦਾ ਭਾਵ ਹੈ ਕਿ ਵਧੇਰੇ ਉਪਜ ਨੂੰ ਕੀਮਤ ਘਟਾ ਦੇ ਵੇਚਿਆ ਜਾਂਦਾ ਹੈ। ਚਿੱਤਰ ਨੰ: 8.2 ਦੇ ਭਾਗ - (ਅ) ਵਿੱਚ ਦੇਖੋ AR ਦੀ ਸ਼ਕਲ ਹੇਠਾਂ ਨੂੰ ਢਾਲ ਵਾਲੀ ਹੈ।


ਤਾਲਿਕਾ - 8.1

ਪੂਰਣ ਮੁਕਾਬਲੇ ਵਿੱਚ ਔਸਤ ਆਮਦਨ ਅਤੇ ਸੀਮਾਂਤ ਆਮਦਨ

| **1**<br>ਵਸਤੂ ਦੀ ਵੇਚੀ ਗਈ ਮਾਤਰਾ<br>**Q** | **2**<br>ਕੀਮਤ ਜਾਂ ਔਸਤ ਆਮਦਨ<br>**AR** | **3**<br>ਕੁੱਲ ਆਮਦਨ (ਕੀਮਤ × ਉਤਪਾਦਨ)<br>**TR** | **4**<br>ਸੀਮਾਂਤ ਆਮਦਨ<br>**MR** |
|---|---|---|---|
| 1. | 24 | 24 | 24 |
| 2. | 24 | 48 | 24 |
| 3. | 24 | 72 | 24 |
| 4. | 24 | 96 | 24 |
| 5. | 24 | 120 | 24 |
| 6. | 24 | 144 | 24 |
| 7. | 24 | 168 | 24 |
| 8. | 24 | 192 | 24 |




ਚਿੱਤਰ ਨੰ : 8.1




ਚਿੱਤਰ ਨੰ : 8.2

**(iii) ਸੀਮਾਂਤ ਆਮਦਨ (Marginal Revenue)** :

ਉਪਜ ਦੇ ਕਿਸੇ ਵੀ ਪੱਧਰ ਤੇ ਵਸਤੂ ਦੀ ਇੱਕ ਹੋਰ ਇਕਾਈ ਵੇਚਣ ਨਾਲ ਫ਼ਰਮ ਦੀ ਕੁੱਲ ਆਮਦਨ ਵਿੱਚ ਜੋ ਵਾਧਾ ਹੁੰਦਾ ਹੈ ਉਸ ਨੂੰ ਸੀਮਾਂਤ ਆਮਦਨ ਕਹਿੰਦੇ ਹਨ। ਸੀਮਾਂਤ ਆਮਦਨ ਇੱਕ ਹੋਰ ਇਕਾਈ ਵੇਚਣ ਤੇ ਫ਼ਰਮ ਦੀ ਕੁੱਲ ਆਮਦਨ ਵਿੱਚ ਹੋਣ ਵਾਲਾ ਵਾਧਾ ਹੈ। (Marginal Revenue is the addition made to total revenue by the sale of one more unit).

ਕੌਟਸੋਇਨਿਸ ਦੇ ਸ਼ਬਦਾਂ ਵਿੱਚ, ''ਵਸਤੂ ਦੀ ਇੱਕ ਵਾਧੂ ਇਕਾਈ ਨੂੰ ਵੇਚਣ ਨਾਲ ਕੁੱਲ ਆਮਦਨ ਵਿੱਚ ਹੋਣ ਵਾਲੀ ਤਬਦੀਲੀ ਨੂੰ ਸੀਮਾਂਤ ਆਮਦਨ ਕਿਹਾ ਜਾਂਦਾ ਹੈ।'' ("The Marginal Revenue is the change in total reveune resulting from selling an additional unit of commodity" - Koutsoyiannis).

$$\text{ਸੀਮਾਂਤ ਆਮਦਨ} = \frac{\text{ਕੁੱਲ ਆਮਦਨ ਵਿੱਚ ਤਬਦੀਲੀ}}{\text{ਵੇਚੇ ਉਤਪਾਦਨ ਦੀ ਮਾਤਰਾ ਵਿੱਚ ਤਬਦੀਲੀ}}$$

$$Marginal\ Revenue = \frac{Change\ in\ Total\ Revenue}{Change\ in\ Quantity\ Sold}$$

$$MR = \frac{\Delta TR}{\Delta Q}$$

ਜੇਕਰ ਅਧਿਕ ਉਪਜ ਵੇਚਣ ਤੇ ਵਸਤੂ ਦੀ ਕੀਮਤ ਵਿੱਚ ਕੋਈ ਤਬਦੀਲੀ ਨਹੀਂ ਆਉਂਦੀ ਤਾਂ ਪ੍ਰਤੀ ਇਕਾਈ ਔਸਤ ਆਮਦਨ ਉਹੀ ਰਹਿੰਦੀ ਹੈ ਅਤੇ ਇੱਕ ਹੋਰ ਇਕਾਈ ਵੇਚਣ ਤੇ ਹੋਣ ਵਾਲਾ ਵਾਧਾ ਵੀ ਇਸ ਦੇ ਬਰਾਬਰ ਹੀ ਰਹਿੰਦਾ ਹੈ। ਅਜਿਹੀ ਸਥਿਤੀ

ਪੂਰਣ ਮੁਕਾਬਲੇ ਵਾਲੀ ਮੰਡੀ ਵਿੱਚ ਪਾਈ ਜਾਂਦੀ ਹੈ। ਤਾਲਿਕਾ ਨੰ: 8.1 ਦੇ ਕਾਲਮ ਨੰ: 4 ਵਿੱਚ ਸੀਮਾਂਤ ਆਮਦਨ ਵਿਕਰੀ ਦੇ ਹਰੇਕ ਪੱਧਰ ਤੇ 24 ਰੁ. ਹੀ ਹੈ।

ਚਿੱਤਰ ਨੰ: 8.1 ਦੇ ਭਾਗ - (ਅ) ਵਿੱਚ ਔਸਤ ਆਮਦਨ ਅਤੇ ਸੀਮਾਂਤ ਆਮਦਨ ਇੱਕੋ ਰੇਖਾ ਦੁਆਰਾ ਪ੍ਰਗਟਾਏ ਗਏ ਹਨ। ਦੂਜੇ ਪਾਸੇ ਕਿਸੇ ਵੀ ਕਿਸਮ ਦੀ ਅਪੂਰਣ ਮੁਕਾਬਲੇ ਵਾਲੀ ਮੰਡੀ ਹੋਵੇ (ਭਾਵੇਂ ਏਕਾਧਿਕਾਰੀ ਪ੍ਰਤੀਯੋਗਿਤਾ, ਅਲਪਅਧਿਕਾਰ ਜਾਂ ਏਕਾਧਿਕਾਰ ਹੋਵੇ) ਫ਼ਰਮ ਜਦੋਂ ਵੀ ਆਪਣੀ ਉਪਜ ਦਾ ਪੱਧਰ ਵਧਾਉਂਦੀ ਹੈ ਤਾਂ ਇਸ ਦੀ ਵਸਤੂ ਦੀ ਕੀਮਤ ਘਟਦੀ ਹੈ ਭਾਵ ਔਸਤ ਆਮਦਨ ਘਟਦੀ ਹੈ। ਇਸ ਨਾਲ ਕੁੱਲ ਆਮਦਨ ਘਟਦੀ ਦਰ ਨਾਲ ਵਧਦੀ ਹੈ। ਜਿਵੇਂ ਕਿ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਸੀਮਾਂਤ ਆਮਦਨ ਇੱਕ ਵਾਧੂ ਇਕਾਈ ਵੇਚਣ ਤੇ ਕੁਲ ਆਮਦਨ ਵਿੱਚ ਹੋਣ ਵਾਲੀ ਤਬਦੀਲੀ ਹੈ ਸੋ ਕੁੱਲ ਆਮਦਨ ਵਧਦੀ ਹੈ ਪ੍ਰੰਤੂ ਘਟਦੀ ਦਰ ਤੇ ਸੋ ਸੀਮਾਂਤ ਆਮਦਨ ਵੀ ਲਗਾਤਾਰ ਘਟਦੀ ਹੈ। ਤਾਲਿਕਾ - 8.2 ਦੇ ਕਾਲਮ 4 ਵਿੱਚ ਸੀਮਾਂਤ ਆਮਦਨ ਦਿਖਾਈ ਗਈ ਹੈ।

ਤਾਲਿਕਾ - 8.2

ਅਪੂਰਣ ਮੁਕਾਬਲੇ ਵਿੱਚ ਔਸਤ ਆਮਦਨ ਅਤੇ ਸੀਮਾਂਤ ਆਮਦਨ (ਰੁ. ਵਿੱਚ)

| **1**<br>ਵਸਤੂ ਦੀ ਵੇਚੀ ਗਈ ਮਾਤਰਾ<br>**Q** | **2**<br>ਕੁੱਲ ਆਮਦਨ<br>**TR** | **3**<br>ਔਸਤ ਆਮਦਨ ਜਾਂ ਕੀਮਤ<br>**AR** | **4**<br>ਸੀਮਾਂਤ ਆਮਦਨ<br>**MR** |
|---|---|---|---|
| 1. | 24 | 24 | 24 |
| 2. | 44 | 22 | 20 |
| 3. | 60 | 20 | 16 |
| 4. | 72 | 18 | 12 |
| 5. | 80 | 16 | 8 |
| 6. | 84 | 14 | 4 |
| 7. | 84 | 12 | 0 |
| 8. | 80 | 10 | -4 |

ਸੀਮਾਂਤ ਆਮਦਨ ਲਗਾਤਾਰ ਘਟਦੀ ਜਾ ਰਹੀ ਹੈ। ਪਹਿਲੀ ਇਕਾਈ ਦੀ ਵਿਕਰੀ ਤੋਂ ਹੋਣ ਵਾਲੀ ਕੁੱਲ ਆਮਦਨ 24 ਰੁ. ਹੈ ਅਤੇ ਦੂਜੀ ਇਕਾਈ ਦੀ ਵਿਕਰੀ ਤੋਂ ਹੋਣ ਵਾਲੀ ਕੁੱਲ ਆਮਦਨ 44 ਰੁ. ਹੈ। ਇਸ ਤਰ੍ਹਾਂ ਦੂਜੀ ਇਕਾਈ ਤੋਂ (44 -24) = 20 ਰੁ. ਸੀਮਾਂਤ ਆਮਦਨ ਹੁੰਦੀ ਹੈ। ਜਿਵੇਂ ਜਿਵੇਂ ਵਾਧੂ ਇਕਾਈਆਂ ਦੀ ਵਿਕਰੀ ਕੀਤੀ ਜਾਂਦੀ ਹੈ। ਸੀਮਾਂਤ ਆਮਦਨ ਘਟਦੀ ਜਾਂਦੀ ਹੈ ਕਿਉਂਕਿ ਅਗਲੀ ਇਕਾਈ ਦੀ ਵਿਕਰੀ ਲਈ ਪਿਛਲੀਆਂ ਸਾਰੀਆਂ ਇਕਾਈਆਂ ਦੀ ਵੀ ਕੀਮਤ ਘਟ ਜਾਂਦੀ ਹੈ। ਭਾਵ ਜੇ 5 ਇਕਾਈਆਂ ਪਹਿਲਾਂ 16 ਰੁ. ਕੀਮਤ ਨਾਲ ਵੇਚੀਆਂ ਜਾਂਦੀਆਂ ਸਨ ਤਾਂ ਛੇਵੀਂ ਇਕਾਈ ਦੀ ਕੀਮਤ 14 ਰੁ. ਹੋਣ ਤੇ ਹੁਣ ਉਹ ਪੰਜ ਇਕਾਈਆਂ ਵੀ 14 ਰੁ. ਕੀਮਤ ਤੇ ਹੀ ਵੇਚੀਆਂ ਜਾਣਗੀਆਂ। ਚਿੱਤਰ 8.2 ਦੇ ਭਾਗ - (ਅ) ਵਿੱਚ ਦੇਖੋ AR ਵਕਰ ਖੱਬੇ ਤੋਂ ਸੱਜੇ ਹੇਠਾਂ ਵੱਲ ਢਾਲ ਵਾਲੀ ਹੈ ਅਤੇ MR ਵਕਰ ਇਸ ਤੋਂ ਹੇਠਾਂ ਹੈ। ਇਸ ਦੇ ਨਾਲ ਹੀ ਇਹ ਵੀ ਦੇਖੋ ਕਿ ਸੀਮਾਂਤ ਆਮਦਨ ਔਸਤ ਆਮਦਨ ਨਾਲੋਂ ਤੇਜ਼ੀ ਨਾਲ ਘਟ ਰਹੀ ਹੈ ਇਥੋਂ ਤੱਕ ਕਿ ਸੱਤਵੀਂ ਇਕਾਈ ਦੀ ਵਿਕਰੀ ਤੇ ਇਹ ਜ਼ੀਰੋ ਹੋ ਗਈ ਹੈ ਅਤੇ ਜੇਕਰ ਇਸ ਤੋਂ ਬਾਅਦ ਵੀ ਵਿਕਰੀ ਕੀਤੀ ਜਾਂਦੀ ਹੈ ਤਾਂ ਸੀਮਾਂਤ ਆਮਦਨ ਰਿਣਾਤਮਕ ਹੋ ਜਾਂਦੀ ਹੈ।


2. **ਅਪੂਰਣ ਮੁਕਾਬਲੇ ਵਿੱਚ ਔਸਤ ਆਮਦਨ ਅਤੇ ਸੀਮਾਂਤ ਆਮਦਨ ਦਾ ਆਪਸੀ ਸੰਬੰਧ(Relationship between Average and Marginal Revenue Under Imperfect Competition)** :

ਪੂਰਣ ਮੁਕਾਬਲੇ ਵਿੱਚ ਔਸਤ ਆਮਦਨ X-ਧੁਰੇ ਦੇ ਸਮਾਨਾਂਤਰ ਸਿੱਧੀ ਰੇਖਾ ਹੈ ਤਾਂ ਸੀਮਾਂਤ ਆਮਦਨ ਵੀ ਉਸ ਦੇ ਬਰਾਬਰ ਹੈ। ਪ੍ਰੰਤੂ ਅਪੂਰਣ ਮੁਕਾਬਲੇ ਵਾਲੀਆਂ ਮੰਡੀਆਂ ਅਤੇ ਏਕਾਧਿਕਾਰ ਵਿੱਚ ਔਸਤ ਆਮਦਨ ਘਟਦੀ ਹੈ ਤਾਂ ਸੀਮਾਂਤ ਆਮਦਨ ਵੀ ਘਟਦੀ

ਹੈ। ਜਦੋਂ AR ਅਤੇ MR ਵਕਰਾਂ ਹੇਠਾਂ ਵੱਲ ਢਾਲ ਵਾਲੀਆਂ ਹੁੰਦੀਆਂ ਹਨ ਤਾਂ AR ਵਕਰ ਤੇ ਕਿਸੇ ਵੀ ਬਿੰਦੂ ਤੋਂ OY-ਧੁਰੇ ਤੇ ਲੰਬ (Perpendicular) ਨੂੰ MR ਵਕਰ ਦੋ ਹਿੱਸਿਆਂ ਵਿੱਚ ਵੰਡੇਗੀ। ਚਿੱਤਰ ਨੰ: 8.2 ਦੇ ਭਾਗ - (ਅ) ਵਿੱਚ ਦੇਖੋ ਲੰਬ AB ਨੂੰ MR ਵਕਰ C ਬਿੰਦੂ ਤੇ ਦੋ ਬਰਾਬਰ ਹਿੱਸਿਆਂ (AC = BC) ਵਿੱਚ ਵੰਡ ਰਹੀ ਹੈ।


ਪ੍ਰੰਤੂ ਜਦੋਂ ਔਸਤ ਆਮਦਨ ਵਕਰ ਮੂਲ ਬਿੰਦੂ (Origin) ਵੱਲ ਉੱਤਲ (Convex) ਜਾਂ ਅਵਤਲ (Concave) ਹੋਵੇ ਤਾਂ ਸੀਮਾਂਤ ਆਮਦਨ ਵਕਰ ਸਿੱਧੀ ਰੇਖਾ ਵਾਂਗ ਨਹੀਂ ਹੋਵੇਗੀ। ਆਓ ਹੁਣ ਦੇਖੀਏ ਕਿ ਜੇਕਰ ਔਸਤ ਆਮਦਨ ਵਕਰ ਮੂਲ ਬਿੰਦੂ ਵੱਲ ਉੱਤਲ ਜਾਂ ਅਵਤਲ ਹੋਵੇ ਤਾਂ ਸੀਮਾਂਤ ਆਮਦਨ ਵਕਰ ਕਿਹੋ ਜਿਹੀ ਹੋਵੇਗੀ। ਅਜਿਹੀ ਸਥਿਤੀ ਵਿੱਚ ਸੀਮਾਂਤ ਆਮਦਨ ਵਕਰ (MR) ਔਸਤ ਆਮਦਨ ਵਕਰ ਅਤੇ Y-ਧੁਰੇ ਦੇ ਅੱਧ ਵਿੱਚੋਂ ਨਹੀਂ ਗੁਜ਼ਰੇਗੀ।

ਜਦੋਂ **ਔਸਤ ਆਮਦਨ ਵਕਰ ਮੂਲ ਬਿੰਦੂ ਵੱਲ ਉੱਤਲ ਹੋਵੇ (If AR Curve is Convex to Origin)** ਤਾਂ ਆਮਦਨ ਵਕਰ ਵੀ ਉਸੇ ਸ਼ਕਲ ਦੀ ਹੋਵੇਗੀ। ਔਸਤ ਆਮਦਨ ਵਕਰ ਅਤੇ Y-ਧੁਰੇ (ਆਮਦਨ ਧੁਰੇ) ਤੇ ਖਿੱਚੇ ਲੰਬ ਨੂੰ ਸੀਮਾਂਤ ਆਮਦਨ ਮੱਧ ਤੋਂ ਖੱਬੇ ਪਾਸੇ ਵਿੱਚੋਂ ਲੰਘੇਗੀ। ਇਸ ਨੂੰ ਰੇਖਾ ਚਿੱਤਰ 8.3 ਰਾਹੀਂ ਦਿਖਾਇਆ ਗਿਆ ਹੈ। ਚਿੱਤਰ ਵਿੱਚ MR ਵਕਰ ਲੰਬ ਨੂੰ ਬਰਾਬਰ ਹਿੱਸਿਆਂ ਵਿੱਚ ਨਹੀਂ ਵੰਡਦੀ, ਸਗੋਂ DF ਹਿੱਸਾ FE ਨਾਲੋਂ ਛੋਟਾ ਹੈ।




(ਔਸਤ ਆਮਦਨ ਅਤੇ ਸੀਮਾਂਤ ਆਮਦਨ
ਮੂਲ ਬਿੰਦੂ ਵੱਲ ਉੱਤਲ ਹਨ)

**ਚਿੱਤਰ ਨੰ : 8.3**




(ਔਸਤ ਆਮਦਨ ਅਤੇ ਸੀਮਾਂਤ ਆਮਦਨ
ਮੂਲ ਬਿੰਦੂ ਵੱਲ ਅਵਤਲ ਹਨ)

**ਚਿੱਤਰ ਨੰ : 8.4**

ਜਦੋਂ **ਔਸਤ ਆਮਦਨ ਵਕਰ ਮੂਲ ਬਿੰਦੂ ਵੱਲ ਅਵਤਲ ਹੋਵੇ (If AR Curve is Concave to Origin)** ਤਾਂ ਸੀਮਾਂਤ ਆਮਦਨ ਵਕਰ ਵੀ ਮੂਲ ਬਿੰਦੂ ਵੱਲ ਅਵਤਲ ਹੋਵੇਗੀ ਅਤੇ ਔਸਤ ਆਮਦਨ ਵਕਰ ਅਤੇ Y-ਧੁਰੇ ਨੂੰ ਮਿਲਾਉਂਦੇ ਲੰਬ ਨੂੰ ਵਿਚਕਾਰੋਂ ਨਹੀਂ ਕੱਟੇਗੀ ਸਗੋਂ ਮੱਧ ਤੋਂ ਸੱਜੇ ਪਾਸਿਓਂ ਕੱਟੇਗੀ। ਅਜਿਹੀ ਸਥਿਤੀ ਰੇਖਾ ਚਿੱਤਰ 8.4 ਰਾਹੀਂ ਸਪੱਸ਼ਟ ਕੀਤੀ ਗਈ ਹੈ। AR ਵਕਰ ਅਤੇ Y-ਧੁਰੇ ਤੇ GH ਲੰਬ ਦੇ ਮੱਧ ਤੇ ਸੱਜੇ ਪਾਸਿਓਂ I ਬਿੰਦੂ ਤੋਂ MR ਵਕਰ ਲੰਘ ਰਹੀ ਹੈ ਅਤੇ ਇਹ ਮੂਲ ਬਿੰਦੂ ਵੱਲ ਅਵਤਲ ਹੈ। GI ਹਿੱਸਾ IH ਨਾਲੋਂ ਵੱਡਾ ਹੈ।

ਔਸਤ ਆਮਦਨ ਅਤੇ ਸੀਮਾਂਤ ਆਮਦਨ ਦਾ ਮੰਗ ਦੀ ਕੀਮਤ ਲਚਕ ਨਾਲ ਵੀ ਸੰਬੰਧ ਹੈ। ਆਓ ਦੇਖੀਏ ਕਿ ਇਹਨਾਂ ਤਿੰਨਾਂ ਵਿੱਚ ਆਪਸੀ ਸੰਬੰਧ ਕਿਵੇਂ ਸਥਾਪਿਤ ਹੁੰਦਾ ਹੈ।

**ਸਵੈ-ਮੁਲਾਂਕਣ ਅਭਿਆਸ - 2**

1. ਅਪੂਰਣ ਮੁਕਾਬਲੇ ਵਿੱਚ ਔਸਤ ਆਮਦਨ ਅਤੇ ਸੀਮਾਂਤ ਆਮਦਨ ਵਿਚਾਲੇ ਕਿਸ ਕਿਸਮ ਦਾ ਸੰਬੰਧ ਹੁੰਦਾ ਹੈ?

3. **ਔਸਤ ਆਮਦਨ, ਸੀਮਾਂਤ ਆਮਦਨ ਅਤੇ ਮੰਗ ਦੀ ਕੀਮਤ ਲਚਕ (Average Revenue, Marginal Revenue and Price Elasticity of Demand)** :

ਜਿਸ ਤਰ੍ਹਾਂ ਕਿ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਕਿ ਫ਼ਰਮ ਦਾ ਔਸਤ ਆਮਦਨ ਵਕਰ ਹੀ ਉਪਭੋਗੀਆਂ ਦਾ ਫ਼ਰਮ ਦੀ ਵਸਤੂ ਲਈ ਮੰਗ ਵਕਰ ਵੀ ਹੈ। ਇਸ ਲਈ ਉਪਭੋਗੀ ਦੀ ਮੰਗ ਵਕਰ ਦੇ ਕਿਸੇ ਵੀ ਬਿੰਦੂ ਤੇ ਮੰਗ ਦੀ ਲਚਕ ਇੱਕ ਤਰ੍ਹਾਂ ਨਾਲ ਫ਼ਰਮ ਦੇ ਔਸਤ ਆਮਦਨ ਵਕਰ ਤੇ ਉਸੇ ਬਿੰਦੂ ਤੇ ਮੰਗ ਦੀ ਕੀਮਤ ਲਚਕ ਹੈ। ਸ਼ੁਰੂ ਵਾਲੇ ਪਾਠਾਂ ਵਿੱਚ ਮੰਗ ਦੀ ਲਚਕ ਬਾਰੇ ਵਿਆਖਿਆ ਕਰਦਿਆਂ ਇਹ ਦੱਸਿਆ ਗਿਆ ਸੀ ਕਿ ਇੱਕ ਸਿੱਧੀ ਰੇਖਾ ਵਾਲੀ ਮੰਗ ਵਕਰ ਉੱਪਰ ਕਿਸੇ ਬਿੰਦੂ ਤੇ ਮੰਗ ਦੀ ਲਚਕ ਨੂੰ ਉਸ ਵਕਰ ਤੇ ਦਿੱਤੇ ਕਿਸੇ ਬਿੰਦੂ ਤੋਂ ਵਕਰ ਦੇ ਹੇਠਲੇ ਭਾਗ ਨੂੰ ਉਪਰਲੇ ਭਾਗ ਨਾਲ ਵੰਡ ਕੇ ਲੱਭਿਆ ਜਾ ਸਕਦਾ ਹੈ। ਇਸ ਢੰਗ ਨਾਲ ਅਸੀਂ ਪੈਦਾਵਾਰ ਦੇ ਕਿਸੇ ਵੀ ਪੱਧਰ ਤੇ ਔਸਤ ਆਮਦਨ, ਸੀਮਾਂਤ ਆਮਦਨ ਅਤੇ ਮੰਗ ਦੀ ਲਚਕ ਵਿਚਾਲੇ ਸੰਬੰਧ ਵੇਖ ਸਕਦੇ ਹਾਂ। ਰੇਖਾ ਚਿੱਤਰ ਨੰ: 8.5 ਵਿੱਚ ਦਿੱਤੇ AR/DD ਵਕਰ ਦੇ ਬਿੰਦੂ A ਤੇ ਮੰਗ ਦੀ ਲਚਕ AS/AL ਹੈ।

ਕਿਸੇ ਵੀ ਬਿੰਦੂ ਤੇ ਮੰਗ ਲਚਕ = $\frac{\text{ਹੇਠਲਾ ਹਿੱਸਾ}}{\text{ਉਪਰਲਾ ਹਿੱਸਾ}}$

$$E_d \ at \ A = \frac{AS}{AL}$$

AMS ਅਤੇ LPA ਸਮਰੂਪ ਹਨ ਕਿਉਂਕਿ ਇਨਾਂ ਦੇ ਸਾਰੇ ਕੋਣ ਇੱਕ ਦੂਜੇ ਦੇ ਕੋਣਾਂ ਦੇ ਬਰਾਬਰ ਹਨ। ਸਮਰੂਪ ਤ੍ਰਿਭੁਜ ਹੋਣ ਕਾਰਣ ਇਨ੍ਹਾਂ ਦੀਆਂ ਭੁਜਾਵਾਂ ਦਾ ਅਨੁਪਾਤ ਵੀ ਬਰਾਬਰ ਹੈ। ਸੋ AM/LP ਹੈ।

ਇਸ ਲਈ $\frac{AS}{AL} = \frac{AM}{LP}$

$$= \frac{AM}{AQ} \quad [\because LP = AQ \text{ ਕਿਉਂਕਿ } \Delta LPB = \Delta BAQ$$

$$e = \frac{AS}{AL} = \frac{AM}{AQ} = \frac{AM}{AM - QM} = \frac{Average\ Revenue}{Average\ Revenue - Marginal\ Revenue}$$

ਮੰਗ ਦੀ ਲਚਕ (e) = $\frac{\text{ਔਸਤ ਆਮਦਨ (AR)}}{\text{ਔਸਤ ਆਮਦਨ (AR) - ਸੀਮਾਂਤ ਆਮਦਨ (MR)}}$

$$e = \frac{AR}{AR - MR}$$

*or*

$$e = (AR - MR) = AR$$

$$e \cdot AR - e \cdot MR = AR$$

$$e \cdot AR - AR = e \cdot MR$$

$$AR(e - 1) = MR \cdot e$$

$$AR = MR\left(\frac{e}{e-1}\right)$$

ਇਸੇ ਤਰ੍ਹਾਂ ਇਹ ਵੀ ਸਾਬਤ ਹੋ ਜਾਂਦਾ ਹੈ ਕਿ

$$MR = AR\left(\frac{e-1}{e}\right)$$


ਜਦੋਂ ਸਾਨੂੰ ਸੀਮਾਂਤ ਆਮਦਨ ਅਤੇ ਮੰਗ ਦੀ ਲਚਕ ਪਤਾ ਹੋਵੇ ਤਾਂ ਅਸੀਂ ਔਸਤ ਆਮਦਨ ਕੱਢ ਸਕਦੇ ਹਾਂ ਅਤੇ ਜੇ ਔਸਤ ਆਮਦਨ ਅਤੇ ਮੰਗ ਦੀ ਲਚਕ ਪਤਾ ਹੋਣ ਤਾਂ ਸੀਮਾਂਤ ਆਮਦਨ ਕੱਢ ਸਕਦੇ ਹਾਂ। ਉੱਪਰ ਦੱਸੇ ਫਾਰਮੂਲੇ ਦੇ ਆਧਾਰ ਤੇ ਸੀਮਾਂਤ ਆਮਦਨ ਕੱਢ ਕੇ ਵੇਖਦੇ ਹਾਂ।

(i) ਜੇਕਰ ਮੰਗ ਦੀ ਲਚਕ ਇਕਾਈ ਹੋਵੇ ਤਾਂ $MR = AR\left(\frac{1-1}{1}\right) = AR \times 0 = 0$ ਇਸ ਦਾ ਭਾਵ ਹੈ MR ਸਮਾਨਾਂਤਰ ਧੁਰੇ ਵਾਲੀ ਹੀ ਹੋਵੇਗੀ।

(ii) ਜੇਕਰ ਮੰਗ ਦੀ ਲਚਕ ਅਸੀਮ $\infty$ (Infinity) ਹੋਵੇ ਤਾਂ $MR = AR\left(\frac{\infty-1}{\infty}\right) = AR\frac{\infty}{\infty} = AR$ i.e. Price


ਇਸ ਦਾ ਭਾਵ ਹੈ ਕਿ ਸੀਮਾਂਤ ਆਮਦਨ ਵੀ ਔਸਤ ਆਮਦਨ ਦੇ ਬਰਾਬਰ ਹੀ ਹੋਵੇਗੀ।

ਇਸੇ ਤਰ੍ਹਾਂ ਜੇਕਰ ਮੰਗ ਦੀ ਲਚਕ ਇਕਾਈ ਤੋਂ ਜ਼ਿਆਦਾ ਹੋਵੇ ਤਾਂ ਸੀਮਾਂਤ ਆਮਦਨ ਧਨਾਤਮਕ ਹੋਵੇਗੀ। ਜੇਕਰ ਮੰਗ ਲਚਕ ਇਕਾਈ ਤੋਂ ਘੱਟ ਹੋਵੇ ਤਾਂ ਸੀਮਾਂਤ ਆਮਦਨ ਰਿਣਾਤਮਕ ਹੋਵੇਗੀ। ਜੇਕਰ ਸਾਨੂੰ ਔਸਤ ਆਮਦਨ ਵਕਰ ਉੱਪਰ ਮੰਗ ਦੀ ਬਿੰਦੂ ਲਚਕ ਪਤਾ ਹੋਵੇ ਤਾਂ ਅਸੀਂ ਉਤਪਾਦਨ ਦੇ ਕਿਸੇ ਵੀ ਪੱਧਰ ਤੇ ਸੀਮਾਂਤ ਆਮਦਨ ਦਾ ਪਤਾ ਲਗਾ ਸਕਦੇ ਹਾਂ।




ਚਿੱਤਰ ਨੰ : 8.5

ਆਓ ਹੁਣ ਰੇਖਾ ਚਿੱਤਰ 8.6 ਦੀ ਸਹਾਇਤਾ ਨਾਲ ਆਮਦਨ ਅਤੇ ਮੰਗ ਦੀ ਲਚਕ ਵਿਚਾਲੇ ਤਿੰਨੇ ਕਿਸਮ ਦੇ ਸੰਬੰਧ ਦੇਖਦੇ ਹਾਂ। ਚਿੱਤਰ ਵਿੱਚ AR ਵਕਰ ਦੇ A ਬਿੰਦੂ ਤੇ ਮੰਗ ਦੀ ਲਚਕ ਇਕਾਈ ਹੈ ਤਾਂ ਸੀਮਾਂਤ ਆਮਦਨ ਜ਼ੀਰੋ ਅਤੇ ਕੁੱਲ ਆਮਦਨ ਵੱਧੋ ਵੱਧ ਹੈ। ਜੇਕਰ ON ਪੈਦਾਵਾਰ ਦੇ ਪੱਧਰ ਤੱਕ ਉਤਪਾਦਨ ਵੇਚਿਆ ਜਾਂਦਾ ਹੈ ਤਾਂ ਕੁੱਲ ਆਮਦਨ ਦੀ ਲਚਕ ਇਕਾਈ ਤੋਂ ਵੱਧ ਹੋਣ ਕਾਰਣ ਸੀਮਾਂਤ ਆਮਦਨ ਧਨਾਤਮਕ ਰਹਿੰਦੀ ਹੈ ਪ੍ਰੰਤੂ ON ਪੱਧਰ ਨਾਲੋਂ ਵੱਧ ਪੈਦਾਵਾਰ ਲਈ AR ਵਕਰ ਦੀ ਮੰਗ ਲਚਕ ਇਕਾਈ ਨਾਲੋਂ ਘੱਟ ਹੈ ਜਿਸ ਕਾਰਣ ਸੀਮਾਂਤ ਆਮਦਨ ON ਤੋਂ ਬਾਅਦ ਰਿਣਾਤਮਕ ਹੋ ਜਾਂਦੀ ਹੈ ਅਤੇ ਕੁੱਲ ਆਮਦਨ ਘਟਣਾ ਸ਼ੁਰੂ ਕਰ ਦਿੰਦੀ ਹੈ। S ਬਿੰਦੂ ਤੋਂ ਬਾਅਦ ਕੁੱਲ ਆਮਦਨ ਘਟਦੀ ਜਾਂਦੀ ਹੈ।


Y
D
(ੳ)
e >1
ਔਸਤ ਆਮਦਨ ਅਤੇ ਸੀਮਾਂਤ ਆਮਦਨ
MR
Curve
e =1
A
e <1
AR Curve
O
N
D
X
ਪੈਦਾਵਾਰ
Y
(ਅ)
MR
S
TR
ਕੁੱਲ ਆਮਦਨ
O
N
L
X
ਪੈਦਾਵਾਰ

**ਰੇਖਾ ਚਿੱਤਰ ਨੰ: 8.6**

**ਸਵੈ-ਮੁਲਾਂਕਣ ਅਭਿਆਸ - 3**

1. ਔਸਤ ਆਮਦਨ, ਸੀਮਾਂਤ ਆਮਦਨ ਅਤੇ ਮੰਗ ਦੀ ਕੀਮਤ ਲਚਕ ਵਿਚਾਲੇ ਸੰਬੰਧ ਨੂੰ ਚਿੱਤਰ ਦੀ ਸਹਾਇਤਾ ਨਾਲ ਦਿਖਾਓ।

ਜਦੋਂ ਮੰਗ ਦੀ ਲਚਕ ਇਕਾਈ ਤੋਂ ਵਧੇਰੇ ਹੁੰਦੀ ਹੈ ਤਾਂ ਸੀਮਾਂਤ ਆਮਦਨ ਧਨਾਤਮਕ ਹੁੰਦੀ ਹੈ ਅਤੇ ਕੁੱਲ ਆਮਦਨ ਵਧ ਰਹੀ ਹੁੰਦੀ ਹੈ ਜਦੋਂ ਮੰਗ ਦੀ ਲਚਕ ਇਕਾਈ ਦੇ ਬਰਾਬਰ ਹੁੰਦੀ ਹੈ ਤਾਂ ਸੀਮਾਂਤ ਆਮਦਨ ਜ਼ੀਰੋ ਪਰ ਕੁੱਲ ਆਮਦਨ ਵੱਧੋ ਵੱਧ ਹੁੰਦੀ ਹੈ। ਪ੍ਰੰਤੂ ਜਦੋਂ ਮੰਗ ਦੀ ਲਚਕ ਇਕਾਈ ਤੋਂ ਘੱਟ ਹੁੰਦੀ ਹੈ ਸੀਮਾਂਤ ਆਮਦਨ ਰਿਣਾਤਮਕ ਹੋ ਜਾਂਦੀ ਹੈ ਅਤੇ ਕੁੱਲ ਆਮਦਨ ਘਟਣ ਲੱਗ ਜਾਂਦੀ ਹੈ।

**V. ਸਾਰਾਂਸ਼ :**

ਬਾਜ਼ਾਰ ਦੀ ਧਾਰਨਾ ਦਾ ਅਰਥ ਪੜ੍ਹ ਕੇ ਤੁਸੀਂ ਜਾਣ ਗਏ ਹੋ ਕਿ ਅਰਥ ਸ਼ਾਸਤਰ ਵਿੱਚ ਇੱਕ ਤਰ੍ਹਾਂ ਦੀਆਂ ਵਸਤੂਆਂ ਲਈ ਇੱਕ ਬਾਜ਼ਾਰ ਮੰਨਿਆ ਜਾਂਦਾ ਹੈ ਅਤੇ ਵਸਤੂ ਦੀ ਵਿਕਰੀ ਦਾ ਸਥਾਨ ਇੱਕ ਖੇਤਰ, ਇੱਕ ਦੇਸ਼ ਜਾਂ ਸਾਰਾ ਸੰਸਾਰ ਵੀ ਹੋ ਸਕਦਾ ਹੈ। ਬਾਜ਼ਾਰ ਦਾ ਵਰਗੀਕਰਣ ਖੇਤਰ ਦੇ ਆਧਾਰ ਤੇ, ਸਮੇਂ ਦੇ ਅਨੁਸਾਰ, ਅਤੇ ਪ੍ਰਤੀਯੋਗਤਾ ਦੇ ਆਧਾਰ ਤੇ ਕੀਤਾ ਗਿਆ ਹੈ। ਪ੍ਰਤੀਯੋਗਤਾ ਦੇ ਆਧਾਰ ਤੇ ਬਾਜ਼ਾਰ ਦੀਆਂ ਤਿੰਨ ਕਿਸਮਾਂ ਪੂਰਣ ਮੁਕਾਬਲਾ, ਏਕਾਧਿਕਾਰ ਅਤੇ ਅਪੂਰਣ ਮੁਕਾਬਲਾ ਦੀ ਵਿਆਖਿਆ ਕੀਤੀ ਗਈ ਹੈ। ਇਹਨਾਂ ਵਿੱਚ ਭੇਦ ਕੁਝ ਖਾਸ ਵਿਸ਼ੇਸ਼ਤਾਵਾਂ, ਫ਼ਰਮਾਂ ਦੀ ਸੰਖਿਆ, ਵਸਤੂ ਦੀ ਕਿਸਮ, ਉਦਯੋਗ ਵਿੱਚ ਦਾਖ਼ਲੇ ਦੀ ਖੁੱਲ ਜਾਂ ਰੋਕ, ਵਸਤੂ ਲਈ ਮੰਗ ਦੀ ਕੀਮਤ ਲਚਕ, ਉਤਪਾਦਕ ਦੀ ਕੀਮਤ ਉੱਤੇ ਨਿਯੰਤਰਣ ਦੀ ਮਾਤਰਾ ਅਤੇ ਗੈਰ-ਕੀਮਤ ਮੁਕਾਬਲਾ ਦੇ ਆਧਾਰ ਤੇ ਕੀਤਾ ਗਿਆ ਹੈ। ਇਸੇ ਪਾਠ ਵਿੱਚ ਤੁਹਾਨੂੰ ਆਮਦਨ ਦੀਆਂ ਧਾਰਨਾਵਾਂ ਬਾਰੇ ਦੱਸਿਆ ਗਿਆ ਹੈ। ਕੁੱਲ ਆਮਦਨ, ਔਸਤ ਆਮਦਨ ਅਤੇ ਸੀਮਾਂਤ ਆਮਦਨ ਬਾਰੇ ਦੱਸਦਿਆਂ ਤੁਹਾਨੂੰ ਨਾਲੋ ਨਾਲ ਪੂਰਣ ਮੁਕਾਬਲੇ ਅਤੇ ਅਪੂਰਣ ਮੁਕਾਬਲੇ ਵਿਚ ਇਹ ਕਿਸ ਕਿਸਮ ਦੀਆਂ ਹੋਣਗੀਆਂ ਬਾਰੇ ਵੀ ਦੱਸਿਆ ਗਿਆ ਹੈ। ਪੂਰਣ ਮੁਕਾਬਲੇ ਵਿੱਚ ਔਸਤ ਆਮਦਨ ਅਤੇ ਸੀਮਾਂਤ ਆਮਦਨ ਇੱਕੋ ਜਿੰਨੀਆਂ ਹੀ ਰਹਿੰਦੀਆਂ ਹਨ ਅਤੇ ਇਹਨਾਂ ਦੀ ਇੱਕੋ ਵਕਰ X-ਧੁਰੇ ਦੇ ਸਮਾਨਾਂਤਰ ਬਣਦੀ ਹੈ। ਅਪੂਰਣ ਮੁਕਾਬਲੇ ਵਿੱਚ ਔਸਤ ਆਮਦਨ ਅਤੇ ਸੀਮਾਂਤ ਆਮਦਨ ਦੋਵੇਂ ਘਟਦੀਆਂ ਹਨ ਕਿਉਂਕਿ ਵਧੇਰੇ ਉਪਜ ਦੀ ਵਿਕਰੀ ਲਈ ਉਤਪਾਦਕ ਨੂੰ ਆਪਣੀ ਵਸਤੂ ਦੀ ਕੀਮਤ ਘਟਾਉਣੀ ਪੈਂਦੀ ਹੈ। ਇਸ ਲਈ AR ਅਤੇ MR ਹੇਠਾਂ ਨੂੰ ਢਾਲ ਵਾਲੀ ਹੁੰਦੀਆਂ ਹਨ। ਇਸ ਤੋਂ ਇਲਾਵਾ ਔਸਤ ਆਮਦਨ, ਸੀਮਾਂਤ ਆਮਦਨ ਅਤੇ ਮੰਗ ਦੀ ਕੀਮਤ ਲਚਕ ਵਿਚਾਲੇ ਸੰਬੰਧ ਦੀ ਵੀ ਵਿਆਖਿਆ ਕੀਤੀ ਗਈ ਹੈ।

$$\text{ਮੰਗ ਦੀ ਲਚਕ } (e) = \frac{\text{ਔਸਤ ਆਮਦਨ (AR)}}{\text{ਔਸਤ ਆਮਦਨ (AR) - ਸੀਮਾਂਤ ਆਮਦਨ (MR)}}$$

ਜੇਕਰ ਮੰਗ ਦੀ ਲਚਕ ਇਕਾਈ ਹੋਵੇ ਤਾਂ ਸੀਮਾਂਤ ਆਮਦਨ ਜ਼ੀਰੋ ਹੋਵੇਗੀ। ਜੇਕਰ ਮੰਗ ਦੀ ਲਚਕ ਅਸੀਮ (Infinity) ਹੋਵੇ ਤਾਂ ਸੀਮਾਂਤ ਆਮਦਨ ਕੀਮਤ ਭਾਵ ਔਸਤ ਆਮਦਨ ਦੇ ਬਰਾਬਰ ਹੋਵੇਗੀ।

**V. ਤਕਨੀਕੀ ਸ਼ਬਦਾਵਲੀ :**

**ਬਾਜ਼ਾਰ :**

ਇੱਕ ਤਰ੍ਹਾਂ ਦੀਆਂ ਵਸਤਾਂ ਦੀ ਖ਼ਰੀਦੋ ਫ਼ਰੋਖਤ ਲਈ ਉਹ ਸਾਰਾ ਖੇਤਰ ਜਿੱਥੇ ਖ਼ਰੀਦਾਰਾਂ ਅਤੇ ਵਿਕ੍ਰੇਤਾਵਾਂ ਵਿਚਾਲੇ ਕਿਸੇ ਵੀ ਢੰਗ ਰਾਹੀਂ ਆਪਸੀ ਤਾਲਮੇਲ ਹੋਵੇ ਅਤੇ ਵਸਤੂ ਦੀ ਇੱਕ ਸਮੇਂ ਤੇ ਇੱਕ ਕੀਮਤ ਨਿਰਧਾਰਤ ਹੋਵੇ।

**ਪੂਰਣ ਮੁਕਾਬਲਾ :**

ਕਿਸੇ ਸਮਰੂਪ ਵਸਤੂ ਦੇ ਬਹੁਤ ਸਾਰੇ ਖ਼ਰੀਦਾਰ ਅਤੇ ਵਿਕ੍ਰੇਤਾ ਹੁੰਦੇ ਹਨ। ਵਸਤੂ ਦੀ ਕੀਮਤ ਉਦਯੋਗ ਵੱਲੋਂ ਨਿਰਧਾਰਤ ਕੀਤੀ ਜਾਂਦੀ ਹੈ। ਨਵੀਆਂ ਫ਼ਰਮਾਂ ਦੇ ਪ੍ਰਵੇਸ਼ ਤੇ ਰੋਕ ਨਹੀਂ ਹੁੰਦੀ।

**ਏਕਾਧਿਕਾਰ :**

ਇਸ ਕਿਸਮ ਦੇ ਬਾਜ਼ਾਰ ਵਿੱਚ ਕਿਸੇ ਵਸਤੂ ਦਾ ਸਿਰਫ਼ ਇੱਕ ਹੀ ਵਿਕ੍ਰੇਤਾ ਹੁੰਦਾ ਹੈ। ਫ਼ਰਮਾਂ ਦੇ ਪ੍ਰਵੇਸ਼ ਤੇ ਰੋਕ ਹੁੰਦੀ ਹੈ।

**ਏਕਾਧਿਕਾਰੀ ਪ੍ਰਤੀਯੋਗਤਾ :**

ਫ਼ਰਮਾਂ ਦੀ ਵੱਡੀ ਸੰਖਿਆ ਹੁੰਦੀ ਹੈ। ਪ੍ਰੰਤੂ ਇੱਕੋ ਵਰਤੋਂ ਵਾਲੀਆਂ ਵਸਤੂਆਂ ਨੂੰ ਹਰੇਕ ਫ਼ਰਮ ਕੁਝ ਵਿਭਿੰਨਤਾ ਪਾ ਕੇ ਬਣਾਉਂਦੀ ਹੈ। ਵਿਕਰੀ ਲਾਗਤਾਂ ਰਾਹੀਂ ਵਸਤੂ ਦੀ ਵਿਕਰੀ ਵਧਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

**ਅਲਪ ਅਧਿਕਾਰ (Oligopoly)**

ਇਸ ਵਿੱਚ ਵਸਤੂ ਦੇ ਕੁਝ ਉਤਪਾਦਕ ਹੁੰਦੇ ਹਨ।

**ਆਮਦਨ :**

ਕਿਸੇ ਵਸਤੂ ਦੀ ਵਿਕਰੀ ਕਰਨ ਨਾਲ ਫ਼ਰਮ ਨੂੰ ਜੋ ਰਕਮ ਪ੍ਰਾਪਤ ਹੁੰਦੀ ਹੈ ਉਸ ਨੂੰ ਫ਼ਰਮ ਦੀ ਆਮਦਨ ਕਿਹਾ ਜਾਂਦਾ ਹੈ।

**ਕੁੱਲ ਆਮਦਨ :**

ਕਿਸੇ ਫ਼ਰਮ ਰਾਹੀਂ ਆਪਣੇ ਉਤਪਾਦਨ ਦੀ ਇੱਕ ਨਿਸ਼ਚਿਤ ਮਾਤਰਾ ਨੂੰ ਵੇਚ ਕੇ ਜੋ ਆਮਦਨ ਪ੍ਰਾਪਤ ਹੁੰਦੀ ਹੈ।

**ਔਸਤ ਆਮਦਨ :**

ਕਿਸੇ ਵਸਤੂ ਦੀ ਵਿਕਰੀ ਤੋਂ ਪ੍ਰਾਪਤ ਹੋਣ ਵਾਲੀ ਪ੍ਰਤੀ ਇਕਾਈ ਆਮਦਨ ਔਸਤ ਆਮਦਨ ਹੈ।

**ਸੀਮਾਂਤ ਆਮਦਨ :**

ਇੱਕ ਹੋਰ ਇਕਾਈ ਵੇਚਣ ਨਾਲ ਕੁੱਲ ਆਮਦਨ ਵਿੱਚ ਹੋਣ ਵਾਲਾ ਵਾਧਾ ਸੀਮਾਂਤ ਆਮਦਨ ਹੈ।

ਵਧੇਰੇ ਜਾਣਕਾਰੀ ਲਈ ਪਾਠ ਨੰਬਰ 9 ਪੜ੍ਹੋ।

**VI. ਅਭਿਆਸ ਲਈ ਪ੍ਰਸ਼ਨ :**

**(A) ਹੇਠ ਲਿਖੇ ਪ੍ਰਸ਼ਨਾਂ ਦੇ ਵਿਸਤਾਰ ਸਹਿਤ ਉੱਤਰ ਦਿਓ।**

(1) ਬਾਜ਼ਾਰ ਤੋਂ ਕੀ ਭਾਵ ਹੈ ? ਬਾਜ਼ਾਰ ਦੀਆ ਵਿਭਿੰਨ ਕਿਸਮਾਂ ਬਾਰੇ ਵਿਆਖਿਆ ਕਰੋ।

(2) ਕੁੱਲ ਆਮਦਨ, ਔਸਤ ਆਮਦਨ ਅਤੇ ਸੀਮਾਂਤ ਆਮਦਨ ਦੀਆਂ ਧਾਰਨਾਵਾਂ ਦੀ ਵਿਆਖਿਆ ਕਰੋ।

(3) ਬਾਜ਼ਾਰ ਦੀਆਂ ਵਿਭਿੰਨ ਕਿਸਮਾਂ ਵਿੱਚ ਆਮਦਨ ਵਕਰਾਂ ਦੀ ਤੁਲਨਾ ਕਰੋ।

(4) ਪੂਰਣ ਮੁਕਾਬਲੇ ਅਤੇ ਅਪੂਰਣ ਮੁਕਾਬਲੇ ਦੋਵਾਂ ਵਿੱਚ ਔਸਤ ਆਮਦਨ ਅਤੇ ਸੀਮਾਂਤ ਆਮਦਨ ਵਕਰਾਂ ਵਿਚਾਲੇ ਸੰਬੰਧ ਦੀ ਵਿਆਖਿਆ ਕਰੋ।

(5) ਔਸਤ ਆਮਦਨ, ਸੀਮਾਂਤ ਆਮਦਨ ਅਤੇ ਮੰਗ ਦੀ ਲਚਕ ਵਿਚਾਲੇ ਸੰਬੰਧ ਦੀ ਵਿਆਖਿਆ ਕਰੋ।

(6) $E = \frac{AR}{AR - MR}$ ਚਿੱਤਰ ਰਾਹੀਂ ਸਿੱਧ ਕਰੋ।

**(B) ਹੇਠ ਲਿਖੇ ਪ੍ਰਸ਼ਨਾਂ ਦੇ ਸੰਖਿਪਤ ਉੱਤਰ ਦਿਓ।**

(1) ਬਾਜ਼ਾਰ ਦੀ ਪਰਿਭਾਸ਼ਾ ਦਿਉ।

(2) ਪੂਰਣ ਮੁਕਾਬਲੇ ਅਤੇ ਅਪੂਰਣ ਮੁਕਾਬਲੇ ਵਾਲੀਆਂ ਮੰਡੀਆਂ ਵਿੱਚ ਚਾਰ ਵਿਭਿੰਨਤਾਵਾਂ ਕਰੋ।

(3) ਔਸਤ ਆਮਦਨ ਅਤੇ ਸੀਮਾਂਤ ਆਮਦਨ ਵਿੱਚ ਕੀ ਸੰਬੰਧ ਹੈ ?

(4) ਔਸਤ ਆਮਦਨ ਅਤੇ ਸੀਮਾਂਤ ਆਮਦਨ ਜਦੋਂ ਮੂਲ ਬਿੰਦੂ ਵੱਲ ਅਵਤਲ ਹੋਣ ਉਸ ਸਥਿਤੀ ਨੂੰ ਚਿੱਤਰ ਰਾਹੀਂ ਪ੍ਰਗਟਾਉ।

**VII. ਪੜ੍ਹਨਯੋਗ ਪੁਸਤਕਾਂ :**


1. H.L. Ahuja : Principles of Micro Economics.
2. B.K. Sharma & Gulshan Kumar : Price Theory and Distribution (Punjabi Medium)
3. Joginder Singh, P.N. Chopra & P.S. Grewal : Price Theory and Distribution (Punjabi Medium)
4. I.C. Dhingra : Micro Economics - Theory and Applications - I.


* ਇਹ ਪਾਠ DEC ਵਲੋਂ ਮਿਲੀ ਗ੍ਰਾਂਟ ਨਾਲ ਲਿਖਿਆ ਗਿਆ ਹੈ।

Type setting by :
Computer Lab, Dept. of D.E., Punjabi University, Patiala

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.